ਦਸਵੀਂ ਸ਼੍ਰੇਣੀ ਲਈ

# ਵੰਨਗੀ

## (ਪੰਜਾਬੀ ਕਹਾਣੀਆਂ ਤੇ ਇਕਾਂਗੀ)

K8G1S7

ਇਹ ਪੁਸਤਕ ਪੰਜਾਬ ਸਰਕਾਰ ਦੁਆਰਾ ਮੁਫ਼ਤ ਦਿੱਤੀ ਜਾਣੀ ਹੈ ਅਤੇ ਵਿਕਾਊ ਨਹੀਂ ਹੈ।

ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

ਐਡੀਸ਼ਨ : 2022 ............... 2,33,000 ਕਾਪੀਆਂ

All rights, including those of translation, reproduction
and annotation etc., are reserved by the
Punjab Government.

**ਚਿਤਾਵਨੀ**

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ ਪਾਠ-ਪੁਸਤਕਾਂ 'ਤੇ ਜਿਲਦਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਂਖੋਰੀ ਜਾਂ ਵਿਕਰੀ ਆਦਿ ਕਰਨਾ) ਭਾਰਤੀ ਦੰਡ ਪ੍ਰਨਾਲ਼ੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।

   (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲੇ ਕਾਗਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

**ਇਹ ਪੁਸਤਕ ਵਿਕਰੀ ਲਈ ਨਹੀਂ ਹੈ।**

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062
ਰਾਹੀਂ ਪ੍ਰਕਾਸ਼ਿਤ ਅਤੇ ਐਸ. ਜੀ. ਪ੍ਰਿੰਟ ਪੈਕਸ ਪ੍ਰ. ਲਿ., ਨੋਇਡਾ, ਦੁਆਰਾ ਛਾਪੀ ਗਈ।

# ਦੋ ਸ਼ਬਦ

ਸਿੱਖਿਆ ਨਿਰੋਲ ਆਪਣੇ ਤੋਂ ਬਾਹਰ ਦੇ ਸੰਸਾਰ ਬਾਰੇ ਗਿਣਵਾਂ-ਤੁਲਵਾਂ ਗਿਆਨ ਹਾਸਲ ਕਰਨਾ ਨਹੀਂ, ਇਸ ਦਾ ਸਭ ਤੋਂ ਅਹਿਮ ਮਹੱਤਵ ਮਨੁੱਖੀ ਮਨ ਤੇ ਰੂਹ ਦਾ ਅਜਿਹਾ ਰੂਪਾਂਤਰਨ ਹੈ ਜਿਹੜਾ ਮਨੁੱਖ ਨੂੰ ਇਸ ਕਾਬਲ ਬਣਾ ਦੇਵੇ ਕਿ ਉਹ ਨਾ ਸਿਰਫ਼ ਆਪਣੀ ਜ਼ਿੰਦਗੀ ਨੂੰ ਸੁਚੱਜ ਅਤੇ ਰੱਜ ਨਾਲ਼ ਜਿਊਂ ਸਕੇ ਬਲਕਿ ਉਹ ਜਿਸ ਸਮਾਜ ਵਿੱਚ ਰਹਿੰਦਾ/ਵਿਚਰਦਾ ਹੈ, ਉਹ ਉਸ ਸਮਾਜ ਦੇ ਹਰ ਕਾਰਜ-ਖੇਤਰ ਵਿੱਚ ਆਪਣੀ ਸਿਰਜਣਾਤਮਿਕ ਸ਼ਮੂਲੀਅਤ ਦਾ ਪ੍ਰਗਟਾਵਾ ਕਰ ਸਕੇ।

ਮਨੁੱਖੀ ਜ਼ਿੰਦਗੀ ਆਪਣੇ-ਆਪ ਵਿੱਚ ਬੜੀ ਖ਼ੂਬਸੂਰਤ ਹੈ। ਲੋੜ ਇਸ ਖ਼ੂਬਸੂਰਤੀ ਨੂੰ ਪਛਾਣਨ, ਸਲਾਹੁਣ ਤੇ ਇਸ ਨੂੰ ਹੋਰ ਖ਼ੂਬਸੂਰਤ ਬਣਾਉਣ ਦੀ ਹੈ। ਸਿੱਖਿਆ ਦਾ ਇਹੋ ਸਭ ਤੋਂ ਉੱਚਾ ਤੇ ਸੁੱਚਾ ਮਨੋਰਥ ਹੋਣਾ ਚਾਹੀਦਾ ਹੈ। ਇਹ ਵੀ ਜ਼ਰੂਰੀ ਹੈ ਕਿ ਮਨੁੱਖ ਵਿੱਚ ਜ਼ਿੰਦਗੀ ਬਾਰੇ ਚੇਤੰਨਤਾ ਪੈਦਾ ਹੋਵੇ ਤਾਂਜੋ ਉਹ ਇਸ ਦੀ ਤੋਰ ਨੂੰ ਵਿਗਿਆਨਿਕ ਤੇ ਉਸਾਰੂ ਸੋਚ ਨਾਲ਼ ਸਮਝ ਸਕੇ,ਇਸ ਦੀ ਧੜਕਣ ਨੂੰ ਮਹਿਸੂਸ ਕਰ ਸਕੇ, ਇਸ ਵਿਚਲੇ ਉਤਰਾਵਾਂ-ਚੜ੍ਹਾਵਾਂ ਦਾ ਅਨੁਸਾਰੀ ਹੋ ਕੇ ਕਿਰਿਆਸ਼ੀਲ ਰਹਿ ਸਕੇ, ਇਸ ਚੰਗੇ-ਮਾੜੇ ਪਹਿਲੂ ਦੀ ਨਿਰਖ-ਪਰਖ ਕਰ ਸਕੇ ਅਤੇ ਮਨੁੱਖ ਦੇ ਮਨੁੱਖ ਪ੍ਰਤਿ ਅਤੇ ਮਨੁੱਖ ਦੇ ਕੁਦਰਤ ਪ੍ਰਤਿ ਪਿਆਰ ਨੂੰ ਆਪਣੀ ਰੂਹ ਦਾ ਰੱਜ ਬਣਾ ਸਕੇ।

ਮਨੁੱਖ ਦੇ ਇਸ 'ਹਾਸਲ' ਲਈ ਸਮਾਜ ਦੇ ਹੋਰ ਅਨੇਕਾਂ ਪੱਖਾਂ ਵਿੱਚੋਂ ਦੋ ਮਹੱਤਵਪੂਰਨ ਪੱਖ ਹਨ: ਅਧਿਆਪਕ ਤੇ ਕਿਤਾਬਾਂ। ਇੱਥੇ ਸਿਰਫ਼ ਕਿਤਾਬਾਂ ਬਾਰੇ ਹੀ ਜ਼ਿਕਰ ਕਰਨਾ ਬਣਦਾ ਹੈ। ਕਿਤਾਬਾਂ ਤੋਂ ਭਾਵ ਤੁਹਾਡੇ ਕੋਰਸ ਵਿੱਚ ਪੜ੍ਹਾਈਆਂ ਜਾਂਦੀਆਂ ਪਾਠ-ਪੁਸਤਕਾਂ ਤੋਂ ਨਹੀਂ, ਇਹ ਤਾਂ ਉਹ ਚਾਬੀਆਂ ਹਨ ਜੋ ਤੁਹਾਡੇ ਵੱਡੇ ਪੁਸਤਕ-ਸੰਸਾਰ ਦੇ ਬੂਹੇ ਖੋਲ੍ਹਦੀਆਂ ਹਨ। ਸੁਹਿਰਦ ਅਧਿਆਪਕ ਇਹਨਾਂ ਪਾਠ-ਪੁਸਤਕਾਂ ਨੂੰ ਪੜ੍ਹਾਉਂਦੇ ਹੋਏ ਤੁਹਾਡੇ ਮਨਾਂ ਵਿੱਚ ਅਜਿਹਾ ਚਾਨਣ ਪੈਦਾ ਕਰਨ ਕਿ ਤੁਹਾਨੂੰ ਜ਼ਿੰਦਗੀ ਦੇ ਅਗਲੇਰੇ ਬਿਖੜੇ ਪੈਂਡੇ 'ਤੇ ਰਵਾਨਾ ਹੋਣ ਲਈ ਕਿਸੇ ਡੰਗੋਰੀ ਜਾਂ ਕਿਸੇ ਬੇਗਾਨੇ ਦੀ ਉਂਗਲੀ ਫੜਨ ਦੀ ਲੋੜ ਨਾ ਰਹੇ। ਖ਼ੂਬਸੂਰਤੀ ਦੀ ਮੰਜ਼ਲ ਪੈਸੇ ਜਾਂ ਵਿਹਲ ਨਾਲ਼ ਹਾਸਲ ਨਹੀਂ ਹੁੰਦੀ; ਇਸ ਲਈ ਲਗਾਤਾਰ ਘਾਲਣਾ ਘਾਲਣੀ ਤੇ ਜੂਝਣਾ ਪੈਂਦਾ ਹੈ ਤੇ ਇਸ ਕਰਮਸ਼ੀਲਤਾ ਦੀ ਆਪਣੀ ਹੀ ਕਿਸਮ ਦੀ ਖ਼ੁਮਾਰੀ ਹੈ।

ਮੇਰੀ ਦਿਲੀ ਇੱਛਾ ਹੈ ਕਿ ਇਹ ਪਾਠ-ਪੁਸਤਕਾਂ ਤੁਹਾਡੀਆਂ ਸ਼੍ਰੇਣੀਆਂ ਜਾਂ ਪਰੀਖਿਆਵਾਂ ਪਾਸ ਕਰਨ ਤੱਕ ਹੀ ਸੀਮਿਤ ਨਾ ਰਹਿਣ ਸਗੋਂ ਤੁਹਾਡੇ ਮਨਾਂ ਵਿੱਚ ਜਾਣੇ-ਪਛਾਣੇ ਤੇ ਅਣਜਾਣੇ ਦੀ ਗਹਿਰਾਈ ਤੱਕ ਜਾਣ ਦੀ ਭਖਦੀ, ਅਮੋੜ ਤੇ ਸਦੀਵੀ ਤਾਂਘ ਪੈਦਾ ਕਰਨ ਦਾ ਸਮਰੱਥ ਵਸੀਲਾ ਬਣ ਜਾਣ।

ਇਸ ਪਾਠ-ਪੁਸਤਕ ਨੂੰ ਦਫ਼ਤਰੀ ਪੱਧਰ ਉੱਤੇ ਪੰਜਾਬੀ ਵਿਕਾਸ-ਕੇਂਦਰ ਦੇ ਵਿਸ਼ਾ-ਮਾਹਰ ਸ਼੍ਰੀਮਤੀ ਪਰਮਿੰਦਰ ਕੌਰ ਨੇ ਤਿਆਰ ਕੀਤਾ। ਇਸ ਪੁਸਤਕ ਨੂੰ ਤਿਆਰ ਕਰਦਿਆਂ ਖੇਤਰ ਵਿੱਚੋਂ ਆਏ ਵਿਦਵਾਨ ਸ.ਮਨਮੋਹਨ ਸਿੰਘ ਦਾਊਂ (ਸ਼੍ਰੋਮਣੀ ਸਾਹਿਤਕਾਰ), ਸ. ਜਸਵੀਰ ਸਿੰਘ ਲੰਗੜੋਆ (ਸੇਵਾ-ਮੁਕਤ ਅਧਿਆਪਕ) ਡਾ. ਰਣਜੋਧ ਸਿੰਘ ਅਤੇ ਸ੍ਰੀ ਸੁਖਵਿੰਦਰ ਸਿੰਘ (ਸਕੂਲ ਅਧਿਆਪਕ) ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਅਤੇ ਜਿਹੜੇ ਲੇਖਕਾਂ ਦੀਆਂ ਰਚਨਾਵਾਂ ਸ਼ਾਮਲ ਕੀਤੀਆਂ ਗਈਆਂ ਹਨ, ਉਹਨਾਂ ਦਾ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਤਹਿ-ਦਿਲੋਂ ਧੰਨਵਾਦ ਕੀਤਾ ਜਾਂਦਾ ਹੈ।

ਪਿਆਰੇ ਵਿਦਿਆਰਥੀਓ! ਭਵਿਖ ਵਿੱਚ ਤੁਹਾਡੇ ਲਈ ਹੋਰ ਵੀ ਖ਼ੂਬਸੂਰਤ ਨਿਰੋਈਆਂ ਕਦਰਾਂ-ਕੀਮਤਾਂ ਪੈਦਾ ਕਰਨ ਅਤੇ ਜ਼ਿੰਦਗੀ ਵਿੱਚ ਮੋਹ ਜਗਾਉਣ ਵਾਲ਼ੀਆਂ ਪਾਠ-ਪੁਸਤਕਾਂ ਉਪਲਬਧ ਕਰਨ ਦੇ ਇਰਾਦੇ ਨਾਲ.....

ਚੇਅਰਮੈਨ

**ਪੰਜਾਬ ਸਕੂਲ ਸਿੱਖਿਆ ਬੋਰਡ**

'ਸਮਾਜਿਕ ਨਿਆਂ·ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ', ਪੰਜਾਬ

# ਵਿਸ਼ਾ-ਸੂਚੀ

## ਕਹਾਣੀਆਂ


| | | | | ਪੰਨਾ |
|---|---|---|---|---|
| | ਭੂਮਿਕਾ | | | 1 |
| 1. | ਕੁਲਫ਼ੀ | : | ਸੁਜਾਨ ਸਿੰਘ | 8 |
| 2. | ਮੜ੍ਹੀਆਂ ਤੋਂ ਦੂਰ | : | ਰਘੁਬੀਰ ਢੰਡ | 13 |
| 3. | ਅੰਗ-ਸੰਗ | : | ਵਰਿਆਮ ਸੰਧੂ | 22 |
| 4. | ਬੰਮ ਬਹਾਦੁਰ | : | ਗੁਰਬਖ਼ਸ਼ ਸਿੰਘ | 32 |
| 5. | ਬਾਗੀ ਦੀ ਧੀ | : | ਗੁਰਮੁਖ ਸਿੰਘ ਮੁਸਾਫ਼ਿਰ | 40 |
| 6. | ਧਰਤੀ ਹੇਠਲਾ ਬਲਦ | : | ਕੁਲਵੰਤ ਸਿੰਘ ਵਿਰਕ | 47 |
| 7. | ਇੱਕ ਪੈਰ ਘੱਟ ਤੁਰਨਾ | : | ਅਜੀਤ ਕੌਰ | 53 |


## ਇਕਾਂਗੀ


| | | | | |
|---|---|---|---|---|
| 1. | ਬੰਬ ਕੇਸ | : | ਬਲਵੰਤ ਗਾਰਗੀ | 64 |
| 2. | ਨਾਇਕ | : | ਗੁਰਸ਼ਰਨ ਸਿੰਘ | 75 |
| 3. | ਸਮੁੰਦਰੋਂ ਪਾਰ | : | ਕਪੂਰ ਸਿੰਘ ਘੁੰਮਣ | 87 |
| 4. | ਜ਼ਫ਼ਰਨਾਮਾ | : | ਡਾ.ਹਰਚਰਨ ਸਿੰਘ | 102 |
| 5. | ਦੂਜਾ ਵਿਆਹ | : | ਸੰਤ ਸਿੰਘ ਸੇਖੋਂ | 114 |

# ਕਹਾਣੀ

# ਭੂਮਿਕਾ

## ਕਹਾਣੀ ਕੀ ਹੈ ?

ਕਹਾਣੀ ਦਾ ਇਤਿਹਾਸ ਬੜਾ ਪੁਰਾਣਾ ਹੈ। ਲਿਖਤੀ ਰੂਪ ਵਿੱਚ ਵੇਦਾਂ ਤੋਂ ਲੈ ਕੇ ਹੁਣ ਤੱਕ ਕਹਾਣੀ ਕਿਸੇ ਨਾ ਕਿਸੇ ਰੂਪ ਵਿੱਚ ਲਿਖੀ ਜਾਂ ਸੁਣੀ ਜਾਂਦੀ ਰਹੀ ਹੈ। ਲੋਕ- ਸਾਹਿਤ ਵਿੱਚ ਇਸ ਦੀ ਹੋਂਦ ਇਸ ਤੋਂ ਬਹੁਤ ਸਮਾਂ ਪਹਿਲੋਂ ਸੀ। ਕਹਾਣੀ ਸ਼ਾਇਦ ਉਦੋਂ ਸ਼ੁਰੂ ਹੋਈ ਜਦੋਂ ਮਨੁੱਖ ਨੇ ਆਪਣੇ ਕੀਤੇ ਬਾਰੇ ਦੂਜੇ ਨੂੰ ਦੱਸਣਾ ਜਾਂ ਦੂਜੇ ਤੋਂ ਉਸ ਦੇ ਕੀਤੇ ਬਾਰੇ ਪੁੱਛਣਾ ਸ਼ੁਰੂ ਕੀਤਾ। ਆਦਿ-ਵਾਸੀ ਜੀਵਨ ਸਮੇਂ ਜਦੋਂ ਗਰੋਹ ਦੇ ਕਿਸੇ ਇੱਕ ਮਨੁੱਖ ਨੇ ਕੋਈ ਵੱਡਾ ਸ਼ਿਕਾਰ ਮਾਰ ਕੇ, ਉਸ ਬਾਰੇ ਗਰੋਹ ਨੂੰ ਆ ਦੱਸਿਆ ਹੋਣਾ ਹੈ ਤਾਂ ਇਹ ਪਹਿਲੀ ਕਹਾਣੀ ਸੀ। ਉਦੋਂ ਬਾਂਸਾਂ ਦੀ ਰਗੜ ਨਾਲ਼ ਜੰਗਲ਼ ਸੜਦੇ ਹੋਣਗੇ। ਜਵਾਲਾਮੁਖੀ ਫਟਦੇ ਹੋਣਗੇ, ਨਦੀਆਂ-ਦਰਿਆਵਾਂ ਵਿੱਚ ਹੜ੍ਹ ਆਉਂਦੇ ਹੋਣਗੇ ਤੇ ਉਦੋਂ ਦਾ ਮਨੁੱਖ ਕੁਦਰਤ ਦੇ ਇਹਨਾਂ ਸਾਰੇ ਵਹਿਣਾਂ ਨੂੰ ਸਮਝਣ-ਜਾਣਨ ਤੋਂ ਅਸਮਰਥ ਹੋਵੇਗਾ ਪਰ ਇਸ ਦਾ ਅਰਥ ਇਹ ਨਹੀਂ ਕਿ ਉਹ ਕੁਦਰਤ ਦੇ ਇਹਨਾਂ ਕਰੋਪਾਂ ਬਾਰੇ ਗੱਲ ਨਹੀਂ ਕਰਦਾ ਹੋਵੇਗਾ। ਸਿੱਟੇ ਵਜੋਂ ਉਸ ਨੇ ਰੱਬ ਸਿਰਜ ਲਿਆ, ਦੇਵੀ-ਦੇਵਤੇ ਸਿਰਜ ਲਏ ਤੇ ਇਹਨਾਂ ਨਾਲ਼ ਕਹਾਣੀਆਂ ਜੋੜ ਲਈਆਂ। ਇਹਨਾਂ ਕਹਾਣੀਆਂ ਰਾਹੀਂ ਉਸ ਕਾਲ ਦਾ ਮਨੁੱਖ ਇੱਕ-ਦੂਜੇ ਨਾਲ਼ ਗੱਲਾਂ ਕਰਦਾ ਸੀ, ਇੱਕ-ਦੂਜੇ ਦੇ ਅਨੁਭਵ ਤੇ ਤਜਰਬੇ ਨੂੰ ਸਮਝਦਾ ਸੀ। ਇਹ ਕਹਾਣੀਆਂ ਅਜੇ ਵੀ ਪੀੜ੍ਹੀ-ਦਰ-ਪੀੜ੍ਹੀ ਚੱਲੀਆਂ ਆਉਂਦੀਆਂ ਹਨ ਕਿਉਂਜੋ ਇਹਨਾਂ ਕਹਾਣੀਆਂ ਵਿੱਚ ਉਸ ਵੇਲੇ ਦੇ ਮਨੁੱਖ ਦਾ ਅਨੁਭਵ ਹੈ ਇਸ ਲਈ ਅੱਜ ਦਾ ਮਨੁੱਖ ਨਵੀਆਂ ਖੋਜਾਂ ਤੇ ਨਵੀਂ ਸੋਝੀ ਰਾਹੀਂ ਇਹਨਾਂ ਦੇਵ-ਕਹਾਣੀਆਂ ਜਾਂ ਪਰੀ-ਕਹਾਣੀਆਂ ਵਿੱਚੋਂ ਉਸ ਵੇਲ਼ੇ ਦੇ ਸਮਾਜਿਕ ਜੀਵਨ ਨੂੰ ਲੱਭਣ ਤੇ ਸਮਝਣ ਵਿੱਚ ਲੱਗਾ ਹੋਇਆ ਹੈ। ਅੱਜ ਦੀ ਖੋਜ ਇਸ ਸਿੱਟੇ 'ਤੇ ਅੱਪੜ ਚੁੱਕੀ ਹੈ ਕਿ ਇਹ ਸਭ ਮਿਥਿਹਾਸਿਕ ਕਥਾਵਾਂ ਫ਼ਜ਼ੂਲ ਵਾਧੂ ਜਾਂ ਗੱਪ ਆਦਿ ਨਹੀਂ ਸਗੋਂ ਇਹਨਾਂ ਵਿੱਚੋਂ ਸਾਨੂੰ ਸਾਡੇ ਯੁੱਗਾਂ ਪੁਰਾਣੇ ਵੱਡੇ-ਵਡੇਰਿਆਂ ਦੇ ਜੀਵਨ-ਢੰਗ ਦਾ ਪਤਾ ਲੱਗਦਾ ਹੈ।

ਹਰ ਮਨੁੱਖ ਕੇਵਲ ਭੌਤਿਕ ਰੂਪ ਵਿੱਚ ਨਹੀਂ ਜਿਊਂਦਾ, ਉਸ ਦਾ ਇੱਕ ਮਾਨਸਿਕ-ਜਗਤ ਵੀ ਹੁੰਦਾ ਹੈ ।ਉਸ ਦੇ ਮਾਨਸਿਕ-ਜਗਤ ਦੇ ਭੌਤਿਕ ਰੂਪ ਵਿੱਚ ਉਸ ਦੀ ਹੋਂਦ ਨਾਲ਼ ਬੜਾ ਗਹਿਰਾ ਸੰਬੰਧ ਹੁੰਦਾ ਹੈ। ਸ਼ਾਇਦ ਇਹੋ ਕਾਰਨ ਹੈ ਕਿ ਯੁੱਗ ਬੀਤ ਜਾਣ ਕਰਕੇ ਕਬੀਲਾ-ਜੀਵਨ ਦੀਆਂ ਵੱਖ-ਵੱਖ ਭੌਤਿਕ ਇਕਾਈਆਂ ਦੇ ਰੂਪ ਵਿੱਚ ਜਿਊਂਦਾ ਮਨੁੱਖ ਅੱਜ ਭਰੇ-ਪੂਰੇ ਸੰਸਾਰ ਵਜੋਂ ਵਿਕਸਿਤ ਹੋ ਚੁੱਕਾ ਹੈ। ਕੁਦਰਤੀ ਅਵਸਥਾ ਤੋਂ ਸੱਭਿਅਤਾ ਦੇ ਪੜਾਅ 'ਤੇ ਪੁੱਜ ਚੁੱਕਾ ਹੈ। ਇਹ ਵਿਕਾਸ ਕੇਵਲ ਭੌਤਿਕ ਰੂਪ ਵਿੱਚ ਨਹੀਂ ਹੋਇਆ ਸਗੋਂ ਜਿਉਂ -ਜਿਉਂ ਮਨੁੱਖ ਮੁਢਲੀ ਅਵਸਥਾ ਤੋਂ ਸੱਭਿਅਤਾ ਦੀ ਅਵਸਥਾ ਵੱਲ ਵਿਕਾਸ ਕਰਦਾ ਆਇਆ ਹੈ, ਤਿਉਂ-ਤਿਉਂ ਉਸ ਦਾ ਮਾਨਸਿਕ-ਜਗਤ ਵੀ ਵਿਸ਼ਾਲ ਹੁੰਦਾ ਗਿਆ ਹੈ। ਅੱਜ ਦਾ ਮਨੁੱਖ, ਫ਼੍ਰਾਂਸੀਸੀ, ਅੰਗਰੇਜ਼, ਰੂਸੀ, ਵੀਅਤਨਾਮੀ ਹੁੰਦਾ ਹੋਇਆ ਵੀ ਸਮੁੱਚੇ ਸੰਸਾਰ ਦੀ ਇੱਕ ਕੜੀ ਹੈ। ਸਮੁੱਚੇ ਮਨੁੱਖੀ ਜਗਤ ਵਿੱਚ ਉਸ ਦੀ ਇੱਕ ਥਾਂ ਹੈ। ਤਦੇ ਹੀ ਜੇ ਸੰਸਾਰ ਵਿੱਚ ਕਿਸੇ ਥਾਂ ਵੀ ਇੱਕ ਅਨਿਆਂਈਂ ਮੌਤ ਹੁੰਦੀ ਹੈ ਤਾਂ ਸਭ 'ਮਨੁੱਖਾਂ' ਦੇ ਅੰਦਰੋਂ ਕੁਝ ਟੁਟਦਾ-ਭੱਜਦਾ ਹੈ। ਉਹ ਸੋਚਦਾ ਹੈ ਕਿ ਅਣਮਨੁੱਖੀ ਘਟਨਾ ਉਸ ਦੇ ਗਲ਼ੀ-ਗੁਆਂਢ ਵਿੱਚ ਹੀ ਕਿਤੇ ਵਾਪਰੀ ਹੈ ਤੇ ਉਹ ਹੋਈ 'ਮੌਤ' ਦੇ ਨੜੋਏ ਵਿੱਚ ਸ਼ਾਮਲ ਹੈ। ਮਨੁੱਖਾਂ ਦੀ ਇਹ ਆਪਸੀ ਸਾਂਝ ਤੇ ਰਿਸ਼ਤੇ ਮਨੁੱਖਾਂ ਦੇ ਆਪਣੇ-ਆਪਣੇ ਮਨਾਂ ਤੱਕ ਹੀ ਸੀਮਿਤ ਨਹੀਂ ਰਹੇ ਤੇ ਨਾ ਹੀ ਇਹ ਅਵਸਥਾ ਰਹੀ ਕਿ ਕੁਝ ਗ਼ੈਰਕੁਦਰਤੀ ਜਾਂ ਅਣਮਨੁੱਖੀ ਘਟਨਾ ਵਾਪਰ ਜਾਣ 'ਤੇ ਮਨੁੱਖ ਆਪਣੀ ਕਿਰਿਆ-ਪ੍ਰਤੀਕਿਰਿਆ ਜਾਂ ਅਨੁਭਵ ਦੀ ਪਛਾਣ ਨੂੰ ਕਿਸੇ ਗ਼ੈਬੀ ਸ਼ਕਤੀ ਵਿੱਚ ਲੱਭੇ ਤੇ ਫਿਰ ਇਸ ਨੂੰ ਹੋਰਨਾਂ ਨਾਲ਼ ਸਾਂਝਾ ਕਰਨ ਲਈ ਕਿਸੇ ਗ਼ੈਬੀ ਸ਼ਕਤੀ, ਦੇਵੀ-ਦੇਵਤੇ ਆਦਿ ਦੀ ਕਹਾਣੀ ਦਾ ਸਹਾਰਾ ਲਵੇ। ਇਹ ਬੜੀ ਵੱਡੀ ਵਿਗਿਆਨਿਕ ਸਚਾਈ ਹੈ ਕਿ ਜੋ ਮਨੁੱਖ 'ਜਿਊਂਦਾ' ਹੈ, ਉਸ ਨੇ ਅਨੁਭਵ ਜ਼ਰੂਰ ਕਰਨਾ ਹੈ ਤੇ ਜੇ ਅਨੁਭਵ ਨੂੰ ਹੋਰਨਾਂ ਨਾਲ਼ ਸਾਂਝਾ ਕਰਨ ਦੀ ਤਾਂਘ ਮਨੁੱਖ ਵਿੱਚ ਨਾ ਹੁੰਦੀ ਤਾਂ ਉਹ ਮਨੁੱਖ ਵਜੋਂ ਕਦੋਂ ਦਾ ਮਰ ਚੁੱਕਾ ਹੁੰਦਾ ਤੇ ਇੱਕ ਪਸ਼ੂ ਰਹਿ ਗਿਆ ਹੁੰਦਾ। ਪਰ ਅਜਿਹਾ ਹੋਣਾ ਨਹੀਂ ਸੀ, ਕੁਦਰਤ ਦਾ ਇਹ ਨੇਮ ਹੀ ਨਹੀਂ ਸੀ, ਇਸੇ ਕਰ ਕੇ ਅਜਿਹਾ ਹੋਇਆ ਨਹੀਂ।

ਅੱਜ ਦਾ ਮਨੁੱਖ, ਮਨੁੱਖ ਹੋਣ ਦੇ ਨਾਤੇ ਆਲੇ-ਦੁਆਲੇ ਬਾਰੇ ਅਨੁਭਵ ਕਰਦਾ ਹੈ ਤੇ ਉਸ ਅਨੁਭਵ ਨੂੰ ਹੋਰਨਾਂ ਨਾਲ ਸਾਂਝਾ ਕਰਦਾ ਹੈ। ਅਨੁਭਵ ਨੂੰ ਸਾਂਝਾ ਕਰਨ ਲਈ ਜਾਂ ਮਨ ਦੀ ਭੜਾਸ ਕੱਢਣ ਲਈ ਉਹ ਗੱਲ-ਬਾਤ ਤੋਂ ਇਲਾਵਾ ਬੋਲੀ ਦੇ ਕਈ ਹੋਰ ਸਾਧਨਾਂ ਦੀ ਵਰਤੋਂ ਵੀ ਕਰਦਾ ਹੈ ਪਰ ਇੱਕ ਸਾਧਨ ਹੋਰ ਵੀ ਹੈ ਤੇ ਉਹ ਹੈ ਸਾਹਿਤ ਦਾ। ਜੋ ਕੁਝ ਆਲੇ-ਦੁਆਲੇ ਵਾਪਰਦਾ ਹੈ ਤੇ ਉਸ ਨਾਲ ਅਨੁਭਵਸ਼ੀਲ ਮਨੁੱਖ ਦੇ ਮਨ ਦਾ ਜਿਹੜਾ ਸੰਤੁਲਨ ਡੋਲਦਾ ਹੈ, ਉਸ ਨੂੰ ਮੁੜ ਕਾਇਮ ਕਰਨ ਲਈ ਉਹ ਸਾਹਿਤ ਲਿਖਣ ਤੇ ਸਾਹਿਤ ਪੜ੍ਹਨ ਦਾ ਸਹਾਰਾ ਲੈਂਦਾ ਹੈ।

ਮਨੁੱਖੀ ਮਨ ਦੀਆਂ ਕਈ ਤਹਿਆਂ ਹੁੰਦੀਆਂ ਹਨ। ਕਿਤੇ ਉਹ ਸਿੱਧ-ਪੱਧਰਾ ਤੇ ਸਾਂਵਾਂ ਹੁੰਦਾ ਹੈ, ਕਿਤੇ ਅਤਿ ਭਾਵਕ। ਕਿਤੇ ਉਹ ਭਾਵਕ ਵੀ ਹੁੰਦਾ ਹੈ ਪਰ ਬੁੱਧੀ ਦੀ ਵਰਤੋਂ ਕਰਦਾ ਹੋਇਆ ਡੋਲਦਾ ਨਹੀਂ। ਇਸ ਤਰ੍ਹਾਂ ਦੀਆਂ ਤਹਿਆਂ ਮੁਤਾਬਕ ਹੀ ਉਸ ਦਾ ਮਨ ਜਦੋਂ ਕਿਸੇ ਮਾਧਿਅਮ ਰਾਹੀਂ ਪ੍ਰਗਟ ਹੁੰਦਾ ਹੈ ਤਾਂ ਇਸ ਮਾਧਿਅਮ ਦੀਆਂ ਕਈ ਤਹਿਆਂ ਹੋ ਜਾਂਦੀਆਂ ਹਨ। ਕਿਤੇ ਤਰਕਪੂਰਨ ਵਿਚਾਰ, ਕਿਤੇ ਭਾਵਕ ਮਾਨਸਿਕਤਾ ਤੇ ਕਿਤੇ ਭਾਵਕਤਾ ਦੀ ਗਹਿਰਾਈ ਵਿੱਚ ਬਿਬੇਕ। ਅਨੁਭਵ ਦੇ ਮਾਧਿਅਮ ਦੀਆਂ ਇਹਨਾਂ ਵੱਖ-ਵੱਖ ਤਹਿਆਂ ਦੇ ਅਨੁਕੂਲ ਹੀ ਸਾਹਿਤ ਦੇ ਵੱਖ-ਵੱਖ ਰੂਪ ਹੋਂਦ ਵਿੱਚ ਆਏ ਹਨ। ਪਹਿਲੀ ਤਹਿ ਦੇ ਅਨੁਕੂਲ ਵਾਰਤਕ, ਦੂਜੀ ਦੇ ਅਨੁਕੂਲ ਕਵਿਤਾ ਅਤੇ ਤੀਜੀ ਦੇ ਅਨੁਕੂਲ ਗਲਪ ਦੇ ਸਾਰੇ ਭੇਦ ਹੋਂਦ ਵਿੱਚ ਆਏ ਹਨ। ਸੋ, ਕਹਾਣੀ ਤੀਜੀ ਤਹਿ ਦੇ ਅਨੁਕੂਲ ਰੂਪ ਹੈ ਜਿਸ ਵਿੱਚ ਭਾਵਕਤਾ ਵੀ ਹੁੰਦੀ ਹੈ ਤੇ ਇਸ ਭਾਵਕਤਾ ਦੀ ਗਹਿਰਾਈ ਵਿੱਚ ਵਿਚਾਰ ਤੇ ਬਿਬੇਕ ਵੀ। ਕੇਵਲ ਘਟਨਾ-ਕ੍ਰਮ ਜਾਂ ਕਥਾ-ਕ੍ਰਮ ਕਿਸੇ ਰਚਨਾ ਨੂੰ ਕਹਾਣੀ ਨਹੀਂ ਬਣਾ ਸਕਦਾ। ਘਟਨਾ ਜਾਂ ਕਥਾ ਭਾਵਕਤਾ, ਵਿਚਾਰ ਤੇ ਬਿਬੇਕ ਦਾ ਵਾਹਕ ਬਣ ਕੇ ਆਉਂਦੇ ਹਨ। ਦੁਨੀਆ ਭਰ ਦੇ ਸਾਹਿਤ ਵਿੱਚ ਜਿੱਥੇ ਕਿਤੇ ਵੀ ਕਹਾਣੀ ਨਾਂ ਦੀ ਚੀਜ਼ ਹੈ, ਉਸ ਵਿੱਚ ਜੇ ਉਪਰੋਕਤ ਸਿਫ਼ਤ ਨਹੀਂ ਤਾਂ ਉਹ ਕੇਵਲ ਘਟਨਾ ਜਾਂ ਕਥਾ ਹੈ, ਕਹਾਣੀ ਨਹੀਂ।

## ਕਹਾਣੀ ਦੀ ਬਣਤਰ :

ਉਪਰੋਕਤ ਵਿਚਾਰ ਦੀ ਰੋਸ਼ਨੀ ਵਿੱਚ ਕਹਾਣੀ ਨਾਂ ਦੀ ਇਸ ਸਾਹਿਤਿਕ ਵੰਨਗੀ ਦੀ ਬਣਤਰ, ਇਸ 'ਸੰਜਮ' ਦੇ ਸਮੁੱਚੇ ਨਿਰਮਾਣਕਾਰੀ ਤੱਤਾਂ ਉੱਤੇ ਸੰਖੇਪ ਜਿਹੀ ਵਿਚਾਰ ਕਰਨੀ ਵੀ ਜ਼ਰੂਰੀ ਹੈ। ਇਹਨਾਂ ਤੱਤਾਂ ਨੂੰ ਮੋਟੇ ਤੌਰ 'ਤੇ ਛੇ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ;-

| | | |
|---|---|---|
| 1. ਕਥਾ-ਵਸਤੂ | 2. ਪਾਤਰ-ਚਿਤਰਨ | 3. ਵਾਰਤਾਲਾਪ |
| 4. ਵਾਤਾਵਰਨ | 5. ਸ਼ੈਲੀ | 6. ਮਨੋਰਥ |

### 1. ਕਥਾ-ਵਸਤੂ :

ਕਹਾਣੀ ਦਾ ਵਿਸ਼ਾ ਕੋਈ ਵੀ ਹੋ ਸਕਦਾ ਹੈ ਪਰ ਉਸ ਵਿਸ਼ੇ ਨੂੰ ਪ੍ਰਗਟ ਕਰਨ ਲਈ ਲੇਖਕ ਜੋ ਵਸਤੂ ਚੁਣਦਾ ਹੈ, ਉਸ ਦਾ ਖ਼ਾਸਾ ਕਥਾਤਮਿਕ ਹੁੰਦਾ ਹੈ ਅਰਥਾਤ ਉਹ ਵਿਸ਼ੇ ਅਨੁਕੂਲ ਇੱਕ ਘਟਨਾ ਜਾਂ ਕੁਝ ਘਟਨਾਵਾਂ ਨੂੰ ਇੱਕ ਸਿਲਸਿਲੇਬੱਧ ਤਰਤੀਬ ਵਿੱਚ ਜੋੜਦਾ ਹੈ। ਇੱਕ ਘਟਨਾ ਹੋਣ ਦੀ ਸੂਰਤ ਵਿੱਚ ਉਸ ਘਟਨਾ ਦੇ ਹੀ ਵੱਖ-ਵੱਖ ਪਹਿਲੂਆਂ ਤੇ ਇੱਕ ਤੋਂ ਵੱਧ ਘਟਨਾਵਾਂ ਹੋਣ ਦੀ ਸੂਰਤ ਵਿੱਚ ਇਹਨਾਂ ਘਟਨਾਵਾਂ ਦੇ ਆਪਸੀ ਸੰਬੰਧ ਨੂੰ ਉਜਾਗਰ ਕਰਦਾ ਹੋਇਆ ਕਹਾਣੀ ਵਿਚਲੀ ਕਥਾ ਨੂੰ ਅੱਗੇ ਤੋਰਦਾ ਹੈ। ਇਹੋ ਕਾਰਨ ਹੈ ਕਿ ਅਸੀਂ ਜਦੋਂ ਕੋਈ ਕਹਾਣੀ ਪੜ੍ਹਦੇ ਹਾਂ ਤਾਂ ਉਸ ਕਹਾਣੀ ਵਿਚਲੀ ਕਹਾਣੀ ਤੋਂ ਇਲਾਵਾ ਉਹਨਾਂ ਰੰਗਾਂ ਦੇ ਭਾਵਾਂ ਨੂੰ ਵੀ ਸਮਝ ਤੇ ਮਾਣ ਰਹੇ ਹੁੰਦੇ ਹਾਂ ਜੋ ਲੇਖਕ ਘਟਨਾਵਾਂ ਦੇ ਆਪਸੀ ਸੰਬੰਧ ਸਥਾਪਿਤ ਕਰਕੇ ਪ੍ਰਗਟ ਕਰ ਰਿਹਾ ਹੁੰਦਾ ਹੈ। ਸਧਾਰਨ ਸ਼ਬਦਾਂ ਵਿੱਚ ਕਹਾਣੀ ਵਿਚਲੇ ਕਥਾ-ਵਸਤੂ ਦੇ ਚਾਰ ਪੜਾਅ ਹੁੰਦੇ ਹਨ ; ਅਰੰਭ, ਮੱਧ, ਸਿਖਰ ਤੇ ਅੰਤ। ਕਹਾਣੀ ਦੇ ਸਿਰਲੇਖ ਦੇ ਮੁਢਲੇ ਹਿੱਸੇ ਨੂੰ ਅਰੰਭ ਕਿਹਾ ਜਾਂਦਾ ਹੈ। ਇਸ ਦੀ ਕੋਈ ਖ਼ਾਸ ਪ੍ਰਮਾਣਿਕ ਵਿਧੀ ਨਹੀਂ। ਲੇਖਕ ਆਪਣੇ ਬਿਆਨ-ਢੰਗ ਅਨੁਸਾਰ ਕਹਾਣੀ ਸ਼ੁਰੂ ਕਰਦਾ ਹੈ। ਕਈ ਵਾਰ ਸਿੱਧਾ ਹੀ, ਕਈ ਵਾਰ ਕਹਾਣੀ ਵਿਚਲੇ ਪਾਤਰ ਦੀ ਜਾਣ-ਪਛਾਣ ਕਰਵਾ ਕੇ, ਕਦੀ ਵਾਤਾਵਰਨ ਦਾ ਜ਼ਿਕਰ ਕਰਕੇ ਜਾਂ ਕਹਾਣੀ ਵਿਚਲੇ ਪਾਤਰਾਂ ਦੇ ਵਾਰਤਾਲਾਪ ਤੋਂ। ਇਹਨਾਂ ਤੋਂ ਬਿਨਾਂ ਅਤੇ ਹੋਰ ਵੀ ਕਈ ਢੰਗਾਂ ਨਾਲ ਕਹਾਣੀ ਸ਼ੁਰੂ ਕੀਤੀ ਜਾ ਸਕਦੀ ਹੈ। ਇਸ ਦਾ ਸੰਬੰਧ ਕਿਸੇ ਬਾਹਰੀ ਪ੍ਰਮਾਣਿਕ ਤਕਨੀਕ ਨਾਲ ਨਹੀਂ

ਸਗੋਂ ਲੇਖਕ ਦੀ ਆਪਣੀ ਮਾਨਸਿਕ ਬਣਤਰ ਨਾਲ ਹੁੰਦਾ ਹੈ। ਵਿਦਿਆਰਥੀਆਂ ਨੂੰ ਇਸ ਸੰਗ੍ਰਹਿ ਵਿਚਲੀਆਂ ਕਹਾਣੀਆਂ ਦੇ ਵੱਖਰੀ-ਵੱਖਰੀ ਤਰ੍ਹਾਂ ਸ਼ੁਰੂ ਹੋਣ ਤੋਂ ਹੀ ਇਸ ਤੱਥ ਦਾ ਅੰਦਾਜ਼ਾ ਭਲੀ-ਭਾਂਤ ਹੋ ਜਾਵੇਗਾ।

## 2. ਪਾਤਰ - ਚਿਤਰਨ :

ਕਹਾਣੀ ਦਾ ਦੂਜਾ ਮਹੱਤਵਪੂਰਨ ਤੱਤ ਹੈ: ਪਾਤਰ-ਚਿਤਰਨ। ਕਹਾਣੀ ਇੱਕ ਜਾਂ ਇੱਕ ਤੋਂ ਵੱਧ ਪਾਤਰਾਂ ਦੀ ਆਪਸੀ ਕਿਰਿਆ-ਪ੍ਰਤੀਕਿਰਿਆ ਰਾਹੀਂ ਅੱਗੇ ਤੁਰਦੀ ਹੈ ਕਿਉਂਜੋ ਕਹਾਣੀ ਜ਼ਿੰਦਗੀ ਦੇ ਕਿਸੇ ਪਹਿਲੂ ਨੂੰ ਲੈ ਕੇ ਲਿਖੀ ਗਈ ਹੁੰਦੀ ਹੈ ਇਸ ਲਈ ਸਫਲ ਕਹਾਣੀ ਉਹੋ ਹੁੰਦੀ ਹੈ ਜਿਸ ਵਿਚਲੇ ਪਾਤਰ ਸਾਨੂੰ ਆਮ ਵਰਗੇ ਲੱਗਣ, ਯਥਾਰਥਿਕ ਹੋਣ। ਫਿਰ ਸਵਾਲ ਪੈਦਾ ਹੁੰਦਾ ਹੈ ਕਿ ਜੇ ਪਾਤਰ ਆਮ ਵਰਗੇ ਹੀ ਲੱਗਣੇ ਹਨ ਤਾਂ ਉਹਨਾਂ ਨੂੰ ਕਹਾਣੀ ਵਿੱਚ ਲਿਆਉਣ ਦੀ ਕੀ ਲੋੜ ਹੈ ? ਇਸ ਦਾ ਉੱਤਰ ਸਿੱਧਾ ਹੈ। ਅਸੀਂ ਸਾਹਿਤ ਰਾਹੀਂ ਨਾ ਕੇਵਲ ਲੇਖਕ ਦੇ ਨਿੱਜੀ ਅਨੁਭਵ ਤੋਂ ਜਾਣੂ ਹੁੰਦੇ ਹਾਂ ਸਗੋਂ ਨਿੱਤ ਦੇ ਵਾਹ ਵਿਚਲੀ ਜ਼ਿੰਦਗੀ ਬਾਰੇ ਵੀ ਆਪਣੇ ਅਨੁਭਵ ਨੂੰ ਵਿਸ਼ਾਲ ਕਰਦੇ ਹਾਂ। ਕਹਾਣੀ ਵਿਚਲੇ ਇਹ ਪਾਤਰ ਜਿਹੜੇ ਆਲੇ-ਦੁਆਲੇ ਵਿੱਚੋਂ ਹੀ ਹੁੰਦੇ ਹਨ ਤੇ ਸਾਡੇ ਆਪਣੇ ਵਾਂਗ ਹੀ ਸਧਾਰਨ ਨਜ਼ਰ ਆਉਂਦੇ ਹਨ ਜਦੋਂ ਲੇਖਕ ਦੇ ਅਨੁਭਵ ਵਿੱਚੋਂ ਦੀ ਲੰਘ ਕੇ ਕਹਾਣੀ ਦੇ ਪਾਤਰਾਂ ਵਜੋਂ ਪੇਸ਼ ਹੁੰਦੇ ਹਨ ਤਾਂ ਸਾਡੇ ਅੱਗੇ ਇਹਨਾਂ ਦੀ ਸਧਾਰਨਤਾ ਪਿੱਛੇ ਮਨੁੱਖੀ ਅਨੁਭਵ ਦਾ ਵਿਸ਼ਾਲ ਸੰਸਾਰ ਉਜਾਗਰ ਹੋ ਜਾਂਦਾ ਹੈ। ਸਫਲ ਪਾਤਰ-ਚਿਤਰਨ ਉਹ ਹੁੰਦਾ ਹੈ ਜਿਸ ਵਿੱਚ ਲੇਖਕ ਆਪਣੇ ਮੂੰਹੋਂ ਕਿਸੇ ਪਾਤਰ ਬਾਰੇ ਕੁਝ ਚੰਗਾ-ਮਾੜਾ ਨਾ ਕਹੇ ਸਗੋਂ ਪਾਤਰ ਨੂੰ ਅਜਿਹੇ ਢੰਗ ਨਾਲ਼ ਉਸਾਰੇ ਕਿ ਪਾਤਰਾਂ ਦੇ ਦੂਜੇ ਪਾਤਰਾਂ ਜਾਂ ਜ਼ਿੰਦਗੀ ਪ੍ਰਤਿ ਵਤੀਰੇ ਤੋਂ ਹੀ ਸਾਨੂੰ ਉਸ ਦੀ ਸਮੁੱਚੀ ਸ਼ਖ਼ਸੀਅਤ ਦਾ ਪਤਾ ਲੱਗੇ।

## 3. ਵਾਰਤਾਲਾਪ :

ਦੋ ਪਾਤਰਾਂ ਵਿੱਚ ਆਪਸੀ ਗੱਲ-ਬਾਤ ਨੂੰ ਹੀ ਵਾਰਤਾਲਾਪ ਕਿਹਾ ਜਾਂਦਾ ਹੈ। ਨਾਟਕ ਤਾਂ ਵਾਰਤਾਲਾਪ ਬਿਨਾਂ ਹੋ ਹੀ ਨਹੀਂ ਸਕਦਾ ਪਰ ਨਾਵਲ, ਮਹਾਂਕਾਵਿ ਤੇ ਕਹਾਣੀ ਵਿੱਚ ਵੀ ਇਸ ਦੀ ਮਹੱਤਤਾ ਘੱਟ ਨਹੀਂ। ਗੱਲ-ਬਾਤ ਸਾਡੇ ਆਪਸੀ ਸੰਚਾਰ ਦਾ ਧੁਰਾ ਹੈ ਤੇ ਕਹਾਣੀ ਵਿੱਚ ਵੀ ਜ਼ਿੰਦਗੀ ਦਾ ਯਥਾਰਥਿਕ ਚਿੱਤਰ ਪੇਸ਼ ਹੋਣਾ ਹੈ ਤਾਂ ਉੱਥੇ ਵੀ ਥਾਂਈਂ — ਥਾਂਈਂ ਵਾਰਤਾਲਾਪ ਆਏਗੀ। ਕਹਾਣੀ ਵਿੱਚ ਸਫਲ ਵਾਰਤਾਲਾਪ ਉਹ ਹੁੰਦੇ ਹਨ ਜੋ ਉਸ ਵਿੱਚ ਵਧੇਰੇ ਵਾਸਤਵਿਕਤਾ ਲਿਆਉਣ, ਪਾਤਰਾਂ ਦੇ ਅੰਦਰਲੇ ਕਿਰਦਾਰਾਂ ਨੂੰ ਉਘਾੜਨ, ਉਹਨਾਂ ਦੇ ਮਾਨਸਿਕ ਤਣਾਅ ਨੂੰ ਪ੍ਰਗਟ ਕਰਨ, ਸੰਖੇਪ ਤੇ ਭਾਵਪੂਰਤ ਹੋਣ, ਬੋਝਲ ਤੇ ਬਣਾਉਟੀ ਨਾ ਹੋਣ।

## 4. ਵਾਤਾਵਰਨ :

ਕਹਾਣੀਕਾਰ ਆਪਣਾ ਵਿਸ਼ਾ-ਵਸਤੂ ਜ਼ਿੰਦਗੀ ਵਿੱਚੋਂ ਲੈਂਦਾ ਹੈ। ਜ਼ਿੰਦਗੀ ਦੇ ਜਿਸ ਖਿੱਤੇ ਵਿੱਚੋਂ ਉਹ ਆਪਣਾ ਪਲਾਟ ਜਾਂ ਪਾਤਰ ਚੁਣਦਾ ਹੈ, ਉਸ ਖਿੱਤੇ ਦਾ ਸਮਾਜਿਕ, ਸੱਭਿਆਚਾਰਿਕ ਵਾਤਾਵਰਨ ਦਾ ਜ਼ਿਕਰ ਵੀ ਕਹਾਣੀ ਵਿੱਚ ਲਿਆਉਂਦਾ ਹੈ। ਤਦੇ ਹੀ ਉਸ ਕਹਾਣੀ ਵਿਚਲਾ ਪਾਤਰ ਉਸ ਧਰਤੀ ਦਾ ਪਾਤਰ ਲੱਗਦਾ ਹੈ। ਇਸ ਵਾਤਾਵਰਨ ਦਾ ਵਿਸਤਾਰ ਵਿੱਚ ਚਿਤਰਨ ਕਹਾਣੀ ਦੀ ਸੀਮਾ ਵਿੱਚ ਸੰਭਵ ਨਹੀਂ ਹੁੰਦਾ ਪਰ ਇੱਕ ਸਫਲ ਕਥਾਕਾਰ ਕੁਝ ਸੂਖਮ ਛੋਹਾਂ ਨਾਲ਼ ਹੀ ਪਾਠਕ ਨੂੰ ਸਮੁੱਚੇ ਵਾਤਾਵਰਨ ਦਾ ਅਹਿਸਾਸ ਕਰਵਾ ਸਕਦਾ ਹੈ। ਬਣਾਉਟੀ ਜਾਂ ਕਾਲਪਨਿਕ ਪੱਧਰ ਉੱਤੇ ਚਿਤਰਿਆ ਗਿਆ ਵਾਤਾਵਰਨ ਅਕੇਵੇਂ ਭਰਪੂਰ ਤੇ ਰਸਹੀਣ ਹੁੰਦਾ ਹੈ।

## 5. ਸ਼ੈਲੀ :

ਹਰ ਲੇਖਕ ਦਾ ਇੱਕ ਆਪਣਾ ਬਿਆਨ-ਢੰਗ ਹੁੰਦਾ ਹੈ। ਇਸੇ ਨਿੱਜੀ ਬਿਆਨ-ਢੰਗ ਨੂੰ ਹੀ ਸ਼ੈਲੀ ਕਿਹਾ ਜਾਂਦਾ ਹੈ। ਕੋਈ ਲੇਖਕ ਵਰਨਣ ਉੱਤੇ ਜ਼ੋਰ ਦਿੰਦਾ ਹੈ, ਕੋਈ ਵਾਰਤਾਲਾਪ 'ਤੇ, ਕੋਈ ਖ਼ਤਾਂ ਦੇ ਰੂਪ ਵਿੱਚ ਕਹਾਣੀ ਬਣਾਉਂਦਾ ਹੈ ਤੇ ਕੋਈ ਡਾਇਰੀ ਲਿਖਣ ਵਾਂਗ। ਕੋਈ ਸਧਾਰਨ ਫ਼ਿਕਰੇ ਵਰਤੋਂ ਵਿੱਚ ਲਿਆਉਂਦਾ ਹੈ ਤੇ ਕੋਈ ਲੱਛੇਦਾਰ। ਕੋਈ

ਸੁਝਾਊ ਫ਼ਿਕਰਿਆਂ ਦੀ ਵਰਤੋਂ ਕਰਦਾ ਹੈ ਤੇ ਕੋਈ ਸਪਾਟ ਬਿਆਨ ਨੂੰ ਉੱਤਮ ਸਮਝਦਾ ਹੈ। ਕੋਈ ਕੁਝ ਲਫ਼ਜ਼ਾਂ ਦੀ ਵਾਰ-ਵਾਰ ਵਰਤੋਂ ਕਰਦਾ ਹੈ ਤੇ ਕੋਈ ਕੁਝ ਫ਼ਿਕਰਿਆਂ ਨੂੰ ਦੁਹਰਾਉਂਦਾ ਹੈ। ਇੰਵ ਜਿੰਨੇ ਲੇਖਕ, ਓਨੇ ਹੀ ਬਿਆਨ-ਢੰਗ ਪਰ ਸਾਰੇ ਹੀ ਬਿਆਨ-ਢੰਗ ਸ਼ੈਲੀ ਬਣਨ ਦੀ ਸਮਰੱਥਾ ਨਹੀਂ ਰੱਖਦੇ। ਅਸਲ ਵਿੱਚ ਕੋਈ ਬਿਆਨ-ਢੰਗ ਸ਼ੈਲੀ ਓਦੋਂ ਬਣਦਾ ਹੈ ਜਦੋਂ ਉਹ ਲੇਖਕ ਦੀ ਮਾਨਸਿਕਤਾ ਦਾ ਅਨਿੱਖੜਵਾਂ ਅੰਗ ਬਣ ਜਾਂਦਾ ਹੈ। ਇਸ ਪਾਠ ਪੁਸਤਕ ਦੇ ਕਹਾਣੀ-ਸੰਗ੍ਰਹਿ ਵਿੱਚ ਸ਼ਾਮਲ ਕਹਾਣੀਆਂ ਤੋਂ ਵਿਦਿਆਰਥੀਆਂ ਨੂੰ ਸ਼ੈਲੀ ਦੀ ਵੰਨਗੀ ਦਾ ਗਿਆਨ ਹੋ ਜਾਵੇਗਾ।

## 6. ਮਨੋਰਥ :

ਅਸੀਂ ਪਹਿਲਾਂ ਕਿਹਾ ਹੈ ਕਿ ਸਾਹਿਤ ਮਨੁੱਖੀ ਸੰਚਾਰ ਦਾ ਮਾਧਿਅਮ ਹੈ। ਅਸੀਂ ਸਾਹਿਤ ਰਾਹੀਂ ਇੱਕ—ਦੂਜੇ ਨਾਲ਼ ਆਪਣਾ ਅਨੁਭਵ ਸਾਂਝਾ ਕਰਦੇ ਹਾਂ। ਲੇਖਕ ਆਪਣੇ ਦ੍ਰਿਸ਼ਟੀਕੋਣ ਤੋਂ ਆਲ਼ੇ-ਦੁਆਲ਼ੇ ਦੀ ਜ਼ਿੰਦਗੀ ਦਾ ਅਧਿਐਨ ਕਰਦਾ ਹੈ ਤੇ ਇਸ ਤੋਂ ਉਸ ਦਾ ਜੋ ਅਨੁਭਵ ਬਣਦਾ ਹੈ ਉਸੇ ਨੂੰ ਹੀ ਆਪਣੀ ਰਚਨਾ ਵਿੱਚ ਪੇਸ਼ ਕਰਦਾ ਹੈ। ਲੇਖਕ ਦਾ ਇਹ ਅਨੁਭਵ ਹੀ ਕਹਾਣੀ ਵਿਚਲਾ ਮਨੋਰਥ ਹੁੰਦਾ ਹੈ। ਕੋਈ ਸਾਹਿਤ-ਰਚਨਾ ਮਨੋਰਥਹੀਣ ਨਹੀਂ ਹੁੰਦੀ ਪਰ ਕਈ ਵਾਰ ਇੰਵ ਹੁੰਦਾ ਹੈ ਕਿ ਕੁਝ ਲੇਖਕ ਆਪਣੇ ਸ਼ਿਲਪ ਤੇ ਹੁਨਰ ਵਿੱਚ ਏਨੇ ਮਾਹਰ ਨਹੀਂ ਹੁੰਦੇ ਤੇ ਸਿੱਟੇ ਵਜੋਂ ਉਹਨਾਂ ਦੇ ਅਨੁਭਵ ਦਾ ਸੰਚਾਰ ਨਹੀਂ ਹੁੰਦਾ ਅਰਥਾਤ ਮਨੋਰਥ ਸਪਸ਼ਟ ਰੂਪ ਵਿੱਚ ਉੱਘੜ ਕੇ ਸਾਮ੍ਹਣੇ ਨਹੀਂ ਆਉਂਦਾ।

ਇਸ ਪਾਠ-ਪੁਸਤਕ ਦੇ ਕਹਾਣੀ-ਭਾਗ ਵਿੱਚ ਸੰਬੰਧਿਤ ਲੇਖਕਾਂ ਅਤੇ ਉਹਨਾਂ ਦੀਆਂ ਕਹਾਣੀਆਂ : ਸੁਜਾਨ ਸਿੰਘ : 'ਕੁਲਫ਼ੀ', ਰਘੁਬੀਰ ਢੰਡ : 'ਮੜ੍ਹੀਆਂ ਤੋਂ ਦੂਰ', ਵਰਿਆਮ ਸਿੰਘ ਸੰਧੂ: 'ਅੰਗ-ਸੰਗ', ਗੁਰਬਖ਼ਸ਼ ਸਿੰਘ : 'ਬੰਮ ਬਹਾਦਰ' , ਗੁਰਮੁਖ ਸਿੰਘ ਮੁਸਾਫ਼ਿਰ : 'ਬਾਗ਼ੀ ਦੀ ਧੀ', ਕੁਲਵੰਤ ਸਿੰਘ ਵਿਰਕ : 'ਧਰਤੀ ਹੇਠਲਾ ਬਲ਼ਦ', ਅਜੀਤ ਕੌਰ : 'ਇੱਕ ਪੈਰ ਘੱਟ ਤੁਰਨਾ' ਸ਼ਾਮਲ ਕੀਤੀਆਂ ਗਈਆਂ ਹਨ। ਇਹਨਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਕਹਾਣੀਕਾਰਾਂ ਨੇ ਕਹਾਣੀਆਂ ਲਿਖ ਕੇ ਪੰਜਾਬੀ ਸਾਹਿਤ ਨੂੰ ਅਮੀਰ ਬਣਾਉਣ ਵਿੱਚ ਆਪਣਾ ਯੋਗਦਾਨ ਪਾਇਆ ਹੈ ਅਤੇ ਪਾ ਰਹੇ ਹਨ।

* * * * *

*ਵਿਸ਼ੇਸ਼ ਨੋਟ : ਉਪਰੋਕਤ 'ਭੂਮਿਕਾ', 'ਕਹਾਣੀਆਂ ਅਤੇ ਇਕਾਂਗੀ' ਦੋਹਾਂ ਸਮੈਸਟਰਾਂ ਲਈ ਸਾਂਝੀ ਦਿੱਤੀ ਗਈ ਹੈ।*

# ਭੂਮਿਕਾ

## ਨਾਟਕ ਕੀ ਹੈ ?

ਨਾਟਕ ਇੱਕ ਦਰਸ਼ਨੀ ਕਲਾ ਹੈ। ਇਸ ਵਿੱਚ ਮਨੁੱਖੀ ਜੀਵਨ ਨਾਲ ਸੰਬੰਧਿਤ ਕਿਸੇ ਵੀ ਕਹਾਣੀ ਨੂੰ ਢੁਕਵੇਂ ਪਾਤਰਾਂ ਦੀ ਵਾਰਤਾਲਾਪ ਰਾਹੀਂ ਘਟਨਾਵਾਂ ਨੂੰ ਰੰਗ-ਮੰਚ ਉੱਤੇ ਵਾਪਰਦਾ ਦਿਖਾਇਆ ਜਾਂਦਾ ਹੈ। ਇਸ ਲਈ ਹਰੇਕ ਨਾਟਕਕਾਰ ਆਪਣੇ ਨਾਟਕ ਦੀ ਰਚਨਾ ਰੰਗ-ਮੰਚੀ ਨਿਯਮਾਂ ਨੂੰ ਮੁੱਖ ਰੱਖ ਕੇ ਕਰਦਾ ਹੈ।

### ਇਕਾਂਗੀ ਤੇ ਇਕਾਂਗੀ ਦੀ ਬਣਤਰ :

ਇਕਾਂਗੀ ਨਾਟਕ ਦਾ ਇੱਕ ਰੂਪ ਹੈ। ਇਸ ਦੀ ਪੇਸ਼ਕਾਰੀ ਦੀ ਤਕਨੀਕ ਪੂਰੇ ਨਾਟਕਾਂ ਨਾਲੋਂ ਵੱਖਰੀ ਹੁੰਦੀ ਹੈ। ਇਸ ਵਿੱਚ ਜੀਵਨ ਦੀ ਇੱਕ ਘਟਨਾ, ਇੱਕ ਕਾਤਰ ਜਾਂ ਇੱਕ ਸਮੱਸਿਆ ਨੂੰ ਵਿਸ਼ਾ ਬਣਾਇਆ ਜਾਂਦਾ ਹੈ। ਇਸ ਦੀ ਰੂਪ-ਰੇਖਾ ਨੂੰ ਪਲਾਟ ਜਾਂ ਗੋਂਦ ਕਹਿੰਦੇ ਹਨ। ਇਸ ਦਾ ਮਾਧਿਅਮ ਵਾਰਤਾਲਾਪ ਹੁੰਦਾ ਹੈ। ਇਸ ਦੀ ਸਮੱਸਿਆ ਨੂੰ ਅੱਗੇ ਤੋਰਨ ਵਾਲੇ ਇਕਾਂਗੀ ਦੇ ਪਾਤਰ ਹੁੰਦੇ ਹਨ। ਉਹਨਾਂ ਪਾਤਰਾਂ ਦੇ ਕੁਝ ਮਨੋਰਥ ਜਾਂ ਉਦੇਸ਼ ਹੁੰਦੇ ਹਨ ਜਿਸ ਕਰਕੇ ਉਹ ਦੂਜਿਆਂ ਨਾਲ ਸੰਵਾਦ ਰਚਾਉਂਦੇ ਹਨ। ਪਾਤਰਾਂ ਦੇ ਹਾਵ-ਭਾਵ ਵੀ ਹੁੰਦੇ ਹਨ ਜਿਨ੍ਹਾਂ ਵਿੱਚ ਹਾਸਾ-ਪਿਆਰ, ਡਰ ਜਾਂ ਬੀਰਤਾ ਪ੍ਰਧਾਨ ਹੁੰਦੀ ਹੈ। ਇਕਾਂਗੀਕਾਰ ਦਾ ਇੱਕ ਦ੍ਰਿਸ਼ਟੀਕੋਣ ਵੀ ਹੁੰਦਾ ਹੈ। ਕਈ ਇਕਾਂਗੀ ਨਿਰੋਲ ਹਾਸ-ਰਸ ਵਾਲੇ, ਹਾਸ-ਰਸ ਵਿੱਚ ਵਿਅੰਗ ਵਾਲੇ, ਰੋਮਾਂਸ ਭਰਪੂਰ ਜਾਂ ਸੂਰਬੀਰਤਾ ਦੇ ਭਾਵ ਵਾਲੇ ਹੁੰਦੇ ਹਨ। ਨਾਟਕਕਾਰ ਦੇ ਜੀਵਨ ਪ੍ਰਤਿ ਦ੍ਰਿਸ਼ਟੀਕੋਣ ਜਾਂ ਨਾਟਕ ਦੇ ਅੰਦਰਲੇ ਵਾਤਾਵਰਨ ਨੂੰ ਮੁੱਖ ਰੱਖ ਕੇ ਨਾਟਕ ਜਾਂ ਇਕਾਂਗੀ ਸੁਖਾਂਤ ਤੇ ਦੁਖਾਂਤ; ਦੋ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ। ਜਿਨ੍ਹਾਂ ਇਕਾਂਗੀਆਂ ਦਾ ਅੰਤ ਖ਼ੁਸ਼ੀ ਨਾਲ ਹੋਵੇ, ਉਹਨਾਂ ਨੂੰ ਸੁਖਾਂਤ ਅਤੇ ਜਿਨ੍ਹਾਂ ਦਾ ਅੰਤ ਦੁੱਖ ਭਰਿਆ ਹੋਵੇ ਉਹਨਾਂ ਨੂੰ ਦੁਖਾਂਤ ਇਕਾਂਗੀ ਕਹਿੰਦੇ ਹਨ।

ਇਕਾਂਗੀ, ਜਿਵੇਂਕਿ ਇਸ ਦੇ ਨਾਂ ਤੋਂ ਹੀ ਸਪਸ਼ਟ ਹੁੰਦਾ ਹੈ, ਵਿੱਚ ਇੱਕੋ ਅੰਕ ਹੁੰਦਾ ਹੈ। ਇਸ ਵਿੱਚ ਬਹੁਤਾ ਵਿਸਤਾਰ ਨਹੀਂ ਹੁੰਦਾ ਅਤੇ ਅੱਧੇ-ਪੌਣੇ ਘੰਟੇ ਵਿੱਚ ਖੇਡਿਆ ਜਾ ਸਕਦਾ ਹੈ। ਇਸ ਨੂੰ ਖੇਡਣ ਲਈ ਮੰਚ-ਸੱਜਾ ਆਦਿ ਦਾ ਖ਼ਰਚ ਵੀ ਘੱਟ ਅਤੇ ਉਚੇਚ ਵੀ ਘੱਟ ਕਰਨੀ ਪੈਂਦੀ ਹੈ। ਇਸ ਦੀ ਚਾਲ ਤਿੱਖੀ, ਵਾਰਤਾਲਾਪ ਸੰਜਮ ਭਰਪੂਰ ਤੇ ਸਾਰਥਕ, ਪ੍ਰਭਾਵ ਬੱਝਵਾਂ, ਪਾਤਰ ਥੋੜ੍ਹੇ ਤੇ ਇਕਰਸ ਹੁੰਦਾ ਹੈ। ਇਸ ਦਾ ਅਚਨਚੇਤ ਅਰੰਭ ਹੁੰਦਾ ਹੈ ਅਤੇ ਤੇਜ਼ੀ ਨਾਲ ਸਿਖਰ 'ਤੇ ਪਹੁੰਚ ਕੇ ਖ਼ਤਮ ਹੋ ਜਾਂਦਾ ਹੈ। ਸੰਖੇਪਤਾ, ਸਪਸ਼ਟਤਾ ਤੇ ਤੀਬਰਤਾ ਇਸ ਦੇ ਮੁੱਖ ਲੱਛਣ ਹਨ।

### ਇਕਾਂਗੀ ਦਾ ਪਿਛੋਕੜ:

ਮਨੁੱਖ ਵਿੱਚ ਨਕਲ ਦੀ ਰੁਚੀ ਜਮਾਂਦਰੂ ਹੋਣ ਕਰਕੇ ਇਹ ਇੱਕ ਨਾਟਕੀ ਜੀਵ ਹੈ। ਇਸੇ ਨਕਲ ਦੀ ਰੁਚੀ ਨਾਲ ਹੀ ਮਨੁੱਖ ਨੇ ਬਹੁਤ ਕੁਝ ਸਿੱਖਿਆ ਅਤੇ ਵਿਕਾਸ ਕੀਤਾ ਹੈ। ਨਕਲ ਲਾਉਣੀ, ਕਿਸੇ ਦਾ ਰੂਪ ਧਾਰਨਾ, ਸਾਂਗ ਲਾਉਣੀ ਆਦਿ ਇੱਕ ਤਰ੍ਹਾਂ ਮੁਢਲੇ ਇਕਾਂਗੀ ਹੀ ਹਨ। ਆਦਿ-ਮਨੁੱਖ ਨੇ ਆਪਣੀਆਂ ਮੁਢਲੀਆਂ ਲੋੜਾਂ ਦੇ ਪ੍ਰਸ਼ਨਾਂ: ਤੈਨੂੰ ਕੀ ਲੱਭਾ ? ਤੂੰ ਡਰਿਆ ਹੋਇਆ ਕਿਉਂ ਹੈਂ ? ਪਾਣੀ ਕਿੱਥੇ ਹੈ ? ਤੇਰੇ ਨਾਲ ਕੀ ਵਾਪਰੀ—ਦੇ ਜਵਾਬ ਇਸ਼ਾਰੇ, ਸੰਕੇਤਾਂ ਅਤੇ ਆਪਣੀ ਅਵਾਜ਼ ਦੇ ਉਤਰਾਅ-ਚੜ੍ਹਾਅ ਨਾਲ ਦਿੱਤੇ ਹੋਣਗੇ ਜੋ ਇਕਾਂਗੀ ਦੇ ਪ੍ਰਕਿਰਤਿਕ ਸ੍ਰੋਤ ਕਹੇ ਜਾ ਸਕਦੇ ਹਨ ਪਰ ਆਧੁਨਿਕ ਰੂਪ ਵਿੱਚ ਇਕਾਂਗੀ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਦੀ ਉਪਜ ਹੈ। ਇਕਾਂਗੀ ਦੇ ਅਰੰਭ ਬਾਰੇ ਇੱਕ ਕਹਾਣੀ ਪ੍ਰਚਲਿਤ ਹੈ। ਕਿਹਾ ਜਾਂਦਾ ਹੈ ਕਿ ਲੰਡਨ ਦੇ ਇੱਕ ਪ੍ਰਸਿੱਧ ਥਿਏਟਰ ਵਿੱਚ ਦਰਸ਼ਕਾਂ ਦੀ ਉਡੀਕ ਵਿੱਚ ਅਕਸਰ ਨਾਟਕ-ਟੋਲੇ ਅਸਲ ਨਾਟਕ ਸ਼ੁਰੂ ਹੋਣ ਤੋਂ ਪਹਿਲਾਂ ਕੋਈ ਨਿੱਕੀ ਖੇਡ ਖੇਡਿਆ ਕਰਦੇ ਸਨ। ਦਸ-ਪੰਦਰਾਂ ਮਿੰਟ ਤੱਕ ਪਰਦੇ ਦੇ ਅੱਗੇ ਅਜਿਹਾ ਨਿੱਕਾ ਨਾਟਕ ਹੁੰਦਾ ਸੀ ਅਤੇ ਉਸ ਪਿੱਛੋਂ ਅਸਲ ਨਾਟਕ ਦਾ ਪਰਦਾ ਚੁੱਕਿਆ ਜਾਂਦਾ ਸੀ। ਇਸ ਕਰਕੇ ਇਸ ਪਹਿਲੀ ਖੇਡ ਦਾ ਨਾਂ 'ਪਰਦਾ-ਉਠਾਊ' ਪੈ ਗਿਆ। 'ਬਾਂਦਰ ਦਾ ਪੰਜਾ' (ਮੰਕੀ'ਜ਼ ਪਾਅ) ਅਤੇ

'ਇੱਕ ਵਿਆਹ ਦਾ ਪ੍ਰਬੰਧ ਹੋ ਗਿਆ ਹੈ'(ਏ ਮੈਰੇਜ ਹੈਜ਼ ਬਿਨ ਅਰੇਂਜਡ) ਮਸ਼ਹੂਰ 'ਪਰਦਾ-ਉਠਾਊ' ਝਾਕੀਆਂ ਨੂੰ ਵੇਖ ਕੇ ਦਰਸ਼ਕ ਏਨੇ ਪ੍ਰਸੰਨ ਹੋਏ ਕਿ ਸਾਰੇ ਦੇ ਸਾਰੇ ਅਸਲ ਪੂਰੇ ਨਾਟਕ ਨੂੰ ਵੇਖੇ ਬਗ਼ੈਰ ਹਾਲ ਵਿੱਚੋਂ ਉੱਠ ਕੇ ਚਲੇ ਗਏ। ਇਸ ਤਰ੍ਹਾਂ ਇਕਾਂਗੀ ਦੀ ਸੁਤੰਤਰ ਹੋਂਦ ਲਈ ਰਾਹ ਖੁੱਲ੍ਹ ਗਿਆ। ਪ੍ਰਬੰਧਕਾਂ ਨੂੰ ਪਤਾ ਲੱਗ ਗਿਆ ਕਿ ਛੋਟੇ ਆਕਾਰ ਦਾ ਇਕਹਿਰਾ ਸਫਲ ਨਾਟਕ ਵੀ ਦਰਸ਼ਕਾਂ ਨੂੰ ਪ੍ਰਵਾਨ ਹੋ ਸਕਦਾ ਹੈ। ਇਸ ਤਰ੍ਹਾਂ ਇਕਾਂਗੀ ਲਿਖਣ ਤੇ ਖੇਡਣ ਦੀ ਲਹਿਰ ਸ਼ੁਰੂ ਹੋ ਗਈ।

## ਪੰਜਾਬੀ ਇਕਾਂਗੀ ਦਾ ਵਿਕਾਸ:

ਪੰਜਾਬੀ ਲੋਕ ਖੁੱਲ੍ਹੇ-ਡੁੱਲ੍ਹੇ ਤੇ ਹਸਮੁਖ ਸੁਭਾਅ ਵਾਲੇ ਹਨ। ਪੰਜਾਬ ਵਿੱਚ ਵਿਆਹ-ਸ਼ਾਦੀਆਂ ਵਿੱਚ ਸਾਂਗ ਰਚਾ ਕੇ ਜਾਂਞੀਆਂ ਨੂੰ ਠਿੱਠ ਕਰਨਾ ਆਮ ਸੀ। ਕਿਸੇ ਮੁੰਡੇ ਨੇ ਲਾੜੇ ਦੀ ਮਾਂ ਬਣ ਕੇ ਜੰਞ ਵਿੱਚ ਆ ਜਾਣਾ ਤੇ ਲਾੜੇ ਦੀ ਮਾਂ ਦਾ ਸਾਂਗ ਕਰਨਾ। ਇਸੇ ਤਰ੍ਹਾਂ ਪੰਜਾਬ ਵਿੱਚ ਸਾਂਗ, ਭੱਟਾਂ ਦੀਆਂ ਵਾਰਾਂ, ਬਾਜ਼ੀਗਰਾਂ ਦੇ ਕਰਤੱਵ ਅਤੇ ਪੁਤਲੀਆਂ ਦੇ ਖੇਲ੍ਹ ਕਈ ਭਾਂਤ ਦੇ ਲੋਕ-ਨਾਟਕ ਹਨ ਜਿਨ੍ਹਾਂ ਵਿੱਚ ਠਿੱਠ ਹੈ, ਟਕੋਰ ਹੈ, ਚੋਭ ਹੈ, ਹਾਸਾ ਹੈ ਅਤੇ ਗੰਭੀਰ ਚੋਟ ਹੈ। ਇੰਞ ਅਸੀਂ ਆਖ ਸਕਦੇ ਹਾਂ ਕਿ ਪੰਜਾਬੀ ਵਿੱਚ ਇਕਾਂਗੀ ਦਾ ਅਣਮਾਂਜਿਆ ਰੂਪ ਚਿਰਾਂ ਤੋਂ ਹੀ ਆਮ ਪ੍ਰਚਲਿਤ ਸੀ ਪਰ ਪੰਜਾਬ ਵਿੱਚ ਇਕਾਂਗੀ ਦਾ ਆਧੁਨਿਕ ਰੂਪ ਸ੍ਰੀਮਤੀ ਨੋਰਾ ਰਿਚਰਡਜ਼ ਦੀ ਪ੍ਰੇਰਨਾ ਨਾਲ਼ ਅਰੰਭ ਹੋਇਆ। ਲਾਹੌਰ ਆਉਣ ਤੋਂ ਪਹਿਲਾਂ ਨੋਰਾ ਰਿਚਰਡਜ਼ ਆਇਰਲੈਂਡ ਰਹਿੰਦੀ ਸੀ ਅਤੇ ਉੱਥੇ ਚੱਲ ਰਹੀ ਇਕਾਂਗੀ ਲਹਿਰ ਨਾਲ਼ ਪੂਰੀ ਤਰ੍ਹਾਂ ਸੰਬੰਧਿਤ ਸੀ। ਉਸ ਨੇ ਪੰਜਾਬੀ ਵਿਦਿਆਰਥੀਆਂ ਨੂੰ ਪ੍ਰੇਰਨਾ ਦੇ ਕੇ ਸਮਕਾਲੀ ਵਿਸ਼ਿਆਂ ਵਾਲ਼ੇ ਇਕਾਂਗੀ ਲਿਖਵਾਉਣੇ ਸ਼ੁਰੂ ਕਰ ਦਿੱਤੇ। ਸ੍ਰੀਮਤੀ ਨੋਰਾ ਰਿਚਰਡਜ਼ ਵੱਲੋਂ ਕਰਵਾਏ ਗਏ ਇਕਾਂਗੀ ਨਾਟਕ ਮੁਕਾਬਲਿਆਂ ਲਈ ਇਕਾਂਗੀ ਲਿਖੇ ਗਏ। ਈਸ਼ਵਰ ਚੰਦਰ ਨੰਦਾ ਦਾ ਲਿਖਿਆ ਇਕਾਂਗੀ 'ਦੁਲਹਨ' ੧੯੧੩ ਈ: ਵਿੱਚ ਇਸ ਮੁਕਾਬਲੇ ਵਿੱਚ ਪਹਿਲੇ ਦਰਜੇ 'ਤੇ ਰਿਹਾ। ਇਵੇਂ ਹੀ ਇੱਕ ਹੋਰ ਮੁਕਾਬਲੇ ਵਿੱਚ 'ਬੇਬੇ ਰਾਮ ਭਜਨੀ' ਇਕਾਂਗੀ ਨੇ ਦੂਜੇ ਦਰਜੇ ਦਾ ਇਨਾਮ ਪ੍ਰਾਪਤ ਕੀਤਾ। ਇਸ ਤਰ੍ਹਾਂ ਆਧੁਨਿਕ ਪੰਜਾਬੀ ਇਕਾਂਗੀ ਦੇ ਵਿਕਾਸ ਦੀ ਕਹਾਣੀ ਅੱਗੇ ਤੁਰਦੀ ਹੈ। ਇਸ ਦੇ ਵਿਕਾਸ ਦੇ ਇਤਿਹਾਸ ਨੂੰ ਚਾਰ ਪੜਾਵਾਂ ਵਿੱਚ ਵੰਡਿਆ ਜਾ ਸਕਦਾ ਹੈ।

ਪਹਿਲਾ ਪੜਾਅ ਆਧੁਨਿਕ ਪੰਜਾਬੀ ਇਕਾਂਗੀ ਦੇ ਜਨਮ-ਦਾਤਾ ਈਸ਼ਵਰ ਚੰਦਰ ਨੰਦਾ ਦੇ ਨਾਟਕਾਂ ਤੋਂ ਮੰਨਿਆ ਜਾਂਦਾ ਹੈ। ਸ੍ਰੀਮਤੀ ਨੋਰਾ ਰਿਚਰਡਜ਼ ਦੀ ਮੁਢਲੀ ਪ੍ਰੇਰਨਾ ਤੋਂ ਮਗਰੋਂ ਨੰਦਾ ਨੇ ਬਹੁਤ ਸਾਰੇ ਇਕਾਂਗੀ-ਸੰਗ੍ਰਹਿ ਤੇ ਪੂਰੇ ਨਾਟਕ ਲਿਖੇ।

ਨੰਦਾ ਤੋਂ ਬਾਅਦ ਦੂਜਾ ਦੌਰ ਡਾ. ਮੋਹਨ ਸਿੰਘ ਉਬਰਾਇ/ਦੀਵਾਨਾ ਦੇ ਸੰਗ੍ਰਹਿ 'ਪੰਖੜੀਆਂ' ਛਪਣ ਨਾਲ਼ ਹੋਇਆ। ਉਸ ਤੋਂ ਪਿੱਛੋਂ ਡਾ. ਹਰਚਰਨ ਸਿੰਘ, ਸੰਤ ਸਿੰਘ ਸੇਖੋਂ, ਕਰਤਾਰ ਸਿੰਘ ਦੁੱਗਲ, ਬਲਵੰਤ ਗਾਰਗੀ, ਪਾਂਧੀ ਨਨਕਾਣਵੀ, ਡਾ. ਅਮਰੀਕ ਸਿੰਘ ਆਦਿ ਇਕਾਂਗੀ ਦੇ ਖੇਤਰ ਵਿੱਚ ਕਿਰਿਆਸ਼ੀਲ ਹੋਏ।

ਇਕਾਂਗੀ ਦੇ ਵਿਕਾਸ ਦਾ ਤੀਜਾ ਪੜਾਅ ਭਾਰਤ ਤੇ ਪੰਜਾਬ ਦੀ ਵੰਡ ਨਾਲ਼ ਆਇਆ। ਇਸ ਵੰਡ ਵੇਲ਼ੇ ਏਨੇ ਜ਼ੁਲਮ ਹੋਏ ਕਿ ਸੱਭਿਅਤਾ ਕੰਬ ਉੱਠੀ। ਇਸ ਕੌਮੀ ਦੁਖਾਂਤ ਦੇ ਸੋਗ — ਅਨੁਭਵ ਦਾ ਸਾਰੇ ਸਾਹਿਤ-ਰੂਪਾਂ 'ਤੇ ਪ੍ਰਭਾਵ ਪਿਆ। ਗੁਰਦਿਆਲ ਸਿੰਘ ਖੋਸਲਾ, ਕਰਤਾਰ ਸਿੰਘ ਦੁੱਗਲ, ਰੌਸ਼ਨ ਲਾਲ ਆਹੂਜਾ ਅਤੇ ਹਰਸਰਨ ਸਿੰਘ ਨੇ ਇਸ ਵੰਡ ਤੋਂ ਪ੍ਰਭਾਵਿਤ ਹੋ ਕੇ ਇਕਾਂਗੀ ਲਿਖੇ।

ਇਕਾਂਗੀ ਦੇ ਵਿਕਾਸ ਦਾ ਚੌਥਾ ਪੜਾਅ ਪੰਜਾਬੀ ਵਿੱਚ ਐੱਮ.ਏ. ਦੀ ਪੜ੍ਹਾਈ ਸ਼ੁਰੂ ਹੋਣ ਨਾਲ਼ ਹੋਇਆ। ਡਾ. ਹਰਚਰਨ ਸਿੰਘ, ਸੰਤ ਸਿੰਘ ਸੇਖੋਂ ਤੇ ਬਲਵੰਤ ਗਾਰਗੀ ਦੇ ਇਕਾਂਗੀ ਪੜ੍ਹਾਏ ਜਾਣ ਲੱਗੇ।

ਕੁਝ ਹੋਰ ਪ੍ਰਤਿਨਿਧ ਸਾਹਿਤਕਾਰਾਂ : ਸੁਰਜੀਤ ਸਿੰਘ ਸੇਠੀ, ਡਾ. ਗੁਰਦਿਆਲ ਸਿੰਘ ਫੁੱਲ, ਕਪੂਰ ਸਿੰਘ ਘੁੰਮਣ, ਗੁਰਚਰਨ ਸਿੰਘ ਜਸੂਜਾ, ਡਾ. ਚਰਨਦਾਸ ਸਿੱਧੂ, ਗੁਰਸ਼ਰਨ ਸਿੰਘ, ਡਾ. ਅਜਮੇਰ ਸਿੰਘ ਔਲਖ, ਡਾ. ਆਤਮਜੀਤ ਸਿੰਘ, ਹਰਪਾਲ ਟਿਵਾਣਾ ਆਦਿ ਸਾਰੇ ਪ੍ਰਤਿਨਿਧ ਇਕਾਂਗੀਕਾਰਾਂ ਨੇ ਇਕਾਂਗੀ ਲਿਖਣ ਤੇ ਖੇਡਣ ਵਿੱਚ ਆਪਣੇ-ਆਪਣੇ ਤਜਰਬੇ ਕੀਤੇ ਹਨ। ਅੱਗੋਂ ਇਕਾਂਗੀ ਲਿਖਣ ਵਾਲ਼ੇ ਨਵੇਂ ਸਾਹਿਤਕਾਰ ਵੀ ਇਹ ਤਜਰਬੇ ਕਰ ਰਹੇ ਹਨ।

ਅੱਜ-ਕੱਲ੍ਹ ਸਕੂਲਾਂ ਕਾਲਜਾਂ ਵਿੱਚ ਇਕਾਂਗੀ ਖੇਡਣੇ ਵਿੱਦਿਆ ਦਾ ਇੱਕ ਅੰਗ ਬਣ ਗਿਆ ਹੈ। ਅੰਤਰ-ਸਕੂਲ ਅਤੇ ਅੰਤਰ-ਕਾਲਜ ਇਕਾਂਗੀਆਂ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਟੈਲੀਵੀਜ਼ਨ ਨੇ ਵੀ ਇਕਾਂਗੀ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਵਿੱਚ ਮਦਦ ਕੀਤੀ ਹੈ। ਇਸ ਲਈ ਅੱਜ ਪੂਰੇ ਨਾਟਕਾਂ ਨਾਲੋਂ ਇਕਾਂਗੀ ਵਧੇਰੇ ਹਰਮਨ-ਪਿਆਰਾ ਹੋ ਗਿਆ ਹੈ। ਪੰਜਾਬ ਸਕੂਲ ਸਿੱਖਿਆ ਬੋਰਡ, ਮੁਹਾਲ਼ੀ ਵੱਲੋਂ ਇਕਾਂਗੀ ਖੇਡਣ ਦੀ ਪਿਰਤ ਨੂੰ ਜਿਊਂਦਿਆਂ ਰੱਖਣ ਲਈ ਹਰ ਸਾਲ ਵਿੱਦਿਅਕ ਮੁਕਾਬਲਿਆਂ ਵਿੱਚ ਸੀਨੀਅਰ ਸੈਕੰਡਰੀ ਸ਼੍ਰੇਣੀਆਂ ਲਈ ਇਕਾਂਗੀ-ਮੁਕਾਬਲੇ ਕਰਵਾਏ ਜਾਂਦੇ ਹਨ।

ਇਸ ਪਾਠ-ਪੁਸਤਕ ਦੇ ਇਕਾਂਗੀ-ਭਾਗ ਵਿੱਚ ਸੰਬੰਧਿਤ ਲੇਖਕਾਂ ਅਤੇ ਉਹਨਾਂ ਦੇ ਇਕਾਂਗੀ : ਬਲਵੰਤ ਗਾਰਗੀ: 'ਬੰਬ ਕੇਸ', ਗੁਰਸ਼ਰਨ ਸਿੰਘ: 'ਨਾਇਕ', ਕਪੂਰ ਸਿੰਘ ਘੁੰਮਣ : 'ਸਮੁੰਦਰੋਂ ਪਾਰ', ਸੰਤ ਸਿੰਘ ਸੇਖੋਂ: 'ਦੂਜਾ ਵਿਆਹ' ਸ਼ਾਮਲ ਕੀਤੇ ਗਏ ਹਨ। ਇਹਨਾਂ ਤੋਂ ਇਲਾਵਾ ਹੋਰ ਵੀ ਬਹੁਤ ਇਕਾਂਗੀਕਾਰਾਂ/ਨਾਟਕਕਾਰਾਂ ਨੇ ਆਪਣੀਆਂ ਰਚਨਾਵਾਂ ਲਿਖ ਕੇ ਪੰਜਾਬੀ ਸਾਹਿਤ ਦੀ ਝੋਲ਼ੀ ਵਿੱਚ ਪਾਈਆਂ ਹਨ ਅਤੇ ਪਾ ਰਹੇ ਹਨ।

* * * * *

# ਸੁਜਾਨ ਸਿੰਘ
(1909-1993)

## ਲੇਖਕ ਬਾਰੇ :

ਪ੍ਰਿੰਸੀਪਲ ਸੁਜਾਨ ਸਿੰਘ ਦਾ ਜਨਮ 1909 ਈ. ਵਿੱਚ ਮਾਤਾ ਸ੍ਰੀਮਤੀ ਜਮਨਾ ਦੇਵੀ ਅਤੇ ਪਿਤਾ ਸ: ਹਕੀਮ ਸਿੰਘ ਦੇ ਘਰ ਹੋਇਆ। ਗਿਆਰਾਂ ਵਰ੍ਹਿਆਂ ਦੀ ਛੋਟੀ ਉਮਰੇ ਹੀ ਉਹਨਾਂ ਦੇ ਪਿਤਾ ਦਾ ਦਿਹਾਂਤ ਹੋ ਗਿਆ। ਹੁਣ ਉਹਨਾਂ ਦੇ ਸਾਮ੍ਹਣੇ ਇੱਕ ਸਮੱਸਿਆ ਪੈਰਾਂ ਸਿਰ ਖੜ੍ਹੇ ਹੋਣ ਦੀ ਤੇ ਦੂਜੀ ਵਿੱਦਿਆ ਪ੍ਰਾਪਤ ਕਰਨ ਦੀ ਸੀ ਅਤੇ ਉਹ ਦੋਹਾਂ ਵਿੱਚ ਹੀ ਜੇਤੂ ਰਹੇ। ਉਹਨਾਂ ਨੇ ਗੋਦਾਮ-ਕੀਪਰੀ ਤੋਂ ਲੈ ਕੇ ਕਾਲਜ ਦੇ ਪ੍ਰਿੰਸੀਪਲ ਤੱਕ ਨੌਕਰੀ ਦਾ ਸਫ਼ਰ ਤੈਅ ਕੀਤਾ।

ਜ਼ਿੰਦਗੀ ਨਾਲ਼ ਇਸ ਸਿੱਧੇ ਵਾਹ ਸਦਕਾ ਉਹਨਾਂ ਦੀਆਂ ਕਹਾਣੀਆਂ ਵਿੱਚ ਪੇਸ਼ ਮਨੁੱਖੀ ਚਿੱਤਰ ਵਾਸਤਵਿਕ ਹਨ। ਸੁਜਾਨ ਸਿੰਘ ਨੇ ਆਪਣੀਆਂ ਸਾਰੀਆਂ ਕਹਾਣੀਆਂ ਵਿੱਚ ਜੋ ਪਾਤਰ ਪੇਸ਼ ਕੀਤੇ ਹਨ, ਉਹ ਨਿਮਨ ਵਰਗ ਦੇ ਸਧਾਰਨ ਮਨੁੱਖ ਹਨ। ਉਹਨਾਂ ਨੇ ਉਹਨਾਂ ਦੇ ਜੀਵਨ ਦੀਆਂ ਔਕੜਾਂ ਤੇ ਮਾਨਸਿਕਤਾ ਨੂੰ ਨਿਸ਼ਚਿਤ ਕਰਨ ਵਾਲ਼ੇ ਸਮਾਜਿਕ-ਆਰਥਿਕ ਆਧਾਰਾਂ ਵੱਲ ਪਾਠਕਾਂ ਦਾ ਧਿਆਨ ਖਿੱਚਿਆ ਹੈ।

ਉਹਨਾਂ ਦੇ ਕਹਾਣੀ-ਸੰਗ੍ਰਹਿ : 'ਦੁੱਖ-ਸੁੱਖ ਤੋਂ ਪਿੱਛੋਂ', 'ਨਰਕਾਂ ਦੇ ਦੇਵਤੇ', 'ਮਨੁੱਖ ਤੇ ਪਸ਼ੂ', 'ਸਭ ਰੰਗ', 'ਨਵਾਂ ਰੰਗ, 'ਸਵਾਲ ਜਵਾਬ' ਅਤੇ 'ਸ਼ਹਿਰ ਤੇ ਗ੍ਰਾਂ' ਹਨ। 'ਰਾਸਲੀਲਾ', 'ਪ੍ਰਾਹੁਣਾ', 'ਕੁਲਫ਼ੀ', 'ਪਾਸੇ ਦਾ ਸੋਨਾ', 'ਬਾਗਾਂ ਦਾ ਰਾਖਾ', 'ਪਠਾਣ ਦੀ ਧੀ', 'ਕਲਮ ਜਾਗ ਪਈ' ਆਦਿ ਉਹਨਾਂ ਦੀਆਂ ਪ੍ਰਸਿੱਧ ਕਹਾਣੀਆਂ ਹਨ।

ਸੁਜਾਨ ਸਿੰਘ ਨੂੰ ਸਾਹਿਤ ਅਕਾਦਮੀ ਵੱਲੋਂ ਉਹਨਾਂ ਦੀ ਕਹਾਣੀ 'ਸ਼ਹਿਰ ਤੇ ਗ੍ਰਾਂ' ਲਈ ਰਾਸ਼ਟਰੀ ਪੁਰਸਕਾਰ ਨਾਲ਼ ਸਨਮਾਨਿਤ ਕੀਤਾ ਗਿਆ।

ਹਥਲੀ ਪਾਠ-ਪੁਸਤਕ ਵਿੱਚ ਸੁਜਾਨ ਸਿੰਘ ਦੀ ਕਹਾਣੀ 'ਕੁਲਫ਼ੀ' ਸ਼ਾਮਲ ਕੀਤੀ ਗਈ ਹੈ।

## ਕਹਾਣੀ ਬਾਰੇ :

'ਕੁਲਫ਼ੀ' ਕਹਾਣੀ ਵਿੱਚ ਸੁਜਾਨ ਸਿੰਘ ਨੇ ਘੱਟ ਤਨਖ਼ਾਹ ਲੈਣ ਵਾਲ਼ੇ ਮੁਲਾਜ਼ਮ ਦੀ ਆਰਥਿਕ ਹਾਲਤ ਦਾ ਚਿੱਤਰ ਪੇਸ਼ ਕੀਤਾ ਹੈ। ਘੱਟ ਤਨਖ਼ਾਹ ਲੈਣ ਕਰਕੇ ਉਹ ਆਪਣੀ 'ਕੁਲਫ਼ੀ' ਖਾਣ ਦੀ ਖ਼ਾਹਸ਼ ਨੂੰ ਦਿਲ ਵਿੱਚ ਹੀ ਦਬਾ ਲੈਂਦਾ ਹੈ। ਇੱਥੋਂ ਤੱਕ ਕਿ ਕਾਕੇ (ਆਪਣਾ ਪੁੱਤਰ) ਦੇ 'ਕੁਲਫ਼ੀ'ਮੰਗਣ 'ਤੇ ਉਹ ਬਹਾਨੇ 'ਤੇ ਬਹਾਨਾ ਲਾਉਂਦਾ ਹੈ। ਕਾਕੇ ਦੇ 'ਮੁਰਮੁਰੇ' ਮੰਗਣ 'ਤੇ ਕਹਿੰਦਾ ਹੈ ਕਿ 'ਮੁਰਮਰਾ ਰੈੜਾ ਹੁੰਦੈ' 'ਮੁਰਮੁਰਾ ਗੰਦਾ ਹੁੰਦੈ।' ਸ਼ਾਮ ਨੂੰ ਬਜ਼ਾਰੋਂ 'ਕੁਲਫ਼ੀ ਖਾਵਾਂਗੇ' ਦਾ ਬਹਾਨਾ ਲਾ ਦਿੰਦਾ ਹੈ। ਲੇਖਕ ਆਪਣੀ ਭੈੜੀ ਆਰਥਿਕ ਦਸ਼ਾ ਤੋਂ ਤੰਗ ਆ ਕੇ ਆਪਣੇ ਮਾਲਕ ਨੂੰ ਤਨਖ਼ਾਹ ਵਧਾਉਣ ਲਈ ਕਹਿਣ ਤੋਂ ਵੀ ਡਰਦਾ ਹੈ ਮਤਾਂ ਕਿਧਰੇ ਉਸ ਨੂੰ ਨੌਕਰੀ ਤੋਂ ਜਵਾਬ ਨਾ ਮਿਲ਼ ਜਾਵੇ। ਕਹਾਣੀ ਵਿੱਚ ਲੇਖਕ ਆਪਣੇ-ਆਪ ਨੂੰ ਇੱਕ ਅਸਫਲ ਪਿਤਾ ਸਮਝਦਾ ਹੈ ਕਿਉਂਕਿ ਉਹ ਆਪਣੇ ਬੱਚੇ ਦੀ ਛੋਟੀ ਜਿਹੀ ਮੰਗ (ਕੁਲਫ਼ੀ ਤੇ ਮੁਰਮੁਰੇ) ਪੂਰੀ ਕਰਨ ਤੋਂ ਵੀ ਅਸਮਰਥ ਹੈ। ਕਾਕਾ ਰਾਤ ਨੂੰ ਸੌਂਦਿਆਂ-ਸੌਂਦਿਆਂ ਵੀ 'ਕੁਫ਼ੀ-ਕੁਫ਼ੀ' ਬੁੜਬੜਾਉਂਦਾ ਹੈ। ਪਤਨੀ ਵੱਲੋਂ ਕਾਕੇ ਨੂੰ ਗਾਲ਼ ਕੱਢਣ 'ਤੇ ਲੇਖਕ ਦਾ ਮਨ ਤੜਫ ਉੱਠਦਾ ਹੈ।

ਅੰਤ ਵਿੱਚ 'ਕੁਲਫ਼ੀ' ਖਾ ਰਹੇ ਸ਼ਾਹਾਂ ਦੇ ਮੁੰਡੇ ਤੋਂ ਕਾਕਾ ਉਸ ਦੇ ਹੱਥੋਂ ਕੁਲਫ਼ੀ ਖੋਹ ਲੈਂਦਾ ਹੈ ਤੇ ਉਸ ਨੂੰ ਢੁੱਡ ਮਾਰ ਕੇ ਸੁੱਟ ਦਿੰਦਾ ਹੈ। ਜਦੋਂ ਉਸ ਦੀ ਮਾਂ ਇਸ ਕੋਝੀ ਹਰਕਤ 'ਤੇ ਕਾਕੇ ਨੂੰ ਮਾਰਨ ਲੱਗਦੀ ਹੈ ਤਾਂ ਲੇਖਕ ਕਹਿੰਦਾ ਹੈ,"ਕੁਝ ਵੰਡ ਸ਼ੁਦੈਣੇ, ਕਾਇਰ ਪਿਉ ਦੇ ਘਰ ਬਹਾਦਰ ਮੁੰਡਾ ਜੰਮਿਐ।"

* * * * *

# ਕੁਲਫ਼ੀ

**- ਸੁਜਾਨ ਸਿੰਘ**

ਮਹੀਨਾ ਮੁੱਕਣ 'ਤੇ ਸੀ ਪਰ ਮੁੱਕਣ ਵਿੱਚ ਨਹੀਂ ਸੀ ਆਉਂਦਾ। ਸੋਚ ਰਿਹਾ ਸਾਂ, ਮਹੀਨੇ ਦੇ ਪਹਿਲੇ ਅੱਧ ਦੇ ਪੰਦਰਾਂ ਦਿਨ ਕਿਵੇਂ ਝੱਟ-ਪੱਟ ਮੁੱਕ ਜਾਂਦੇ ਹਨ ਤੇ ਤਨਖ਼ਾਹ ਵੀ ਉਹਨਾਂ ਪੰਦ੍ਰਾਂ ਦਿਨਾਂ ਦੇ ਨਾਲ਼ ਹੀ ਕਿਵੇਂ ਉੱਡ-ਪੁੱਡ ਜਾਂਦੀ ਹੈ। ਮੈਨੂੰ ਪੱਠੇ ਦੀ ਸਫ਼ ਚੁਭ ਰਹੀ ਸੀ। ਪਾਸਾ ਵੱਟ ਕੇ ਪਿੱਠ ਤੇ ਹੱਥ ਫੇਰਿਆ ਤਾਂ ਸਫ਼ ਦੀਆਂ ਪਿੜੀਆਂ ਪਿੰਡੇ ਵਿੱਚ ਖੁਭੀਆਂ ਹੋਈਆਂ ਸਨ।

"ਮਲ਼ਾਈ ਵਾਲ਼ੀ ਕੁਲਫ਼ੀ", "ਠੰਢੀ-ਠਾਰ ਕੁਲਫ਼ੀ" ਕੁਲਫ਼ੀ ਵਾਲ਼ੇ ਨੇ ਹੋਕਾ ਦਿੱਤਾ। ਉਸ ਦੀ ਅਵਾਜ਼ ਕਿੰਨਾ ਚਿਰ ਮੇਰੇ ਕੰਨਾਂ ਵਿੱਚ ਗੂੰਜਦੀ ਰਹੀ। ਚਿੱਟੀ-ਦੁੱਧ ਕੁਲਫ਼ੀ ਸਾਕਾਰ ਮੇਰੀਆਂ ਅੱਖਾਂ ਸਾਮ੍ਹਣੇ ਨੱਚਣ ਲੱਗੀ। ਮੇਰੇ ਮੂੰਹ ਵਿੱਚ ਪਾਣੀ ਆ ਗਿਆ ਪਰ ਮੈਂ ਬੇਵੱਸ ਸਾਂ। ਪੈਸੇ ਦੀ ਤੰਗੀ ਹਵਾਲਾਤ ਦੀ ਤੰਗੀ ਤੋਂ ਵੀ ਭੈੜੀ ਹੁੰਦੀ ਹੈ।

ਮੇਰੀ ਦੁਪਹਿਰ ਮਗਰੋਂ ਦੀ ਨੀਂਦ ਹਾਲੀ ਪੂਰੀ ਨਹੀਂ ਸੀ ਹੋਈ ਕਿ ਮੈਨੂੰ ਮੇਰੇ ਛੋਟੇ ਕਾਕੇ ਨੇ ਹਲੂਣ ਕੇ ਜਗਾ ਹੀ ਦਿੱਤਾ। ਮੈਂ ਖਿਝਿਆ ਹੋਇਆ ਸਾਂ ਪਰ ਕਾਕੇ ਦੀ ਤੋਤਲੀ ਅਵਾਜ਼ ਨੇ ਮੈਨੂੰ ਸ਼ਾਂਤ ਕਰ ਦਿੱਤਾ।

"ਦਾ ਜੀ, ਕਿੰਨੀਆਂ ਆਜਾਂ ਮਾਰੀਆਂ, ਜਾਗਦੇ ਈ ਨਹੀਂ ਤੁਛੀਂ।"

"ਹਾਂ, ਹਾਂ ਤੂੰ ਕੀ ਕਹਿਨੈਂ ? ਦੱਸ ਵੀ", ਮੈਂ ਕੁਝ ਕਾਹਲ਼ੇ ਪੈ ਕੇ ਪੁੱਛਿਆ।

"ਤੱਕਾ, ਇੱਕ ਤੱਕਾ ਦਿਓ, ਦਾ ਜੀ।"

ਪਰ ਟਕਾ ਮੇਰੇ ਕੋਲ਼ ਹੈ ਨਹੀਂ ਸੀ। ਮੇਰੇ ਕੋਲ਼ ਅੱਜ ਕੁਝ ਵੀ ਨਹੀਂ ਸੀ। ਜੂਨ ਦੀ ਛੱਬੀ ਤਾਰੀਖ਼ ਸੀ। ਘਰ ਦਾ ਖ਼ਰਚ, ਬਜ਼ਾਰ ਦੀ ਉਧਾਰ ਦੀ ਸਾਖ 'ਤੇ ਮਸੀਂ ਤੁਰ ਰਿਹਾ ਸੀ।

"ਤੱਕਾ ਦਿਓ ਵੀ ਨਾ, ਦਾ ਜੀ।"

ਬਾਹਰ ਮੁਰਮੁਰੇ ਵਾਲ਼ਾ ਉੱਚੀ-ਉੱਚੀ ਸਾਡੇ ਬੂਹੇ ਅੱਗੇ ਹੋਕੇ ਦੇ ਰਿਹਾ ਸੀ।

ਕੋਈ ਜਵਾਬ ਸੋਚਣ ਵਾਸਤੇ ਸਮਾਂ ਕੱਢਣ ਲਈ ਮੈਂ ਕਿਹਾ, "ਕਾਕਾ, ਤੂੰ ਟਕਾ ਕੀ ਕਰਨੈਂ ?"

"ਖਰਚਣੈਂ, ਮੈਂ ਤੱਕਾ, ਹੋਰ ਕੀ ਕਰੀਦੈ, ਤੱਕੇ ਨੂੰ ?"

ਮੈਨੂੰ ਪਤਾ ਏ, ਪਹਿਲੀ ਜੰਗ ਤੋਂ ਮਗਰੋਂ ਜਦੋਂ ਬੜੀ ਮਹਿੰਗਾਈ ਹੋ ਗਈ ਸੀ, ਸਾਨੂੰ ਧੇਲਾ ਖ਼ਰਚਣ ਨੂੰ ਮਿਲਦਾ ਸੀ ਤੇ ਧੇਲੇ ਦੇ ਮਸੱਦੀ ਰਾਮ ਤੋਂ ਲਿਆਂਦੇ ਹੋਏ ਛੋਲੇ ਮੁੱਕਣ ਵਿੱਚ ਹੀ ਨਹੀਂ ਸਨ ਆਉਂਦੇ। ਹੁਣ ਆਨੇ ਦੇ ਵੀ ਓਨੇ ਛੋਲੇ ਨਹੀਂ ਸਨ ਮਿਲ਼ ਸਕਦੇ ਤੇ ਆਮਦਨ ਮੇਰੀ, ਮੇਰੇ ਪਿਤਾ ਦੀ ਆਮਦਨ ਦੇ ਪਾਸਕ ਵੀ ਨਹੀਂ ਸੀ, ਹਾਲਾਂਕਿ ਮੇਰੀ ਪੜ੍ਹਾਈ ਮੇਰੇ ਪਿਤਾ ਤੋਂ ਕਈ ਗੁਣਾ ਵੱਧ ਸੀ। ਮੈਂ ਦੁਨੀਆ ਦੀ ਆਰਥਿਕ ਦਸ਼ਾ ਅਤੇ ਇਸ ਦਸ਼ਾ ਨੂੰ ਬਣਾਉਣ ਤੇ ਕਾਇਮ ਰੱਖਣ ਵਾਲ਼ੇ, ਧਨ-ਕੁਬੇਰਾਂ 'ਤੇ ਵਿਚਾਰ ਕਰਨ ਲੱਗ ਪਿਆ।

ਬਾਹਰੋਂ ਫੇਰ 'ਮੁਰਮੁਰਾ, ਛੋਲੇ' ਦਾ ਹੋਕਾ ਗੂੰਜਿਆ ਤੇ ਨਾਲ਼ ਹੀ ਕਾਕੇ ਆਖਿਆ, "ਤੱਕਾ ਦਿਓ ਵੀ ਨਾ, ਦਾ ਜੀ।"

"ਤੱਕਾ ਭੈੜਾ ਹੁੰਦਾ ਹੈ," ਮੈਂ ਹਾਲਾਤ ਤੋਂ ਪੈਦਾ ਹੋਈ ਬਦਹਵਾਸੀ ਜਿਹੀ ਵਿੱਚ ਕਿਹਾ।

"ਹੂੰ, ਤੱਕਾ ਵੀ ਕਦੇ ਭੈਰਾ ਹੁੰਦਾ, ਦਾ ਜੀ ? ਤੱਕੇ ਦਾ ਮੁਰਮਰਾ ਆਉਂਦੈ।"

"ਮੁਰਮੁਰਾ ਭੈੜਾ ਹੁੰਦੈ", ਮੈਂ ਆਖਿਆ ਤੇ ਬਾਕੀ ਗੱਲ ਹਾਲੇ ਮੇਰੇ ਮੂੰਹ ਵਿੱਚ ਹੀ ਸੀ ਕਿ ਕਾਕੇ ਨੇ ਕਿਹਾ, "ਮੁਰਮੁਰਾ ਤੇ ਮਿੱਠਾ ਹੁੰਦੈ।"

ਇਸ ਦਲੀਲ ਦਾ ਮੇਰੇ ਕੋਲ਼ ਕੋਈ ਉੱਤਰ ਨਹੀਂ ਸੀ। ਮੈਂ ਵੀ ਮਿੱਠੇ ਦਾ ਲੋਭੀ ਹਾਂ ਪਰ ਫਿਰ ਵੀ ਮੈਂ ਆਪਣੀ ਫੋਕੀ ਹਿਕਮਤ ਜਣਾਉਂਦਿਆਂ ਕਿਹਾ, "ਮੁਰਮੁਰੇ ਨਾਲ਼ ਖੰਘ ਲੱਗ ਜਾਂਦੀ ਏ, ਬੱਚੂ!"

"ਤੁਸੀਂ ਤੱਕਾ ਦੇ ਦਿਓ। ਮੈਨੂੰ ਨਹੀਂ ਲੱਗਦੀ-ਲੁੱਗਦੀ ਖੰਘ।"

ਮੁੰਡਾ ਮੱਛਰਦਾ ਜਾਪਦਾ ਸੀ। ਟਕਾ ਮੇਰੇ ਕੋਲ਼ ਹੈ ਨਹੀਂ ਸੀ। ਮੈਂ ਕਾਕੇ ਨੂੰ ਟਾਲਣ ਲਈ ਉਸ ਨੂੰ ਪਤਾ ਨਹੀਂ ਕਿਉਂ ਕਹਿ ਦਿੱਤਾ—ਖ਼ਬਰੇ ਵੱਡਾ ਲੋਭ ਦੇ ਕੇ ਭੁਲਾਉਣ ਲਈ।

"ਮੁਰਮੁਰਾ ਗੰਦਾ ਹੁੰਦੈ। ਅਸੀਂ ਸ਼ਾਮੀਂ ਬਜ਼ਾਰੋਂ ਕੁਲਫ਼ੀ ਖਾਵਾਂਗੇ।"

ਮੁਰਮੁਰੇ-ਛੋਲੇ ਵਾਲ਼ਾ ਹੁਣ ਟਲ਼ ਚੁੱਕਾ ਸੀ। ਕਾਕਾ ਜੀ ਮੇਰੀ ਆਸ ਤੋਂ ਉਲਟ ਸ਼ਾਮੀਂ ਕੁਲਫ਼ੀ ਖਾਣੀ ਮੰਨ ਗਿਆ। ਮੈਂ ਸਮਝਿਆ ਬਲਾ ਟਲੀ। ਮੈਂ ਸੋਚਿਆ ਕਿਤੇ ਕੋਈ ਹੋਰ ਛਾਬੜੀ ਵਾਲ਼ਾ ਨਾ ਆ ਜਾਵੇ। ਸੋ, ਮੈਂ ਕੱਪੜੇ ਪਾ ਕੇ ਕੜਕਦੀ ਧੁੱਪ ਵਿੱਚ ਬਾਹਰ ਨਿਕਲ਼ ਗਿਆ ਤੇ ਸੜਕਾਂ 'ਤੇ ਸਮਾਂ ਕਤਲ ਕਰਦਾ ਰਿਹਾ। ਕੀਮਤੀ ਸਮਾਂ ਮੈਂ ਇੱਕ ਟਕੇ ਦੀ ਮੰਗ ਤੋਂ ਬਚਣ ਲਈ ਨਾਸ ਕਰਦਾ ਰਿਹਾ ਸਾਂ।

ਮੈਂ ਆਪਣੇ ਮਾਲਕ ਨੂੰ ਕਿਉਂ ਨਹੀਂ ਕਹਿੰਦਾ ਕਿ ਮੇਰਾ ਏਨੇ ਵਿੱਚ ਗੁਜ਼ਾਰਾ ਨਹੀਂ ਹੁੰਦਾ ਪਰ ਸੁਣੇਗਾ ਕੌਣ ? ਇਕੱਲੇ ਦੀ ਅਵਾਜ਼ ਭਾਵੇਂ ਕਿੱਡੀ ਉੱਚੀ ਹੋਵੇ, ਸੁਣੀ ਨਹੀਂ ਜਾਂਦੀ। ਲੋੜਵੰਦ ਇਕੱਠੇ ਹੋ ਨਹੀਂ ਸਕਦੇ। ਜੇ ਹੋ ਜਾਣ ਤਾਂ ਰਹਿਣ ਨਹੀਂ ਦਿੱਤੇ ਜਾਂਦੇ ਤਾਂਜੋ ਇਕੱਠੀ ਮੰਗ ਨਾ ਕਰਨ। ਮੰਗ ਕੀਤਿਆਂ ਕਈ ਵਾਰੀ ਨੌਕਰੀਓਂ ਜਵਾਬ ਹੋ ਜਾਂਦਾ ਹੈ। ਮੈਂ ਡਰ ਗਿਆ। ਬੇਰੁਜ਼ਗਾਰੀ ਦੇ ਭਿਆਨਕ ਭਵਿਖ ਨੇ ਮੈਨੂੰ ਕੰਬਾ ਦਿੱਤਾ। ਕਾਇਰਾਂ ਵਾਂਗ ਮੈਂ ਸਦਾ ਤੋਂ ਚੁੱਪ ਰਿਹਾ ਸਾਂ ਤੇ ਹੁਣ ਵੀ ਚੁੱਪ ਰਹਿਣ ਦਾ ਫ਼ੈਸਲਾ ਕੀਤਾ।

ਸ਼ਾਮੀਂ ਇਹ ਸਮਝ ਕੇ ਕਿ ਕਾਕਾ ਛੇਤੀ ਸੌਂ ਜਾਂਦਾ ਹੈ, ਮੈਂ ਦੱਬੇ ਪੈਰੀਂ ਘਰ ਪਹੁੰਚਿਆ। ਅਵਾਜ਼ ਨਾ ਮਾਰੀ, ਕੇਵਲ ਕੁੰਡਾ ਹੀ ਖੜਕਾਇਆ। ਉੱਤੋਂ ਹੀ ਅਵਾਜ਼ ਆਈ, "ਦਾ ਜੀ, ਆਇਆ ਜੇ।" ਤੇ ਥੋੜ੍ਹੇ ਚਿਰ ਮਗਰੋਂ ਕਾਕੇ ਨੇ ਆਣ ਬੂਹਾ ਖੋਲ੍ਹਿਆ।

"ਦਾ...ਜੀ...ਕੁਲਫ਼ੀ ਖਾਣ ਜਾਣਾ ਜੇ ?" ਉਸ ਨੇ ਆਸ-ਭਰਪੂਰ ਲਹਿਜੇ ਵਿੱਚ ਪੁੱਛਿਆ।

"ਉੱਤੇ ਚੱਲ, ਉੱਤੇ।" ਮੈਂ ਕਿਹਾ।

ਕਾਕਾ ਨਿੰਮੋਝੂਣਾ ਜਿਹਾ ਹੋ ਕੇ ਅੱਗੇ ਲੱਗ ਤੁਰਿਆ, ਮੰਜੇ 'ਤੇ ਬੈਠ ਕੇ ਕਾਕੇ ਨੂੰ ਗੋਦ ਵਿੱਚ ਲੈ ਕੇ ਮੈਂ ਪਿਆਰ ਨਾਲ਼ ਕਿਹਾ, "ਹੁਣ ਰਾਤ ਪੈ ਗਈ ਏ, ਕੁਲਫ਼ੀ ਕੱਲ੍ਹ ਖਾਵਾਂਗੇ।"

ਮਾਮੂਲ ਤੋਂ ਉਲਟ ਕਾਕਾ ਚੁੱਪ ਕਰ ਰਿਹਾ। ਕਿੰਨਾ ਚਿਰ ਅਸਮਾਨ ਵੱਲ ਤੱਕ ਕੇ ਕੁਝ ਸੋਚਦਾ ਰਿਹਾ। ਫੇਰ ਆਖਣ ਲੱਗਾ, "ਦਾ...ਜੀ, ਤਾਰੇ ਪਈਏ ਹੁੰਦੇ ਨੇ ਨਾ। ਵੱਡਾ ਭਾ ਆਖਦਾ ਸੀ ਤਾਰੇ ਪਈਏ ਹੁੰਦੇ ਨੇ ਤੇ ਦਾ...ਜੀ, ਸਾਰੇ ਪਈਏ ਸਾਡੇ ਕੋਠੇ 'ਤੇ ਕਿਉਂ ਨਹੀਂ ਵਰ੍ਹ ਪੈਂਦੇ ?"

ਮੈਂ ਇਹ ਆਖ ਕੇ "ਤਾਰੇ ਰੁਪਈਏ ਨਹੀਂ ਹੁੰਦੇ।" ਮਾਨੋਂ ਉਸ ਦਾ ਸੁਰਗ ਢਾਹ ਛੱਡਿਆ। ਉਹ ਮੰਜੇ ਤੇ ਲੇਟ ਗਿਆ ਤੇ ਅਸਮਾਨ ਵੱਲ ਦੇਖਦਾ ਆਖ਼ਰ ਸੌਂ ਹੀ ਗਿਆ।

ਦੂਸਰੇ ਦਿਨ ਕੰਮ 'ਤੇ ਮੈਂ ਆਪਣੇ ਸਾਥੀਆਂ ਤੋਂ ਕੁਝ ਮੰਗਣ ਦੀ ਕੋਸ਼ਿਸ਼ ਕਰਦਾ ਰਿਹਾ ਪਰ ਹੀਆ ਨਹੀਂ ਸੀ ਪੈਂਦਾ। ਮੰਗਣਾ ਬਹੁਤ ਹੀ ਔਖਾ ਕੰਮ ਹੈ। ਮੌਤ ਜਿੰਨਾ ਦੁੱਖ ਹੁੰਦਾ ਹੈ, ਮੰਗਣ ਵਿੱਚ।

ਆਖ਼ਰ ਇੱਕ ਸਾਥੀ ਕੋਲੋਂ ਤਿੰਨ ਰੁਪਏ ਲੈ ਹੀ ਲਏ। ਜਦ ਘਰ ਆਇਆ ਤਾਂ ਕਾਕਾ ਦੁਪਹਿਰ ਦੀ ਨੀਂਦ ਲੈ ਰਿਹਾ ਸੀ। ਰੋਟੀ ਖਵਾਉਂਦਿਆਂ ਸ੍ਰੀਮਤੀ ਜੀ ਨੇ ਤਿੰਨ ਰੁਪਏ ਮੁੱਛ ਲਏ। ਅੱਧ ਮਣ ਲੱਕੜੀਆਂ, ਸ਼ਾਮ ਦੀ ਸਬਜ਼ੀ, ਲੂਣ, ਤੇਲ ਆਦਿ ਵਿੱਚ ਕਾਕੇ ਦੇ ਜਾਗਣ ਤੋਂ ਪਹਿਲਾਂ ਉਹ ਤਿੰਨੇ ਰੁਪਏ ਮੁੱਕ ਗਏ। ਮੈਂ ਕਿਹਾ ਵੀ ਕਿ ਕਾਕੇ ਨੂੰ ਕੁਲਫ਼ੀ ਖਵਾਉਣੀ ਹੈ ਪਰ ਉਹਨਾਂ ਕਹਿ ਛੱਡਿਆ, "ਬੜਾ ਉਹਨੂੰ ਯਾਦ ਰਹਿਣੈ। ਮੈਂ ਟਕਾ ਦੇ ਛੱਡਾਂਗੀ ਮੁਰਮੁਰੇ ਲਈ।"

ਕਾਕੇ ਜਾਗਦਿਆਂ ਹੀ ਕੁਲਫ਼ੀ ਮੰਗੀ। ਚੀਕ-ਚਿਹਾੜਾ ਪੈ ਗਿਆ। ਕੱਲ੍ਹ ਵਾਲਾ ਮੁਰਮੁਰਾ ਤੇ ਟਕਾ ਮਨਜ਼ੂਰ ਨਹੀਂ ਸਨ। ਆਖ਼ਰ ਸ਼ਾਮ ਨੂੰ ਕੁਲਫ਼ੀ ਖੁਆਉਣ ਦਾ ਵਾਇਦਾ ਕਰਕੇ ਛੁਟਕਾਰਾ ਪਾਇਆ ਤੇ ਕਾਕੇ ਨੇ ਟਕਾ ਮੇਰੇ ਕੋਲ਼ ਜਮ੍ਹਾ ਕਰਵਾ ਦਿੱਤਾ। ਸ਼ਾਮ ਤੋਂ ਪਹਿਲੋਂ ਹੀ ਮੈਂ ਖੇਡਣ ਦਾ ਬਹਾਨਾ ਕਰਕੇ ਨਿਕਲ਼ ਗਿਆ ਤੇ ਢੇਰ ਰਾਤ ਗੁਜ਼ਰੀ ਮੁੜਿਆ। ਕਾਕੇ ਨੂੰ ਸੁੱਤਾ ਦੇਖ ਕੇ ਸਾਹ ਵਿੱਚ ਸਾਹ ਆਇਆ। ਰੋਟੀ ਖੁਆਉਂਦਿਆਂ ਸ੍ਰੀਮਤੀ ਜੀ ਨੇ ਦੱਸਿਆ ਕਿ ਕਾਕਾ ਬੜਾ ਚਿਰ ਮੈਨੂੰ ਉਡੀਕਦਾ ਰਿਹਾ ਸੀ। ਮੈਂ ਕਾਕੇ ਦੇ ਨਾਲ਼ ਲੰਮਾ ਪਿਆ ਬੜਾ ਬੇਚੈਨ ਰਿਹਾ। ਨੀਂਦ ਆਉਂਦੀ ਹੀ ਨਹੀਂ ਸੀ ਪਰ ਆਖ਼ਰ ਪਤਾ ਨਹੀਂ ਕਦੋਂ ਆ ਗਈ। ਨੀਂਦ ਤੇ ਆਖਦੇ ਨੇ, ਸੂਲਾਂ 'ਤੇ ਵੀ ਆ ਜਾਂਦੀ ਹੈ।

ਅੱਧੀ ਰਾਤ ਤੋਂ ਮਗਰੋਂ ਦਾ ਵੇਲ਼ਾ ਸੀ। ਕਾਕਾ ਕੁਝ ਸੁੱਤਾ ਬੇਚੈਨ ਜਾਪਦਾ ਸੀ। ਉਸ ਦੋ-ਤਿੰਨ ਵਾਰੀ ਢਿੱਡ ਵਿੱਚ ਲੱਤਾਂ ਮਾਰੀਆਂ ਸਨ। ਹੁਣ ਉਸ ਬਾਂਹ ਉਲਟਾ ਕੇ ਮੇਰੇ ਮੂੰਹ 'ਤੇ ਮਾਰੀ। ਜਾਗਿਆ ਤਾਂ ਮੈਂ ਅੱਗੇ ਹੀ ਹੋਇਆ ਸਾਂ, ਹੁਣ ਚੇਤੰਨ ਹੋ ਗਿਆ। ਕਾਕਾ ਕੁਝ ਬੁੜਬੁੜਾਇਆ। ਮੈਨੂੰ ਕੁਝ ਪਤਾ ਨਾ ਲੱਗਾ। ਫਿਰ ਉਹ ਉੱਚੀ ਬੁੜਬੁੜਾਇਆ "ਕੁਫ਼ੀ, ਕੁਫ਼ੀ ਦਾ......ਜੀ ਕੁਫ਼ੀ।" ਮੈਂ ਬਿਹਬਲ ਹੋ ਉੱਠਿਆ। "ਸਰਦਾਰ ਜੀ, ਜਾਗਦੇ ਓ ?" ਸ੍ਰੀਮਤੀ ਨੇ ਆਖਿਆ ਤੇ ਇਹ ਜਾਣ ਕੇ ਕਿ ਮੈਂ ਜਾਗਦਾ ਹਾਂ, ਉਸ ਜਾਰੀ ਰੱਖਿਆ, "ਖ਼ਸਮਾਂ-ਖਾਣਾ ਸੁੱਤਾ ਪਿਆ ਵੀ ਕੁਲਫ਼ੀਆਂ ਮੰਗਦੈ।" ਮੇਰੇ 'ਤੇ ਮਾਨੋ ਬਿਜਲੀ ਪੈ ਗਈ ਸੀ। ਮੈਂ ਚੁੱਪ ਰਿਹਾ ਤੇ ਕਾਕਾ ਵੀ ਚੁੱਪ ਹੋ ਗਿਆ।

ਸਵੇਰੇ ਜਾਗ ਕੇ ਕਾਕੇ ਕੁਲਫ਼ੀ ਦੀ ਮੰਗ ਕੋਈ ਨਾ ਕੀਤੀ। ਮੇਰੇ ਕੰਮ ਤੋਂ ਮੁੜ ਕੇ ਆਉਂਦਿਆਂ ਵੀ ਉਸ ਮੈਥੋਂ ਕੁਝ ਨਾ ਮੰਗਿਆ। ਰੋਟੀ ਖਾ ਕੇ ਮੈਂ ਦੁਪਹਿਰ ਦੀ ਨੀਂਦ ਲੈਣ ਲਈ ਲੇਟ ਗਿਆ। ਉਸ ਚੁਭਣ ਵਾਲੀ ਸਫ਼ ਉੱਤੇ ਅਤੇ ਹੁਦਾਰ ਨਾ ਲੈ ਸਕਣ ਦੀ ਅਸਫਲਤਾ 'ਤੇ ਝੂਰਦਾ ਰਿਹਾ। ਫੇਰ ਮੈਨੂੰ ਨੀਂਦ ਆ ਗਈ। ਮੇਰੀ ਨੀਂਦ ਹਾਲੇ ਅਧਵਾਟੇ ਹੀ ਸੀ ਕਿ ਗਲ਼ੀ ਵਿੱਚ ਕਿਸੇ ਕੁਲਫ਼ੀ ਵਾਲ਼ੇ ਹੋਕਾ ਦਿੱਤਾ, "ਠੰਢੀ-ਠਾਰ ਕੁਲਫ਼ੀ, ਮਜ਼ੇਦਾਰ ਕੁਲਫ਼ੀ।" ਮੈਂ ਜਾਗ ਪਿਆ। ਕਾਕਾ ਮੇਰੇ ਲਾਗੇ ਰਬੜ ਦੀ ਪਾਟੀ ਬਤਕ ਨਾਲ਼ ਖੇਡ ਰਿਹਾ ਸੀ। ਦੂਸਰੀ ਅਵਾਜ਼ 'ਤੇ ਉਸ ਦੇ ਕੰਨ ਖੜ੍ਹੇ ਹੋ ਗਏ। ਬਤਕ ਨੂੰ ਸੁੱਟ ਕੇ ਉਹ ਖੜ੍ਹਾ ਹੋਇਆ। ਬੂਹੇ ਲਾਗੇ ਜਾ ਕੇ ਉਹ ਖੜ੍ਹਾ ਹੋ ਕੇ ਬਾਹਰ ਦੇਖਣ ਲੱਗ ਪਿਆ। ਮੈਂ ਸੋਚਿਆ, ਹੁਣ ਮੈਨੂੰ ਜਗਾਉਣ ਆਵੇਗਾ ਪਰ ਉਹ ਉੱਥੇ ਹੀ ਖੜੋਤਾ ਰਿਹਾ। ਫੇਰ ਉਹ ਬਾਹਰ ਤੁਰ ਗਿਆ। ਮੈਂ ਛੋਪਲੀ-ਛੋਪਲੀ ਉੱਠ ਕੇ ਬੂਹੇ ਓਹਲੇ ਆ ਖੜੋਤਾ। ਕੁਲਫ਼ੀ ਵਾਲ਼ਾ ਸਾਮ੍ਹਣੇ ਸ਼ਾਹ ਜੀ ਦੇ ਲੜਕੇ ਨੂੰ ਕੁਲਫ਼ੀ ਕੱਢ ਕੇ ਦੇਣ ਦੇ ਆਹਰ ਵਿੱਚ ਸੀ। ਇਹ ਮੁੰਡਾ ਗਲ਼ੀ ਦਾ 'ਬੁਲੀ' ਸੀ ਤੇ ਆਪਣੇ ਤੋਂ ਛੋਟਿਆਂ ਮੁੰਡਿਆਂ ਨੂੰ ਸਦਾ ਕੁੱਟਿਆ ਕਰਦਾ ਸੀ। ਇਹ ਕੋਈ ਅੱਠਾਂ ਕੁ ਵਰ੍ਹਿਆਂ ਦਾ ਸੀ ਤੇ ਸਾਡੇ ਕਾਕੇ ਤੋਂ ਤਿੰਨ ਕੁ ਸਾਲ ਵੱਡਾ ਸੀ। ਕਾਕਾ ਸਿਪਾਹੀਆਂ ਵਾਂਗ ਲੱਤਾਂ ਚੌੜੀਆਂ ਕਰਕੇ ਲੱਕ ਪਿੱਛੇ ਹੱਥ ਜੋੜੀ ਖੜ੍ਹਾ ਸੀ। ਕੁਲਫ਼ੀ ਵੱਲ ਉਹ ਗਹੁ ਨਾਲ਼ ਦੇਖ ਰਿਹਾ ਸੀ ਪਰ ਉਸ ਕੁਲਫ਼ੀ ਵਾਲ਼ੇ ਭਾਈ ਕੋਲ਼ੋਂ ਕੁਲਫ਼ੀ ਨਹੀਂ ਸੀ ਮੰਗੀ। ਜਿਉਂ ਹੀ ਕੁਲਫ਼ੀ ਵਾਲ਼ੇ ਨੇ ਸ਼ਾਹਾਂ ਦੇ ਮੁੰਡੇ ਦੇ ਹੱਥ 'ਤੇ ਕੁਲਫ਼ੀ ਦੀ ਪਲੇਟ ਰੱਖੀ, ਕਾਕਾ ਧੁੱਸ ਦੇ ਕੇ ਉਸ ਨੂੰ ਪੈ ਗਿਆ। ਔਹ ਗਈ ਪਲੇਟ, ਔਹ ਗਈ ਕੁਲਫ਼ੀ, ਫ਼ਲੂਦਾ ਤੇ ਚਮਚਾ ਤੇ ਮੋਰੀ ਵਿੱਚ ਡਿੱਗਾ ਸ਼ਾਹਾਂ ਦਾ ਮੁੰਡਾ। ਕਿਸੇ ਜੇਤੂ ਵਾਂਗ ਕਾਕਾ ਉਸ ਦੇ ਵੱਲ ਦੇਖਦਾ ਰਿਹਾ। ਸ਼ਾਹਾਂ ਦਾ ਮੁੰਡਾ ਗੁੱਸਾ ਖਾ ਕੇ ਉਠਿਆ—ਕੁਲਫ਼ੀ ਦਾ ਨੁਕਸਾਨ ਤੇ ਆਪਣੀ ਹੇਠੀ ਉਸ ਨੂੰ ਜਿਵੇਂ ਨਵਾਂ ਜੋਸ਼ ਦੇ ਰਹੀ ਸੀ। ਜਿਉਂ ਹੀ ਉਹ ਉੱਠਿਆ, ਕਾਕੇ ਨੇ ਫੇਰ ਉਸ ਨੂੰ ਇੱਕ ਐਸੀ ਢੁੱਡ ਮਾਰੀ ਕਿ ਉਹ ਫਿਰ ਮੋਰੀ ਵਿੱਚ ਜਾ ਪਿਆ ਤੇ ਚੀਕਾਂ ਮਾਰਨ ਲੱਗ ਪਿਆ। ਕੁਲਫ਼ੀ ਵਾਲ਼ਾ ਕਾਕੇ ਨੂੰ ਚਪੇੜ ਲੈ ਕੇ ਪਿਆ। ਮੈਂ ਨੱਸ ਕੇ ਕਾਕੇ ਨੂੰ ਚੁੱਕ ਲਿਆ। ਕੁਲਫ਼ੀ ਵਾਲ਼ੇ ਨੇ ਸ਼ਾਹਾਂ ਦੇ ਮੁੰਡੇ ਨੂੰ ਉਠਾ ਲਿਆ। ਸ਼ਾਹਣੀ, ਜੋ ਕਿਸੇ ਦਾ ਕੋਈ ਉਲ਼ਾਂਭਾ ਨਹੀਂ ਸੀ ਸੁਣਦੀ, ਅੱਜ ਸਾਡੇ ਉਲ਼ਾਂਭਾ ਦੇਣ ਲਈ ਆਈ। ਕਾਕੇ ਦਾ ਸਰੀਰ ਭਖ ਰਿਹਾ ਸੀ। ਸ੍ਰੀਮਤੀ ਨੇ ਕਿਹਾ, "ਆ ਖ਼ਸਮਾਂ ਖਾਣਿਆ' ਤੂੰ ਲੱਗੈਂ, ਹੁਣੇ ਉਲ਼ਾਂਭੇ ਲਿਆਉਣ ?" ਤੇ ਮਾਰਨ ਲਈ ਚਪੇੜ ਉਘਾਰੀ। ਮੈਂ ਕਿਹਾ, "ਕੁਝ ਵੰਡ ਸ਼ੁਦੈਣੇ, ਕਾਇਰ ਪਿਓ ਦੇ ਘਰ ਬਹਾਦਰ ਮੁੰਡਾ ਜੰਮਿਐ।"

### ਸ਼ਬਦ-ਅਰਥ :

**ਪਿੜੀਆਂ** - ਸਫ਼ ਦੇ ਤੀਲ੍ਹਿਆਂ ਦੇ ਨਿਸ਼ਾਨ। **ਟਕਾ** – ਦੋ ਪੈਸੇ ਦਾ ਪੁਰਾਣਾ ਸਿੱਕਾ। **ਧੇਲਾ** – ਪੁਰਾਣਾ ਸਿੱਕਾ। **ਧਨ-ਕੁਬੇਰ** – ਧਨੀ ਆਦਮੀ, ਬਹੁਤ ਅਮੀਰ ਆਦਮੀ। **ਹਿਕਮਤ** – ਹਕੀਮੀ। ਵੈਦ-ਵਿੱਦਿਆ। **ਮੱਛਰਦਾ** – ਸ਼ਰਾਰਤਾਂ ਕਰਦਾ। **ਬਲਾ ਟਲ਼ੀ** – ਮੁਸੀਬਤ ਟਲ਼ੀ। **ਮਾਮੂਲ** – ਨਿੱਤ ਵਾਂਗ, ਹਮੇਸ਼ਾਂ ਦੀ ਤਰ੍ਹਾਂ। **ਬਿਹਬਲ** – ਬੇਚੈਨ, ਕਾਹਲ਼ਾ। **ਛੋਪਲੀ-ਛੋਪਲੀ** – ਅਛੋਪਲ਼ੇ-ਅਛੋਪਲ਼ੇ, ਦਬੇ ਪੈਰ, ਮਲਕੜੇ ਜਿਹੇ। **ਧੁੱਸ ਦੇ ਕੇ** – ਜ਼ੋਰ ਨਾਲ਼ ਅੱਗੇ ਵਧਣਾ।

## ਪਾਠ-ਅਭਿਆਸ

1. 'ਕੁਲਫ਼ੀ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।
2. ਕੁਲਫ਼ੀ ਵਾਲ਼ੇ ਦਾ ਹੋਕਾ ਸੁਣ ਕੇ ਲੇਖਕ ਕੀ ਸੋਚਣ ਲੱਗਾ ?
3. 'ਤੁਸੀਂ ਤੱਕਾ ਦੇ ਦਿਓ, ਮੈਨੂੰ ਨਹੀਂ ਲੱਗਦੀ-ਲੁੱਗਦੀ ਖੰਘ।' ਕਾਕੇ ਦੇ ਇਹਨਾਂ ਸ਼ਬਦਾਂ ਤੋਂ ਕੀ ਭਾਵ ਹੈ ?
4. ਲੇਖਕ ਆਪਣੇ ਪਿਤਾ ਦੇ ਸਮੇਂ ਦੀ ਤੁਲਨਾ ਆਪਣੇ ਸਮੇਂ ਨਾਲ਼ ਕਿਉਂ ਕਰਦਾ ਹੈ ?
5. ਲੇਖਕ, ਮਾਲਕ ਤੋਂ ਤਨਖ਼ਾਹ ਵਧਾਉਣ ਦੀ ਮੰਗ ਤੋਂ ਸੰਕੋਚ ਕਿਉਂ ਕਰ ਰਿਹਾ ਸੀ ?
6. ਸ਼ਾਹਾਂ ਦੇ ਮੁੰਡੇ ਤੋਂ 'ਕੁਲਫ਼ੀ' ਖੋਹਣ 'ਤੇ ਕਾਕੇ ਦੇ ਮਾਪਿਆਂ ਦੀ ਕੀ "ਪ੍ਰਤਿਕਿਰਿਆ" ਸੀ ?
7. ਕਾਕਾ ਸੁਪਨੇ ਵਿੱਚ ਕਿਉਂ ਬੁੜਬੁੜਾ ਰਿਹਾ ਸੀ ?
8. ਲੇਖਕ ਇਸ ਕਹਾਣੀ ਵਿੱਚ ਕੀ ਸੰਦੇਸ ਦੇਣਾ ਚਾਹੁੰਦਾ ਹੈ ?

* * * * *

# ਰਘੁਬੀਰ ਢੰਡ
(1934-1990)

## ਲੇਖਕ ਬਾਰੇ :

ਰਘੁਬੀਰ ਢੰਡ ਦਾ ਜਨਮ 1 ਨਵੰਬਰ, 1934 ਈ: ਨੂੰ ਮਾਤਾ ਸ੍ਰੀਮਤੀ ਗੁਜਰੀ ਅਤੇ ਪਿਤਾ ਸ੍ਰੀ ਗੰਗਾ ਰਾਮ ਦੇ ਘਰ ਪਿੰਡ ਜੰਡਾਲੀ ਕਲਾਂ, ਜ਼ਿਲ੍ਹਾ ਸੰਗਰੂਰ ਵਿਖੇ ਹੋਇਆ। ਉਹਨਾਂ ਨੇ ਐੱਮ. ਏ. ਇਤਿਹਾਸ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਕੀਤੀ। ਫਿਰ ਵਿਦੇਸ਼ (ਇੰਗਲੈਂਡ) ਰਹਿੰਦਿਆਂ ਪੀ. ਐੱਚ. ਡੀ. ਦੀ ਡਿਗਰੀ ਪ੍ਰਾਪਤ ਕੀਤੀ।

ਇੰਗਲੈਂਡ ਦੀ ਖ਼ੁਸ਼ਹਾਲੀ ਪਿੱਛੇ ਜੋ ਦਰਦ ਅਤੇ ਵੇਦਨਾ ਉਹਨਾਂ ਨੇ ਮਹਿਸੂਸ ਕੀਤੀ, ਉਸ ਨੂੰ ਬੜੇ ਕਲਾਪੂਰਨ ਢੰਗ ਨਾਲ਼ ਆਪਣੀਆਂ ਕਹਾਣੀਆਂ ਵਿੱਚ ਪੇਸ਼ ਕੀਤਾ ਹੈ। ਉਹਨਾਂ ਦੀਆਂ ਕਹਾਣੀਆਂ ਵਿੱਚ ਵਿਦੇਸ਼ ਦੇ ਪਰਿਪੇਖ ਵਿੱਚ ਵੱਖ-ਵੱਖ ਵਿਅਕਤੀਆਂ ਵਿਚਲੇ ਦੁੰਦ ਦੀ ਖ਼ੂਬਸੂਰਤ ਪੇਸ਼ਕਾਰੀ ਹੈ।

'ਬੋਲੀ ਧਰਤੀ', 'ਉਸ ਪਾਰ','ਕਾਇਆ ਕਲਪ', 'ਸ਼ਾਨੇ ਪੰਜਾਬ' ਆਦਿ ਉਹਨਾਂ ਦੇ ਕਹਾਣੀ-ਸੰਗ੍ਰਹਿ ਹਨ। ਭਾਸ਼ਾ ਵਿਭਾਗ, ਪੰਜਾਬ ਵੱਲੋਂ 'ਉਸ ਪਾਰ' ਕਹਾਣੀ-ਸੰਗ੍ਰਹਿ 'ਤੇ ਉਹਨਾਂ ਨੂੰ ਪੁਰਸਕ੍ਰਿਤ ਕੀਤਾ ਗਿਆ।

ਹਥਲੀ ਪਾਠ-ਪੁਸਤਕ ਵਿੱਚ ਉਹਨਾਂ ਦੀ ਕਹਾਣੀ 'ਮੜ੍ਹੀਆਂ ਤੋਂ ਦੂਰ' ਸ਼ਾਮਲ ਕੀਤੀ ਗਈ ਹੈ।

## ਕਹਾਣੀ ਬਾਰੇ :

ਰਘੁਬੀਰ ਢੰਡ ਦੀ ਕਹਾਣੀ 'ਮੜ੍ਹੀਆਂ ਤੋਂ ਦੂਰ' ਰੋਜ਼ੀ-ਰੋਟੀ ਕਮਾਉਣ ਦੇ ਚੱਕਰ ਵਿੱਚ ਇੰਗਲੈਂਡ ਜਾ ਵੱਸੇ ਪੰਜਾਬੀਆਂ ਦੀ ਵਿਥਿਆ ਨੂੰ ਬਿਆਨ ਕਰਦੀ ਹੈ। ਪਰਵਾਸੀ ਪੰਜਾਬੀ ਆਪਣੇ ਪੰਜਾਬ ਦੀ ਧਰਤੀ ਨਾਲ਼ੋਂ ਟੁੱਟ ਚੁੱਕੇ ਹਨ। ਉਹਨਾਂ ਦੇ ਉੱਥੇ ਜੰਮੇ-ਪਲ਼ੇ ਬੱਚਿਆਂ ਨੂੰ ਆਪਣੀ ਸੱਭਿਅਤਾ ਬਾਰੇ ਕੋਈ ਗਿਆਨ ਨਹੀਂ। ਪੈਸੇ ਕਮਾਉਣ ਦੀ ਦੌੜ ਵਿੱਚ ਉਹ ਏਨਾ ਜ਼ਿਆਦਾ ਗ੍ਰਸਤ ਹੋ ਚੁੱਕੇ ਹਨ ਕਿ ਉਹਨਾਂ ਕੋਲ਼ ਵਿਹਲ ਨਾਂ ਦੀ ਕੋਈ ਚੀਜ਼ ਨਹੀਂ ਹੈ। ਇਸ ਪਦਾਰਥਿਕ ਦੌੜ ਵਿੱਚ ਇੱਕ ਸੰਵੇਦਨਸ਼ੀਲ ਵਿਅਕਤੀ ਇਕੱਲੇਪਣ ਦੇ ਸੰਤਾਪ ਨੂੰ ਬੁਰੀ ਤਰ੍ਹਾਂ ਭੋਗਦਾ ਹੈ। ਆਲ਼ੇ-ਦੁਆਲ਼ੇ ਏਨਾ ਸੁੱਖ-ਅਰਾਮ ਹੋਣ ਦੇ ਬਾਵਜੂਦ ਉਸ ਦੀ ਆਤਮਾ ਬੇਅਰਾਮ ਤੇ ਬੇਚੈਨ ਰਹਿੰਦੀ ਹੈ।

ਇਸ ਕਹਾਣੀ ਦੀ ਮੁੱਖ ਪਾਤਰ ਮਾਸੀ, ਇੰਗਲੈਂਡ ਵੱਸਦੇ ਆਪਣੇ ਪੁੱਤਰ ਕੋਲ਼ ਤਰਲੇ-ਮਿੰਨਤਾਂ ਕਰਕੇ ਆਉਂਦੀ ਹੈ। ਪਹਿਲਾਂ ਇੰਗਲੈਂਡ ਦਾ ਸੁੱਖ-ਅਰਾਮ ਮਾਸੀ ਨੂੰ ਬਹੁਤ ਪ੍ਰਭਾਵਿਤ ਕਰਦਾ ਹੈ ਪਰ ਕੁਝ ਸਮੇਂ ਬਾਅਦ ਹੀ ਮਾਸੀ ਘਬਰਾ ਜਾਂਦੀ ਹੈ ਜਦੋਂ ਉਸ ਦੇ ਨੂੰਹ-ਪੁੱਤਰ ਕੋਲ਼ ਉਸ ਨਾਲ਼ ਗੱਲ ਕਰਨ ਦਾ ਸਮਾਂ ਨਹੀਂ ਹੁੰਦਾ ਕਿਉਂਕਿ ਉਹ ਦੋਵੇਂ ਕੰਮਾਂ-ਕਾਰਾਂ ਵਿੱਚ ਮਸਰੂਫ਼ ਹੁੰਦੇ ਹਨ। ਉਸ ਦੇ ਪੋਤੇ-ਪੋਤੀਆਂ ਨੂੰ ਵੀ ਦਾਦੀ ਨਾਲ਼ ਕੋਈ ਮੋਹ-ਪਿਆਰ ਨਹੀਂ ਹੈ। ਇੰਵ ਮਾਸੀ ਅਜਿਹੇ ਵਾਤਾਵਰਨ ਵਿੱਚ ਘੋਰ ਉਦਾਸੀ ਦੇ ਖੂਹ ਵਿੱਚ ਡਿਗ ਜਾਂਦੀ ਹੈ। ਅੰਤ ਆਪਣੇ ਪੁੱਤਰ ਦੇ ਦੋਸਤ ਦੀਆਂ ਮਿੰਨਤਾਂ ਕਰਕੇ ਕਹਿੰਦੀ ਹੈ ਕਿ ਉਸ ਨੂੰ ਕਿਵੇਂ ਨਾ ਕਿਵੇਂ ਇੰਡੀਆ ਵਾਪਸ ਭਿਜਵਾ ਦੇਵੇ। ਉਹ ਇੰਗਲੈਂਡ ਬਾਰੇ ਕਹਿੰਦੀ ਹੈ,"ਇਹ ਤਾਂ ਮੜ੍ਹੀਆਂ ਤੋਂ ਵੀ ਦੂਰ ਦੀ ਕੋਈ ਸ਼ੈਅ ਏ। ਮੜ੍ਹੀਆਂ ਵਿੱਚ ਤਾਂ ਫਿਰ ਵੀ ਚੜ੍ਹਦੀ ਧੁੱਪ ਆਂਦੀ ਏ,ਵਾ ਵਗਦੀ ਏ ਅਤੇ ਪੰਛੀ ਚਹਿਕਦੇ ਨੇ...।"

* * * * *

# ਮੜ੍ਹੀਆਂ ਤੋਂ ਦੂਰ

- ਰਘੁਬੀਰ ਢੰਡ

ਹਾਲੀਂ ਮਸਾਂ ਨੌਂ ਵੱਜੇ ਹੋਣਗੇ ਕਿ ਟੈਲੀਫ਼ੂਨ ਦੀ ਘੰਟੀ ਵੱਜਣੀ ਸ਼ੁਰੂ ਹੋ ਗਈ। ਇੰਨੇ ਸਵਖਤੇ ..... ! ਹੌਲ ਜਿਹਾ ਪੈਣ ਲੱਗ ਪਿਆ। ਸੁੱਖ ਹੋਵੇ—ਪਤਨੀ, ਨੂੰਹ, ਪੁੱਤ, ਧੀ ਰਾਜ਼ੀ-ਖ਼ੁਸ਼ੀ ਆਪਣੇ-ਆਪਣੇ ਕੰਮਾਂ 'ਤੇ ਪਹੁੰਚ ਗਏ ਹੋਣ। ਟੈਲੀਫ਼ੂਨ ਚੁੱਕਣ ਤੋਂ ਪਹਿਲਾਂ ਮੈਂ ਬੋਲ ਕੇ ਆਖਿਆ, "ਸੁੱਖ ਰੱਖੀਂ !" ..." ਤੇ ਟੈਲੀਫ਼ੂਨ ਚੁੱਕਿਆ,

"ਹੈਲੋ !"

"ਬੇਟਾ, ਮੈਂ ਮਾਸੀ ਆਂ । ਤੂੰ ਮੇਰੇ ਕੋਲ਼ ਆ ਸਕਨੈਂ ?"

"ਕਿਉਂ ਨੀ, ਮਾਸੀ ਜੀ ? ਤੁਸੀਂ ਹੁਕਮ ਕਰੋ ਤੇ ਮੈਂ ਨਾ ਆਵਾਂ ! ਉਂਞ ਸੁੱਖ ਤਾਂ ਹੈ ?"

"ਫ਼ਿਕਰ ਵਾਲ਼ੀ ਗੱਲ 'ਤੇ ਕੋਈ ਨਹੀਂ, ਬੇਟਾ ! ਮੈਂ ਬਹੁਤ ਉਦਾਸ ਆਂ !"

"ਬੱਸ, ਹੁਣੇ ਆਇਆ।"

ਆਖ, ਮੈਂ ਟੈਲੀਫ਼ੂਨ ਰੱਖ ਦਿੱਤਾ । ਫ਼ਿਕਰ ਵਾਲ਼ੀ ਗੱਲ ਤਾਂ ਕੋਈ ਨਹੀਂ। ਇਹ ਗੱਲ ਮਾਸੀ ਨੂੰ ਖ਼ੂਬ ਕਹੀ । ਕੀ ਇੰਗਲੈਂਡ ਵਿੱਚ ਇਸ ਤੋਂ ਵੱਡੀ ਫ਼ਿਕਰ ਵਾਲ਼ੀ ਗੱਲ ਵੀ ਕੋਈ ਹੋ ਸਕਦੀ ਹੈ ਕਿ ਕੋਈ ਬੰਦਾ ਉਦਾਸ ਹੋਵੇ ? ਇਹ ਤਾਂ ਬਿਲਕੁਲ ਅਜਿਹੀ ਗੱਲ ਹੈ, ਜਿਵੇਂ ਇੰਡੀਆ ਵਿੱਚ ਕੋਈ ਤੁਹਾਨੂੰ ਟੈਲੀਫ਼ੂਨ ਕਰੇ ਕਿ ਜੇ ਤੂੰ ਨਾ ਆਇਆ ਤਾਂ ਸਾਡੇ ਰੋਟੀ ਨਹੀਂ ਪੱਕਣੀ। ਇਹ ਵੱਖਰੀ ਗੱਲ ਹੈ ਕਿ ਜਿਸ ਨੂੰ ਰੋਟੀ ਦਾ ਸੰਸਾ ਹੋਵੇ, ਟੈਲੀਫ਼ੂਨ ਉਹਦੀ ਮਾਰ ਵਿੱਚ ਨਹੀਂ ਹੁੰਦਾ। ਰੋਟੀ ਨਾ ਪੱਕਣ ਨਾਲ਼ ਸਰੀਰ ਮਰ ਜਾਂਦਾ ਹੈ ਤੇ ਉਦਾਸੀ ਨਾਲ਼ ਰੂਹ ਤੜਫ਼-ਤੜਫ਼ ਮਰ ਜਾਂਦੀ ਹੈ।

ਮੈਂ ਤਿਆਰ ਹੁੰਦਾ ਅਤੇ ਤੁਰਿਆ ਜਾਂਦਾ ਮਾਸੀ ਦੀ ਉਦਾਸੀ ਦੀ ਕਲਪਨਾ ਕਰਦਾ-ਕਰਦਾ ਆਪ ਉਦਾਸ ਹੋ ਗਿਆ।

ਮਾਸੀ ਦਾ ਪੁੱਤ, ਬਲਵੰਤ ਰਾਏ ਕੁਝ ਮਹੀਨੇ ਪਹਿਲਾਂ ਜਦੋਂ ਇੰਡੀਆ ਗਿਆ ਤਾਂ ਮਾਸੀ ਜਾਣੀ ਉਹਦੀ ਮਾਂ, ਉਸ ਨੂੰ ਤੱਤੀਆਂ-ਤੱਤੀਆਂ ਸੁਣਾਉਣ ਲੱਗੀ :

"ਰੁੜ੍ਹ ਜਾਣਿਆ ! ਤੈਨੂੰ ਪੱਚੀ ਸਾਲ ਹੋ ਗਏ, ਵਲਾਇਤ ਰਹਿੰਦੇ ਨੂੰ। ਦੋਵੇਂ ਕੁੜੀਆਂ ਤੇ ਮੁੰਡਾ ਵੀ ਉੱਥੇ ਹੀ ਜੰਮੇ, ਪਲ਼ੇ ਤੇ ਜਵਾਨ ਹੋਏ । ਰੰਨ ਦਾ ਹੀ ਬਣ ਕੇ ਰਹਿ ਗਿਆ ਏਂ, ਨਾ ! ਲੋਕਾਂ ਦੇ ਮੁੰਡਿਆਂ ਨੇ ਆਪਣੀਆਂ ਮਾਂਵਾਂ ਕਿੰਨੀ-ਕਿੰਨੀ ਵਾਰ ਬੁਲਾਈਆਂ। ਤੈਨੂੰ ਕੋਈ ਸ਼ਰਮ-ਹਯਾ ਨੀ ? ਆਂਢਣਾਂ-ਗੁਆਂਢਣਾਂ ਮੈਨੂੰ ਬੋਲੀ ਮਾਰਦੀਆਂ ਨੇ। ਕੀ ਮੂੰਹ ਵਿਖਾਵਾਂ, ਉਹਨਾਂ ਨੂੰ ? ਮਾਂਵਾਂ ਦਾ ਕੀਤਾ ਤਾਂ ਪੁੱਤ ਸਾਰੀ ਉਮਰ ਨੀ ਦੇ ਸਕਦੇ। ਤੇਰਾ ਭਾਰ ਚੁੱਕਿਆ, ਜਨਮ-ਪੀੜਾਂ ਸਹੀਆਂ, ਤੇਰਾ ਗੰਦ ਹੂੰਝਿਆ, ਆਪ ਗਿੱਲੇ ਥਾਂ ਪਈ, ਤੈਨੂੰ ਸੁੱਕੇ ਥਾਂ ਪਾਇਆ ਪਰ ਤੂੰ ਮੈਨੂੰ ਇੱਕ ਵਾਰ ਵੀ ਇੰਗਲੈਂਡ ਨੀ ਵਿਖਾਇਆ। ... ਊਂ, ਊਂ,.... ਊਂ ! ...... ਉਹ ਭੁੱਬਾਂ ਮਾਰ ਰੋਣ ਲੱਗ ਪਈ।"

ਆਪਣੀ ਮਾਂ ਦੀ ਦਰਦਨਾਕ ਖ਼ਾਹਸ਼ ਸੁਣ, ਬਲਵੰਤ ਰਾਏ ਉਹਦੇ ਨਾਲ ਲੱਗ, ਮੰਜੇ 'ਤੇ ਬਹਿ ਗਿਆ। ਉਹਦੀਆਂ ਅੱਖਾਂ ਪੂੰਝੀਆਂ ਤੇ ਗਲਵੱਕੜੀ ਪਾ ਆਖਣ ਲੱਗਿਆ, "ਬੀਬੀ, ਤੁਹਾਨੂੰ ਹਿੰਦੋਸਤਾਨੀਆਂ ਨੂੰ ਸਿੱਧੀ ਤੇ ਸਪਸ਼ਟ ਗੱਲ ਕਰਨੀ ਪਤਾ ਨੀ ਕਦੋਂ ਆਵੇਗੀ। ਇੰਵ ਘੇਰ ਕੇ ਗੱਲ ਕਰਦੇ ਹੋ, ਜਿਵੇਂ ਤਮਾਕੂ ਦੇ ਖੇਤ 'ਚੋਂ ਸਹਿਆ ਕੱਢਣਾ ਹੋਵੇ। ਤੂੰ ਇੰਗਲੈਂਡ ਜਾਣਾ ਈ ? ਬੱਸ, ਗੱਲ ਖ਼ਤਮ । ਤੈਨੂੰ ਮੈਂ ਨਾਲ਼ ਲੈ ਜਾਵਾਂਗਾ ।"

ਤੇ ਮਾਸੀ ਜਾਣੀ ਬਲਵੰਤ ਰਾਏ ਦੀ ਮਾਂ ਇੰਗਲੈਂਡ ਆ ਗਈ। ਹਾਂ, ਉਸ ਨੇ ਇੰਗਲੈਂਡ ਆਉਣ ਤੋਂ ਪਹਿਲਾਂ ਆਪਣੀਆਂ ਸਹੇਲੀਆਂ ਕੋਲ਼ ਦੋਹਰ-ਤਿਹਰ ਲਾ ਦੱਸਿਆ, "ਭੈਣੋ, ਕਿਸੇ ਦਾ ਤਾਂ ਇੱਕ — ਅੱਧਾ ਹੋਵੇਗਾ, ਮੇਰੇ ਤਾਂ ਸੁੱਖ ਨਾਲ਼ ਪੰਜੇ ਸਰਵਣ ਨੇ।"

ਵਲਾਇਤ ਪੁੱਜਦਿਆਂਸਾਰ, ਪਹਿਲੇ ਐਤਵਾਰ ਨੂੰ ਅਸੀਂ, ਬਲਵੰਤ ਰਾਏ ਤੇ ਉਹਦੀ ਪਤਨੀ ਬਿੰਦੂ, ਉਹਨਾਂ ਦੇ

ਤਿੰਨਾਂ ਬੱਚਿਆਂ ਅਤੇ ਖ਼ਾਸ ਮਹਿਮਾਨ ਮਾਸੀ ਨੂੰ ਖਾਣੇ 'ਤੇ ਸੱਦਿਆ। ਕਿਆ ਬਾਤਾਂ ਸਨ, ਮਾਸੀ ਦੀਆਂ ! ਏਨੀ ਸੋਹਣੀ ਔਰਤ ! ਜੀਅ ਕੀਤਾ ਕਿ ਬਲਵੰਤ ਨੂੰ ਆਖਾਂ, "ਤੂੰ ਬਈ, ਕੀਹਦੇ 'ਤੇ ਗਿਐਂ ? ਕਣਕ 'ਚ ਕਾਂਗਿਆਰੀ।"

ਮਾਸੀ ਕੀ ਸੀ, ਕਮਾਲ ਸੀ ! ਪੰਜ ਫ਼ੁੱਟ ਚਾਰ ਇੰਚ ਲੰਮੀ। ਨਾ ਮੋਟੀ ਨਾ ਸੋਟੀ। ਵਾਲ਼ ਬਹੁਤੇ ਚਿੱਟੇ ਕੂਲ਼ੇ ਤੇ ਚਮਕੀਲੇ, ਮੋਟੀਆਂ ਅੱਖਾਂ, ਤਿੱਖਾ ਨੱਕ। ਸਭ ਤੋਂ ਖ਼ੂਬਸੂਰਤ ਸਨ ਬੁੱਲ੍ਹ— ਪਤਲੇ ਮਹੀਨ ਤੇ ਕੂਲ਼ੇ, ਜਿਵੇਂ ਸ਼ਹਿਦ ਮਲ਼-ਮਲ਼ ਪਾਲ਼ੇ ਹੋਣ। ਮੈਂ ਪੈਰੀਂ ਹੱਥ ਲਾਏ ਤੇ ਮੇਰੀ ਪਤਨੀ ਨੇ ਹੱਥ ਜੋੜ ਨਮਸਤੇ ਬੁਲਾਈ। ਮਾਸੀ ਨੇ ਉਸ ਨੂੰ ਗਲ਼ਵੱਕੜੀ ਵਿੱਚ ਲਿਆ, ਜਿਵੇਂ ਅਸੀਂ ਉਹਦੇ ਬਹੁਤ ਹੀ ਆਪਣੇ ਹੁੰਦੇ ਹਾਂ। ਮੈਂ ਉਹਨਾਂ ਨੂੰ ਬਿਠਾਉਂਦਿਆਂ ਆਖਿਆ, "ਬੀਬੀ ਜੀ, ਮੈਂ ਬੜਾ ਖ਼ੁਸ਼ ਆਂ ਕਿ ਆਪਣੇ ਮੁਲਕ ਵਿੱਚ ਅਜੇ ਤੁਹਾਡੇ ਵਰਗੇ ਮੋਹ ਕਰਨ ਵਾਲ਼ੇ ਲੋਕ ਜਿਉਂਦੇ ਨੇ ! ਇੱਥੇ ਤਾਂ ਬੀ ਨਾਸ ਹੋ ਗਿਐ ...... ਬਲਵੰਤ ਯਾਰ ! ਬੱਚਿਆਂ ਨੂੰ ਕਿਉਂ ਨੀ ਲਿਆਂਦਾ ?" ਮੈਂ ਬੱਚੇ ਨਾਲ਼ ਨਾ ਵੇਖ, ਸਵਾਲ ਕੀਤਾ।

"ਉਹ ਯਾਰ, ਸਾਡੇ ਆਖੇ ਨੀ ਲੱਗਦੇ । ਆਏ ਨੀ ।" ਬਲਵੰਤ ਨੇ ਜਵਾਬ ਦਿੱਤਾ। ਉਹ ਬੜਾ ਹੀ ਸੱਚਾ ਤੇ ਸਪਸ਼ਟ ਬੰਦਾ ਸੀ। ਫੜਾਕ ਮੂੰਹ 'ਤੇ ਗੱਲ ਮਾਰਦਾ ਸੀ ।

"ਨਹੀਂ ਭਾਈ ਸਾਹਿਬ, ਇਹਨਾਂ ਦੀ ਤਾਂ ਮਜ਼ਾਕ ਕਰਨ ਦੀ ਆਦਤ ਏ। ਲੜਕਾ ਆਪਣੇ ਫ਼੍ਰੈਂਡਾਂ ਨਾਲ਼ ਬਾਹਰ ਗਿਆ ਹੋਇਐ। ਲੜਕੀਆਂ ਨੂੰ ਆਪਣੀ ਬੋਲੀ ਨਹੀਂ ਆਂਦੀ। ਬੋਰ ਹੀ ਹੋਣਾ ਸੀ, ਵਿਚਾਰੀਆਂ ਨੇ।" ਪਤਨੀ ਨੇ ਪੜਦਾ ਪਾਇਆ, ਜਿਵੇਂ ਹਰ ਮਾਂ ਪਾਉਂਦੀ ਹੈ।

ਇਸੇ ਮਿਲਣੀ ਵਿੱਚ ਅਸੀਂ ਮਾਸੀ ਨੂੰ ਬੀਬੀ ਜੀ ਦੀ ਥਾਂ ਮਾਸੀ ਜੀ ਆਖਣ ਲੱਗ ਪਏ। ਦਰਅਸਲ ਉਹਦੇ ਇੱਕ-ਦੋ ਸ਼ਬਦ—ਵੇਖਿਆ, ਡਿੰਗੀ ਆਦਿਕ ਮੇਰੀ ਪਤਨੀ ਨੇ ਨੋਟ ਕਰਦਿਆਂ ਆਖਿਆ, "ਤੁਸੀਂ ਤਾਂ ਉੱਧਰ ਪਾਕਿਸਤਾਨ ਤੋਂ ਆਏ ਲੱਗਦੇ ਹੋ।"

"ਹਾਂ ਧੀਏ, ਰਾਵਲਪਿੰਡੀਓਂ।

"ਮੇਰੇ ਮਾਤਾ ਜੀ ਵੀ ਰਾਵਲਪਿੰਡੀ ਦੇ ਨੇ ।"

"ਫਿਰ ਤੇ ਤੂੰ ਮੇਰੀ ਭਣੇਵੀਂ ਹੋਈ ਕਿ !"

"ਹਾਂ, ਮਾਸੀ ਜੀ !"

ਪਹਿਲੀ ਮਿਲਣੀ ਵਿੱਚ ਹੀ ਸਾਡਾ ਮਾਸੀ ਨਾਲ਼ ਅੰਤਾਂ ਦਾ ਮੋਹ ਹੋ ਗਿਆ। ਮਾਸੀ ਦੇ ਪੁੱਤਰ ਬਲਵੰਤ ਰਾਏ ਨੇ ਅਪਣੇ ਸਪਸ਼ਟ ਸੁਭਾਅ ਅਨੁਸਾਰ ਸਪਸ਼ਟ ਗੱਲ ਕੀਤੀ, "ਵੇਖੋ, ਬੀਬੀ ਜੀ ! ਅਸੀਂ ਤਾਂ ਕੁੱਤੇ ਦੀ ਮੌਤ ਮਰਨ ਵਾਲ਼ੇ ਲੋਕ ਆਂ। ਸਵੇਰੇ ਛੇ ਵਜੇ ਸ਼ੌਪ ਖੋਲ੍ਹਦੇ ਆਂ। ਸ਼ਾਮ ਨੂੰ ਨੌਂ-ਦਸ ਵਜੇ ਬੰਦ ਕਰਦੇ ਆਂ। ਘਰ ਪਰਤ ਅੱਧ-ਸੁੱਤੇ ਹੀ ਰੋਟੀ ਖਾਂਦੇ ਆਂ। ਤੁਸੀਂ ਆਪਣਾ ਦਿਲ ਆਪ ਹੀ ਲਾਉਣਾ ਏ। ਜੇ ਕਦੀ ਉਦਾਸ ਹੋਵੋ ਤਾਂ ਇਹਨਾਂ ਨੂੰ ਫ਼ੋਨ ਕਰ ਲੈਣਾ। ਇਹ ਤੁਹਾਡੀ ਖ਼ਬਰ-ਸਾਰ ਲੈ ਲੈਣਗੇ। ਬੰਦੇ ਚੰਗੇ ਨੇ। ਨਾਲ਼ੇ ਇਹਨਾਂ ਕੋਲ਼ ਵਕਤ ਏ ।"

"'ਕਿਉਂ ਪੁੱਤਰ ! ਕੋਈ ਕੰਮ-ਧੰਦਾ ਨਹੀਂ ਕਰਦੇ ?"..... ਮਾਸੀ ਨੇ ਸਾਨੂੰ ਸਵਾਲ ਕੀਤਾ, ਜਿਸ ਦਾ ਸਾਡੀ ਥਾਂ ਉਹਦੇ ਪੁੱਤਰ ਨੇ ਹੀ ਜਵਾਬ ਦਿੱਤਾ, "ਕੰਮ ਤਾਂ ਕਰਦੇ ਨੇ ਪਰ ਸਾਡੇ ਵਾਂਗ ਕੁੱਤੇ ਦੀ ਮੌਤ ਨੀ ਮਰਦੇ। ਨੌਕਰੀ-ਪੇਸ਼ਾ ਲੋਕ ਨੇ। ਨੌਂ ਵਜੇ ਜਾਂਦੇ ਨੇ ਤੇ ਪੰਜ ਵਜੇ ਘਰ। ਸਨਿੱਚਰ, ਐਤ ਦੀਆਂ ਪੂਰੀਆਂ ਦੋ ਛੁੱਟੀਆਂ । ਇਹੋ-ਜਿਹੇ ਲੋਕ ਸਾਡੇ ਲਈ ਤਾਂ ਵਿਹਲੇ ਹੀ ਹੁੰਦੇ ਨੇ ।"

ਮਾਸੀ ਦਾ ਸੁਭਾਅ ਬਹੁਤ ਮਿਲਾਪੜਾ ਤੇ ਮਿੱਠਾ ਸੀ। ਅਸੀਂ ਤਾਂ ਉਸ ਨੇ ਮੁੱਲ ਹੀ ਲੈ ਲਏ। ਅਗਲਾ ਐਤਵਾਰ ਆਇਆ ਤਾਂ ਅਸੀਂ ਮਾਸੀ ਨੂੰ ਪੁੱਛਿਆ ਕਿ ਗੁਰਦਵਾਰੇ ਜਾਵੋਗੇ ਕਿ ਮੰਦਰ ?

ਮਾਸੀ ਨੇ ਜਵਾਬ ਦਿੱਤਾ, "ਪੁੱਤਰ, ਕੋਈ ਫ਼ਰਕ ਨੀ, ਦੋਵੇਂ ਥਾਂ ਚਲੇ ਚੱਲਾਂਗੇ। ਸਵੇਰੇ ਗੁਰਦਵਾਰੇ, ਸ਼ਾਮੀਂ ਮੰਦਰ ।"

"ਮਾਸੀ ਜੀ! ਇਹੋ-ਜਿਹੇ ਮਹਾਨ ਲੋਕ ਤਾਂ ਘੱਟ ਹੀ ਵੇਖੇ ਨੇ ਜਿਹੜੇ ਗੁਰਦਵਾਰੇ ਤੇ ਮੰਦਰ ਦੋਂਹਾਂ ਥਾਂਵਾਂ 'ਤੇ ਜਾਣ। ਤੁਸੀਂ ਤਾਂ ਕਮਾਲ ਕਰ ਦਿੱਤੀ।"

"ਨਹੀਂ ਬੇਟਾ, ਇਹ ਫ਼ਰਕ ਵਾਲੀ ਬਿਮਾਰੀ ਤਾਂ ਹੁਣੇ ਚੱਲੀ ਏ। ਉੱਧਰ ਸਾਡੇ ਪਾਕਿਸਤਾਨ ਵਿੱਚ ਤਾਂ ਹਿੰਦੂਆਂ ਨੂੰ ਗੁਰੂ-ਘਰ ਨਾਲ਼ ਬੜਾ ਪਿਆਰ ਸੀ। ਉਹ ਇੱਕ ਪੁੱਤਰ ਨੂੰ ਤਾਂ ਸਿੱਖ ਜ਼ਰੂਰ ਬਣਾਂਦੇ ਸਨ।

ਮੈਨੂੰ ਮਾਸੀ ਦੀ ਗੱਲ ਬਹੁਤ ਚੰਗੀ ਲੱਗੀ। ਇਸ ਵਿੱਚ ਲੁਕੀ ਨੇਕ ਭਾਵਨਾ ਨੇ ਮੈਨੂੰ ਕੀਲ ਲਿਆ। 'ਬਗ਼ੀਚੀ ਵਿੱਚ ਭਾਂਤ-ਭਾਂਤ ਦੇ ਫੁੱਲ ਲਹਿਰਾ ਰਹੇ ਹੋਣ ਤਾਂ ਬਗ਼ੀਚੀ ਦੀ ਆਭਾ ਨੂੰ ਚਾਰ ਚੰਨ ਲੱਗ ਜਾਂਦੇ ਹਨ,' ਮੈਂ ਸੋਚਿਆ ।

ਮੈਂ ਤੇ ਮੇਰੀ ਪਤਨੀ ਮਾਸੀ ਨੂੰ ਗੁਰਦਵਾਰੇ ਤੇ ਮੰਦਰ ਲੈ ਕੇ ਜਾਣ ਲਈ ਤਿਆਰ ਹੋ ਗਏ। ਬਲਵੰਤ ਤੇ ਉਹਦੀ ਪਤਨੀ, ਉਹਨਾਂ ਦੇ ਲੜਕੇ ਤੇ ਦੋਂਹਾਂ ਧੀਆਂ ਨੂੰ ਆਖਿਆ, "ਬਈ, ਮਾਂ ਤਾਂ ਤੁਹਾਡੀ ਐ। ਤੁਸੀਂ ਵੀ ਨਾਲ਼ ਸੰਗਤ ਕਰੋ।" ਬਲਵੰਤ ਰਾਏ ਨੇ ਫਿਰ ਖਰੀ ਤੇ ਸਪਸ਼ਟ ਗੱਲ ਕਰਦਿਆਂ ਜਵਾਬ ਦਿੱਤਾ, "ਭਾਈ ਸਾਹਿਬ, ਐਤਵਾਰ ਨੂੰ ਸਾਨੂੰ ਸਿਰਫ਼ ਚਾਰ ਘੰਟੇ ਵਿਹਲੇ ਮਿਲ਼ਦੇ ਨੇ। ਉਹੀ ਸਮਾਂ ਸਾਡੀ ਜ਼ਿੰਦਗੀ ਦਾ ਸੁਰਗ ਹੁੰਦਾ ਏ ਜਿਸ ਵਿੱਚ ਨ੍ਹਾ-ਧੋ ਲੈਂਦੇ ਆਂ, ਮਨਮਰਜ਼ੀ ਦੀ ਤਾਜ਼ੀ ਰੋਟੀ ਖਾ ਲੈਂਦੇ ਤੇ ਸੌਂ ਲੈਂਦੇ ਆਂ। ਇਹ ਸੁਰਗ ਸਾਥੋਂ ਨਾ ਖੋਹੋ।"

"ਠੀਕ ਐ, ਨਹੀਂ ਖੋਂਹਦਾ । ..... ਤੂੰ ਬਈ ਅਨੰਤ ? ..... ਚੱਲ ਮੰਦਰ, ਗੁਰਦਵਾਰੇ, ਯਾਰ ।ਮਾੜੀ-ਮੋਟੀ ਆਪਣੀ ਸੱਭਿਅਤਾ ਦਾ ਪਤਾ ਲੱਗੇਗਾ।" ਮੈਂ ਉਹਨਾਂ ਦੇ ਲੜਕੇ ਨੂੰ ਆਖਿਆ।

"ਸੌਰੀ ਅੰਕਲ ਜੀ, ਮੈਂ ਆਪਣੇ ਫ਼ਰੈਂਡਾਂ ਨਾਲ਼ ਆਲਰੈਡੀ ਪ੍ਰੋਗ੍ਰਾਮ ਬਣਾਇਆ ਹੋਇਐ, ਉਂਞ ਵੀ ਮੈਨੂੰ ਸਮਝ ਨੀ ਪੈਂਦੀ ਕਿ ਉਹ ਕੀ ਕਹਿੰਦੇ ਨੇ, ਬਹੁਤ ਬੋਰ ਹੋ ਜਾਂਦਾ ਹਾਂ।"

"ਤੂੰ ਭਾਈ, ਅਨੀਤਾ ?"

"ਮੈਂ ਅੰਕਲ ਜੀ, ਅੱਜ ਟੈਲੀ ਵੇਖਣੈ।"

"ਤੂੰ ਭਾਈ ਮੀਰਾ ?"...ਅਖ਼ੀਰ ਮੈਂ ਉਹਨਾਂ ਦੀ ਭਲੀਮਾਣਸ ਜਿਹੀ ਕੁੜੀ ਨੂੰ ਪੁੱਛਿਆ।

ਮੈਂ ਅੰਕਲ ਜੀ, ਨਾ ਜਾਵਾਂ ਤਾਂ ਤੁਸੀਂ ਮਾਈਂਡ ਤਾਂ ਨਹੀਂ ਕਰੋਗੇ ? ਮੈਨੂੰ ਮੰਦਰ ਗੁਰਦਵਾਰੇ ਜਾਣਾ ਚੰਗਾ ਨੀ ਲੱਗਦਾ। ਪਿਛਲੇ ਸਮੇਂ ਦੀਆਂ ਨਾ ਸਮਝ ਆਣ ਵਾਲ਼ੀਆਂ ਗੱਲਾਂ ਕਰਦੇ ਨੇ। ਘਰ ਹੀ ਠਹਿਰਾਂਗੀ ਤੇ ਮੰਮੀ ਦੀ ਹੈਲਪ ਕਰਾਂਗੀ । .... ਪਰ ਜੇ ਤੁਸੀਂ ਆਖੋ ਤਾਂ ਚੱਲਦੀ ਹਾਂ।"

"ਨਹੀਂ ਬੇਟਾ, ਤੂੰ ਘਰ ਹੀ ਰਹਿ। ਮਾਂ ਦੀ ਸੇਵਾ ਕਰਮਾਂ ਨਾਲ਼ ਹੀ ਮਿਲ਼ਦੀ ਐ । ... ਪਰ ਜਿਹੜੇ ਘਰ ਵਿੱਚ ਮਾਂ-ਬਾਪ ਸਵੇਰੇ ਛੇ ਵਜੇ ਤੋਂ ਰਾਤ ਦੇ ਦਸ ਵਜੇ ਤੀਕ ਆਪਣੇ ਬੱਚਿਆਂ ਦਾ ਮੂੰਹ ਵੀ ਨਹੀਂ ਵੇਖਦੇ, ਉੱਥੇ ਖ਼ੈਰ, ਕਰਮ ਤਾਂ ਕਿਸੇ ਦੇ ਕੀ ਚੰਗੇ ਹੋ ਸਕਦੇ ਨੇ...... ਅੱਛਾ, ਸਾਸਰੀ ਕਾਲ ਤੇ ਨਸਮਤੇ ... ਅਸੀਂ ਚੱਲੇ।"

ਇਹ ਸਿਲਸਿਲਾ ਕਈ ਹਫ਼ਤੇ ਜਾਰੀ ਰਿਹਾ। ਮਾਸੀ ਪੁਰਾਣੇ ਵੇਲ਼ਿਆਂ ਦੀ ਔਰਤ ਸੀ। ਪੁਰਾਣੇ ਸਮਿਆਂ ਦੀਆਂ ਔਰਤਾਂ ਵਿੱਚ ਇੱਕ ਚੀਜ਼ ਤਾਂ ਸਾਂਝੀ ਹੁੰਦੀ ਹੈ ਕਿ ਉਹ ਕਰਮ ਕਰਦੀਆਂ ਹਨ ।ਸੋਚਦੀਆਂ ਅਤੇ ਝੂਰਦੀਆਂ ਨਹੀਂ ।ਮਨ ਵਿੱਚ ਵਿਚਾਰ ਆਇਆ ਨਹੀਂ ਤੇ ਉਹ ਉੱਠ ਕੇ ਤੁਰੀਆਂ ਨਹੀਂ। ਮਾਸੀ ਗੁਰਦਵਾਰੇ ਗਈ, ਮੱਥਾ ਟੇਕਿਆ, ਦੋ ਬੋਲ ਬਾਣੀ ਦੇ ਸੁਣੇ, ਮੁੜ ਮੱਥਾ ਟੇਕਿਆ ਤੇ ਮੇਰੀ ਪਤਨੀ ਨੂੰ ਪੁੱਛਣ ਲੱਗੀ, "ਲੰਗਰ ਕਿੱਧਰ ਐ, ਧੀਏ ?" ਮੇਰੀ ਪਤਨੀ ਉਸ ਨੂੰ ਲੰਗਰ ਵਿੱਚ ਲੈ ਗਈ। ਮਾਸੀ ਨੇ ਏਪ੍ਰਨ ਬੰਨ੍ਹਿਆ ਤੇ ਰੋਟੀਆਂ ਪਕਾਉਣ ਲੱਗ ਪਈ । ਇਸ ਕਰਮ ਦਾ ਅਸਰ ਆਮ ਸੇਵਕਾਂ 'ਤੇ ਤਾਂ ਪੈਣਾ ਹੀ ਸੀ, ਪ੍ਰਧਾਨ 'ਤੇ ਵੀ ਪਿਆ .... ਹਾਲਾਂਕਿ ਧਾਰਮਿਕ ਅਦਾਰਿਆਂ ਦੇ ਪ੍ਰਧਾਨਾਂ 'ਤੇ ਆਮ ਸੇਵਕਾਂ ਵੱਲੋਂ ਕੀਤੇ ਚੰਗੇ ਕਰਮਾਂ ਦਾ ਅਸਰ ਘੱਟ ਹੀ ਪੈਂਦਾ ਹੈ। ਉਸ ਨੇ ਵੀ ਮੈਨੂੰ ਵਾਰ-ਵਾਰ ਕਿਹਾ ਕਿ ਮਾਤਾ ਜੀ ਨੂੰ ਲੈ ਕੇ ਆਇਆ ਕਰੋ। ਇਹੋ-ਜਿਹੀ ਸੇਵਾ-ਭਾਵਨਾ ਵਾਲ਼ੇ ਜਿਉੜਿਆਂ ਸਦਕਾ ਹੀ ਗੁਰੂ - ਘਰ ਅਬਾਦ ਨੇ ।ਆਪਣੀ ਘਰਵਾਲ਼ੀ ਨੂੰ ਤਾਂ ਮੈਂ ਜਦੋਂ ਵੀ ਲੰਗਰ ਦੀ ਸੇਵਾ ਲਈ ਆਖਦਾਂ, ਉਹਦੇ ਉੱਲਾਂ ਉੱਠ ਆਉਂਦੀਆਂ ਨੇ। ਪ੍ਰਧਾਨ ਵੀ ਬਲਵੰਤ ਰਾਏ ਵਾਂਗ ਸਪਸ਼ਟ ਬੰਦਾ ਜਾਪਦਾ ਸੀ।

ਇਸੇ ਤਰ੍ਹਾਂ ਮੰਦਰ ਵਿੱਚ ਮਾਸੀ ਨੇ ਭਜਨ ਗਾਏ ਤੇ ਧੂੜਾਂ ਪੁੱਟ ਦਿੱਤੀਆਂ। ਇੱਥੇ ਵੀ ਪ੍ਰਧਾਨ ਸਾਹਿਬ ਏਨੇ ਪ੍ਰਭਾਵਿਤ ਹੋਏ ਕਿ ਆਪ ਪੰਜਾਬੀ ਹੁੰਦਿਆਂ ਵੀ ਮੈਨੂੰ ਹਿੰਦੀ ਵਿੱਚ ਬੇਨਤੀ ਕੀਤੀ, "ਅਰੇ ਭਾਈ ! ਮਾਤਾ ਜੀ ਕੋ ਹਰ ਵੀਕ ਲੇ ਕਰ ਆਇਆ ਕਰੋ । ਅੱਛੇ ਭਜਨ ਗਾਨੇ ਵਾਲੇ ਤੋ ਮਿਲਤੇ ਹੀ ਨਹੀਂ ।"

ਇਹਨਾਂ ਸਾਰੀਆਂ ਗੱਲਾਂ ਤੋਂ ਵੱਧ ਮਾਸੀ ਨੂੰ ਇੰਗਲੈਂਡ ਦੇ ਰਹਿਣ-ਸਹਿਣ ਨੇ ਪ੍ਰਭਾਵਿਤ ਕੀਤਾ । ਬੱਸ ਮਹਾਂ-ਪ੍ਰਸੰਨਤਾ ਦੇ ਵੇਗ ਵਿੱਚ ਇੰਗਲੈਂਡ ਦੀਆਂ ਸਿਫ਼ਤਾਂ ਤੇ ਇੰਡੀਆ ਦੀਆਂ ਕੁਸਿਫ਼ਤਾਂ ਕਰਦੀ ਰਹਿੰਦੀ।

"ਬੇਟਾ, ਵੇਖਣ ਤੇ ਸੁਣਨ 'ਚ ਬਹੁਤ ਫ਼ਰਕ ਐ । ਜੇ ਸੁਰਗ ਕਿਤੇ ਹੋਵੇਗਾ ਵੀ ਤਾਂ ਉਹ ਇੰਗਲੈਂਡ ਤੋਂ ਚੰਗੇਰਾ ਨਹੀਂ ਹੋਵੇਗਾ । ਏਅਰਪੋਰਟ 'ਤੇ ਉੱਤਰੀ ਤਾਂ ਏਨੇ ਗੋਰੇ-ਚਿੱਟੇ ਲੋਕ ਤੇ ਏਨੀ ਸਫ਼ਾਈ ਵੇਖ, ਮੇਰੀਆਂ ਤਾਂ ਅੱਖਾਂ ਚੁੰਧਿਆ ਗਈਆਂ। ਏਨੀਆਂ ਚੌੜੀਆਂ ਤੇ ਸਾਫ਼-ਸੁਥਰੀਆਂ ਸੜਕਾਂ, ਭਾਵੇਂ ਜੀਭ ਨਾਲ਼ ਚੱਟ ਲਵੋ। ਕੋਈ ਹਾਰਨ ਨਹੀਂ ਵਜਾਂਦਾ। ਇੰਡੀਆ 'ਚ ਤਾਂ ਬੱਸਾਂ-ਟਰੱਕਾਂ ਵਾਲ਼ੇ ਕੰਨਾਂ ਦੇ ਪੜਦੇ ਪਾੜ ਦਿੰਦੇ ਨੇ ।.... ਤੇ ਗੰਦ ? ਤੋਬਾ-ਤੋਬਾ।"

ਅੱਜ ਮੇਰਾ ਬਲਵੰਤ ਦੱਸਦਾ ਸੀ ਕਿ ਇਹਨਾਂ ਮੁਲਕਾਂ ਤੋਂ ਮੱਖਣ, ਦੁੱਧ ਤੇ ਪਨੀਰ ਸੰਭਾਲ਼ਿਆ ਨਹੀਂ ਜਾ ਰਿਹਾ ਇਸ ਲਈ ਮੁਫ਼ਤ ਵੰਡਿਆ ਜਾ ਰਿਹਾ ਏ। ਮੈਂ ਤਾਂ ਆਹਨੀ ਆਂ ਕਿ ਸੁਰਗ ਵਿੱਚ ਵੀ ਏਨੀਆਂ ਨੇਅਮਤਾਂ ਨਹੀਂ ਹੋ ਸਕਦੀਆਂ । ਨਾਲ਼ੇ ਪੁੱਤਰ, ਸੁਰਗ ਕਿਹੜਾ ਕਿਸੇ ਨੇ ਵੇਖਿਆ ਏ । ਵਾਹ-ਵਾਹ ! ਅੰਗਰੇਜ਼ ਨੇ ਐਵੇਂ ਤੇ ਨਹੀਂ ਨਾ ਦੁਨੀਆ 'ਤੇ ਰਾਜ ਕੀਤਾ ......

ਪਰ ਮਾਸੀ ਜੀ, ਅਸੀਂ ਤਾਂ ਮੱਖਣ ਦੀ ਥਾਂ ਮਾਰਜਰੀਨ ਖਾਂਦੇ ਆਂ ਤਾਂਕਿ ਮੋਟੇ ਨਾ ਹੋ ਜਾਈਏ । ਦੁੱਧ ਵੀ ਬਹੁਤ ਚਰਬੀ ਵਧਾਉਂਦਾ ਏ । ਇਸੇ ਲਈ ਘੱਟ ਕ੍ਰੀਮ ਵਾਲ਼ਾ ਦੁੱਧ ਪੀਂਦੇ ਆਂ। ..... ਮੇਰੀ ਪਤਨੀ ਨੇ ਆਖਿਆ ।

ਮਾਸੀ ਮੇਰੀ ਪਤਨੀ ਨੂੰ ਝਈ ਲੈ ਕੇ ਪਈ, "ਤਾਂਹੀਓਂ ਤਾਂ ਫਾਂਕੜ ਪਈ ਲੱਗਦੀ ਏਂ। ਦੁੱਧ — ਮੱਖਣ ਤਾਂ ਰਿਸ਼ੀਆਂ-ਮੁਨੀਆਂ 'ਤੇ ਮਹਾਰਾਜਿਆਂ ਦੀ ਖ਼ੁਰਾਕ ਸੀ ਜਿਹੜੇ ਵੇਦ - ਗ੍ਰੰਥ ਲਿਖਦੇ ਸਨ ਤੇ ਯੁੱਧ ਕਰਦੇ ਸਨ । ਨਾ, ਮੇਰੀ ਧੀ! ਖਾਇਆ — ਪੀਆ ਕਰ। ਇਹ ਜਿਹੜੀਆਂ ਤੇਰੇ ਮੋਢਿਆਂ ਅਤੇ ਕ੍ਰਿੱਕਲ਼ 'ਚ ਪੀੜਾਂ ਰਹਿੰਦੀਆਂ ਨੇ, ਨਾ। ਜੇ ਦਿਨਾਂ ਵਿੱਚ ਨਾ ਚੱਕੀਆਂ ਜਾਣ ਤਾਂ ਮੈਨੂੰ ਫੜ ਲਵੀਂ ......"

"ਉਹ ਤਾਂ ਠੀਕ ਐ, ਮਾਸੀ ਜੀ! ਪਰ ਵੇਖੋ, ਮੌਸਮ ਕਿੰਨਾ ਭੈੜਾ ਰਹਿੰਦੈ! ਸਾਰਾ ਦਿਨ ਕੈਦੀਆਂ ਵਾਂਗ ਅੰਦਰ ਤਾੜੇ ਰਹੀਦਾ ਏ ।" ... ਮੈਂ ਆਖਿਆ।

ਮਾਸੀ ਨੂੰ ਮੇਰੀ ਗੱਲ ਬਹੁਤ ਬੁਰੀ ਲੱਗੀ। ਬੋਲੀ, "ਕੀ ਹੋਇਆ ਏ, ਮੌਸਮ ਨੂੰ ? ਗਰਮੀ ਦਾ ਤਾਂ ਨਾਂ-ਨਿਸ਼ਾਨ ਨਹੀਂ ਏਥੇ। ਇੰਡੀਆ ਦੀ ਗਰਮੀ ਸ਼ਾਇਦ ਤੁਸੀਂ ਭੁੱਲ ਗਏ ਹੋ। ਤੋਬਾ! ਮੇਰੇ ਰਾਮ ! ਇਨਸਾਨ ਸੁੱਕ ਕੇ ਕਾਲ਼ਾ ਭੂਤ ਬਣ ਜਾਂਦਾ ਏ। ਸਰਦੀਆਂ ਵਿੱਚ ਹਮੇਸ਼ਾਂ ਬਿਆਈਆਂ ਫਟੀਆਂ ਰਹਿੰਦੀਆਂ ਨੇ। ਅੱਧੀ ਰਾਤ ਤੀਕਰ ਧਿੱਡ 'ਚ ਗੋਡੇ ਲੈ ਕੇ ਪੈਂਦੇ ਆਂ ਤਾਂ ਕਿਤੇ ਜਾ ਕੇ ਪੈਰ ਜ਼ਰਾ ਗਰਮ ਹੁੰਦੇ ਨੇ । ਜ਼ਰਾ ਬਰਸਾਤਾਂ ਲੱਗ ਜਾਣ ਤਾਂ ਚਿੱਕੜ ਹੀ ਚਿੱਕੜ। ਮੱਛਰ ਏਨੇ ਕਿ ਹੁਣ ਇੰਡੀਆ ਵਿੱਚ ਘਰ-ਘਰ ਮਲੇਰੀਏ ਦੇ ਰੋਗੀ ਪਏ ਰਹਿੰਦੇ ਨੇ। ਅੰਦਰ ਕਿਉਂ ਤਾੜੇ ਰਹੋ ? ਏਨੇ ਸੋਹਣੇ ਮਕਾਨ ? ਗਲੀਚੇ! ਚਵ੍ਹੀ ਘੰਟੇ ਗਰਮ ਪਾਣੀ, ਭਾਵੇਂ ਚੁਬੱਚੇ ਭਰ-ਭਰ ਨਹਾਵੋ । ਗੈਸ ਦੇ ਹੀਟਰ ਤੇ ਕੁੱਕਰ । ਟੈਲੀਵੀਜ਼ਨ, ਵੀਡੀਓ ਤੇ ਕਮਰੇ-ਕਮਰੇ ਵਿੱਚ ਟੇਪ ਰਿਕਾਰਡਰਾਂ, ਬਾਹਰ ਕਾਰਾਂ। ਬਹਿਸ਼ਤ ਵਿੱਚ ਵੀ ਇਹੋ-ਜਿਹੇ ਸੁੱਖ ਨਹੀਂ ਜੇ ਹੋਣੇ। ਸ਼ੁਕਰ ਕਰ ਪੁੱਤਰ, ਸ਼ੁਕਰ ! ਜੇ ਇੰਡੀਆ 'ਚ ਹੁੰਦਾ ਤਾਂ ਮਸਾਂ ਕਿਤੇ ਸਕੂਟਰੀ ਜੁੜਨੀ ਸੀ। ਉਹ ਵੀ ਜੇ ਦੋਵੇਂ ਕੰਮ ਕਰਦੇ ਹੁੰਦੇ ।"

ਜਦੋਂ ਦੀ ਮਾਸੀ ਇੰਗਲੈਂਡ ਆਈ ਸੀ, ਹੋਰ ਦੀ ਹੋਰ ਹੋ ਗਈ ਸੀ। ਉਹ ਇੰਗਲੈਂਡ ਦੀ ਇੱਥੋਂ ਤੀਕ ਦਿਵਾਨੀ ਹੋ ਗਈ ਕਿ ਇੱਕ ਦਿਨ ਮੈਨੂੰ ਤੇ ਮੇਰੀ ਪਤਨੀ ਨੂੰ ਆਖਣ ਲੱਗੀ, "ਬੇਟਾ ! ਮੈਂ ਤਾਂ ਬਲਵੰਤ ਨੂੰ ਆਖਣ ਲੱਗੀ ਜ਼ਰਾ ਝਿਜਕਦੀ ਆਂ। ਤੁਸੀਂ ਮੌਕਾ ਵੇਖ ਕੇ ਗੱਲ ਕਰਨਾ । ਜੇ ਉਹ ਮੈਨੂੰ ਪੱਕੇ ਤੌਰ 'ਤੇ ਇੱਥੇ ਰੱਖ ਲਵੇ ਤਾਂ ਮੇਰੀ ਵੀ ਅੰਤਲੀ ਉਮਰ ਸੁਰਗ ਵਿੱਚ ਕੱਟ ਜਾਵੇਗੀ। ਜਦੋਂ ਵਾਪਸ ਜਾਣ ਦਾ ਖ਼ਿਆਲ ਆਂਦਾ ਏ ਤਾਂ ਹੌਲ ਪੈਣ ਲੱਗ ਜਾਂਦਾ ਏ। ਫਿਰ

ਹੌਲ਼ੀ-ਹੌਲ਼ੀ ਉਹਦੇ ਬਾਊ ਜੀ ਵੀ ਆ ਜਾਣਗੇ। ਸਾਡਾ ਦੋਹਾਂ ਦਾ ਜਹਾਨ 'ਤੇ ਆਣਾ ਸੁਫਲਾ ਹੋ ਜਾਵੇਗਾ। ਪਰਮਾਤਮਾ ਤੁਹਾਨੂੰ ਭਾਗ ਲਾਵੇ।"

ਇੱਕ ਦਿਨ ਮੈਂ ਬਿਮਾਰ ਹੋ ਗਿਆ ਤੇ ਘਰ ਵਿੱਚ ਇਕੱਲਾ ਪਿਆ-ਪਿਆ ਅੱਕ ਗਿਆ। ਮਾਸੀ ਨੂੰ ਫ਼ੋਨ ਕੀਤਾ ਕਿ ਜੇ ਸੰਭਵ ਹੋਵੇ ਤਾਂ ਆ ਜਾਵੇ। ਮਾਸੀ ਜਿੱਥੇ ਖਲੋਤੀ ਸੀ, ਉੱਥੋਂ ਹੀ ਆ ਗਈ। ਬੜੇ ਫ਼ਿਕਰ ਨਾਲ਼ ਪੁੱਛਣ ਲੱਗੀ, "ਕੀ ਗੱਲ, ਬੇਟਾ ! ਠੀਕ ਤਾਂ ਹੋ ?"

"ਮਾਸੀ ਜੀ, ਬੁਖ਼ਾਰ ਸੀ, ਜ਼ਰਾ । ਮੈਂ ਆਖਿਆ ਚੱਲੋ ਛੁੱਟੀ ਹੀ ਲੈ ਲੈਂਦੇ ਆਂ ਪਰ ਇਹ ਮੜ੍ਹੀਆਂ ਵਰਗੀ ਚੁੱਪ ਖਾਣ ਨੂੰ ਆਉਂਦੀ ਐ। ਕੀ ਜ਼ਿੰਦਗੀ ਐ ? ਸੱਤ ਸਾਲ ਏਸ ਮਕਾਨ ਵਿੱਚ ਰਹਿੰਦਿਆਂ ਹੋ ਗਏ ਪਰ ਕਦੇ ਕੋਈ ਗੁਆਂਢੀ ਸਾਡੇ ਘਰ ਨੀ ਆਇਆ। ਉਸ ਮੁਲਕ ਵਿੱਚ ਰਹਿਣ ਦਾ ਕੀ ਹੱਜ ਐ ਜਿੱਥੇ ਸੌ 'ਚੋਂ ਪਚੰਨਵੇਂ ਬੰਦੇ ਤੁਹਾਨੂੰ ਜਾਣਦੇ ਹੀ ਨਾ ਹੋਣ।"

ਜ਼ਾਹਰ ਹੈ ਕਿ ਮਾਸੀ ਨੂੰ ਮੇਰੀ ਗੱਲ ਪਸੰਦ ਨਹੀਂ ਸੀ ਆਉਣੀ ਤੇ ਨਾ ਹੀ ਆਈ। ਉਹ ਬਹੁਤ ਪਿਆਰ ਪਰ ਬਹੁਤ ਹੀ ਦ੍ਰਿੜ੍ਹਤਾ ਨਾਲ਼ ਬੋਲੀ, "ਵੇਖ ਬੇਟਾ, ਉਂਝ ਤਾਂ ਤੇਰੀ ਮਰਜ਼ੀ ਏ ਪਰ ਤੂੰ ਮੜ੍ਹੀਆਂ-ਸਿਵਿਆਂ ਵਰਗੇ ਕੁਲਹਿਣੇ ਤੇ ਨਹਿਸ਼ ਬੋਲ ਨਾ ਬੋਲਿਆ ਕਰ। ਤੇਰੀ ਘਰਵਾਲੀ, ਤੇਰਾ ਪੁੱਤ, ਤੇਰੀ ਨੂੰਹ, ਤੇਰੀ ਧੀ--ਵੇਖ ਕਿੰਨਾ ਖ਼ੁਸ਼ ਪਰਿਵਾਰ ਏ, ਤੇਰਾ। ਸਭ ਤੋਂ ਵੱਡੀ ਗੱਲ ਇਹ ਕਿ ਇੰਗਲੈਂਡ ਵਰਗੇ ਸੁਰਗ 'ਚ ਬੈਠਾ ਏਂ। ਸੌ ਵਾਰ ਧਰਤੀ ਨਿਮਸ਼ਕਾਰ ਪੁੱਤਰ। ਜਿੱਥੇ ਤੀਕ ਲੋਕਾਂ ਦੀ ਗੱਲ ਏ, ਇੰਡੀਆ ਵਿੱਚ ਵੀ ਲੋਕ ਹੁਣ ਪਹਿਲਾਂ ਵਾਂਗ ਮਿਲਣਸਾਰ ਨਹੀਂ ਰਹੇ। ਚੰਡੀਗੜ੍ਹ ਵਰਗੇ ਸ਼ਹਿਰਾਂ ਵਿੱਚ ਵੀ ਇੱਕ ਗੁਆਂਢੀ ਦੀ ਦੂਜੇ ਗੁਆਂਢੀ ਨਾਲ਼ ਕੋਈ ਸਾਂਝ ਨਹੀਂ । ਸਾਰੇ ਅੱਗ ਲੱਗੀ ਵਾਂਗ ਫਿਰਦੇ ਨੇ। .... ਏਥੇ ਪੁੱਤਰ, ਬੜੀਆਂ ਬਹਾਰਾਂ ਨੇ । ਅਖਰੋਟ ਜੇਡੀ ਤਾਂ ਬਦਾਮ ਦੀ ਗਿਰੀ ਏ, ਏਥੇ। ਕਾਜੂ, ਲੌਂਗ-ਲਾਚੀਆਂ ਕਿਵੇਂ ਰੁਲ਼ਦੇ ਫਿਰਦੇ ਨੇ । ਨਾ ਮੇਰਾ ਪੁੱਤਰ, ਮੜ੍ਹੀਆਂ ਵਰਗੇ ਬੋਲ ਨਾ ਬੋਲਿਆ ਕਰ।"

ਪਰ ਅੱਜ ਮਾਸੀ ਨੂੰ ਕੀ ਹੋ ਗਿਆ ਸੀ ? ਉਹ ਤੇ ਉਦਾਸ ਜਾਪ ਰਹੀ ਸੀ।

ਮੈਂ ਹੁਣ ਤੁਰਿਆ ਜਾ ਰਿਹਾ ਸਾਂ ਅਤੇ ਮਾਸੀ ਦੇ ਘਰ ਤੋਂ ਬਹੁਤ ਦੂਰ ਨਹੀਂ ਸਾਂ। ਹਾਈ ਐਸ਼ ਵਿੱਚੋਂ ਲਿੰਟਨ ਰੋਡ 'ਤੇ ਪੈ ਗਿਆ ਸੀ। ਕਿਣ-ਮਿਣ ਹੋ ਰਹੀ ਸੀ। ਹਲਕੀ-ਹਲਕੀ ਧੁੰਦ ਦੀ ਚਾਦਰ ਦੀ ਬੁੰਬ ਮਾਰੀ ਮਕਾਨਾਂ ਦੀਆਂ ਕਤਾਰਾਂ ਇੰਞ ਖਲੋਤੀਆਂ ਸਨ, ਜਿਵੇਂ ਕਿਸੇ ਆਦਮਖੋਰ ਦਿਉ ਦਾ ਪਹਿਰਾ ਹੋਵੇ । ਸਿਰਫ਼ ਘਰ ਖਲੋਤੇ ਸਨ, ਬੰਦੇ ਦੀ ਜ਼ਾਤ ਤੀਕ ਨਜ਼ਰ ਨਹੀਂ ਸੀ ਆ ਰਹੀ । ਏਨੇ ਸੋਹਣੇ ਘਰ ਬੰਦੇ ਦੀ ਜ਼ਾਤ ਬਿਨਾਂ ਕਿੰਨੇ ਭਿਆਨਕ ਲੱਗ ਰਹੇ ਸਨ। ਕਾਲ਼ੀ ਛੱਤ ਦੀ ਟੀਸੀ 'ਤੇ ਇੱਕ ਕਾਲ਼ੇ ਪੰਛੀ ਨੇ ਧੌਣ ਚੁੱਕੀ ਤੇ ਉੱਡ ਗਿਆ। ਚੁੱਪ ਹੋਰ ਵੀ ਭਿਆਨਕ ਹੋ ਗਈ।

ਮੈਂ ਘੰਟੀ ਵਜਾਈ ਤਾਂ ਮਾਸੀ ਨੇ ਇਕਦਮ ਬੂਹਾ ਖੋਲ੍ਹ ਦਿੱਤਾ, ਜਿਵੇਂ ਮੈਨੂੰ ਹੀ ਉਡੀਕ ਰਹੀ ਹੋਵੇ। ਮੈਂ ਪੈਰਾਂ ਵੱਲ ਝੁਕਿਆ 'ਤੇ ਉਸ ਨੇ ਮੇਰਾ ਸਿਰ ਪਲੋਸਿਆ ਪਰ ਮੇਰੇ ਸਿਰ 'ਤੇ ਜਿਹੜਾ ਹੱਥ ਟਿਕਿਆ, ਉਸ ਵਿੱਚ ਨਾ ਹੀ ਪਹਿਲਾਂ ਵਰਗੀ ਜਾਨ ਸੀ, ਨਾ ਹੀ ਨਿੱਘ ਤੇ ਨਾ ਹੀ ਥਰਥਰਾਹਟ । ਬਿਲਕੁਲ, ਜਿਵੇਂ ਕਿਸੇ ਨੇ ਕੋਈ ਮਰੀ ਹੋਈ ਚੀਜ਼ ਹੌਲ਼ੀ-ਦੇਣੇ ਮੇਰੇ ਸਿਰ 'ਤੇ ਰੱਖ ਦਿੱਤੀ ਹੋਵੇ ।

'ਮਾਸੀ ਜੀ! ਕੀ ਗੱਲ, ਬੁਝੇ-ਬੁਝੇ ਲੱਗਦੇ ਹੋ ?'

ਬੱਸ, ਉਸ ਦੇ ਦੀਦਿਆਂ ਨੂੰ ਜਿਵੇਂ ਬੋਲਾਂ ਦੀ ਹੀ ਉਡੀਕ ਸੀ । ਭੁੱਬਾਂ ਮਾਰ-ਮਾਰ ਰੋਣ ਲੱਗ ਪਈ।

ਮੈਂ ਨੇੜੇ ਹੋ ਗਲ਼ਵੱਕੜੀ ਪਾਂਦਿਆਂ ਆਖਿਆ, "ਮਾਸੀ ਜੀ, ਆਏਂ ਨਾ ਕਰੋ । ਮੈਨੂੰ ਦੱਸੋ, ਕੀ ਗੱਲ ਐ ? ਤੁਹਾਡੀ ਹਰ ਤਕਲੀਫ਼ ਦੂਰ ਕਰਨ ਦੀ ਕੋਸ਼ਿਸ਼ ਕਰਾਂਗੇ ।"

ਸੈੱਟੀ 'ਤੇ ਬਹਿ ਮਾਸੀ ਨੇ ਮੇਰੇ ਅੱਗੇ ਇੰਞ ਹੱਥ ਜੋੜੇ, ਜਿਵੇਂ ਉਸ ਨੇ ਕੋਈ ਬਹੁਤ ਵੱਡੀ ਸੁੱਖ ਸੁੱਖਣੀ ਹੋਵੇ ਤੇ ਮੈਂ ਉਸ ਦੀ ਸੁੱਖ ਪੂਰੀ ਕਰ ਸਕਦਾ ਹੋਵਾਂ । ਮੈਂ ਬੜਾ ਸ਼ਰਮਿੰਦਾ ਹੋ, ਉਸ ਦੇ ਜੁੜੇ ਹੋਏ ਹੱਥ ਖੋਲ੍ਹ ਦਿੱਤੇ ਤੇ ਮਾਸੀ ਨੇ ਆਖਿਆ, "ਪੁੱਤਰ ! ਤੂੰ ਰਹਿੰਦੀ ਦੁਨੀਆ ਤੀਕ ਜੀਵੇਂ, ਤੇਰੀ ਭਾਗਵਾਨ, ਤੇਰੇ ਬੱਚੇ ਜੀਣ ! ਮੇਰੇ 'ਤੇ ਇੱਕ ਅਹਿਸਾਨ ਕਰ। ਬਲਵੰਤ ਨੂੰ ਆਖ ਕਿ ਮੈਨੂੰ ਛੇਤੀ ਤੋਂ ਛੇਤੀ ਇੰਡੀਆ ਭੇਜ ਦੇਵੇ।" ਇੰਞ ਆਖ, ਮਾਸੀ ਮੁੜ ਜ਼ਾਰ-ਜ਼ਾਰ ਰੋਣ ਲੱਗ ਪਈ ।

ਮੈਂ ਤਾਂ ਜਿਵੇਂ ਚਕਰਾ ਹੀ ਗਿਆ ਤੇ ਆਖਿਆ, "ਹੈਂ ! ਤੁਸੀਂ ਤੇ ਇੰਡੀਆ ......?" ਤੁਸੀਂ ਤਾਂ ਇੰਗਲੈਂਡ ਦੀਆਂ ਦਾਤਾਂ ਤੇ ਗੁਣ ਗਾਉਂਦੇ ਨਹੀਂ ਸੀ ਥੱਕਦੇ । ਤੁਸੀਂ ਤਾਂ ਬਾਊ ਜੀ ਨੂੰ ਵੀ ਬੁਲਾ, ਪੱਕੇ ਤੌਰ 'ਤੇ ਇੱਥੇ ਰਹਿਣਾ ਚਾਹੁੰਦੇ ਸੀ .... ਕੀ ਗੱਲ — ਬਲਵੰਤ, ਤੁਹਾਡੀ ਨੂੰਹ ਜਾਂ ਬੱਚਿਆਂ ਨੇ ਤਾਂ ਨੀ ਕੁਝ ਆਖਿਆ ਤੁਹਾਨੂੰ ?"

ਮਾਸੀ ਜ਼ਰਾ ਸੰਭਲੀ ਤੇ ਬੋਲੀ,"ਪੁੱਤਰ, ਦੁੱਖ ਤਾਂ ਇਹੀ ਏ ਕਿ ਇੱਥੇ ਕੋਈ ਕਿਸੇ ਨੂੰ ਕੁਝ ਨਹੀਂ ਕਹਿੰਦਾ । ਸਵੇਰੇ ਤਾਂ ਪਤਾ ਹੀ ਨਹੀਂ ਲੱਗਦਾ, ਉਹ ਕਦੋਂ ਚਲੇ ਜਾਂਦੇ ਨੇ। ਰਾਤ ਨੂੰ ਕਿਤੇ ਦਸ ਵਜੇ ਤੋਂ ਵੀ ਪਿੱਛੋਂ ਆਉਂਦੇ ਨੇ ਤੇ ਇੰਨੇ ਥੱਕੇ ਹੋਏ ਹੁੰਦੇ ਨੇ ਕਿ ਜੇ ਮੈਂ ਕੋਈ ਗੱਲ ਕਰਾਂ ਜਾਂ ਤਾਂ ਲਾਹ ਕੇ ਰੱਖ ਦਿੰਦੇ ਨੇ ਜਾਂ ਹਾਂ - ਹੂੰ ਕਰ ਛੱਡਦੇ ਨੇ। ਬੱਸ ਬੀਅਰ—ਦਾਰੂ ਪੀ, ਦੋ ਰੋਟੀਆਂ ਨਿਗਲ਼, ਆਪਣੇ ਕਮਰੇ ਵੱਲ ਨੱਸ ਜਾਂਦੇ ਨੇ। ਮੈਂ ਆਖਨੀਆਂ — 'ਬੰਤ ਬੇਟਾ!' ਆਹ ਇੰਡੀਆ ਤੋਂ ਤੇਰੇ ਬਾਊ ਜੀ ਦੀ ਚਿੱਠੀ ਆਈ ਹੈ, ਨਾਲ਼ੇ ਤੇਰੀ ਭੈਣ ਦੀ ਵੀ। ... ਬੱਸ ਬੇਦਿਲੀ ਜਿਹੀ ਨਾਲ਼ ਆਖ ਦੇਵੇਗਾ — ਬੀਬੀ, ਤੂੰ ਹੀ ਜਵਾਬ ਦੇ ਦੇਵੀਂ। ਮੇਰੇ ਕੋਲ਼ ਪੜ੍ਹਨ ਦਾ ਵਕਤ ਨਹੀਂ ਏ !"

ਤੁਸੀਂ ਮਾਸੀ ਜੀ, ਆਪਦੀ ਨੂੰਹ ਨਾਲ਼ ਗੱਲ-ਬਾਤ ਕਰਿਆ ਕਰੋ। ਉਹਦੇ ਨਾਲ਼ ਦੁਕਾਨ 'ਤੇ ਚਲੇ ਜਾਇਆ ਕਰੋ। ਔਰਤਾਂ ਨਾਲ਼ ਔਰਤਾਂ ਦੀ ਬੜੀ ਸਾਂਝ ਹੁੰਦੀ ਐ।.... ਮੈਂ ਮਾਸੀ ਨੂੰ ਇਸ ਭਵ-ਸਾਗਰ 'ਚੋਂ ਕੱਢਣ ਲਈ ਸੁਝਾਅ ਦਿੱਤਾ ।

ਮਾਸੀ ਹੱਸੀ — ਉਦਾਸ ਤੇ ਵਿਅੰਗਮਈ ਹਾਸਾ ਤੇ ਆਖਣ ਲੱਗੀ, "ਵੇਖ ਪੁੱਤਰ, ਗੱਲ ਕੀਤੀ ਦੂਰ ਚਲੀ ਜਾਂਦੀ ਏ। ਇਹ ਕੋਈ ਨੋਂਹ ਏ ? ਇਸ ਦੀ ਸਿਰਫ਼ ਸ਼ਕਲ ਹੀ ਇੰਡੀਅਨ ਏ, ਬਾਕੀ ਸਭ ਕੁਝ ਗੋਰੀਆਂ ਤੋਂ ਵੀ ਭੈੜਾ ਏ। ਏਹਨੇ ਕਦੀ ਮੇਰੇ ਪੈਰਾਂ ਨੂੰ ਹੱਥ ਨੀ ਲਾਇਆ। ਕਦੀ ਨੀ ਆਖਿਆ ਕਿ ਬੀਬੀ, ਕੋਈ ਆਪਣੀ ਸੱਭਿਅਤਾ ਜਾਂ ਮਾਣ-ਮਰਯਾਦਾ ਬਾਰੇ ਗੱਲ ਸੁਣਾਓ। ਇੱਕ ਦਿਨ ਕਹੇ-ਕਹਾਏ ਮੈਨੂੰ ਦੁਕਾਨ 'ਤੇ ਲੈ ਤਾਂ ਗਈ ਪਰ ਪਿਛਲੇ ਪਾਸੇ ਇੱਕ ਖੁਰੇ ਜਿੰਨੀ ਥਾਂ ਸੀ, ਜਿੱਥੇ ਮੈਨੂੰ ਪੰਦਰਾਂ ਘੰਟੇ ਤਾੜੀ ਰੱਖਿਆ। ਸਾਹ ਘੁਟ ਗਿਆ, ਮੇਰਾ। ਔਂਤਰੀ ਕੈਦ ਵਿੱਚ ਪਤਾ ਨੀ ਲੋਕ ਕਿਵੇਂ ਰਹਿ ਲੈਂਦੇ ਨੇ, ਭਾਈ!"

ਤਾਂ ਫਿਰ ਪੋਤੇ-ਪੋਤੀਆਂ ਨਾਲ਼ ਦਿਲ ਪਰਚਾਇਆ ਕਰੋ। ਮੂਲ ਨਾਲ਼ੋਂ ਵਿਆਜ ਪਿਆਰਾ ਹੁੰਦੈ !"

ਮਾਸੀ ਦੇ ਬੁੱਲ੍ਹਾਂ 'ਤੇ ਫਿਰ ਦੁੱਖ ਭਰੀ ਤੇ ਵਿਅੰਗਮਈ ਮੁਸਕਾਨ ਤੜਫੀ, "ਪੋਤੇ — ਪੋਤੀਆਂ.... ਮੁੰਡਾ ਤੇ ਛੋਟੀ ਕੁੜੀ ਤਾਂ ਉਂਞ ਹੀ ਇਹਨਾਂ ਦੇ ਕਹਿਣੇ 'ਚ ਨਹੀਂ। ਮੁੰਡਾ ਤਾਂ ਬਹੁਤਾ ਬਾਹਰ ਹੀ ਫਿਰਦਾ ਰਹਿੰਦਾ ਏ। ਜਦੋਂ ਘਰ ਹੋਵੇ ਤਾਂ ਟੈਲੀ ਦੁਆਲ਼ੇ ਜਾਂ ਆਪਣੇ ਕਮਰੇ ਵਿੱਚ ਕੰਨ-ਖਾਣੇ ਅੰਗਰੇਜ਼ੀ ਦੇ ਗਾਣੇ ਸੁਣਦਾ ਰਹਿੰਦਾ ਏ। ਛੋਟੀ ਕੁੜੀ ਦੇ ਮੈਨੂੰ ਉਂਞ ਹੀ ਲੱਛਣ ਚੰਗੇ ਨੀ ਜਾਪਦੇ। ਕਈ ਵਾਰ ਮੈਂ ਇੱਕ ਭੈੜੇ ਜਿਹੇ ਵਾਲਾਂ ਵਾਲੇ ਮੁੰਡੇ ਨੂੰ ਉਹਦੇ ਨਾਲ਼ ਗੇਟ ਤੀਕ ਆਉਂਦੇ ਵੇਖਿਆ ਏ। ਮੈਂ ਬਲਵੰਤ ਨਾਲ਼ ਗੱਲ ਕਰਨੀ ਤਾਂ ਠੀਕ ਨੀ ਸਮਝੀ ਕਿ ਕੁੜੀ ਨੂੰ ਧੋਲ-ਧੱਫਾ ਨਾ ਕਰੇ। ਨੂੰਹ ਨਾਲ਼ ਗੱਲ ਕੀਤੀ ਸੀ। ਪਤਾ ਈ, ਉਸ ਨੇ ਕੀ ਜਵਾਬ ਦਿੱਤਾ ?"

"ਕੀ ਜਵਾਬ ਦਿੱਤਾ ?"

ਆਖਣ ਲੱਗੀ, "ਬੀਬੀ, ਇੰਡੀਆ ਦਾ ਮੁੰਡਾ ਤਾਂ ਸਾਡੀਆਂ ਕੁੜੀਆਂ ਨੇ ਲੈਣਾ ਨਹੀਂ। ਸਾਡੇ ਕੋਲ਼ ਮੁੰਡੇ ਲੱਭਣ ਦਾ ਵਕਤ ਨਹੀਂ। ਸਗੋਂ ਚੰਗਾ ਹੈ ਕਿ ਆਪੇ ਲੱਭ ਲੈਣਗੀਆਂ ....." ਕੀ ਆਖਦੀ, ਮੈਂ ? 'ਬੱਸ ਚੁੱਪ-ਚਾਪ ਸੁਣ ਲਈ ਤੇ ਪੀ ਗਈ ਪਰ ਸਾਰੀ ਰਾਤ ਆਪਣੇ-ਆਪ ਵਿੱਚ ਰਿੱਝਦੀ ਰਹੀ। .... ਹੇ ਭਗਵਾਨ ! ਏਥੇ ਵੱਸਦੇ ਲੋਕਾਂ ਦਾ ਕੀ ਬਣੇਗਾ ?'

ਮੈਂ ਮਾਸੀ ਨੂੰ ਜ਼ਰਾ ਰੰਗ ਵਿੱਚ ਲਿਆਉਣ ਲਈ ਆਖਿਆ, "ਤੁਸੀਂ ਕੋਈ ਫ਼ਿਕਰ ਨਾ ਕਰੋ। ਇਹਨਾਂ ਕੋਲ਼ ਪੈਸੇ ਬਥੇਰੇ ਨੇ । ਇਹਨਾਂ ਦੇ ਬਹੁਤ ਸੋਹਣੇ ਬਕਸੇ ਬਣਨਗੇ। ਨਾ ਕਿਸੇ ਨੂੰ ਫੁੱਲ ਚੁਗਣੇ ਪੈਣਗੇ ਤੇ ਨਾ ਹਰਦਵਾਰ ਜਾਣਾ ਪਵੇਗਾ। ਇਹ ਲੋਕ ਬੇਹੱਦ ਖ਼ੁਸ਼ ਨੇ ਆਪਣੀ ਉੱਲੂਆਂ ਦੀ ਦੁਨੀਆ ਵਿੱਚ। ਇਹ ਬਿਲਕੁਲ ਪਸੰਦ ਨਹੀਂ ਕਰਦੇ ਕਿ ਕੋਈ ਇਹਨਾਂ ਲਈ ਚਿੰਤਾ ਕਰੇ।... ਬੜੀ ਕੁੜੀ ਤਾਂ ਬੜੀ ਚੰਗੀ ਐ। ਉਹਦੇ ਨਾਲ਼ ਗੱਲ-ਬਾਤ ਕਰਿਆ ਕਰੋ।"

"ਚੰਗੀ ਤਾਂ ਸ਼ਾਇਦ ਹੋਵੇਗੀ ਪਰ ਬੋਲੀ ਦੀ ਕੋਈ ਸਾਂਝ ਨਹੀਂ। ਬੱਸ, ਹੈਲੋ ਤੇ ਗੁੱਡ ਨੈਟ ਕਰਨ ਲੱਗੀ ਮੈਨੂੰ ਚੁੰਮ ਜ਼ਰੂਰ ਲੈਂਦੀ ਏ। ਘੜੀ ਕੁ ਕਾਲਜੇ ਵਿੱਚ ਠੰਢ ਪੈ ਜਾਂਦੀ ਏ। ਬੱਸ, ਮੁੜ ਉਹੀ ਚੁੱਪ ਤੇ ਉਦਾਸੀ ਜਿਹੜੀ ਘੰਟਿਆਂਬੱਧੀ ਨਹੀਂ ਟੁੱਟਦੀ।"

ਮਾਸੀ ਦੀਆਂ ਗੱਲਾਂ ਤੋਂ ਮੈਂ ਉਸ ਦੀ ਹਾਲਤ ਦਾ ਅੰਦਾਜ਼ਾ ਲਾ ਬੜਾ ਫ਼ਿਕਰਮੰਦ ਹੁੰਦਾ ਜਾ ਰਿਹਾ ਸਾਂ। ਕੋਈ ਨਾ ਕੋਈ ਤਾਂ ਰੁਝੇਵਾਂ ਚਾਹੀਦਾ ਹੈ। ਇੰਞ ਤਾਂ ਪਾਗਲ ਹੋ ਜਾਵੇਗੀ, ਵਿਚਾਰੀ! ਇਸੇ ਹਾਲਤ ਦੇ ਹੱਲ ਲਈ ਮੈਂ ਕੁਝ ਨਾ ਕੁਝ ਪੁੱਛੀ-ਦੱਸੀ ਜਾ ਰਿਹਾ ਸਾਂ।

"ਬੱਚਿਆਂ ਲਈ ਖਾਣਾ ਬਣਾਇਆ ਕਰੋ। ਨਾਲ਼ੇ ਇਹ ਸੁਆਦ ਲੈਣਗੇ, ਨਾਲ਼ੇ ਤੁਹਾਡਾ ਵਕਤ ਕਟ ਜਾਇਆ ਕਰੇਗਾ।"

ਮਾਸੀ ਡਾਢੇ ਦੁੱਖ ਨਾਲ਼ ਬੋਲੀ, "ਪੰਜੇ ਜਣਿਆਂ ਦੇ ਪੰਜਾਹ ਰਾਹ ਨੇ। ਕੋਈ ਕਿਸੇ ਨੂੰ ਖੇਚਲ਼ ਹੀ ਨਹੀਂ ਦਿੰਦਾ। ਇੰਡੀਆ ਵਿੱਚ ਸਵੇਰੇ-ਸ਼ਾਮ ਨਿਆਣਿਆਂ ਨੇ ਅਸਮਾਨ ਸਿਰ 'ਤੇ ਚੁੱਕਿਆ ਹੁੰਦਾ ਏ ਕਿ ਮਾਤਾ ਜੀ, ਮੈਂ ਪਰੌਂਠੀ ਖਾਣੀ ਏ। ਮਾਤਾ ਜੀ, ਮੈਂ ਗੋਭੀ ਨਾਲ਼ ਫੁਲਕਾ ਖਾਣਾ ਏ। ਮਾਤਾ ਜੀ, ਮੈਂ ਚਾਹ ਪੀਣੀ ਏ। ਮਾਤਾ ਜੀ, ਮੈਂ ਦੁੱਧ ਵਿੱਚ ਪੱਤੀ ਪਾ ਕੇ ਪੀਣੀ ਏ.... ਪਰ ਏਥੇ ਕਿਚਨ ਵਿੱਚ ਵੜਦੇ ਨੇ ਤੇ ਡੱਬਿਆਂ 'ਚੋਂ ਕਾਰਨਫ਼ਲੇਕਸ ਪਲੇਟ ਵਿੱਚ ਪਾ, ਵਿੱਚ ਦੁੱਧ ਦੀ ਬੋਤਲ ਉਲੱਦ, ਖਾ ਕੇ ਔਹ ਜਾਂਦੇ ਨੇ ਜਾਂ ਮਾਸ-ਮੱਛੀ ਤਲ਼-ਤਲ਼ ਖਾਈ ਜਾਂਦੇ ਨੇ। ਮੇਰਾ ਤਾਂ ਪੁੱਤਰ, ਧਰਮ ਭ੍ਰਿਸ਼ਟ ਕਰ ਛੱਡਿਆ, ਸੂ! ਇੰਡੀਆ ਜਾਂਦੀ ਹੀ ਪਹਿਲਾਂ ਹਰਦਵਾਰ ਨ੍ਹਾ ਕੇ ਹੀ ਘਰ ਵੜਾਂਗੀ ।"

"ਨਾ, ਮਾਸੀ ਜੀ, ਜਿਊਂਦੇ-ਜੀਅ ਹਰਦਵਾਰ ਨਾ ਜਾਣਾ।" ... ਮੈਂ ਮਜ਼ਾਕ ਕੀਤਾ।

ਪਰ ਮਾਸੀ ਤਾਂ ਹੋਰ ਵੀ ਗੰਭੀਰ ਹੋ ਗਈ ਸੀ। ਅਤਿ ਨਿਮਰਤਾ ਨਾਲ਼ ਬੋਲੀ, "ਪੁੱਤਰ, ਜੇ ਤੂੰ ਮੈਨੂੰ ਇੰਡੀਆ ਘਲਾਉਣ 'ਚ ਮੇਰੀ ਮਦਦ ਕਰੇਂ ਤਾਂ ਮੈਂ ਤੇਰਾ ਅਹਿਸਾਨ ਉਮਰ ਭਰ ਨਹੀਂ ਭੁੱਲਾਂਗੀ। ਨਹੀਂ ਤਾਂ ਮੈਂ ਘੁਟ-ਘੁਟ ਕੇ ਮਰ ਜਾਵਾਂਗੀ।" ਆਖ, ਉਹ ਮੁੜ ਜ਼ਾਰ-ਜ਼ਾਰ ਰੋਣ ਲੱਗ ਪਈ।

ਮੈਂ ਮਾਸੀ ਦੀਆਂ ਅੱਖਾਂ ਪੂੰਝੀਆਂ। ਉਹਦੀਆਂ ਅੱਖਾਂ ਵਿੱਚ ਤਾਂ ਸੂਰਜ ਮਰਿਆ ਪਿਆ ਸੀ। ਮੇਰੀਆਂ ਆਪਣੀਆਂ ਅੱਖਾਂ ਭਰ ਆਈਆਂ। ਤਸੱਲੀ ਦਿੰਦਿਆਂ ਆਖਿਆ, "ਮਾਸੀ ਜੀ, ਕੋਈ ਫ਼ਿਕਰ ਨਾ ਕਰੋ। ਹੁਣ ਤੁਹਾਨੂੰ ਇੰਡੀਆ ਜਾਣਾ ਹੀ ਚਾਹੀਦੈ। ਨਹੀਂ ਤਾਂ, ਤੁਹਾਨੂੰ ਇਹ ਮੜ੍ਹੀਆਂ ਵਰਗੀ ਇਕੱਲ ਨਿਗਲ਼ ਜਾਵੇਗੀ।"

ਮੈਂ ਮਾਸੀ ਨੂੰ ਅੱਖਾਂ ਪੂੰਝਣ ਲਈ ਟਿਸ਼ੂ ਫੜਾਇਆ। ਮੇਰੇ ਵੱਲੋਂ ਦਰਸਾਈ ਹਮਦਰਦੀ ਤੇ ਤਸੱਲੀ ਨਾਲ਼ ਮਾਸੀ ਜ਼ਰਾ ਸੰਭਲ਼ ਗਈ ਤੇ ਆਪਣੇ ਆਪੇ ਵਿੱਚ ਆਉਂਦੀ ਆਖਣ ਲੱਗੀ, "ਪੁੱਤਰ! ਮੈਂ ਤਾਂ ਆਪ ਮਰ ਕੇ ਵੇਖ ਲਿਆ ਏ। ਇਹ ਤਾਂ ਮੜ੍ਹੀਆਂ ਤੋਂ ਵੀ ਦੂਰ ਦੀ ਕੋਈ ਸ਼ੈਅ ਏ। ਮੜ੍ਹੀਆਂ ਵਿੱਚ ਤਾਂ ਫਿਰ ਵੀ ਚੜ੍ਹਦੀ ਧੁੱਪ ਆਂਦੀ ਏ। ਵਾ ਵਗਦੀ ਏ। ਪੰਛੀ ਚਹਿਕਦੇ ਨੇ ......"

### ਸ਼ਬਦ-ਅਰਥ :

**ਕਾਂਗਿਆਰੀ** – ਕਣਕ ਵਿੱਚ ਉੱਗੀ ਬੂਟੀ। **ਕੀਲ ਲਿਆ** – ਵੱਸ ਵਿੱਚ ਕਰ ਲਿਆ, ਬੰਨ੍ਹ ਲਿਆ। **ਮਾਈਂਡ ਕਰਨਾ** – ਮਹਿਸੂਸ ਕਰਨਾ, ਬੁਰਾ ਮਨਾਉਣਾ। **ਡ੍ਰਿੱਕਲ਼** – ਮੋਢਿਆਂ ਅਤੇ ਧੌਣ ਦਾ ਵਿਚਲਾ ਹਿੱਸਾ।

## ਪਾਠ-ਅਭਿਆਸ

1. 'ਮੜ੍ਹੀਆਂ ਤੋਂ ਦੂਰ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।
2. ਵਿਦੇਸ਼ੋਂ (ਇੰਗਲੈਂਡ) ਆਏ ਬਲਵੰਤ ਰਾਏ ਨੂੰ ਉਸ ਦੀ ਮਾਂ ਕੀ ਕਹਿੰਦੀ ਹੈ ?
3. ਲੇਖਕ ਦੀ ਮਾਸੀ ਦਾ ਸੁਭਾਅ ਕਿਹੋ-ਜਿਹਾ ਹੈ ?
4. ਵਿਦੇਸ਼ ਵਿੱਚ ਰਹਿੰਦੇ ਭਾਰਤੀ ਬੱਚਿਆਂ ਦਾ ਆਪਣੇ ਮਾਪਿਆਂ ਪ੍ਰਤਿ ਕਿਹੋ-ਜਿਹਾ ਵਤੀਰਾ ਹੈ ?
5. ਮਾਸੀ ਵੱਲੋਂ ਅਜਿਹੀ ਕਿਹੜੀ ਗੱਲ ਕਹੀ ਗਈ ਜਿਸ ਨੇ ਲੇਖਕ ਨੂੰ ਕੀਲ ਲਿਆ ?

6. ਮਾਸੀ ਨੇ ਲੇਖਕ ਨੂੰ ਮੜ੍ਹੀਆਂ-ਸਿਵਿਆਂ ਵਰਗੇ ਨਹਿਸ਼ ਬੋਲ ਬੋਲਣ ਤੋਂ ਕਿਉਂ ਵਰਜਿਆ ?
7. "ਮੈਂ ਆਖਨੀਆਂ—ਬੱਤ ਬੇਟਾ। ਆਹ ਇੰਡੀਆ ਤੋਂ ਤੇਰੇ ਬਾਊ ਜੀ ਦੀ ਚਿੱਠੀ ਆਈ ਹੈ ਨਾਲੇ ਤੇਰੀ ਭੈਣ ਦੀ ਵੀ", ਮਾਸੀ ਨੇਂ ਇਹ ਸ਼ਬਦ ਲੇਖਕ ਨੂੰ ਕਿਉਂ ਕਹੇ ?
8. ਮਾਸੀ ਇੰਗਲੈਂਡ ਤੋਂ ਇੰਡੀਆ ਨੂੰ ਮੁੜ ਕਿਉਂ ਪਰਤ ਆਉਣਾ ਚਾਹੁੰਦੀ ਹੈ ?

* * * * *

# ਵਰਿਆਮ ਸਿੰਘ ਸੰਧੂ
(1945)

## ਲੇਖਕ ਬਾਰੇ :

ਵਰਿਆਮ ਸਿੰਘ ਸੰਧੂ ਦਾ ਜਨਮ 10 ਸਤੰਬਰ, 1945 ਈ: ਨੂੰ ਮਾਤਾ ਸ੍ਰੀਮਤੀ ਜੋਗਿੰਦਰ ਕੌਰ ਅਤੇ ਪਿਤਾ ਸ੍ਰੀ ਦੀਦਾਰ ਸਿੰਘ ਦੇ ਘਰ, ਪਿੰਡ ਚਵਿੰਡਾ ਕਲਾਂ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਉਹ ਐੱਮ. ਫਿਲ, ਪੰਜਾਬੀ ਹਨ। ਉਹ ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਵਿੱਚ ਪੰਜਾਬੀ ਦੇ ਲੈਕਚਰਾਰ ਲੱਗੇ ਰਹੇ ਅਤੇ ਉੱਥੋਂ ਹੀ ਸੇਵਾ-ਮੁਕਤ ਹੋਏ।

ਸੰਧੂ ਪੰਜਾਬੀ ਦੇ ਸਿਰਮੌਰ ਕਹਾਣੀਕਾਰਾਂ ਵਿੱਚੋਂ ਹਨ। ਉਹਨਾਂ ਨੇ ਪੰਜਾਬੀ ਕਹਾਣੀ ਦੇ ਮੁਹਾਂਦਰੇ ਨੂੰ ਬਦਲ ਕੇ ਰੱਖ ਦਿੱਤਾ। ਉਹਨਾਂ ਨੇ ਆਪਣੀਆਂ ਕਹਾਣੀਆਂ ਵਿੱਚ ਅਜੋਕੇ ਪੇਂਡੂ ਸਮਾਜ ਦੀ ਛੋਟੀ ਕਿਰਸਾਨੀ, ਕਿਰਤੀਆਂ ਅਤੇ ਨਿਮਨ ਮੱਧ-ਵਰਗੀ ਪਾਤਰਾਂ ਦੇ ਦੁਖਾਂਤ ਨੂੰ ਬੜੀ ਡੂੰਘਾਈ ਨਾਲ ਬਿਆਨਿਆ ਹੈ।

ਉਹਨਾਂ ਦੇ ਚਾਰ ਕਹਾਣੀ-ਸੰਗ੍ਰਹਿ : 'ਲੋਹੇ ਦੇ ਹੱਥ', 'ਅੰਗ-ਸੰਗ, 'ਭੱਜੀਆਂ ਬਾਹੀਂ' ਅਤੇ 'ਚੌਥੀ ਕੂਟ' ਛਪ ਚੁੱਕੇ ਹਨ। 'ਚੌਥੀ ਕੂਟ' ਕਹਾਣੀ-ਸੰਗ੍ਰਹਿ ਨੂੰ ਸਾਹਿਤ ਅਕਾਦਮੀ, ਦਿੱਲੀ ਪੁਰਸਕਾਰ ਪ੍ਰਾਪਤ ਹੋਇਆ। ਵਰਿਆਮ ਸਿੰਘ ਸੰਧੂ ਨੇ ਸਫ਼ਰਨਾਮੇ, ਇੱਕ ਜੀਵਨੀ ਅਤੇ ਤਿੰਨ ਆਲੋਚਨਾ ਦੀਆਂ ਪੁਸਤਕਾਂ ਵੀ ਲਿਖੀਆਂ ਹਨ। ਲੰਮੀ ਕਹਾਣੀ ਨੇ ਸੰਧੂ ਨੂੰ ਬੇਹੱਦ ਪ੍ਰਸਿੱਧੀ ਤੇ ਪ੍ਰਵਾਨਗੀ ਹਾਸਲ ਕਰਵਾਈ।

ਹਥਲੀ ਪਾਠ-ਪੁਸਤਕ ਵਿੱਚ ਵਰਿਆਮ ਸਿੰਘ ਸੰਧੂ ਦੀ ਪ੍ਰਤਿਨਿਧ ਕਹਾਣੀ 'ਅੰਗ-ਸੰਗ' ਸ਼ਾਮਲ ਕੀਤੀ ਗਈ ਹੈ।

## ਕਹਾਣੀ ਬਾਰੇ :

ਇਸ ਕਹਾਣੀ ਵਿੱਚ ਲੇਖਕ ਨੇ ਛੋਟੇ ਕਿਰਸਾਣ-ਪਰਿਵਾਰ ਦੀਆਂ ਤੰਗੀਆਂ-ਤੁਰਸ਼ੀਆਂ, ਮਜਬੂਰੀਆਂ ਅਤੇ ਨਸ਼ੇ ਦੀਆਂ ਭੈੜੀਆਂ ਆਦਤਾਂ ਕਾਰਨ ਹੋਈ ਮੰਦਹਾਲੀ ਨੂੰ ਬਖ਼ੂਬੀ ਬਿਆਨ ਕੀਤਾ ਹੈ।

'ਅੰਗ-ਸੰਗ' ਕਹਾਣੀ ਵਿੱਚ ਕਰਤਾਰ ਸਿੰਘ ਨਸ਼ਿਆਂ ਦਾ ਆਦੀ ਸੀ ਜਿਸ ਕਾਰਨ ਉਸ ਨੂੰ ਆਪਣੀ ਜ਼ਿੰਦਗੀ ਤੋਂ ਛੋਟੀ ਉਮਰੇ ਹੀ ਹੱਥ ਧੋਣੇ ਪਏ। ਉਸ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਅਮਰੀਕ ਸਿੰਘ ਜੋ ਸਰਕਾਰੀ ਨੌਕਰੀ ਕਰਦਾ ਹੈ ਤੇ ਬਹੁਤਾ ਘਰੋਂ ਬਾਹਰ ਹੀ ਰਹਿੰਦਾ ਹੈ, ਦੇ ਸਿਰ ਘਰ ਦੀਆਂ ਸਾਰੀਆਂ ਜ਼ੁੰਮੇਵਾਰੀਆਂ ਅਤੇ ਮੁਸੀਬਤਾਂ ਦਾ ਪਹਾੜ ਟੁੱਟ ਪੈਂਦਾ ਹੈ। ਛੋਟੀ ਭੈਣ ਦੇ ਵਿਆਹ ਦੀ ਜ਼ੁੰਮੇਵਾਰੀ ਵੀ ਅਮਰੀਕ ਨੇ ਹੀ ਨਿਭਾਉਣੀ ਸੀ। ਪਿਤਾ ਦੀ ਮੌਤ ਤੋਂ ਬਾਅਦ ਉਹ ਆਪਣੇ-ਆਪ ਨੂੰ ਵੀ ਕੋਸਦਾ ਹੈ ਕਿ ਜੇ ਉਹ ਪਿਤਾ ਦੇ ਜਿਉਂਦਿਆਂ ਉਸ ਵੱਲ ਧਿਆਨ ਦਿੰਦਾ ਤਾਂ ਸ਼ਾਇਦ ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਇਹ ਦਿਨ ਵੇਖਣੇ ਨਾ ਪੈਂਦੇ।

* * * * *

# ਅੰਗ-ਸੰਗ

ਵਰਿਆਮ ਸਿੰਘ ਸੰਧੂ

ਅੱਜ ਭੋਗ ਪੈ ਗਿਆ ਸੀ। ਰਸਮ ਅਨੁਸਾਰ ਵੱਡੇ ਮੁੰਡੇ ਅਮਰੀਕ ਨੂੰ ਨਾਨਕੇ ਜ਼ਿੰਮੇਵਾਰੀ ਦੀ ਪੱਗ ਬਨ੍ਹਾ ਗਏ ਸਨ।

ਸਾਰਾ ਪਰਿਵਾਰ ਹਨੇਰੀ ਰਾਤ ਵਿੱਚ ਬਾਹਰ ਆਪੋ - ਆਪਣੀਆਂ ਮੰਜੀਆਂ 'ਤੇ ਲੇਟਿਆ ਹੋਇਆ ਸੀ। ਇੱਕ ਚੁੱਪ ਹਨੇਰੇ ਵਾਤਾਵਰਨ ਵਿੱਚ ਤਣੀ ਹੋਈ ਸੀ। ਉਹ ਜੋ ਜਾ ਚੁੱਕਾ ਸੀ, ਅਜੇ ਵੀ ਮੁਸਕਰਾਉਂਦਾ, ਹੱਸਦਾ, ਗੁੱਸੇ ਹੁੰਦਾ, ਰੋਂਦਾ, ਮੱਝਾਂ ਚੋਂਦਾ, ਪੱਠੇ ਕੁਤਰਦਾ, ਡੰਗਰ ਖੋਲ੍ਹਦਾ-ਬੰਨ੍ਹਦਾ, ਉਹਨਾਂ ਨੂੰ ਪਾਣੀ ਪਿਆਉਂਦਾ, ਹਲ਼ ਵਾਹੁੰਦਾ, ਜੀਆਂ ਨੂੰ ਵਰਚਾਉਂਦਾ, ਮਾਰਦਾ-ਕੁੱਟਦਾ, ਵੱਖ-ਵੱਖ ਰੂਪਾਂ ਵਿੱਚ ਸਾਰੇ ਜੀਆਂ ਦੇ ਮਨ ਅੰਦਰ ਚੱਲਦੀ ਫ਼ਿਲਮ ਵਾਂਗ ਚਿਹਰੇ ਬਦਲ ਰਿਹਾ ਸੀ। ਉਹ ਚੁੱਪ ਬੁੱਲ੍ਹਾਂ ਨਾਲ਼ ਉਸ ਨਾਲ਼ ਕੀਤੀਆਂ ਗੱਲਾਂ ਦੁਹਰਾ ਰਹੇ ਸਨ। ਉਹਨਾਂ ਨੂੰ ਲੱਗਦਾ ਸੀ, ਜਿਵੇਂ ਉਹ ਗਿਆ ਨਹੀਂ, ਉਹਨਾਂ ਦੇ ਅੰਗ-ਸੰਗ ਸੀ, ਇਸੇ ਘਰ ਵਿੱਚ। ਉਹਨਾਂ ਦੇ ਕੋਲ਼ ਹੀ ਪਰੇ ਡੰਗਰਾਂ ਕੋਲ਼ ਸੁੱਤਾ ਹੋਇਆ। ਸ਼ਰਾਬ ਵਿੱਚ ਗੁੱਟ।

ਅਮਰੀਕ ਜੋ ਸਰਕਾਰੀ ਮੁਲਾਜ਼ਮ ਸੀ, ਲੇਟਿਆ ਹੋਇਆ ਪਿਛਲੇ ਦਿਨਾਂ ਬਾਰੇ ਸੋਚ ਰਿਹਾ ਸੀ ਜਿਹੜੇ ਦਿਨ ਉਸ ਦੇ ਪਿਤਾ ਕਰਤਾਰ ਸਿੰਘ ਦੀ ਮੌਤ ਤੋਂ ਪਿੱਛੋਂ ਇੱਕ ਕਾਲ਼ੇ ਪਰਛਾਂਵੇਂ ਵਾਂਗ ਉਸ ਦੇ ਨਾਲ਼-ਨਾਲ਼ ਤੁਰੇ ਸਨ। ਇਹਨਾਂ ਦਿਨਾਂ ਵਿੱਚ ਉਹ ਆਪਣੀ ਉਮਰ ਨਾਲੋਂ ਆਪਣੇ — ਆਪ ਨੂੰ ਵੱਡਾ ਮਹਿਸੂਸ ਕਰਨ ਲੱਗ ਪਿਆ ਸੀ, ਜਿਵੇਂ ਕੂਲ਼ੇ ਵਹਿੜਕੇ ਨੂੰ ਹਲ਼ੀਂ ਜੋਅ ਦਿੱਤਾ ਹੋਵੇ। ਉਸ ਨੂੰ ਤਾਂ ਅਜੇ ਇਸ ਦਾ ਚਿੱਤ-ਚੇਤਾ ਵੀ ਨਹੀਂ ਸੀ। ਉਸ ਨੂੰ ਤਾਂ ਛੋਟਾ ਮਹਿੰਦਰ ਲੈਣ ਗਿਆ ਸੀ ਤੇ ਉਸ ਤੋਂ ਹੀ ਪਤਾ ਲੱਗਾ ਸੀ ਕਿ ਕਰਤਾਰ ਸਿੰਘ ਨੇ ਖ਼ਬਰੇ ਰਾਤੀਂ ਬਹੁਤਾ ਨਸ਼ਾ ਪੀ ਲਿਆ ਸੀ ਜਾਂ ਖ਼ਬਰੇ 'ਵਾ ਵੱਜ ਗਈ ਸੀ। ਸਵੇਰੇ ਜਦੋਂ ਚਾਹ ਬਣਾ ਕੇ ਡੰਗਰਾਂ ਕੋਲ਼ ਸੁੱਤੇ ਨੂੰ ਅਮਰੀਕ ਦੀ ਮਾਂ ਜਾਗੀਰ ਕੌਰ ਜਗਾਉਣ ਗਈ ਤਾਂ ਉਹ ਬੇਹੋਸ਼ ਪਿਆ ਸੀ। ਸਾਹ 'ਘਰੜ-ਘਰੜ' ਕਰਕੇ ਆ ਰਿਹਾ ਸੀ। ਉਸੇ ਵੇਲ਼ੇ ਪਿੰਡ ਦੇ ਡਾਕਟਰ ਨੂੰ ਸੱਦਿਆ ਗਿਆ ਤੇ ਉਸ ਦੇ ਜੁਆਬ ਦੇਣ 'ਤੇ ਟੈਕਸੀ ਕਰਕੇ ਉਸ ਨੂੰ ਸ਼ਹਿਰ ਹਸਪਤਾਲ ਲੈ ਆਂਦਾ ਸੀ ਤੇ ਦੂਜੇ ਦਿਨ ਮਹਿੰਦਰ, ਅਮਰੀਕ ਦੀ ਮਾਂ ਤੇ ਅਮਰੀਕ ਤਿੰਨੇ ਕਰਤਾਰ ਸਿੰਘ ਦੀ ਲਾਸ਼ ਸ਼ਾਮ ਦੇ ਘੁਸਮੁਸੇ ਵਿੱਚ ਪਿੰਡ ਲੈ ਆਏ ਸਨ। ਵੱਡੀ ਕੁੜੀ ਬੰਸੋ-ਜੋ ਪਿਓ ਦੀ ਬਿਮਾਰੀ ਸੁਣ ਕੇ ਸਹੁਰਿਓਂ ਆ ਗਈ ਹੋਈ ਸੀ — ਪਿਤਾ ਦੀ ਲਾਸ਼ ਆਈ ਸੁਣ ਕੇ ਚੀਕਾਂ ਮਾਰਦੀ ਹੋਈ ਪਿਓ ਦੀ ਲਾਸ਼ 'ਤੇ ਆ ਡਿੱਗੀ।

ਸਾਰਾ ਪਰਿਵਾਰ ਧਾਹਾਂ ਮਾਰ ਰਿਹਾ ਸੀ। ਲੋਕ ਜੁੜ ਗਏ ਸਨ ....ਤੇ ਉਹ ਸਾਰੀ ਰਾਤ ਉਹਨਾਂ ਦੀ ਰੋਂਦਿਆਂ ਗੁਜ਼ਰੀ ਸੀ। ਸਵੇਰ ਨੂੰ ਦੂਜੀ ਕੁੜੀ ਵੀ ਸਹੁਰਿਆਂ ਤੋਂ ਆ ਗਈ ਸੀ ਤੇ ਹੋਰ ਰਿਸ਼ਤੇਦਾਰਾਂ ਦੇ ਆਉਣ 'ਤੇ ਕਰਤਾਰ ਸਿੰਘ ਦਾ ਸਸਕਾਰ ਕਰ ਦਿੱਤਾ ਗਿਆ ਸੀ।

"ਅਮਰੀਕ ਸਿਆਂ! ਫ਼ਿਕਰ ਨਾ ਕਰ। ਜੋ ਆਇਆ ਸੋ ਚੱਲਸੀ..ਮਾਂਹਰਾਜ 'ਚ ਲਿਖਿਐ...ਜੱਗ ਚੱਲਣੀ ਸਰਾਂ ਐ....। ਉਹਨੂੰ ਲੈ ਬੈਠੇ ਉਹਦੇ ਵੈਲ, ਨਹੀਂ ਤਾਂ ਸਾਡੇ ਤਾਂ ਉਹ ਹੱਥਾਂ 'ਚ ਜੰਮਿਆ ਸੀ। ...ਮਰਿਆਂ ਨਾਲ਼ ਮਰਿਆ ਨਹੀਂ ਜਾਂਦਾ, ਹੀਰਿਆ! ਹੁਣ ਤਾਂ ਸ਼ੇਰਾ, ਟੱਬਰ ਦਾ ਭਾਰ ਸਿਰ ਐ...ਮਰਦ ਬਣ ਤੇ ਜ਼ਿੰਮੇਵਾਰੀ ਸੰਭਾਲ਼ ਬਈ.."

ਇਸ 'ਜ਼ਿੰਮੇਵਾਰੀ' ਤੇ 'ਫ਼ਰਜ਼' ਦੇ ਅਹਿਸਾਸ ਨੇ ਉਸ ਨੂੰ ਇੱਕ ਤਰ੍ਹਾਂ ਵਲ਼ ਪਾ ਲਿਆ ਸੀ। ਨਾਗ ਵਾਂਗੂੰ। ਇਸ ਨਾਗ ਦਾ ਪਹਿਲਾ ਡੰਗ ਉਸ ਨੂੰ ਉਦੋਂ ਵੱਜਾ ਸੀ ਜਦੋਂ ਸੁਸਾਇਟੀ ਦਾ ਇਨਸਪੈਕਟਰ ਕਰਤਾਰ ਸਿੰਘ ਦੀ ਮੌਤ ਤੋਂ ਅੱਠਵੇਂ ਦਿਨ ਪਿੱਛੋਂ ਆਪਣੇ ਅਮਲੇ ਸਮੇਤ ਜੀਪ 'ਤੇ ਆਇਆ ਸੀ ਅਤੇ ਉਸ ਦੇ ਪਿਓ ਦੀ ਮੌਤ ਦਾ ਅਫ਼ਸੋਸ ਕਰਨ ਤੋਂ ਪਿੱਛੋਂ ਰਜਿਸਟਰ ਫਰੋਲ਼ ਕੇ ਸਾਢੇ ਸੋਲ਼ਾਂ ਸੌ ਰੁਪਏ ਖ਼ਾਦ ਦੇ ਕਰਜ਼ੇ ਵਜੋਂ ਉਹਦੇ ਪਿਓ ਦੇ ਨਾਂ 'ਤੇ ਦੱਸਦਿਆਂ ਕਿਹਾ ਸੀ, "ਇਹ ਪੈਸੇ ਉਹਨਾਂ ਦੇ ਮਰਨ ਤੋਂ ਪਿੱਛੋਂ ਕਨੂੰਨ ਅਨੁਸਾਰ ਤੁਹਾਨੂੰ ਯਕਮੁਸ਼ਤ ਜਮ੍ਹਾ ਕਰਾਉਣੇ ਪੈਣੇ ਹਨ।" ਤੇ

ਅਮਰੀਕ ਨੂੰ ਅੱਗੋਂ ਕੁਝ ਅਹੁੜ ਨਹੀਂ ਸੀ ਰਿਹਾ। ਕੁਝ ਮੁਹਲਤ ਜਾਂ ਰਿਆਇਤ ਮੰਗਣ 'ਤੇ ਉਸ ਨੇ ਕਿਹਾ ਸੀ ਕਿ ਉਹ ਦੋ ਕਿਸ਼ਤਾਂ ਵਿੱਚ ਪੈਸੇ ਚੁੱਕਦੇ ਕਰ ਦੇਵੇ। ਪਹਿਲੀ ਕਿਸ਼ਤ ਲਈ ਉਹਨੇ ਪੰਦਰਾਂ ਦਿਨਾਂ ਦੀ ਮੁਹਲਤ ਦਿੱਤੀ ਸੀ। ਇਹ ਰਿਆਇਤ ਵੀ ਉਹ 'ਮੁਲਾਜ਼ਮ' ਭਰਾ ਹੋਣ ਦੇ ਨਾਤੇ ਕਰ ਗਿਆ ਸੀ।

ਛੋਟਾ ਮਹਿੰਦਰ ਕੋਈ ਬਹੁਤਾ 'ਸਾਊ'ਨਹੀਂ ਸੀ ਨਿਕਲਿਆ। ਉਸ ਦਾ ਵਾਹੀ ਵੱਲ ਕੋਈ ਬਹੁਤਾ ਧਿਆਨ ਨਹੀਂ ਸੀ। ਡੰਗਰ ਧੁੱਪੇ ਸੜਦੇ ਰਹਿੰਦੇ ਸਨ ਤੇ ਉਹ ਹਜ਼ਾਰੀ ਟੁੰਡੇ ਦੇ ਕੋਠੇ 'ਤੇ ਉੱਡਦੇ ਕਬੂਤਰਾਂ ਨੂੰ ਅਸਮਾਨ 'ਤੇ ਨਜ਼ਰਾਂ ਗੱਡੀ ਵੇਖਦਾ ਰਹਿੰਦਾ ਸੀ। ਪਿਓ ਨੂੰ ਵੀ ਅੱਗੋਂ ਸਿੱਧਾ ਆਉਂਦਾ ਸੀ। ਉਸ ਤੋਂ ਮੋਢੇ ਨਾਲ ਮੋਢਾ ਜੋੜ ਕੇ ਸੰਕਟ ਵਿੱਚੋਂ ਲੰਘ ਜਾਣ ਦੀ ਬਹੁਤੀ ਆਸ ਨਹੀਂ ਸੀ। ਉਸ ਤੋਂ ਛੋਟੀ ਕੁੜੀ ਅਜੇ ਸੱਤਵੀਂ ਵਿੱਚ ਪੜ੍ਹਦੀ ਸੀ। ਅਮਰੀਕ ਨੇ ਸੋਚਿਆ ਕਿ ਸ਼ੁਕਰ ਰੱਬ ਦਾ, ਕਰਤਾਰ ਸਿੰਘ ਦੋ ਵੱਡੀਆਂ ਕੁੜੀਆਂ ਹੱਥੀਂ ਵਿਆਹ ਗਿਆ ਸੀ, ਨਹੀਂ ਤਾਂ....ਤੇ ਉਸ ਲੰਮਾ ਹੌਕਾ ਭਰਿਆ...ਚੰਗਾ ਸੀ ਜਾਂ ਮਾੜਾ ਭਾਵੇਂ ਸ਼ਰਾਬ ਪੀਂਦਾ ਸੀ ਭਾਵੇਂ ਅਫ਼ੀਮ ਖਾਂਦਾ ਸੀ, ਅਮਰੀਕ ਨੂੰ ਤਾਂ ਪਿਓ ਦੇ ਜਿਊਂਦਿਆਂ ਪਰਿਵਾਰ ਦਾ ਕੋਈ ਫ਼ਿਕਰ ਨਹੀਂ ਸੀ। ਉਹ ਤਾਂ ਮਹੀਨੇ ਪਿੱਛੋਂ ਅੱਧੀ ਤਨਖ਼ਾਹ ਆਪਣੇ ਵਰਤਣ ਲਈ ਰੱਖ ਕੇ ਅੱਧੀ ਤਨਖ਼ਾਹ ਆਪਣੀ ਮਾਂ ਦੇ ਹੱਥ 'ਤੇ ਲਿਆ ਰੱਖਦਾ ਸੀ। ਤਨਖ਼ਾਹ ਨਾਲ ਤੇ ਮਾੜੀ — ਚੰਗੀ ਵਾਹੀ ਨਾਲ ਉਹ ਘਰ ਦਾ ਸਾਰਾ ਖ਼ਰਚ ਤੋਰੀ ਫਿਰਦੇ ਸਨ। ਅਮਰੀਕ ਨੇ ਕਦੀ ਡੂੰਘਾਈ ਵਿੱਚ ਜਾਣ ਦੀ ਕੋਸ਼ਿਸ਼ ਹੀ ਨਹੀਂ ਸੀ ਕੀਤੀ ਕਿ ਘਰ ਦਾ ਸਾਰਾ ਗੁਜ਼ਾਰਾ ਕਿਵੇਂ ਚੱਲ ਰਿਹਾ ਸੀ ? ਦਰਅਸਲ ਉਹਨੂੰ ਪਿਓ ਦੇ ਸ਼ਰਾਬ ਪੀਣ ਤੇ ਅਫ਼ੀਮ ਖਾਣ ਨਾਲ ਇੱਕ ਤਰ੍ਹਾਂ ਦੀ ਚਿੜ੍ਹ ਜਿਹੀ ਸੀ। 'ਜੋ ਮਰਜ਼ੀ ਕਰੇ ਮੇਰੀ ਵੱਲੋਂ' ਉਹਦਾ ਕੁਝ ਇੰਞ ਦਾ ਰਵੱਈਆ ਸੀ। ਉਹ ਅੰਦਰੋ-ਅੰਦਰੀ ਪਿਓ ਤੋਂ ਦੂਰ ਨਾ ਹੁੰਦਾ, ਖ਼ਬਰੇ ਉਹਨੂੰ ਪਿਆਰ ਕਰਦਾ, ਸਮਝਾਉਂਦਾ ਅਤੇ ਉਹ ਇਸ ਹੱਦ ਤੱਕ ਨਾ ਵਧਦਾ, ਜਿਸ ਹੱਦ ਨੂੰ ਲੰਘ ਕੇ ਉਹ ਸ਼ਰਾਬ ਵਿੱਚ ਰੁੜ੍ਹ ਗਿਆ ਸੀ। ਉਹਨੂੰ ਆਪਣਾ — ਆਪ ਵੀ ਆਪਣੇ ਪਿਓ ਦੀ ਮੌਤ ਦਾ ਇੱਕ ਕਾਰਨ ਲੱਗਾ। ਉਹਦੀਆਂ ਅੱਖਾਂ ਵਿੱਚ ਪਾਣੀ ਤੁਰ ਆਇਆ। ਉਸ ਨੇ ਅੱਖਾਂ ਘੁੱਟ ਕੇ ਮੀਚੀਆਂ। ਫਿਰ ਖੋਲ੍ਹੀਆਂ। ਅੱਖਾਂ ਵਿਚਲੇ ਪਾਣੀ ਕਰਕੇ ਅਸਮਾਨ ਦੇ ਤਾਰੇ ਧੁੰਦਲੇ ਹੋ ਗਏ ਸਨ।

ਕਈ ਸਾਲਾਂ ਤੋਂ ਉਹ ਪਿਓ ਨਾਲ ਘੁਟਿਆ-ਘੁਟਿਆ ਰਿਹਾ ਸੀ। ਉਹਨਾਂ ਇੱਕ-ਦੂਜੇ ਨਾਲ ਕਦੀ ਘੱਟ-ਵੱਧ ਹੀ ਦਿਲ ਦੀ ਗੱਲ ਕੀਤੀ ਸੀ। ਉਸ ਨੂੰ ਕਈ ਅਜਿਹੇ ਪਿਓ-ਪੁੱਤਾਂ ਦਾ ਖ਼ਿਆਲ ਆਇਆ ਜੋ ਇੱਕ-ਦੂਜੇ ਨਾਲ ਦੋਸਤਾਂ ਵਾਂਗ ਹੱਸਦੇ, ਪਿਆਰ ਕਰਦੇ, ਗੱਲਾਂ ਕਰਦੇ ਸਨ। ਉਹ ਵੀ ਤਾਂ ਇੰਞ ਕਰ ਸਕਦਾ ਸੀ...ਪਰ ਉਹ ਕੁਝ ਵੀ ਨਹੀਂ ਸਨ ਕਰ ਸਕੇ ਤੇ ਉਹਦਾ ਪਿਓ ਤੁਰ ਗਿਆ ਸੀ...ਛੋਟੀ ਉਮਰ ਵਿੱਚ ਹੀ। ਪੰਜਤਾਲ਼ੀ ਸਾਲ ਵੀ ਕੋਈ ਉਮਰ ਹੁੰਦੀ ਹੈ! ਉਹਦੇ ਅੰਦਰ ਭਰਵੀਂ ਰੀਝ ਜਾਗੀ, ਕਾਸ਼! ਕਿਤੇ ਉਹਦਾ ਪਿਓ ਜਿਊਂਦਾ ਹੋ ਜਾਵੇ ਤੇ ਉਹ ਉਸ ਨਾਲ ਏਨਾ ਪਿਆਰ ਕਰੇ, ਏਨਾ ਪਿਆਰ ਕਰੇ...ਤੇ ਉਹ ਦੂਰ ਬਚਪਨ ਵਿੱਚ ਗੁਆਚ ਗਿਆ। ਨਿੱਕੀ-ਨਿੱਕੀ ਦਾਹੜੀ ਵਾਲਾ ਉਹਦਾ ਪਿਓ ਉਸ ਨੂੰ ਪਹਿਲੀ ਜਮਾਤ ਵਿੱਚ ਦਾਖ਼ਲ ਕਰਾਉਣ ਗਿਆ ਤਾਂ ਮਾਸਟਰ ਮੁਲਖ਼ ਰਾਜ, ਅਮਰੀਕ ਨੂੰ ਉਹਦੀ ਪਿੱਠ ਥਾਪੜਦਿਆਂ ਕਹਿ ਰਿਹਾ ਸੀ, "ਆਹ ਵੇਖ, ਤੇਰੇ ਜਿੱਡੇ ਸਾਰੇ ਮੁੰਡੇ। ਔਹ ਵੇਖ ਖ਼ੁਸ਼ੀਏ ਦਾ ਮੁੰਡਾ ਤੇਰੇ ਤੋਂ ਵੀ ਛੋਟਾ..ਓ ਮੁੰਡਿਓ ! 'ਮਰੀਕੇ ਦਾ ਪਿਓ ਵੀ ਮੇਰੇ ਕੋਲ ਪੜ੍ਹਦਾ ਰਿਹਾ ਜੇ ਤੇ ਹੁਣ', ਮਰੀਕ ਸੁੰਹ ਸਰਦਾਰ ਵੀ ਪੜ੍ਹਿਆ ਕਰੂ, ਆ ਜਾ, ਪੁੱਤਰਾ ! ਆਜਾ!"

ਤੇ ਅਮਰੀਕ ਨੂੰ ਲੱਗਾ, ਉਹਦਾ ਪਿਓ ਵਗਦੇ ਦਰਿਆ ਵਿੱਚ ਉਹਨੂੰ ਇਕੱਲਿਆਂ ਛੱਡ ਕੇ ਪਰਲੇ ਬੰਨੇ 'ਤੇ ਖਲੋਤਾ ਹੱਸ ਰਿਹਾ ਸੀ। ਕੱਕੀ-ਕੱਕੀ ਦਾੜ੍ਹੀ ਤੇ ਨਿੱਕੀਆਂ-ਨਿੱਕੀਆਂ ਮੁੱਛਾਂ ਵਾਲਾ-ਜਿਸ ਨੂੰ ਕਦੀ ਉਹ ਬੜਾ ਪਿਆਰ ਕਰਦਾ ਸੀ। ਜਿਹੜਾ ਅਜੇ ਵੀ ਛਾਲਾਂ ਮਾਰਦਾ ਸੀ ਤੇ ਸਾਰਿਆਂ ਤੋਂ ਅੱਗੇ ਭਿਗਦਾ ਸੀ ਤੇ ਫਿਰ ਹੋਰਨਾਂ ਨੂੰ ਹੱਸ ਕੇ ਕਹਿੰਦਾ ਸੀ, "ਅਸੀਂ ਤਾਂ ਜੀਅ-ਜੰਤ ਵਾਲ਼ੇ ਹੋ ਗਏ ਆਂ—ਹੁਣ ਸਾਥੋਂ ਛਾਲ਼ਾਂ ਕਿੱਥੋਂ ਵੱਜਦੀਆਂ—ਬੁੱਢਿਆਂ ਬੰਦਿਆਂ ਤੋਂ। ਫ਼ਿਰ ਛੇ-ਸੱਤ ਸਾਲ ਦੇ ਅਮਰੀਕ ਦੀ ਪਿੱਠ ਥਾਪੜ ਕੇ ਆਖਦਾ, "ਤੂੰ ਮਾਰਿਆ ਕਰ ਛਾਲ਼ਾਂ, ਪੁੱਤਰਾ! ਹੁਣ ਸਾਡੀ ਥਾਂ 'ਤੇ ਬੁੱਢਿਆਂ ਬੰਦਿਆਂ ਦੀ ਤੇ....!" ਤੇ ਕਈ ਸਾਲ ਅਮਰੀਕ ਇਹ ਉਡੀਕਦਾ ਰਿਹਾ ਸੀ ਕਿ ਉਹਦਾ ਪਿਓ ਬੁੱਢਾ ਹੋਵੇ।

ਉਹਦੀ ਦਾੜ੍ਹੀ ਵਿੱਚ ਧੌਲ਼ੇ ਆਉਣ ਕਿਉਂਕਿ ਜਦੋਂ ਕੋਈ ਨਵਾਂ ਆਇਆ ਮਾਸਟਰ ਜਾਂ ਅਜਨਬੀ ਬੰਦਾ ਅਮਰੀਕ ਕੋਲੋਂ ਉਸ ਦੇ ਪਿਓ ਬਾਰੇ ਪੁੱਛਦਾ ਤਾਂ ਇਹੋ ਆਖਦਾ, "ਉਹ ਤੇਰਾ ਵੱਡਾ ਭਰਾ ਐ ?" ਤੇ ਅਮਰੀਕ ਨੂੰ ਇਹ ਚੰਗਾ ਨਾ ਲੱਗਦਾ। ਉਹਦਾ ਪਿਓ, ਪਿਓ ਕਿਉਂ ਨਹੀਂ ਲੱਗਦਾ, ਭਰਾ ਕਿਉਂ ਲੱਗਦਾ ਹੈ ? ਤੇ ਉਹ ਸੋਚਦਾ ਸਾਰੇ ਪਿਓਆਂ ਨੂੰ ਸਿਆਣੇ-ਸਿਆਣੇ ਧੌਲ਼ੀ ਦਾੜ੍ਹੀ ਵਾਲ਼ੇ ਹੋਣਾ ਚਾਹੀਦਾ ਹੈ।

ਤੇ ਛਾਲ਼ਾਂ ਮਾਰਦੇ ਅਮਰੀਕ ਦੇ ਪਿਓ ਨੂੰ ਕੋਈ ਬਜ਼ੁਰਗ ਹੱਸ ਕੇ ਕਹਿੰਦਾ, "ਪੁੱਤਰਾ! ਆਉਂਦੀਆਂ ਗੱਲਾਂ ਤੈਨੂੰ — ਤੇਰੇ ਸਿੰਗਾਂ 'ਤੇ ਐ ਅਜੇ — ਜਦੋਂ ਸਿਰ 'ਤੇ ਪਈ-ਫਿਰ ਵੇਖੀਂ। ਦਿਹ 'ਸੀਸਾਂ ਪਿਓ ਦੇ ਸਿਰ ਨੂੰ ਜਿਹੜਾ ਸਿੰਘਾਪੁਰੋਂ ਚਾਰ ਪੈਸੇ ਘਲਾਈ ਜਾਂਦੈ —"

ਤੇ ਉਹ ਸੱਚੀਂ ਪਿਓ ਦੇ ਸਿਰ 'ਤੇ ਐਸ਼ ਲੈਂਦਾ ਰਿਹਾ ਸੀ। ਜ਼ਮੀਨ ਹਿੱਸੇ ਦੀ ਠੇਕੇ 'ਤੇ ਦੇ ਛੱਡਦਾ ਅਤੇ ਆਪ ਪਿੰਡ ਦੀਆਂ ਢਾਣੀਆਂ ਵਿੱਚ ਦੋ ਘੋੜਾ ਬੋਸਕੀ ਦੀ ਲਿਸ਼ਕਦੀ ਕਮੀਜ਼ ਪਾਈ, ਸਿਰ 'ਤੇ ਗਾਜਰੀ ਪੱਗ ਬੰਨ੍ਹੀ ਫਿਰਦਾ ਰਹਿੰਦਾ। ਉਸ ਦੇ ਹੱਥਾਂ ਵਿੱਚ ਤੇਲ ਨਾਲ ਲਿਸ਼ਕਦੀ ਸੰਮਾਂ ਵਾਲੀ ਡਾਂਗ ਹੁੰਦੀ। ਯਾਰ ਬੇਲੀ 'ਪੈਸੇ ਵਾਲ਼ਾ ਆਦਮੀ' ਕਹਿ ਕੇ ਉਸ ਤੋਂ ਖਾਂਦੇ ਰਹਿੰਦੇ। ਅਮਰੀਕ ਨੂੰ ਯਾਦ ਸੀ, ਉਸ ਦੇ ਪਿਓ ਨੇ ਨਿੱਕੇ-ਨਿੱਕੇ ਕਈ ਸ਼ੁਗਲ ਪਾਲ ਰੱਖੇ ਸਨ। ਛਾਲ਼ਾਂ ਮਾਰਨ ਤੇ ਕੌਡੀ ਖੇਡਣ ਤੋਂ ਬਿਨਾਂ ਉਸ ਨੇ ਵਧੀਆ ਸ਼ਿਕਾਰੀ ਕੁੱਤੇ ਵੀ ਰੱਖੇ ਹੋਏ ਸਨ ਤੇ ਉਹ ਢਾਣੀਆਂ ਬੰਨ੍ਹ ਕੇ ਸ਼ਿਕਾਰ ਨੂੰ ਤੁਰਿਆ ਰਹਿੰਦਾ।

ਉਦੋਂ ਅਜੇ ਨਵੀਂਆਂ ਖ਼ਾਦਾਂ ਤੇ ਬੀਜ ਤੁਰੇ ਨਹੀਂ ਸਨ ਇਸ ਲਈ ਕਰਤਾਰ ਸਿੰਘ ਨੂੰ ਜ਼ਮੀਨ ਖ਼ਰੀਦਣ ਦਾ ਕੋਈ ਲਾਲਚ ਨਹੀਂ ਸੀ ਕਿਉਂਕਿ ਇਹ ਕੋਈ ਬਹੁਤੀ ਆਮਦਨ ਦਾ ਵਸੀਲਾ ਨਹੀਂ ਸੀ। ਸ਼ਾਇਦ ਉਂਞ ਵੀ 'ਬਹੁਤੀ ਆਮਦਨ' ਕਮਾਉਣ ਵੱਲ ਉਸ ਦਾ ਰੁਝਾਨ ਨਹੀਂ ਸੀ। ਇੰਞ ਪਿਓ ਵੱਲੋਂ ਭੇਜੇ ਪੈਸੇ ਉਹ ਗੁਲਸ਼ੱਰਿਆਂ ਵਿੱਚ ਹੀ ਉਡਾ ਦਿੰਦਾ ਸੀ ਪਰ ਪਿੰਡ ਵਿੱਚ ਉਸ ਦੀ ਇੱਜ਼ਤ ਬਣੀ ਹੋਈ ਸੀ। ਵਧੀਆ ਖਿਡਾਰੀ ਹੋਣ ਕਰਕੇ, ਚਿੱਟੇ ਕੱਪੜਿਆਂ ਕਰਕੇ, ਪੈਸੇ ਵਾਲ਼ੇ ਦਾ ਪੁੱਤ ਕਰਕੇ ਤੇ ਚਾਰ ਬੰਦੇ ਡਾਂਗਾਂ ਫੜ ਕੇ ਤੁਰਨ ਵਾਲ਼ੇ ਨਾਲ਼ ਹੋਣ ਕਰਕੇ--ਅਮਰੀਕ ਪਿਓ ਦੇ ਨਾਲ਼ ਫਿਰਦਾ ਤਾਂ ਉਹਦੇ ਪਿਓ ਦੇ ਯਾਰ ਉਹਨੂੰ ਲਡਾਉਂਦੇ ਰਹਿੰਦੇ।

ਅਮਰੀਕ ਦੀ ਦਾਦੀ ਕਰਤਾਰ ਸਿੰਘ ਨੂੰ ਇੰਞ ਢਾਣੀਆਂ ਵਿੱਚ ਫਿਰਨ ਤੋਂ ਵਰਜਦੀ ਰਹਿੰਦੀ ਪਰ ਉਹ ਕਿਸ ਦੀ ਪਰਵਾਹ ਕਰਦਾ ਸੀ। ਪਤਨੀ ਦੀ ਤਾਂ ਜੁਰਅਤ ਹੀ ਨਹੀਂ ਸੀ, ਉਸ ਅੱਗੇ ਉਭਾਸਰੇ। 'ਜ਼ਨਾਨੀਆਂ ਦਾ ਕੀ ਕੰਮ ਬੰਦਿਆਂ ਦੇ ਮਾਮਲਿਆਂ 'ਚ ਦਖ਼ਲ ਦੇਣ ਦਾ', ਉਸ ਦਾ ਇਹ ਵਿਚਾਰ ਸੀ। ....ਤੇ ਇੰਜ ਦਿਨ ਗੁਜ਼ਰਦੇ ਜਾ ਰਹੇ ਸਨ। ਅਮਰੀਕ ਦਾ ਦਾਦਾ ਦੋ-ਚਹੁੰ ਸਾਲਾਂ ਬਾਅਦ ਕਿਧਰੇ ਆਉਂਦਾ ਸੀ। ਅਮਰੀਕ ਦੇ ਜੰਮਣ 'ਤੇ ਜਦੋਂ ਉਹ ਆਇਆ ਤਾਂ ਉਦੋਂ ਦੋ ਕੋਠੜੀਆਂ ਅੱਗੇ ਸੁਫ਼ਾ ਤੇ ਅੱਗੇ ਬਰਾਂਡਾ ਛਤਵਾ ਕੇ ਉੱਪਰ ਚੁਬਾਰਾ ਪੁਵਾ ਗਿਆ ਸੀ। ਉਹ ਕਰਤਾਰ ਸਿੰਘ ਨੂੰ ਬਥੇਰਾ ਸਮਝਾਉਂਦਾ ਕਿ ਫ਼ਜ਼ੂਲ — ਖ਼ਰਚੀ ਵਿੱਚ ਪੈਸਾ ਘੱਟ ਉਡਾਇਆ ਕਰੇ। ਕੋਈ ਜ਼ਮੀਨ ਹੋਰ ਖ਼ਰੀਦ ਲਵੇ। ਉਹ ਦੱਸਦਾ, ਕਿਵੇਂ ਉਹ ਰੋਟੀ ਤੋਂ ਆਤੁਰ ਹੋ ਕੇ, ਕਰਜ਼ੇ ਹੇਠਾਂ ਦੱਬੇ ਜਾਣ ਤੇ ਜ਼ਮੀਨ ਗਹਿਣੇ ਪੈ ਜਾਣ 'ਤੇ ਘਰੋਂ ਨਿਕਲ਼ਿਆ ਸੀ ਤੇ ਕਿਵੇਂ ਉਸ ਨੇ ਹੌਲ਼ੀ-ਹੌਲ਼ੀ ਗਹਿਣੇ ਪਈ ਸਾਰੀ ਪੈਲ਼ੀ ਛੁਡਵਾਈ ਸੀ। ਉਹ ਬਾਹਰਲੇ ਮੁਲਕਾਂ ਵਿੱਚ ਕੰਮ ਦੀ ਕਦਰ ਬਾਰੇ ਵਿਚਾਰ ਦਿੰਦਾ ਜਿੱਥੇ ਨਿੱਕੇ ਤੋਂ ਨਿੱਕੇ ਕੰਮ ਕਰਨ ਵਿੱਚ ਕੋਈ ਨਮੋਸ਼ੀ ਨਹੀਂ ਸੀ ਸਮਝੀ ਜਾਂਦੀ। ਜਿੱਥੇ ਫੋਕੀ ਫੂੰ-ਫਾਂ ਦੇ ਕੋਈ ਅਰਥ ਨਹੀਂ ਸਨ। ਅਮਰੀਕ ਨੂੰ ਯਾਦ ਸੀ ਜਦੋਂ ਉਹਦਾ ਦਾਦਾ ਆਖ਼ਰੀ ਵਾਰ ਆਇਆ ਸੀ ਤਾਂ ਉਸ ਨੇ ਪਿਓ ਨੂੰ ਆਖਿਆ ਸੀ, "ਓ ਕਰਤਾਰ ਸਿਆਂ ! ਜਦੋਂ ਮੈਂ ਆਉਂਦਾਂ, ਸੋਚਦਾਂ ਤੇਰੇ ਨਾਲ਼ ਕੋਈ ਦਿਲ ਦੀ ਗੱਲ ਕਰਾਂ....ਪਰ ਤੂੰ ਕਿਤੇ ਵਿਹਲੇ ਵੇਲ਼ੇ ਸੋਫ਼ੀ ਹਾਲਤ ਵਿੱਚ ਹੋਵੇਂ ਤਾਂ ਐਂ ਨਾ...।"

"ਕਰ ਤੂੰ ਜਿਹੜੀ ਕਰਨੀਂ ਐਂ....ਤੇਰੀ ਨਹੀਂ ਤਾਂ ਹੋਰ ਕੀਹਦੀ ਮੰਨਣੀ ਆਂ ? ਤੇਰੇ ਸਿਰ 'ਤੇ ਬਜ਼ੁਰਗਾ ਐਸ਼ਾਂ ਕਰਦੇ ਆਂ....."

ਪਰ ਕਰਤਾਰ ਸਿੰਘ ਨੇ ਨਾ ਹੀ 'ਮਕਾਨ ਕਲੀ' ਕਰਾਏ ਸਨ ਤੇ ਨਾ ਹੀ ਜ਼ਮੀਨ ਖ਼ਰੀਦੀ ਸੀ। ਉਦੋਂ ਹੀ 'ਛੁੱਟੀ ਕੱਟ

ਕੇ' ਗਿਆ ਉਹਦਾ ਪਿਓ ਤੀਸਰੇ-ਚੌਥੇ ਮਹੀਨੇ ਚੜ੍ਹਾਈ ਕਰ ਗਿਆ ਸੀ। ਹੱਸਦੇ-ਖੇਡਦੇ ਕਰਤਾਰ ਸਿੰਘ ਦੇ 'ਸਿੰਗਾਂ' ਤੋਂ ਸਿਰ 'ਤੇ ਪੈ ਗਈ ਸੀ। ਬਾਹਰੋਂ ਆਉਂਦਾ ਪੈਸਾ ਇਕਦਮ ਬੰਦ ਹੋ ਗਿਆ ਸੀ ਤੇ ਰਿਸ਼ਤੇਦਾਰਾਂ ਅਤੇ ਸੱਜਣਾਂ-ਮਿੱਤਰਾਂ ਉਸ ਨੂੰ ਸਲਾਹ ਦਿੱਤੀ ਕਿ ਉਹ ਬੰਦਾ ਰੱਖ ਕੇ ਆਪ ਵਾਹੀ ਕਰਵਾਏ ਤਾਂ ਹੀ ਗੁਜ਼ਾਰਾ ਚੱਲੇਗਾ। ਅਮਰੀਕ ਨੂੰ ਇਹ ਵੀ ਕੱਲ੍ਹ ਵਾਂਗ ਯਾਦ ਸੀ, ਉਸ ਦਾ ਪਿਓ ਤੇ ਮਾਮਾ ਬੀਕਾਨੇਰ ਵੱਲੋਂ ਬਲ਼ਦਾਂ ਦੀ ਇੱਕ ਵਧੀਆ ਜੋੜੀ ਖ਼ਰੀਦ ਕੇ ਲਿਆਏ ਸਨ। ਲਿਸ਼-ਲਿਸ਼ ਕਰਦੇ ਚਿੱਟੇ-ਦੁੱਧ ਪਿੰਡਿਆਂ ਵਾਲ਼ੇ ਬਲ਼ਦ ਜਦੋਂ ਅਮਰੀਕ ਦੇ ਨਾਨਕੇ ਜੁੱਪੇ ਸਨ ਤਾਂ ਉਹਨਾਂ ਦੀ ਜੋਗ ਜਿੱਤ ਕੇ ਮੁੜੀ ਸੀ।

ਭਾਵੇਂ ਘਰ ਦੀ ਜ਼ੁੰਮੇਵਾਰੀ ਕਰਤਾਰ ਸਿੰਘ ਦੇ ਸਿਰ 'ਤੇ ਪੈ ਗਈ ਸੀ ਪਰ ਫਿਰ ਵੀ ਉਹ ਆਪਣੇ ਕੱਪੜੇ ਚਿੱਟੇ ਦੁੱਧ-ਧੋਤੇ ਰੱਖਦਾ। ਉਸ ਦੀ ਜੁੱਤੀ ਹਮੇਸ਼ਾਂ ਲਿਸ਼ਕਦੀ ਰਹਿੰਦੀ। ਬੰਦਾ ਰੱਖ ਕੇ ਵਾਹੀ ਕਰਵਾਉਂਦਾ। ਆਪ ਪੱਠੇ ਲਿਆ ਛੱਡਦਾ ਤੇ ਫਿਰ ਖੁੰਢਾਂ 'ਤੇ ਬਹਿ ਛੱਡਦਾ ਜਾਂ ਤਾਸ਼ ਖੇਡਦਾ ਰਹਿੰਦਾ। ਘਰ ਦੇ ਵੀ ਸਮਝਾਉਂਦੇ ਤੇ ਬਾਹਰ ਦੇ ਵੀ, 'ਵਾਹੀਆਂ ਮਿੱਟੀ ਨਾਲ਼ ਮਿੱਟੀ ਹੋਇਆਂ ਹੁੰਦੀਆਂ ਨੇ', ਬਿਗਾਨੇ ਪੁੱਤ, ਸਿਰ ਤੇ ਹੋਇਆਂ ਬਿਨਾਂ ਕੰਮ ਨਹੀਂ ਕਰਦੇ। ਇੰਞ ਝੱਟ ਨਹੀਂ ਸਰਨਾ। ਅਮਰੀਕ ਦੀ ਦਾਦੀ ਰਾਤ ਨੂੰ ਦੇਰ ਤੱਕ ਘਰ ਨਾ ਆਉਣ ਤੇ ਬਾਹਰ ਢਾਣੀਆਂ 'ਚ ਬੈਠੇ ਰਹਿਣ ਕਰਕੇ ਕਰਤਾਰ ਸਿੰਘ 'ਤੇ ਔਖੀ ਹੁੰਦੀ, "ਨੜ੍ਹਛਿਆ ਬੰਦਿਆਂ ਵਾਲ਼ੇ ਚਾਲੇ ਫੜ.....ਧੀਆਂ-ਪੁੱਤਾਂ ਵਾਲ਼ਾ ਹੋ ਗਿਐਂ। ਕੰਮ ਕੀਤਿਆਂ ਬਿਨਾ ਨੀਂ ਫੈਲਸੂਫੀਆਂ ਪੁੱਗਣੀਆਂ ਇਹ.....।"

"ਪੁੱਗ ਜਾਣਗੀਆਂ, ਬੁਢੜੀਏ.....ਆਪੇ ਪੁੱਗ ਜਾਣਗੀਆਂ.....ਤੂੰ ਚਿੰਤਾ ਨਾ ਕਰ....." ਤੇ ਉਹ ਅਮਰੀਕ ਦੀ ਮਾਂ ਨੂੰ ਰੋਟੀ ਦੇਣ ਲਈ ਆਖਦਾ ਜੋ ਕਿੰਨੇ ਚਿਰ ਦੀ ਚੌਂਕੇ ਵਿੱਚ ਬੈਠੀ ਉਸ ਨੂੰ ਉਡੀਕ ਰਹੀ ਹੁੰਦੀ।

"ਤੂੰ ਕੁੜੀਏ, ਇਹਨੂੰ ਆਪ ਨੀਂ ਵਰਜਦੀ। ਪਰਸ਼ਾਦੇ ਗਰਮ ਕਰ-ਕਰ ਕੇ ਖਵਾਉਂਦੀ ਏਂ....ਇਹ ਵਿਗੜੇ ਕਿਉਂ ਨਾ...ਜਦੋਂ ਆਵੇ ਠੰਢਾ ਤੋਸਾ ਮੱਥੇ ਮਾਰਿਆ ਕਰ ਸੂ....ਵੇਖ ਲਈਂ....ਨਹੀਂ ਤੇ ਔਖੀ ਹੋਏਂਗੀ....", ਬਜ਼ੁਰਗ ਮਾਂ ਆਖਦੀ।

ਤੇ ਠੀਕ ਹੀ ਉਸ ਦੀ ਮਾਂ ਬੜੀ ਔਖੀ ਹੋਈ ਸੀ। ਅਮਰੀਕ ਦੇ ਬਾਲ-ਮਨ 'ਤੇ ਉਹ ਰਾਤ ਉੱਕਰੀ ਹੋਈ ਸੀ ਜਦੋਂ ਉਹ ਗੁਆਂਢੀਆਂ ਦੀ ਕੁੜੀ ਬੀਰੋ ਕੋਲ਼ੋਂ ਬਾਤਾਂ ਸੁਣ ਰਿਹਾ ਸੀ ਕਿ ਉਹਨਾਂ ਦੇ ਘਰ ਚੀਕ-ਚਿਹਾੜਾ ਮੱਚ ਗਿਆ ਸੀ। ਬੀਰੋ ਭੁੜਕ ਕੇ ਮੰਜੇ ਤੋਂ ਉੱਠੀ ਤੇ ਉਸ ਦੇ ਪਿੱਛੇ ਹੀ ਅਮਰੀਕ ਦੌੜ ਗਿਆ। ਘਰ ਵਿੱਚ ਕੁਹਰਾਮ ਮੱਚਿਆ ਹੋਇਆ ਸੀ। ਨਿਆਣੇ ਰੋ ਰਹੇ ਸਨ ਤੇ ਕਰਤਾਰ ਸਿੰਘ ਹੱਥ ਵਿੱਚ ਕੱਪੜੇ ਧੋਣ ਵਾਲ਼ੀ ਥਾਪੀ ਲਈ ਵਹੁਟੀ ਨੂੰ ਕੁੱਟੀ ਜਾ ਰਿਹਾ ਸੀ। ਉਸ ਰੱਜ ਕੇ ਸ਼ਰਾਬ ਪੀਤੀ ਹੋਈ ਸੀ ਤੇ ਬਿਨਾਂ ਕੋਈ ਗੱਲ ਕੀਤਿਆਂ 'ਧੈਂਹ-ਧੈਂਹ' ਜੜੀ ਜਾ ਰਿਹਾ ਸੀ। ਆਂਢੀ-ਗੁਆਂਢੀ ਇਕੱਠੇ ਹੋ ਗਏ। ਉਹਨਾਂ ਮਸਾਂ ਰੋਂਦੀ ਹੋਈ ਜਾਗੀਰ ਕੌਰ ਨੂੰ ਬਚਾਇਆ ਤੇ ਕਰਤਾਰ ਸਿੰਘ ਨੂੰ ਧੂਹ ਕੇ ਡੰਗਰਾਂ ਕੋਲ਼ ਬਾਹਰ ਉਸ ਦੀ ਮੰਜੀ 'ਤੇ ਲੈ ਗਏ। ਰੋਂਦੀ ਹੋਈ ਜਾਗੀਰ ਕੌਰ ਕਹਿ ਰਹੀ ਸੀ, "ਦੱਸੋ, ਮੈਂ ਕੀ ਕਸੂਰ ਕੀਤਾ!...ਮੈਂ ਇਹੋ ਆਖਿਆ......ਪਈ ਭਲਿਆਮਾਣਸਾ! ਉੱਤੋਂ ਸੌ ਖ਼ਰਚ ਪਏ ਆ.....ਤੇ ਤੂੰ ਸ਼ਰਾਬਾਂ ਪੀਂਦਾ ਫਿਰਦਾ ਏਂ......ਜਦੋਂ ਪੁੱਗਦੀ ਸੀ, ਪੀ ਲਈ....ਹੁਣ ਨਹੀਂ ਸਾਥੋਂ ਪੁੱਗਦੀ......ਨਾ ਆ ਵੇਖਿਆ ਨਾ ਤਾਅ.....ਮੇਰੀਆਂ ਮੌਰਾਂ ਸੇਕ 'ਤੀਆਂ।"

"ਕੋਈ ਨੀਂ ਹੌਸਲਾ ਕਰ...ਖ਼ਬਰੇ ਕੀ ਹੋ ਗਿਆ! ਸਿਆਣਾ-ਬਿਆਣਾ ਸੀ। ਐਂ ਤਾਂ ਕਦੀ ਨੀਂ ਅੱਗੇ ਕੀਤਾ।" ਕਹਿੰਦੀਆਂ ਜ਼ਨਾਨੀਆਂ ਤੁਰ ਗਈਆਂ। ਕਰਤਾਰ ਸਿੰਘ ਬਿਨਾਂ ਰੋਟੀ ਖਾਧਿਆਂ ਹੀ ਸੌਂ ਗਿਆ। ਭਾਂਡਾ-ਟੀਂਡਾ ਸਾਂਭ ਕੇ ਤੇ ਕੁੜੀਆਂ ਨੂੰ ਲੰਮਿਆਂ ਪਾ ਕੇ ਜਾਗੀਰ ਕੌਰ ਦਵਾਖੇ 'ਚ ਜਗਦਾ ਦੀਵਾ ਬੁਝਾਉਣ ਲੱਗੀ ਤਾਂ ਉਸ ਨਿੰਮੋਝੂਣ ਚੌਂਕੇ 'ਚ ਬੈਠੇ ਅਮਰੀਕ ਨੂੰ ਉੱਠ ਕੇ ਮੰਜੇ 'ਤੇ ਪੈਣ ਲਈ ਕਿਹਾ। ਉਹ ਉੱਠਿਆ ਨਾ। ਜਾਗੀਰ ਕੌਰ ਨੇ ਉਸ ਨੂੰ ਬਾਂਹੋਂ ਫੜ ਕੇ ਉਠਾਇਆ, "ਉਠ, ਮੇਰਾ ਬੀਬਾ ਪੁੱਤ! ਤੂੰ ਕਿਉਂ....?" ਤੇ ਉਹ ਵਿੱਸ ਪਈ। ਉਸ ਡੂੰਘਾ ਹੌਕਾ ਭਰਿਆ।

"…..ਹੱਛਾ ਪੁੱਤ।…..ਤੁਹਾਡੇ ਕਰਮ…….''ਤੇ ਫਿਰ ਉਸ ਦੇ ਚਿੱਥੀਦੇ ਹੋਠਾਂ ਵਿੱਚੋਂ ਇਹ ਗੱਲ ਜਿਵੇਂ ਬਾਹਰ ਆ ਹੀ ਗਈ, "ਮੈਂ ਤਾਂ 'ਮਰੀਕ—ਹਰੀਕੀਂ ਡੁੱਬ ਕੇ ਮਰ ਜਾਣਾ……ਜਦੋਂ ਲੱਭੀ ਨਾ…..ਤੂੰ ਦੱਸ ਦਈਂ…." ਤੇ ਉਹ ਫਿਰ ਰੋਣ ਲੱਗ ਪਈ।

"ਬੀ…..ਅ……ਬੀ…." ਅਮਰੀਕ ਦਾ ਵੀ ਰੋਣ ਨਿਕਲ ਗਿਆ। ਮਾਂ ਨੇ ਉਸ ਨੂੰ ਘੁੱਟ ਕੇ ਗਲ ਨਾਲ ਲਾ ਲਿਆ ਤੇ ਫਿਰ ਦੋਵੇਂ ਦੀਵਾ ਬੁਝਾ ਕੇ ਲੇਟ ਗਏ। ਦੋਹਾਂ ਨੂੰ ਨੀਂਦ ਨਹੀਂ ਸੀ ਪੈ ਰਹੀ। ਕਦੀ-ਕਦੀ ਮਾਂ ਦੇ ਮੂੰਹੋਂ 'ਵਾਹਿਗੁਰੂ' ਕਹਿੰਦਾ ਲੰਮਾ ਹਉਕਾ ਹਵਾ ਵਿੱਚ ਰਲ ਜਾਂਦਾ। ਅਮਰੀਕ ਦੇ ਮਨ ਵਿੱਚ ਵਾਰ-ਵਾਰ ਮਾਂ ਦੇ ਕਹੇ ਹੋਏ ਸ਼ਬਦ ਗੂੰਜ ਰਹੇ ਸਨ…. "ਮੈਂ ਤਾਂ 'ਮਰੀਕ ਹਰੀਕੀਂ ਡੁੱਬ ਕੇ ਮਰ ਜਾਣਾ…….।"

ਉਸ ਨੇ 'ਹਰੀਕੇ' ਦਰਿਆ ਵੇਖਿਆ ਹੋਇਆ ਨਹੀਂ ਸੀ ਪਰ ਅੱਖਾਂ ਹੀ ਅੱਖਾਂ ਵਿੱਚ ਉਹ ਆਪਣੀ ਮਾਂ ਨੂੰ ਡੂੰਘੇ ਪਾਣੀ ਵਿੱਚ ਗੋਤੇ ਖਾਂਦੀ ਅਤੇ ਉਸ ਦੇ ਫੁੱਲੇ ਹੋਏ ਸਰੀਰ ਨੂੰ ਵੇਖ ਰਿਹਾ ਸੀ…ਤੇ ਉਹਦੀਆਂ ਅੱਖਾਂ ਅੱਗੇ ਮਾਈ ਗਾਬੋ ਆ ਗਈ……ਤੇ ਹੁਣ ਉਸ ਨੂੰ ਰਹਿ-ਰਹਿ ਕੇ ਇਹ ਖ਼ਿਆਲ ਆਉਂਦਾ ਸੀ ਕਿ ਏਨੀ ਦੂਰ ਹਰੀਕੇ ਹੀ ਕਿਉਂ ? ਉਹਦੀ ਮਾਂ ਨਿਆਈਆਂ ਵਾਲੇ ਖੂਹ ਵਿੱਚ ਵੀ ਤਾਂ ਡੁੱਬ ਕੇ ਮਰ ਸਕਦੀ ਸੀ ਜਿੱਥੇ ਪਿੰਡ ਦੀ ਇੱਕ ਮਾਈ ਗਾਬੋ ਡੁੱਬ ਕੇ ਮੋਈ ਸੀ ਜਾਂ ਕਿਸੇ ਵੀ ਹੋਰ ਖੂਹ ਵਿੱਚ…..ਹਰੀਕੇ ਹੀ ਕਿਉਂ ? ਤੇ ਉਸ ਘੁੱਟ ਕੇ ਅੱਖਾਂ ਮੀਚੀਆਂ। ਉਸ ਨੇ ਕਿੰਨਾ ਪਾਪ ਕੀਤਾ ਸੀ ? ਉਸ ਆਪਣੀ ਮਾਂ ਦੇ ਮਰਨ ਬਾਰੇ ਕਿਉਂ ਸੋਚਿਆ ਸੀ ? ਉਸ ਨੂੰ ਤਾਂ ਏਦਾਂ ਬਿਲਕੁਲ ਨਹੀਂ ਸੀ ਸੋਚਣਾ ਚਾਹੀਦਾ।

ਤੇ ਉਹ ਆਪਣੇ ਪਿਓ 'ਤੇ ਹੈਰਾਨ ਹੋ ਰਿਹਾ ਸੀ। ਅੱਜ ਵਾਂਗ ਤਾਂ ਉਸ ਨੇ ਕਦੇ ਵੀ ਨਹੀਂ ਸੀ ਪੀਤੀ। ਉਸ ਤਾਂ ਕਦੀ ਵੀ ਉਸ ਦੀ ਮਾਂ ਨੂੰ ਨਹੀਂ ਸੀ ਕੁੱਟਿਆ ਤੇ ਫਿਰ ਜਿਵੇਂ ਉਸ ਨੂੰ ਸਮਝ ਪਈ। ਉਹਦੀ ਭੂਆ ਦੀਆਂ ਦੋਂਹਾਂ ਕੁੜੀਆਂ ਦਾ ਇਕੱਠਾ ਵਿਆਹ ਸੀ ਤੇ ਉਸ ਆਪਣੇ ਇਕੱਲੇ ਭਰਾ ਨੂੰ ਬਣ-ਠਣ ਕੇ ਆਉਣ ਲਈ ਕਿਹਾ ਸੀ। ਵਾਹੀਆਂ ਵਿੱਚੋਂ ਬਚਦਾ ਹੀ ਕੀ ਸੀ ? ਕਰਤਾਰ ਸਿੰਘ ਜਿਸ ਦਿਨ ਦਾ ਖ਼ਤ ਆਇਆ ਸੀ, ਖਿਝਿਆ-ਖਿਝਿਆ ਰਹਿੰਦਾ ਸੀ। ਪੈਸਿਆਂ ਦਾ ਪ੍ਰਬੰਧ ਕਿੱਥੋਂ ਹੋਵੇ ? ਉਹਨਾਂ ਸ਼ਾਹਾਂ ਤੋਂ ਪੁੱਛਿਆ ਸੀ ਪਰ ਏਨਾ ਜ਼ਿਆਦਾ ਵਿਆਜ ? ਇੱਕੋ ਭੈਣ ਦਾ ਇੱਕੋ ਭਰਾ ਸੀ। ਭੈਣ ਨੇ ਲਿਖਿਆ ਸੀ, ਉਸ ਕਿਹੜਾ ਰੋਜ਼-ਰੋਜ਼ ਕੁੜੀਆਂ ਵਿਆਹੁਣੀਆਂ ਸਨ। ਕਰਤਾਰ ਉਸ ਦੇ ਪਿਓ ਦੀ ਥਾਂ ਵੀ ਸੀ ਤੇ ਭਰਾ ਵੀ ਤੇ ਕਰਤਾਰ ਸਿੰਘ ਜਾਗੀਰ ਕੌਰ ਨੂੰ ਆਪਣੀਆਂ ਟੂੰਮਾਂ ਦੇਣ ਲਈ ਕਹਿ ਰਿਹਾ ਸੀ। ਉਹ ਲੌਢੇ ਵੇਲੇ ਦਾ ਉਸ ਨੂੰ ਸਮਝਾ ਥੱਕਿਆ ਸੀ ਪਰ ਉਹ ਕਹਿੰਦੀ ਸੀ, "ਮੇਰਾ ਅੱਗੇ ਕੀ ਰਹਿ ਗਿਆ…..ਸਾਰਾ ਗਹਿਣਾ ਘਰੇ ਈ ਖਾਧਾ ਗਿਆ…..ਹੁਣ ਇਹ ਵੀ….।"

ਤੇ ਅਮਰੀਕ ਨੂੰ ਸਮਝ ਨਹੀਂ ਸੀ ਆ ਰਹੀ ਕਿ ਮਾਂ ਗਹਿਣੇ ਨਾ ਦੇ ਕੇ ਮਾੜੀ ਕਰ ਰਹੀ ਸੀ ਜਾਂ ਪਿਓ ਗਹਿਣੇ ਮੰਗ ਕੇ ਮਾੜੀ ਕਰ ਰਿਹਾ ਸੀ…..ਤੇ ਇਸੇ ਉਧੇੜ—ਬੁਣ ਵਿੱਚ ਉਸ ਦੀ ਅੱਖ ਲੱਗ ਗਈ ਸੀ।

ਭੂਆ ਦੀਆਂ ਕੁੜੀਆਂ ਦੇ ਵਿਆਹ ਨਜਿੱਠੇ ਗਏ ਸਨ। ਦਸਾਂ ਵਿੱਚੋਂ ਦੋ ਕਿੱਲੇ ਗਹਿਣੇ ਧਰ ਦਿੱਤੇ ਗਏ ਸਨ। ਕਰਤਾਰ ਸਿੰਘ ਦੀ ਸ਼ਰਾਬ ਪੀਣ ਦੀ ਆਦਤ ਵਧ ਗਈ ਸੀ। ਪੀਣਾ ਤਾਂ ਜਿਵੇਂ ਉਸ ਦਾ ਨੇਮ ਬਣ ਗਿਆ ਸੀ। ਉਹ ਸ਼ਰਾਬ ਨਾਲ ਗੁੱਟ ਘਰ ਆਉਂਦਾ। ਫਿਰ ਉਸ ਅਫ਼ੀਮ ਵੀ ਖਾਣੀ ਸ਼ੁਰੂ ਕਰ ਦਿੱਤੀ। ਹੌਲ਼ੀ-ਹੌਲ਼ੀ ਉਹ ਆਦਤ ਦਾ ਗ਼ੁਲਾਮ ਹੁੰਦਾ ਗਿਆ। ਘਰਦਿਆਂ ਤੇ ਰਿਸ਼ਤੇਦਾਰਾਂ ਦੇ ਕਈ ਵਾਰ ਸਮਝਾਉਣ 'ਤੇ ਉਸ ਕੋਸ਼ਿਸ਼ ਵੀ ਕੀਤੀ ਕਿ ਛੱਡ ਦੇਵੇ….ਪਰ ਅਮਲ ਤਾਂ ਜਿਵੇਂ ਉਹਦੇ ਹੱਡਾਂ ਵਿੱਚ ਰਚ ਗਿਆ ਸੀ। ਅਮਰੀਕ ਦੇ ਵੇਂਹਦਿਆਂ-ਵੇਂਹਦਿਆਂ ਕੁਝ ਸਾਲਾਂ ਵਿੱਚ ਹੀ ਉਸ ਦਾ ਪਿਓ ਨਸ਼ਿਆਂ ਕਰਕੇ ਬੁੱਢਾ ਹੋ ਗਿਆ ਸੀ। ਘਰ ਵਿੱਚ ਹਰ ਵੇਲ਼ੇ ਖਿਝ, ਗੁੱਸੇ ਤੇ ਤਣਾਅ ਦਾ ਮਾਹੌਲ ਬਣਿਆ ਰਹਿੰਦਾ। ਇੰਞ ਹੌਲ਼ੀ-ਹੌਲ਼ੀ ਕਰਜ਼ਾ ਉਹਨਾਂ ਦੇ ਸਿਰ ਚੜ੍ਹਦਾ ਗਿਆ। ਜਾਗੀਰ ਕੌਰ ਚਾਹੁੰਦਿਆਂ ਵੀ ਦਰਿਆ ਜਾਂ ਖੂਹ ਵਿੱਚ ਡੁੱਬ ਕੇ ਨਹੀਂ ਸੀ ਮਰ ਸਕੀ। ਹੁਣ ਉਹ ਘਰ ਵਿੱਚ ਹੀ ਹਰ ਘੜੀ ਗੋਤੇ ਖਾਂਦੀ ਡੁੱਬਦੀ-ਮਰਦੀ ਰਹਿੰਦੀ।

ਕਰਤਾਰ ਸਿੰਘ ਦਾ ਪਿੰਡ ਵਿੱਚ ਪਹਿਲਾਂ ਵਾਲਾ ਮਾਣ ਤੇ ਇੱਜ਼ਤ ਨਹੀਂ ਸੀ ਰਹਿ ਗਿਆ। ਹੌਲੀ-ਹੌਲੀ ਅਤਿ ਚੰਗਾ ਲੱਗਣ ਵਾਲਾ ਪਿਓ ਅਮਰੀਕ ਦੀਆਂ ਨਜ਼ਰਾਂ 'ਚੋਂ ਡਿਗ ਪਿਆ ਸੀ ਤੇ ਉਹ ਆਪਸ ਵਿੱਚ ਤਣੇ-ਤਣੇ ਰਹਿੰਦੇ ਸਨ। ਰਤਾ ਕੁ ਰਗੜ ਲੱਗਣ 'ਤੇ ਉਹਨਾਂ ਵਿਚਲਾ ਬਾਰੂਦ ਜਿਵੇਂ ਫਟ ਜਾਣ ਲਈ ਕਾਹਲਾ ਰਹਿੰਦਾ ਤੇ ਇਹ ਬਾਰੂਦ ਉਸ ਦਿਨ ਫਟ ਹੀ ਪਿਆ ਸੀ ਜਦੋਂ ਵੱਡੀ ਕੁੜੀ ਬੰਸੋ ਦਾ ਸਾਕ ਅਗਲਿਆਂ ਇਸ ਲਈ ਛੱਡ ਦਿੱਤਾ ਸੀ ਕਿ ਕੁੜੀ ਦਾ ਪਿਓ ਅਮਲੀ ਹੈ। ਉਹਨਾਂ ਘਰ ਤਾਂ ਭੰਗ ਭੁੱਜਦੀ ਹੈ। ਅਮਰੀਕ ਇਸ ਗੱਲੋਂ ਖਿਝ ਕੇ ਝਗੜਿਆ ਸੀ ਤਾਂ ਕਰਤਾਰ ਸਿੰਘ ਨੇ ਅੱਗੋਂ ਜੁਆਬ ਦਿੱਤਾ, "ਮੈਂ ਆਵਦੇ ਪਿਓ ਦੀ ਜੈਦਾਦ ਖਾਂਦਾਂ ਉਏ! ਮੈਂ ਨਹੀਂ ਕਿਸੇ ਕੰਜਰ ਦੇ ਆਖਿਆਂ ਹਟਣਾ।....ਤੂੰ ਮੈਨੂੰ ਕੀ ਦੇਂਦਾ ਏਂ? ਕਦੀ ਟਕਾ ਵੀ ਮੇਰੇ ਹੱਥ 'ਤੇ ਧਰਿਆ ਈ? ਬਣਿਆ ਫਿਰਦੈ, ਵੱਡਾ ਦਨਾਅ...." ਤੇ ਅਮਰੀਕ ਚੁੱਪ ਕਰ ਗਿਆ ਸੀ। ਭਾਵੇਂ ਉਹ ਆਪਣੀ ਅੱਧੀ ਤਨਖ਼ਾਹ ਘਰ ਦਿੰਦਾ ਸੀ ਤੇ ਉਹ ਘਰ ਵਿੱਚ ਹੀ ਵਰਤੀਦੀ ਸੀ ਪਰ ਕਰਤਾਰ ਸਿੰਘ ਨੂੰ ਇਸ ਗੱਲ ਦਾ ਵੀ ਇਤਰਾਜ਼ ਸੀ ਕਿ ਉਹ ਤਨਖ਼ਾਹ ਆਪਣੀ ਮਾਂ ਦੇ ਹੱਥ 'ਤੇ ਹੀ ਧਰਦਾ.....ਉਸ ਨੂੰ ਕਿਉਂ ਨਹੀਂ ਦਿੰਦਾ? ਇਸ ਲਈ ਉਸ ਦੇ ਉੱਤੇ ਇਸ ਦਾ ਕੋਈ 'ਅਹਿਸਾਨ' ਨਹੀਂ....

"ਵੇ ਪੁੱਤਾ! ਤੇਰੀ ਆਈ ਮੈਂ ਮਰ ਜਾਂਦੀ......ਵੇ ਮੈਨੂੰ ਰੋਲਣ ਨੂੰ ਛੱਡ ਕੇ ਤੁਰ ਗਿਓਂ ਵੇ ਮੇਰਿਆ ਛਿੰਦਿਆ ਪੁੱਤਾ!" ਮੰਜੀ 'ਤੇ ਹੱਡੀਆਂ ਦੀ ਮੁੱਠ ਬਣੀ ਬੁਢੜੀ ਦਾਦੀ ਨੇ ਕੀਰਨੇ ਪਾਉਣੇ ਸ਼ੁਰੂ ਕਰ ਦਿੱਤੇ। ਦੂਜੀਆਂ ਮੰਜੀਆਂ ਤੋਂ ਕੁੜੀਆਂ ਨੇ ਸਿਸਕਣਾ ਸ਼ੁਰੂ ਕਰ ਦਿੱਤਾ।

"ਹੈਂ! ਕਮਲੀਆਂ! ਤੁਸੀਂ ਕਿਉਂ ਰੋਂਦੀਆਂ ਜੇ....ਤੁਹਾਡੇ ਵੀਰ ਜਿਉਂਦੇ ਰਹਿਣ...ਤੁਹਾਨੂੰ ਕਿਸ ਗੱਲ ਦਾ ਘਾਟਾ...." ਜਾਗੀਰ ਕੌਰ ਨੇ ਰੋਂਦੀਆਂ ਕੁੜੀਆਂ ਨੂੰ ਬੁੱਕਲ ਵਿੱਚ ਲੈ ਕੇ ਕਿਹਾ, "ਇਹਨਾਂ ਦੀ ਸੁੱਖ ਮੰਗੋ.... ਤੁਹਾਨੂੰ ਦੋਂਹ ਨੂੰ ਤੇ ਉਹ ਵਿਆਹ ਗਿਆ....ਆਹ ਜਿਹੜੀ ਨਿੱਕੀ ਅਜੇ ਰਹਿੰਦੀ ਹੈ....ਤੇ ਆਹ ਕੂਹ ਭਰ ਮੁੰਡਾ ਜੀਹਦੇ ਵਰਗਿਆਂ ਨੂੰ ਅਜੇ ਪਤਾ ਨ੍ਹੀਂ ਸੌਂ ਕੇ ਦਿਨ ਕਦੋਂ ਚੜ੍ਹਦੈ...ਵਿਚਾਰਾ ਉੱਦਣ ਦਾ ਹਲ਼ਾਂ ਮਗਰ ਖੁੱਚਾਂ ਤੁੜਾਉਂਦਾ...." ਤੇ ਉਹਨਾਂ ਨੂੰ ਹੌਸਲਾ ਦਿੰਦੀ, ਉਹ ਆਪ ਵੀ ਫਿੱਸ ਪਈ।

"ਨੀ ਬੀਬੀ! ਸਾਨੂੰ ਆਇਆਂ ਨੂੰ ਸਿਰ 'ਤੇ ਪਿਆਰ ਦੇ ਕੇ ਕੌਣ ਗਲ਼ ਲਾਇਆ ਕਰੂ.....ਹਾਏ! ਸਾਡੀਆਂ ਰੀਝਾਂ ਕੌਣ ਪੂਰੀਆਂ ਕਰੂ....", ਵੱਡੀ ਕੁੜੀ ਦੀ ਲੇਰ ਨਿਕਲ਼ ਗਈ।

ਅਮਰੀਕ ਗੁੰਮ-ਸੁੰਮ ਹੋਇਆ ਬੈਠਾ ਰਿਹਾ। ਉਹਦਾ ਜੀਅ ਕੀਤਾ, ਉਹਨਾਂ ਨੂੰ ਚੁੱਪ ਕਰਾਵੇ ਪਰ ਉਸ ਮਹਿਸੂਸ ਕੀਤਾ, ਜੇ ਉਹ ਬੋਲਿਆ ਤਾਂ ਉਸ ਦਾ ਰੋਣ ਨਿਕਲ਼ ਜਾਵੇਗਾ। ਇਹ ਕੀ ਵਖ਼ਤ ਪਾ ਗਿਆ ਸੀ, ਉਸ ਦਾ ਪਿਉ? ਇਮਾਰਤ ਹੇਠੋਂ ਜਿਵੇਂ ਵੱਡਾ ਥੰਮ੍ਹ ਖਿਸਕ ਗਿਆ ਹੋਵੇ ਤੇ ਸਾਰੀ ਇਮਾਰਤ ਡੋਲ ਰਹੀ ਹੋਵੇ। ਉਹ ਨਿਤਾਣਾ ਜਿਹਾ ਹੋ ਕੇ ਫਿਰ ਲੇਟ ਗਿਆ। ਧਿਆਨ ਪਾਸੇ ਪਾ ਕੇ ਉਹ ਘੜੀ ਦੁੱਖ ਤੋਂ ਮੂੰਹ ਮੋੜਨਾ ਚਾਹੁੰਦਾ ਸੀ।

ਪਰਿਵਾਰ ਦੇ ਸਾਰੇ ਜੀਅ ਵਾਰ-ਵਾਰ ਉਸ ਦੀਆਂ ਨਜ਼ਰਾਂ ਅੱਗੋਂ ਗੁਜ਼ਰਨ ਲੱਗੇ ਜਿਨ੍ਹਾਂ ਦੀ ਜ਼ਿੰਮੇਵਾਰੀ ਉਸ ਦੇ ਸਿਰ ਆ ਪਈ ਸੀ। ਭੈਣਾਂ ਨਾਲ਼, ਭਰਾ ਦੇ ਨਾਲ਼-ਨਾਲ਼ ਪਿਓ ਦੀ ਥਾਂ ਵੀ ਵਰਤਣਾ ਸੀ। ਛੋਟੀ ਨੂੰ—ਜੋ ਅਜੇ ਪੜ੍ਹਦੀ ਸੀ, ਪੜ੍ਹਾਉਣਾ ਸੀ, ਵਿਆਹੁਣਾ ਸੀ। ਮਾਂ ਦੇ ਹਰ ਦੁੱਖ-ਸੁੱਖ ਦਾ ਖ਼ਿਆਲ ਰੱਖਣਾ ਸੀ ਤੇ ਇਹ ਖ਼ਿਆਲ ਰੱਖਦਿਆਂ ਹੋਇਆਂ ਵੀ ਉਸ ਨੇ ਬੜੀ ਇਹਤਿਆਤ ਤੋਂ ਕੰਮ ਲੈਣਾ ਸੀ। ਭੈਣਾਂ ਦੇ ਕਿਸੇ ਕਾਰਜ 'ਤੇ ਨਾ ਗਿਆ, ਛੋਟਿਆਂ ਨਾਲ਼ ਕੋਈ ਵੱਧ-ਘੱਟ ਹੋ ਗਈ, ਉਹਨਾਂ ਵੀ ਅਤੇ ਲੋਕਾਂ ਵੀ ਆਖਣਾ ਸੀ, 'ਵੱਡਾ ਭਰਾ ਈ ਐ ਨਾ! ਕਿਤੇ ਪਿਓ ਜਿਊਂਦਾ ਹੁੰਦਾ ਤਾਂ ਇਸ ਤਰ੍ਹਾਂ ਤਾਂ ਨਹੀਂ ਸੀ ਨਾ ਹੁੰਦੀ।' ਮਾਂ ਨੂੰ ਵੀ ਮਹਿਸੂਸ ਨਹੀਂ ਸੀ ਹੋਣ ਦੇਣਾ, ਨਹੀਂ ਤਾਂ ਉਸ ਨੂੰ ਜ਼ਨਾਨੀਆਂ ਦੀਆਂ ਕੀਤੀਆਂ ਗੱਲਾਂ ਵਾਰ-ਵਾਰ ਯਾਦ ਆਉਣੀਆਂ ਸਨ, "ਭੈਣੇ! ਤੇਰਾ ਤਾਂ ਰਾਜ ਖੁੱਸ ਗਿਆ। ਮਰਜ਼ੀ ਨਾਲ਼ ਅੰਦਰੋਂ ਕੱਢਦੀ ਸੈਂ....ਵਰਤਦੀ ਸੈਂ....ਹੁਣ ਸੁੱਖ ਨਾਲ਼......ਭਾਵੇਂ ਸੁਲੱਗ ਨੇ....ਪਰ ਹਰ ਗੱਲੋਂ ਮੁੰਡਿਆਂ ਦੇ ਹੱਥਾਂ ਵੱਲ ਵੇਖੇਂਗੀ....ਸਿਰ ਦੇ ਸਾਂਈਂ ਨਾਲ਼ ਤੇਰੀ ਤਾਂ ਸਰਦਾਰੀ ਤੁਰ ਗਈ......"

ਇਸ ਸਾਰੇ ਕੁਝ ਲਈ ਪੈਸੇ ਦੀ ਲੋੜ ਸੀ। ਅਮਰੀਕ ਸੋਚਦਾ ਸੀ ਕਿ ਉਹ ਹੁਣ ਆਪ ਵਾਹੀ ਵੱਲ ਧਿਆਨ ਦਏਗਾ ਤਾਂ ਹੀ ਸਾਰੀਆਂ ਲੋੜਾਂ ਪੂਰੀਆਂ ਹੋਣਗੀਆਂ। ਦੋ-ਢਾਈ ਕਿੱਲੇ ਹੋਰ ਕੁੜੀਆਂ ਦੇ ਵਿਆਹ 'ਤੇ ਉਸ ਦੇ ਪਿਓ ਨੇ ਗਹਿਣੇ ਕਰ ਦਿੱਤੇ ਸਨ। ਉਸ ਦਾ ਖ਼ਿਆਲ ਸੀ, ਬਚਦੇ ਪੰਜਾਂ-ਛੇਆਂ ਕਿੱਲਿਆਂ ਵਿੱਚ ਜੇ ਉਹ ਖਾਦ ਆਦਿ ਪਾ ਕੇ ਫ਼ਸਲ ਬੀਜਿਆ ਕਰਨਗੇ ਤਾਂ ਘਰ ਦਾ ਗੁਜ਼ਾਰਾ ਤੁਰ ਪਏਗਾ। ਹੁਣ ਉਹ ਸਾਰੀ ਤਨਖ਼ਾਹ ਆਪਣੇ ਹੱਥੀਂ ਵਰਤਿਆ ਕਰੂ। ਅੱਗੇ ਤਾਂ ਸਾਰੀ ਤਨਖ਼ਾਹ ਖੇਰੂੰ-ਖੇਰੂੰ ਹੋ ਜਾਂਦੀ ਸੀ। ਉਸ ਨੂੰ ਆਸ ਸੀ, ਜੇ ਹੁਣ ਮਹਿੰਦਰ ਵਾਹੀ ਵਿੱਚ ਚੰਗੀ ਤਰ੍ਹਾਂ ਧਿਆਨ ਦਏ ਤਾਂ ਹੌਲ਼ੀ-ਹੌਲ਼ੀ ਉਹ ਆਪਣੀ ਜ਼ਮੀਨ ਵੀ ਛੁਡਾ ਲੈਣਗੇ।

ਸਵੇਰੇ ਉਸ ਨੇ ਨੌਕਰੀ 'ਤੇ ਤੁਰ ਜਾਣਾ ਸੀ। ਇਸ ਲਈ ਉਸ ਨੇ ਛੋਟੇ ਭਰਾ ਮਹਿੰਦਰ ਨਾਲ਼ ਵਾਹੀ ਬਾਰੇ ਗੱਲ ਤੋਰ ਲਈ, "ਮਿੰਦਰਾ! ਤਕੜਾ ਹੋ ਕੇ ਪੈ ਜਾ ਕੰਮ ਨੂੰ, ਹੁਣ। ਮੈਂ ਵੀ ਹਫ਼ਤੇ-ਦਸੀਂ ਦਿਨੀਂ ਗੇੜਾ ਮਾਰ ਜਿਆ ਕਰੂੰ। ਉਹ ਜਿਹੜੀ ਜੀਤੇ ਹੁਰਾਂ ਕੋਲ਼ ਪੈਲ਼ੀ ਗਹਿਣੇ ਆਂ.....ਉਸ ਲਾਈਨ ਵਾਲ਼ੇ ਬਚਦੇ ਪੌਣੇ ਕਿੱਲੇ 'ਚ ਪੱਠੇ ਬੀਜ ਛੱਡੀਂ, ਵਾਹ ਕੇ.....ਮੈਂ ਪਰਸੋਂ ਵੇਖ ਕੇ ਆਇਆਂ—ਉਰਲੀ ਪੈਲ਼ੀ 'ਚ ਝੋਨਾ ਲਾਵਾਂਗੇ—ਠੀਕ ਐ ਨਾ......?"

ਮਿੰਦਰ ਚੁੱਪ ਰਿਹਾ। ਅਕਾਸ਼ ਵਿੱਚ ਤਾਰਿਆਂ ਨੂੰ ਘੂਰਦਾ ਰਿਹਾ ਤੇ ਫਿਰ ਪਾਸਾ ਬਦਲ ਕੇ ਲੰਮਾ ਪੈ ਗਿਆ, ਜਿਵੇਂ ਉਹ ਜਾਣ-ਬੁੱਝ ਕੇ ਨਾ ਬੋਲਣਾ ਚਾਹੁੰਦਾ ਹੋਵੇ। ਅਮਰੀਕ ਫਿਰ ਬੋਲਿਆ ਤਾਂ ਜਾਗੀਰ ਕੌਰ ਨੇ ਕਿਹਾ, "ਉਹ ਪੌਣਾ ਕਿੱਲਾ ਤਾਂ ਪਿਛਲੇ ਸਾਲ ਦਾ ਗਹਿਣੇ ਕਰ ਦਿੱਤਾ ਹੋਇਆ।"

"ਕਿਹੜਾ ? ਉੱਤਲਾ ?"

"ਆਹੋ।"

"ਕਿਉਂ ?" ਉਹਦੀ ਅਵਾਜ਼ ਵਿੱਚ ਗ਼ੁੱਸਾ ਸੀ।

"ਆਹ ਤੇਰੀ ਭੈਣ ਦੀ ਸੱਸ ਦੇ 'ਕੱਠ ਤੇ ਜਦੋਂ ਗਏ ਸਾਂ....ਉਦੋਂ....", ਮਾਂ ਦਬੀ ਅਵਾਜ਼ ਵਿੱਚ ਬੋਲੀ।

ਅਮਰੀਕ ਨੇ ਸੋਚਿਆ, ਹੁਣ ਖਿਝਣ ਦਾ ਕੀ ਫ਼ਾਇਦਾ ਸੀ ? ਪਹਿਲਾਂ ਆਪ ਘਰ ਵੱਲ ਧਿਆਨ ਦਿੰਦਾ ਤਾਂ ਸ਼ਾਇਦ ਜ਼ਮੀਨ ਗਹਿਣੇ ਨਾ ਪੈਂਦੀ। ਉਹ ਇਸ ਨੂੰ ਹੋਣੀ ਸਮਝ ਕੇ ਪੀ ਗਿਆ।

"ਤੇ ਪਿੱਛੇ ਪੈਲ਼ੀ ਕਿਹੜੀ ਰਹਿ ਗਈ, ਫਿਰ ?" ਉਸ ਨੇ ਜਿਵੇਂ ਖ਼ਲਾਅ ਨੂੰ ਪੁੱਛਿਆ ਹੋਵੇ। ਕੋਈ ਜਵਾਬ ਨਾ ਆਇਆ।

"ਉੱਧਰੋਂ ਖਾਦ ਦੇ ਪੈਸੇ ਦੇਣੇ ਆਂ....ਪਤਾ ਨਹੀਂ ਕਿੱਥੇ ਖਾਦ ਪਾਉਂਦੇ ਰਹੇ ਜੇ....ਫ਼ਸਲ ਤਾਂ ਕਦੀ ਖਾਣ ਜੋਗੀ ਆਈ ਨਹੀਂ...."ਉਹ ਆਪ ਹੀ ਬੁੜ-ਬੁੜ ਕਰਕੇ ਚੁੱਪ ਕਰ ਗਿਆ।

ਖਾਦ ਤਾਂ ਅੱਗੇ ਨਕਦ ਵੇਚ ਕੇ ਪੈਸੇ ਵੱਟ ਕੇ ਵਰਤ ਲਏ ਸਨ....ਖੇਤਾਂ 'ਚ ਕਿੱਥੇ ਪਈ ਸੀ...." ਮਹਿੰਦਰ ਪਹਿਲੀ ਵਾਰ ਬੋਲਿਆ। ਉਹਦੀ ਅਵਾਜ਼ ਵਿੱਚ ਪਤਾ ਨਹੀਂ ਸੀ ਲੱਗਦਾ, ਨਿਰਲੇਪਤਾ ਸੀ ਜਾਂ ਕੁੜੱਤਣ!

ਅਮਰੀਕ ਨੂੰ ਇਹ ਸੁਣ ਕੇ ਅੰਦਰੋਂ ਵੱਟ ਚੜ੍ਹਿਆ, "ਮੈਂ ਆਹਨਾਂ....ਤੁਸੀਂ ਏਨੇ ਪੈਸੇ ਵਰਤਦੇ ਕਿੱਥੇ ਰਹੇ ਜੇ..... ਮਾਤਾ, ਤੂੰ ਸਭ ਕੁਝ ਸਾਥੋਂ ਲੁਕਾਉਂਦੀ ਰਹੀ ਏਂ...." ਉਸ ਦੀ ਅਵਾਜ਼ ਵਿੱਚ ਮਾਂ ਪ੍ਰਤਿ ਦਬਵਾਂ ਜਿਹਾ ਗ਼ੁੱਸਾ ਸੀ।

"ਮੈਂ ਕੀ ਲੁਕਾਉਂਦੀ ਰਹੀ ਆਂ.....ਤੂੰ ਤਾਂ ਘਰ ਦਾ ਖਹਿੜਾ ਈ ਛੱਡਿਆ ਹੋਇਆ ਸੀ। ਉਹ ਮਨ-ਮਰਜ਼ੀ ਕਰਦਾ ਸੀ......ਉਹਦੇ ਅਮਲ ਦਾ ਏਨਾ ਖ਼ਰਚਾ ਘਰੋਂ ਹੀ ਤਾਂ ਹੁੰਦਾ ਸੀ...ਤੂੰ ਅਨਜਾਣ ਤਾਂ ਨਾ ਬਣ.....।"

ਉਹ ਦੰਦ ਘੁੱਟੀ ਲੰਮਾ ਪਿਆ ਰਿਹਾ। ਏਨਾ ਪੈਸਾ ਉਹ ਕਿਵੇਂ ਉਤਾਰੇਗਾ ? ਵਾਹੀ ਕਿਵੇਂ ਤੋਰੇਗਾ ? ਝੋਨੇ ਲਈ ਖਾਦ ਵੀ ਚਾਹੀਦੀ ਸੀ।

'ਮੱਖਣ ਸੂੰਹ ਵੀ ਇੱਕ ਪਰਨੋਟ ਲਈ ਫਿਰਦਾ ਜੇ..ਮੈਨੂੰ ਵਿਖਾਉਂਦਾ ਸੀ। ਭਾਈਏ ਨੇ ਉਸ ਤੋਂ ਵੀ ਪੰਜ ਸੌ

ਰੁਪਈਆ ਵਿਆਜੀ ਫੜਿਆ ਹੋਇਆ ਜੇ...ਮੈਨੂੰ ਆਂਹਦਾ ਸੀ, ਤੇਰੇ ਭਰਾ ਨਾਲ ਸਤਾਰ੍ਹਵੀਂ ਤੋਂ ਪਿੱਛੋਂ ਹੀ ਗੱਲ ਕਰੂੰ......" ਮਹਿੰਦਰ ਨੇ ਇੱਕ ਹੋਰ ਭੇਦ ਇਸ ਤਰ੍ਹਾਂ ਖੋਲ੍ਹਿਆ, ਜਿਵੇਂ ਮੱਥੇ ਵਿੱਚ ਕੁਝ 'ਪਟੱਕ' ਕਰਕੇ ਮਾਰੀਦਾ ਹੈ।

"ਲਓ, ਹੋਰ ਸੁਣ ਲੋ...ਮੈਂ ਆਹਨਾਂ.....ਸਭ ਪਾਸੇ ਦੇਣਾ ਈ ਦੇਣਾ...." ਅਮਰੀਕ ਉੱਠ ਕੇ ਬੈਠ ਗਿਆ। ਪਹਿਲਾਂ ਤਾਂ ਉਹ ਗੁੱਸੇ ਵਿੱਚ ਭਰ ਗਿਆ ਪਰ ਫਿਰ ਹੌਲੀ-ਹੌਲੀ ਉਹਦੇ ਮੱਥੇ ਦੀਆਂ ਕੱਸੀਆਂ ਹੋਈਆਂ ਨਾੜਾਂ ਢਿੱਲੀਆਂ ਪੈ ਗਈਆਂ। ਉਸ ਸੋਚਿਆ, ਇਸ ਸਭ ਕੁਝ ਨੂੰ ਪ੍ਰਵਾਨ ਕਰਨਾ ਹੀ ਪੈਣਾ ਸੀ ਤੇ ਫਿਰ ਉਹ ਫਿੱਕਾ ਜਿਹਾ ਹੱਸ ਕੇ ਬੋਲਿਆ, "ਓ ਬਾਬਾ! ਇੱਕੋ ਵਾਰ ਦੱਸ ਦਿਓ.....ਕੀਹਦਾ-ਕੀਹਦਾ ਕੀ-ਕੀ ਦੇਣਾ, ਮੈਂ....? ਹੌਲੀ-ਹੌਲੀ ਕਿਉਂ ਲੱਗੇ ਓ....?" ਤੇ ਫਿਰ ਉਹ ਆਪ ਹੀ ਬੋਲਿਆ "ਨਾਲੇ ਘਰ ਗੁਆਇਆ, ਨਾਲੇ ਭੜੂਆ ਅਖਵਾਇਆ। ਲੋਕੀਂ ਸੌ-ਸੌ ਗੱਲਾਂ ਕਰਦੇ ਨੇ। ਧਰਮ ਨਾਲ ਜੀਅ ਕਰਦਾ, ਧਰਤੀ 'ਚ ਨਿੱਘਰ ਜੀਏ, ਜਦੋਂ ਸੁਣੀਂਦਾ, ਉਹ ਪੀ ਕੇ ਉਸ ਮੋੜ 'ਤੇ ਪਿਆ ਸੀ.......ਕਦੀ ਉਸ ਮੋੜ 'ਤੇ.....।"

ਨਮੋਸ਼ੀ ਦੀ ਗੱਲ ਸੁਣਦਿਆਂ ਹੀ ਵੱਡੀ ਕੁੜੀ ਬੋਲੀ, 'ਸੱਚੀਂ ਭਾ ਜੀ.....ਅਸੀਂ ਤੇ ਤੁਹਾਨੂੰ ਡਰਦੇ ਦੱਸਦੇ ਨਹੀਂ ਸਾਂ, ਉਦੋਂ। ਭਾਈਆ ਤੇ ਹੁਣ ਸੱਚੀਂ ਪੁੱਠੇ ਕੰਮੀਂ ਉੱਤਰ ਆਇਆ ਸੀ। ਦੋ-ਤਿੰਨ ਮਹੀਨੇ ਹੋਏ, ਘਰੋਂ ਪਤੀਲਾ ਚੁੱਕ ਕੇ ਚੌਂਚਲ ਕਲੀ ਵਾਲ਼ੇ ਕੋਲ਼ ਵੇਚ ਦਿੱਤਾ। ਅਸੀਂ ਲੱਭਦੇ ਫਿਰੀਏ....ਪਿੱਛੋਂ ਪਤਾ ਲੱਗਾ...ਫਿਰ ਚੌਂਚਲ ਤੋਂ ਮੋੜ ਕੇ ਆਂਦਾ, ਪੈਸੇ ਦੇ ਕੇ......।'

ਅਮਰੀਕ ਨੂੰ ਇੱਕ ਧੱਕਾ ਜਿਹਾ ਲੱਗਾ। ਉਸ ਸੋਚਿਆ ਜੇ ਕਿਧਰੇ ਲੋਕਾਂ ਨੂੰ ਇਸ ਗੱਲ ਦਾ ਪਤਾ ਲੱਗ ਜਾਂਦਾ ਤਾਂ ਉਹ ਕੀ ਮੂੰਹ ਦਿਖਾਉਂਦਾ? ਹੋ ਸਕਦਾ ਸੀ, ਉਸ ਦਾ ਪਿਓ ਘਰ ਤੋਂ ਪਿੱਛੋਂ ਲੋਕਾਂ ਦੇ ਭਾਂਡੇ ਵੀ ਚੁੱਕਣੇ ਸ਼ੁਰੂ ਕਰ ਦਿੰਦਾ......ਤੇ ਇਹ ਸਭ ਕੁਝ ਸੋਚਦਿਆਂ, ਉਹ ਜਿਵੇਂ ਨਮੋਸ਼ੀ ਵਿੱਚ ਗਰਕ ਹੁੰਦਾ ਜਾ ਰਿਹਾ ਸੀ।

"ਤੁਸੀਂ ਛੱਡੋ ਉਹਦੀਆਂ ਗੱਲਾਂ.....ਉਹ ਤਾਂ ਚੌਂਚਲ ਦੀ ਹੱਟੀ 'ਚ ਵੜ ਕੇ ਕਈ ਵਾਰ ਨਸਵਾਰ ਵੀ ਲੈਂਦਾ ਸੀ...ਤੇ ਹੁਣ ਤਾਂ 'ਫ਼ੀਮ ਦੀ ਥਾਂ ਉਹ ਨਸ਼ੇ ਦੀਆਂ ਗੋਲ਼ੀਆਂ ਜਿਹੀਆਂ ਵੀ ਖਾਂਦਾ ਸੀ ਤੇ ਉਹ ਬੀੜਾ ਜਿਹਾ ਵੀ ਲੈਂਦਾ ਸੀ....." ਮਹਿੰਦਰ ਦੀ ਇਹ ਗੱਲ ਸੁਣ ਕੇ ਅਮਰੀਕ ਨੇ ਸੋਚਿਆ, ਚੰਗਾ ਹੋਇਆ, ਉਹਦੇ ਪਿਓ ਦੀਆਂ ਇਹ ਗੱਲਾਂ ਉਸ ਕੋਲ਼ੋਂ ਲੁਕੀਆਂ ਰਹੀਆਂ ਸਨ। ਇੰਝ ਉਹ ਸ਼ਰੇਆਮ ਨਹੀਂ ਸੀ ਕਰਦਾ। ਇਸ ਲਈ ਹੋ ਸਕਦਾ ਹੈ, ਲੋਕਾਂ ਨੂੰ ਵੀ ਉਸ ਦੀਆਂ ਇਹਨਾਂ ਗੱਲਾਂ ਦਾ ਪਤਾ ਨਾ ਹੀ ਹੋਵੇ ਤੇ ਜੇ ਉਹਦਾ ਪਿਓ ਸ਼ਰੇਆਮ ਭਾਂਡੇ ਚੁੱਕਦਾ, ਨਸਵਾਰ ਲੈਂਦਾ ਤੇ ਗੋਲ਼ੀਆਂ ਖਾ ਕੇ ਡਿਗਦਾ ਰਹਿੰਦਾ ਤਾਂ ਉਹਨਾਂ ਦੇ ਪਰਿਵਾਰ ਦੀ ਕੋਈ ਇੱਜ਼ਤ ਰਹਿਣੀ ਸੀ, ਭਲਾ! ਅੱਗੇ ਵੱਡੀ ਕੁੜੀ ਦੇ ਸਾਕ ਟੁੱਟਣ ਦੀ ਨਮੋਸ਼ੀ ਨੇ ਉਹਦੀ ਜ਼ਮੀਰ ਨੂੰ ਧੁਰ ਅੰਦਰੋਂ ਜ਼ਖ਼ਮੀ ਕਰ ਦਿੱਤਾ ਹੋਇਆ ਸੀ।

"ਕਿਉਂ ਬੀਬੀ, ਠੀਕ ਗੱਲ ਐ?" ਉਸ ਨੂੰ ਭਰੇ - ਪੀਤੇ ਨੂੰ ਇਤਰਾਜ਼ ਸੀ ਕਿ ਉਹਦੀ ਮਾਂ ਨੇ ਉਸ ਨੂੰ ਰੁਪਏ ਕਰਜ਼ ਚੁੱਕਣ, ਜ਼ਮੀਨ ਗਹਿਣੇ ਪਾਉਣ ਤੇ ਇਸ ਤਰ੍ਹਾਂ ਉਹਦੇ ਪਿਓ ਦੀਆਂ ਵਿਗੜੀਆਂ ਆਦਤਾਂ ਬਾਰੇ ਕਿਉਂ ਨਹੀਂ ਸੀ ਦੱਸਿਆ।

"ਠੀਕ ਆ...ਹੋਰ ਝੂਠ ਥੋੜ੍ਹਾ...." ਸਭ ਤੋਂ ਛੋਟੀ ਕੁੜੀ ਬੋਲ ਪਈ।

'ਇਸ ਹਿਸਾਬ ਨਾਲ਼ ਤਾਂ ਜਿਹੜੀ ਦੋ ਕਿੱਲੇ ਬਚਦੀ ਸੀ....ਜੇ ਜਿਊਂਦਾ ਰਹਿੰਦਾ ਤਾਂ ਉਹ ਵੀ ਗਹਿਣੇ ਪੈ ਜਾਣੀ ਸੀ ਤੇ ਪਿੱਛੇ ਰਹਿ ਜਾਣਾ ਸੀ....." ਗੱਲ ਅਮਰੀਕ ਦੇ ਮੂੰਹ ਵਿੱਚ ਹੀ ਸੀ ਕਿ ਮਹਿੰਦਰ ਬੋਲ ਪਿਆ, "ਪਿੱਛੇ ਰਹਿ ਜਾਣਾ ਸੀ, ਠਣ-ਠਣ ਗੋਪਾਲ।"

ਮਹਿੰਦਰ ਗੱਲ ਕਰਕੇ ਫਿੱਕਾ ਜਿਹਾ ਹੱਸਿਆ। ਉਹਦੇ ਹਾਸੇ ਵਿੱਚ ਨਾ ਹੀ ਕੋਈ ਖ਼ੁਸ਼ੀ ਸੀ ਤੇ ਨਾ ਹੀ ਕੋਈ ਦਰਦ। ਅਜੀਬ ਤਰ੍ਹਾਂ ਦਾ ਇੱਕ ਬੇਰੰਗ ਹਾਸਾ। ਹਨੇਰੇ ਵਿੱਚ ਹੀ ਪਰਿਵਾਰ ਦੇ ਹੋਰ ਵੀ ਇੱਕ--ਦੋ ਜੀਅ ਹੌਲੀ ਜਿਹੀ ਹੱਸੇ। ਇੰਜ ਲੱਗਦਾ ਸੀ, ਜਿਵੇਂ ਉਹਨਾਂ ਨੂੰ ਮਹਿੰਦਰ ਦੀ ਆਖੀ ਗੱਲ ਸਰਬ-ਸੰਮਤੀ ਨਾਲ਼ ਪ੍ਰਵਾਨ ਸੀ ਤੇ ਉਹ ਇਸ 'ਘਰ ਦੇ ਸਾਂਈਂ' ਦੇ 'ਵੇਲ਼ੇ ਸਿਰ' ਤੁਰ ਜਾਣ 'ਤੇ ਜਿਵੇਂ ਸੁਰਖ਼ਰੂ ਹੋਏ ਮਹਿਸੂਸ ਕਰ ਰਹੇ ਸਨ।

**ਸ਼ਬਦ-ਅਰਥ :**

**'ਵਾ ਵੱਜ ਜਾਣੀ** - ਅਚਾਨਕ ਕੋਈ ਤਕਲੀਫ਼ ਹੋ ਜਾਣੀ। **ਯਕਮੁਸ਼ਤ** - ਇੱਕੋ ਕਿਸ਼ਤ ਵਿੱਚ, ਇਕੱਠਿਆਂ ਹੀ। **ਮੁਹਲਤ** - ਮਿਆਦ, ਕੁਝ ਖ਼ਾਸ ਸਮਾਂ ਦੇਣਾ। **ਰਿਆਇਤ** - ਲਿਹਾਜ਼, ਛੋਟ। **ਉਭਾਸਰੇ** - ਕੁਸਕੇ, ਗਿਲਾ ਕਰੇ। **ਆਤੁਰ** - ਦੁਖੀ, ਲੋੜਵੰਦ। **ਨੜਛਿਆ** - ਮੂਰਖ਼ ਆਦਮੀ ਜੋ ਲੰਮਾ ਹੋਵੇ, ਨੜੇ ਵਰਗਾ (ਵਿਅੰਗ ਨਾਲ਼)। **ਫ਼ੈਲਸੂਫ਼ੀਆਂ** - ਫ਼ਜ਼ੂਲ-ਖ਼ਰਚੀਆਂ, ਸ਼ੇਖ਼ੀਆਂ। **ਤੋਸਾ** - ਖਾਣ-ਪੀਣ ਦਾ ਸਮਾਨ। **ਚਰਾਖਾ** - ਦੀਵਾ ਰੱਖਣ ਵਾਲ਼ਾ ਛੋਟਾ ਜਿਹਾ ਆਲ਼ਾ। **ਨਿੰਮੋਝੂਣ** - ਸ਼ਰਮਿੰਦਾ। **ਇਹਤਿਆਤ** - ਚੌਕਸੀ, ਸਾਵਧਾਨੀ। **ਸੁਲੱਗ** - ਚੰਗੇ ਸੁਭਾਅ ਵਾਲ਼ੇ। **ਜ਼ਮੀਰ** - ਆਤਮਾ। **ਸੁਰਖ਼ਰੂ** - ਕਿਸੇ ਜ਼ੁੰਮੇਵਾਰੀ ਨੂੰ ਨਿਭਾ ਕੇ ਮੁਕਤ ਹੋਣਾ।

## ਪਾਠ-ਅਭਿਆਸ

1. ਅੰਗ-ਸੰਗ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।
2. ਇਸ ਕਹਾਣੀ ਵਿੱਚ ਅਜਿਹੀ ਕਿਹੜੀ ਘਟਨਾ ਵਾਪਰੀ ਜਿਸ ਕਾਰਨ ਘਰ ਵਿੱਚ ਹਨੇਰੇ ਵਾਤਾਵਰਨ ਵਰਗੀ ਚੁੱਪ ਛਾਈ ਹੋਈ ਸੀ ?
3. ਸੁਸਾਇਟੀ ਦੇ ਇਨਸਪੈੱਕਟਰ ਨੇ ਅਮਰੀਕ ਸਿੰਘ ਨੂੰ ਕਿਸ ਗੱਲ ਦੀ ਰਿਆਇਤ ਦਿੱਤੀ ਅਤੇ ਕਿਉਂ ?
4. ਕਰਤਾਰ ਸਿੰਘ ਦੇ ਛੋਟੀ ਉਮਰੇ ਹੀ ਦੁਨੀਆ ਤੋਂ ਤੁਰ ਜਾਣ ਦੇ ਕੀ ਕਾਰਨ ਸਨ ?
5. ਬਚਪਨ ਵਿੱਚ ਅਮਰੀਕ ਕਿਹੋ-ਜਿਹੇ ਬਾਪ ਦੀ ਕਲਪਨਾ ਕਰਦਾ ਹੈ ਅਤੇ ਕਿਉਂ ?
6. ਅਮਰੀਕ ਦੇ ਦਾਦੇ ਨੇ ਗਹਿਣੇ ਪਈ ਆਪਣੀ ਪੈਲ਼ੀ ਨੂੰ ਕਿਵੇਂ ਛੁਡਾਇਆ ?
7. ਕਰਤਾਰ ਸਿੰਘ ਆਪਣੀ ਭੈਣ ਦੀਆਂ ਕੁੜੀਆਂ ਦੇ ਵਿਆਹ ਦੀ ਚਿੱਠੀ ਆਉਣ 'ਤੇ ਕਿਉਂ ਖਿਝਿਆ - ਖਿਝਿਆ ਰਹਿੰਦਾ ਸੀ ?
8. "ਉਹ ਪੌਣਾ ਕਿੱਲਾ ਤਾਂ ਪਿਛਲੇ ਸਾਲ ਦਾ ਗਹਿਣੇ ਕਰ ਦਿੱਤਾ ਹੋਇਆ।" ਜਗੀਰ ਕੌਰ ਨੇ ਇਹ ਸ਼ਬਦ ਕਿਉਂ ਕਹੇ ?
9. ਅਮਰੀਕ ਸਿੰਘ ਨੂੰ ਆਪਣੇ ਘਰਦਿਆਂ ਨਾਲ਼ ਕਿਸ ਗੱਲ ਦਾ ਇਤਰਾਜ਼ ਸੀ ?

* * * * *

# ਗੁਰਬਖ਼ਸ਼ ਸਿੰਘ
## (1985-1977)

**ਲੇਖਕ ਬਾਰੇ :**

ਗੁਰਬਖ਼ਸ਼ ਸਿੰਘ ਦਾ ਜਨਮ 26 ਅਪਰੈਲ, 1895 ਈ: ਨੂੰ ਮਾਤਾ ਸ੍ਰੀਮਤੀ ਮਾਲਣੀ ਅਤੇ ਪਿਤਾ ਸ੍ਰੀ ਪਸ਼ੌਰਾ ਸਿੰਘ ਦੇ ਘਰ ਸਿਆਲਕੋਟ (ਪਾਕਿਸਤਾਨ) ਵਿਖੇ ਹੋਇਆ। ਰੁੜਕੀ ਦੇ ਇੰਜੀਨੀਅਰਿੰਗ ਕਾਲਜ ਵਿੱਚੋਂ ਇੰਜੀਨੀਅਰਿੰਗ ਦਾ ਡਿਪਲੋਮਾ ਪਾਸ ਕਰਨ ਉਪਰੰਤ ਆਪ ਉਚੇਰੀ ਵਿੱਦਿਆ ਲਈ ਅਮਰੀਕਾ ਚਲੇ ਗਏ। ਉੱਥੇ ਮਿਸ਼ੀਗਨ ਯੂਨੀਵਰਸਿਟੀ ਵਿੱਚੋਂ ਇੰਜੀਨੀਅਰ ਦੀ ਡਿਗਰੀ ਹਾਸਲ ਕੀਤੀ। ਕੁਝ ਦੇਰ ਭਾਰਤ ਦੇ ਰੇਲਵੇ ਵਿਭਾਗ ਵਿੱਚ ਇੰਜੀਨੀਅਰ ਦੇ ਤੌਰ 'ਤੇ ਨੌਕਰੀ ਕੀਤੀ ਪਰ ਅਜ਼ਾਦ ਤਬੀਅਤ ਦੇ ਮਾਲਕ ਹੋਣ ਕਰਕੇ ਆਪ ਨੇ ਨੌਕਰੀ ਛੱਡ ਦਿੱਤੀ।

ਨੌਕਰੀ ਛੱਡਣ ਉਪਰੰਤ ਆਪ ਨੇ ਸਾਹਿਤ ਦੇ ਖੇਤਰ ਵਿੱਚ ਪ੍ਰਵੇਸ਼ ਕੀਤਾ। 1933 ਈ: ਵਿੱਚ ਮਾਸਿਕ-ਪੱਤਰ 'ਪ੍ਰਤੀਲੜੀ' ਛਾਪਣਾ ਸ਼ੁਰੂ ਕੀਤਾ। ਇਸ ਰਿਸਾਲੇ ਦੀ ਚੜ੍ਹਤ ਕਾਰਨ ਆਪ ਗੁਰਬਖ਼ਸ਼ ਸਿੰਘ 'ਪ੍ਰੀਤਲੜੀ' ਦੇ ਨਾਂ ਨਾਲ ਪ੍ਰਸਿੱਧ ਹੋਏ। 1938 ਈ: ਤੋਂ ਉਹਨਾਂ ਲਾਹੌਰ ਅਤੇ ਅੰਮ੍ਰਿਤਸਰ ਵਿਚਕਾਰ ਪ੍ਰੀਤ ਨਗਰ ਨਾਂ ਦਾ ਕਸਬਾ ਵਸਾ ਕੇ ਆਪਣਾ ਸੁਪਨਾ ਸਾਕਾਰ ਕੀਤਾ।

ਗੁਰਬਖ਼ਸ਼ ਸਿੰਘ 'ਪ੍ਰੀਤਲੜੀ' ਨੇ ਸਾਹਿਤ ਦੇ ਹਰ ਰੂਪ ਵਿੱਚ ਲਿਖਿਆ ਹੈ। ਉਹਨਾਂ ਦੀਆਂ ਰਚਨਾਵਾਂ ਇਸ ਪ੍ਰਕਾਰ ਹਨ : 'ਨਵਾਂ ਸ਼ਿਵਾਲਾ', 'ਖੁੱਲ੍ਹਾ ਦਰ', 'ਪ੍ਰਸੰਨ ਲੰਮੀ ਉਮਰ', 'ਮੇਰੀਆਂ ਅਭੁੱਲ ਯਾਦਾਂ', 'ਪਰਮ-ਮਨੁੱਖ', 'ਸਾਂਵੀਂ ਪੱਧਰੀ ਜ਼ਿੰਦਗੀ', 'ਸ੍ਵੈ-ਪੂਰਨਤਾ ਦੀ ਲਗਨ', 'ਜ਼ਿੰਦਗੀ ਦੀ ਰਾਸ' ਆਦਿ ਵਾਰਤਕ-ਸੰਗ੍ਰਹਿ ਹਨ। ਨਾਟਕ : 'ਰਾਜ ਕੁਮਾਰੀ ਲਤਿਕਾ'। ਇਕਾਂਗੀ : 'ਕੋਧਰੇ ਦੀ ਰੋਟੀ, ਅਤੇ 'ਪ੍ਰੀਤ ਮੁਕਟ'। ਸ੍ਵੈਜੀਵਨੀ : 'ਮੇਰੀ ਜੀਵਨ ਕਹਾਣੀ' ਅਤੇ 'ਮੰਜ਼ਿਲ ਦਿਸ ਪਈ'। ਸਫ਼ਰਨਾਮਾ : 'ਦੁਨੀਆ ਇੱਕ ਮਹੱਲ ਹੈ'। ਨਾਵਲ : 'ਅਣਵਿਆਹੀ ਮਾਂ' ਅਤੇ 'ਰੁੱਖਾਂ ਦੀ ਜੀਰਾਂਦ'। ਅਨੁਵਾਦ 'ਏਸ਼ੀਆ ਦਾ ਚਾਨਣ', 'ਸੁਪਨੇ' , 'ਮਾਂ', 'ਘਾਹ ਦੀਆਂ ਤਿੜਾਂ' ਆਦਿ। 'ਅਸਮਾਨੀ ਮਹਾਂ ਨਦੀ', 'ਨਾਗ ਪ੍ਰੀਤ ਦਾ ਜਾਦੂ', 'ਵੀਣਾ ਵਿਨੋਦ', 'ਪ੍ਰੀਤ-ਕਹਾਣੀਆਂ', 'ਅਨੋਖੇ ਤੇ ਇਕੱਲੇ', 'ਭਾਬੀ ਮੈਨਾ', 'ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ', 'ਪ੍ਰੀਤਾਂ ਦੀ ਪਹਿਰੇਦਾਰ' ਆਦਿ ਕਹਾਣੀ-ਸੰਗ੍ਰਹਿ ਹਨ।

ਹਥਲੀ-ਪਾਠ ਪੁਸਤਕ ਵਿੱਚ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਬਹੁਚਰਚਿਤ ਕਹਾਣੀ 'ਬੰਮ ਬਹਾਦਰ' ਸ਼ਾਮਲ ਕੀਤੀ ਗਈ ਹੈ।

**ਕਹਾਣੀ ਬਾਰੇ :**

'ਬੰਮ ਬਹਾਦਰ' ਗੁਰਬਖ਼ਸ਼ ਸਿੰਘ ਦੀ ਬਹੁਚਰਚਿਤ ਕਹਾਣੀ ਹੈ। ਇਸ ਵਿੱਚ ਜਦੋਂ ਮਹੰਤ ਮਾਤਾ ਦੀਨ ਬੰਮ ਦੀ ਖ਼ੁਰਾਕ ਨੂੰ ਹਰ ਰੋਜ਼ ਘਟਾਉਣ ਲੱਗਿਆ ਤਾਂ ਨਰਾਜ਼ਗੀ ਵਿੱਚ ਬੰਮ ਨੇ ਖੌਰੂ ਪਾਉਣਾ ਸ਼ੁਰੂ ਕਰ ਦਿੱਤਾ ਪਰ ਮਹਾਰਾਣੀ ਦੇ ਮਹਿਲਾਂ ਵਿੱਚ ਆਉਣ 'ਤੇ ਬੰਮ ਦੇ ਵਿਹਾਰ ਵਿੱਚ ਢੇਰ ਸਾਰਾ ਬਦਲਾਅ ਆਇਆ ਕਿਉਂਕਿ ਮਹਾਰਾਣੀ ਬੰਮ ਬਹਾਦਰ ਦਾ ਵਿਸ਼ੇਸ਼ ਧਿਆਨ ਰੱਖਦੀ ਸੀ। ਬੰਮ ਨੂੰ ਆਪਣੇ ਹੱਕ ਖੁੱਸਣ 'ਤੇ ਹੋਰ ਵੀ ਨਰਾਜ਼ਗੀ ਹੋ ਜਾਂਦੀ ਹੈ। ਮਾਤਾ ਦੀਨ ਪ੍ਰਤਿ ਗੁੱਸੇ ਦੀ ਪ੍ਰਤਿਕਿਰਿਆ ਵਜੋਂ ਉਹ ਬਾਗ਼ ਦੀ ਅਤੇ ਮਾਤਾ ਦੀਨ ਦੇ ਘਰ ਦੀ ਤਬਾਹੀ ਕਰ ਦੇਂਦਾ ਹੈ। ਇਸ ਸਾਰੀ ਘਟਨਾ ਦਾ ਮਹਾਰਾਣੀ ਨੂੰ ਪਤਾ ਲੱਗਦਾ ਹੈ। ਉਹ ਬੰਮ ਦੀ ਮਨੋਦਸ਼ਾ ਨੂੰ ਸਮਝਦੀ ਹੋਈ, ਉਸ ਦੀ ਖ਼ੁਰਾਕ ਅਤੇ ਖੁੱਸ ਰਹੇ ਹੱਕਾਂ ਵੱਲ ਧਿਆਨ ਦੇਂਦੀ ਹੈ। ਇਸ ਸਾਰੇ ਵਰਤਾਰੇ ਦਾ ਬੰਮ ਦੇ ਵਤੀਰੇ 'ਤੇ ਕਿਵੇਂ ਅਸਰ ਹੁੰਦਾ ਹੈ, ਉਸ ਨੂੰ ਕਹਾਣੀਕਾਰ ਨੇ ਬੜੇ ਹੀ ਮਨੋ-ਵਿਗਿਆਨਿਕ ਢੰਗ ਨਾਲ ਪੇਸ਼ ਕੀਤਾ ਹੈ।

"ਬੰਮ ਬਹਾਦਰ" ਕਹਾਣੀ ਜਾਨਵਰਾਂ ਦੀਆਂ ਕੋਮਲ ਭਾਵਨਾਵਾਂ ਨੂੰ ਸਮਝਣ 'ਤੇ ਜ਼ੋਰ ਦਿੰਦੀ ਹੈ।

* * * * *

# ਬੰਮ ਬਹਾਦਰ

*ਗੁਰਬਖਸ਼ ਸਿੰਘ*

ਮਹੰਤ ਮਾਤਾ ਦੀਨ ਨੇ ਮਹਾਰਾਜ ਅੱਗੇ ਸ਼ਿਕਾਇਤ ਕੀਤੀ ਕਿ ਹਾਥੀ ਬੰਮ ਬਹਾਦਰ ਕਈ ਦਿਨਾਂ ਤੋਂ ਨਮੋਸ਼ ਹੁੰਦਾ ਜਾ ਰਿਹਾ ਸੀ। ਬੰਮ ਸ਼ਾਮੀਂ ਖ਼ਰੂਦ ਕਰਦਾ, ਹਾਥੀਖ਼ਾਨਾ ਸਿਰ ਚੁੱਕੀ ਰੱਖਦਾ ਹੈ।

"ਕੋਈ ਗੱਲ ਨਹੀਂ, ਮਾਤਾ ਦੀਨ'," ਮਹਾਰਾਜ ਠਰੰਮੇ ਨਾਲ਼ ਬੋਲੇ – "ਬੰਮ ਸਾਡਾ ਤਮਾਸ਼ਬੀਨ ਹੈ — ਤਮਾਸ਼ੇ ਨੂੰ ਚਿਰ ਹੋ ਗਿਆ ਹੈ। ਆਉਂਦੇ ਬੁੱਧ ਨੂੰ ਜਦੋਂ ਅਸੀਂ ਸ਼ਾਦੀ ਕਰਕੇ ਆਵੀਏ ਤਾਂ ਬੰਮ ਬਹਾਦਰ ਨੂੰ ਖ਼ੂਬ ਸਜਾ-ਧਜਾ ਕੇ ਸਟੇਸ਼ਨ 'ਤੇ ਲਿਆਉਣਾ— ਮਹਾਰਾਣੀ ਤੇ ਮੈਂ ਉਹਦੇ ਉੱਤੇ ਚੜ੍ਹ ਕੇ ਮਹਿਲੀਂ ਆਵਾਂਗੇ।"

ਬੰਮ ਨਿਰਾ ਬਹਾਦਰ ਹੀ ਨਹੀਂ ਹੱਦ ਦਰਜੇ ਦਾ ਅਣਖੀਲਾ ਹਾਥੀ ਸੀ। ਮਹਾਰਾਜ ਇਹਦੀ ਅਣਖ ਦੀ ਕਦਰ ਪਾਂਦੇ ਸਨ, ਹਰ ਜਲਸੇ ਦਾ ਸ਼ਿੰਗਾਰ ਇਹਨੂੰ ਬਣਾਂਦੇ ਸਨ। ਸ਼ਿੰਗਾਰੇ ਹੋਏ ਬੰਮ ਦਾ ਸਲੀਕਾ ਚੰਗੇ ਤੋਂ ਚੰਗੇ ਸਿਪਾਹੀ ਨੂੰ ਮਾਤ ਪਾਂਦਾ ਸੀ ਪਰ ਹਾਥੀਖ਼ਾਨੇ ਵਿੱਚ ਉਹ ਊਧਮ ਮਚਾਈ ਰੱਖਦਾ ਸੀ। ਬੜਾ ਸਮਝਦਾਰ ਹੋਣ ਕਰਕੇ ਮੁਲਾਜ਼ਮਾਂ ਦੀ ਬੇਕਾਇਦਗੀ ਜਾਂ ਬੇਈਮਾਨੀ 'ਤੇ ਬੜਾ ਖ਼ਫ਼ਾ ਰਹਿੰਦਾ ਸੀ। ਕਿਸੇ-ਕਿਸੇ ਮੁਲਾਜ਼ਮ ਦੇ ਮੂੰਹੋਂ ਇਹ ਨਿਕਲ਼ ਜਾਂਦਾ ਸੀ :

"ਬੰਮ ਖ਼ਸਲਤ ਦਾ ਮਾੜਾ ਨਹੀਂ — ਮਹੰਤ ਨੇ ਜਦ ਤੋਂ ਇਹਦੇ ਰਾਤਬ ਵਿੱਚੋਂ ਚੋਰੀ ਵਧਾ ਦਿੱਤੀ ਹੈ, ਇਹ ਉਹਦੇ ਨਾਲ਼ ਨਰਾਜ਼ ਰਹਿੰਦਾ ਹੈ ਤੇ ਖ਼ੌਰੂ ਪਾਂਦਾ ਹੈ। ਪਹਿਲੀਆਂ ਵਿੱਚ ਸਭ ਤੋਂ ਚੰਗੇ ਹਾਥੀ ਦੀ ਸ਼ੁਹਰਤ ਰੱਖਦਾ ਸੀ।"

ਮਹਾਰਾਜਾ ਉਦੈਪੁਰ ਤੋਂ ਵਿਆਹ ਕਰਵਾ ਕੇ ਅੱਜ ਆਪਣੀ ਰਿਆਸਤ ਵਿੱਚ ਪਹੁੰਚ ਰਹੇ ਸਨ। ਸਟੇਸ਼ਨ ਦੀ ਸਜਾਵਟ ਬੇਮਿਸਾਲ ਸੀ, ਬਾਹਰ ਮੋਟਰਾਂ ਦੀਆਂ ਪਾਲ਼ਾਂ ਜੁੜੀਆਂ ਖੜ੍ਹੀਆਂ ਸਨ। ਘੋੜ-ਸਵਾਰ ਤਲੈਈ – ਵਰਦੀਆਂ ਵਿੱਚ ਅਰਬੀ ਘੋੜਿਆਂ 'ਤੇ ਪਟ ਜਮਾਈ ਬੈਠੇ ਸਨ। ਬੰਮ ਬਹਾਦਰ ਦੀ ਛੱਬ ਝੱਲੀ ਨਹੀਂ ਸੀ ਜਾਂਦੀ, ਉਹ ਸਾਰਾ ਸੋਨੇ ਨਾਲ਼ ਜੜਿਆ ਝਿਲ-ਮਿਲ ਕਰ ਰਿਹਾ ਸੀ— ਸੁਨਹਿਰੀ ਹੌਦੇ ਨਾਲ਼ੋਂ ਸੋਨੇ ਦੇ ਛਬੇ ਛਣਕ ਰਹੇ ਸਨ ਤੇ ਚਿੱਟੇ ਦੰਦਾਂ 'ਤੇ ਵੀ ਅੱਜ ਸੋਨਾ ਚੜ੍ਹਿਆ ਹੋਇਆ ਸੀ — ਉੱਤੇ ਮਾਤਾ ਦੀਨ ਬੈਠਾ ਆਪਣੀ ਉਚਾਈ ਦਾ ਵਿਖਾਲ਼ਾ ਪਾ ਰਿਹਾ ਸੀ।

ਮਹਾਰਾਜ ਤੇ ਮਹਾਰਾਣੀ ਦੋਹਾਂ ਪਾਸਿਆਂ ਨਾਲ਼ ਧਰੀਆਂ ਪੌੜੀਆ ਥਾਣੀਂ ਚੜ੍ਹ ਕੇ ਹੌਦੇ ਵਿੱਚ ਬਹਿ ਗਏ। ਲੋਕਾਂ ਨੇ ਜੈ ਬੁਲਾਈ, ਬੰਮ ਬਹਾਦਰ ਨੇ ਸੁੰਡ ਹਿਲਾਈ। ਹਾਥੀਖ਼ਾਨੇ ਵਿੱਚ ਉਹਦੇ ਬਾਰੇ ਮਾਤਾ ਦੀਨ ਭਾਵੇਂ ਕੁਝ ਪਿਆ ਆਖੇ, ਜਲੂਸ ਵਿੱਚ ਉਹਦੀ ਕੋਈ ਗ਼ਲਤੀ ਨਾ ਕੱਢ ਸਕਿਆ — ਚੰਗੇ ਤੋਂ ਚੰਗੇ ਸਿਪਾਹੀ ਨੇ ਉਹਦੇ ਨਾਲ਼ੋਂ ਵਧੇਰੇ ਚੇਤੰਨ ਕੀ ਹੋਣਾ ਸੀ। ਝੂੰਮਦਾ-ਝਾਮਦਾ, ਲਟਕਦਾ-ਮਟਕਦਾ ਬੰਮ ਆਪਣੇ ਸ਼ਾਹੀ ਭਾਰ ਨੂੰ ਮਹਿਲਾਂ ਦੇ ਦਰਾਂ 'ਤੇ ਲੈ ਆਇਆ। ਹੋਰ ਮੁਲਾਕਾਤ ਕਰਵਾਉਣ ਤੋਂ ਪਹਿਲਾਂ ਮਹਾਰਾਜ ਨੇ ਨਵੀਂ ਮਹਾਰਾਣੀ ਦੀ ਜਾਣ-ਪਛਾਣ ਬੰਮ ਬਹਾਦਰ ਨਾਲ਼ ਏਸ ਤਰ੍ਹਾਂ ਕਰਾਈ :

"ਬੰਮ ਬਹਾਦਰ !...ਤੇਰੀ ਮਹਾਰਾਣੀ--ਜਿਨ੍ਹੂੰ ਤੂੰ ਸ਼ਾਇਦ ਮੇਰੇ ਨਾਲ਼ੋਂ ਵੀ ਬਹੁਤੇ ਸ਼ੌਕ ਨਾਲ਼ ਉਡੀਕ ਰਿਹਾ ਸੈਂ।"

ਬੰਮ ਨੇ ਸੁੰਡ ਚੁੱਕ ਕੇ ਮਹਾਰਾਣੀ ਨੂੰ ਸਲਾਮੀ ਦਿੱਤੀ।

ਮਹਾਰਾਣੀ ਦਾ ਮੂੰਹ ਮਿੱਤਰ-ਪਿਆਰ ਦੀ ਮੋਹਣੀ ਤਸਵੀਰ ਸੀ। ਮਹਾਰਾਜ ਜੇਡੀ ਲੰਮੀ, ਭਰੇ ਹੋਏ ਪੂਰਨ ਬੁੱਲ੍ਹ ਤੇ ਹੱਸਦਾ ਮੱਥਾ, ਮੋਟੀਆਂ, ਕਾਲ਼ੀਆਂ ਅੱਖਾਂ ਜਿਹੜੀਆਂ ਨਿਰੀਆਂ ਵੇਖ ਹੀ ਨਹੀਂ ਸਨ ਛੱਡਦੀਆਂ, ਜਿੱਥੇ ਪੈਂਦੀਆਂ ਕੁਝ ਕਹਿ ਗਈਆਂ ਜਾਪਦੀਆਂ ਸਨ। ਕੀ ਕਹਿ ਗਈਆਂ ? ਵੇਖਦੇ ਹੋਏ ਸੋਚਦੇ ਰਹਿ ਜਾਂਦੇ ਸਨ। ਇਹਨਾਂ ਅੱਖਾਂ ਵਿੱਚੋਂ ਹਰ ਮਿਹਰਬਾਨ ਇਸ਼ਾਰੇ ਦੀ ਮੋੜਵੀਂ ਕਦਰ ਐਉਂ ਲਿਸ਼ਕ ਪੈਂਦੀ, ਜਿਉਂ ਸੁਰ ਹੋਈ ਸਿਤਾਰ ਨਿੰਮ੍ਹੀ ਛੂਹ ਨਾਲ਼ ਭੀ ਛਣਕ ਪੈਂਦੀ ਹੈ।

ਬੰਮ ਨੇ ਆਪਣੀ ਮਹਾਰਾਣੀ ਨੂੰ ਸਲਾਮੀ ਦਿੱਤੀ ਤੇ ਮਹਾਰਾਜ ਬੋਲੇ, "ਇਹ ਮੇਰਾ ਹਾਥੀ ਨਹੀਂ— ਮੇਰਾ ਦੋਸਤ ਹੈ। ਇਹਦਾ ਤੇ ਮੇਰਾ ਜਨਮ-ਦਿਨ ਸਾਂਝਾ ਹੈ।"

ਮਹਾਰਾਣੀ ਨੇ ਬੰਮ ਦੀ ਸਲਾਮੀ ਦੇ ਉੱਤਰ ਵਿੱਚ ਦੋਵੇਂ ਹੱਥ ਜੋੜ ਦਿੱਤੇ। ਕਿਸੇ ਇਨਸਾਨੀ ਅੱਖ ਵਿੱਚ ਨਿਮਰ ਹੁਸਨ ਲਈ ਬੰਮ ਬਹਾਦਰ ਨਾਲ਼ੋਂ ਵਧੇਰੇ ਕਦਰ ਨਹੀਂ ਸੀ ਹੋ ਸਕਦੀ। ਆਪਣੇ ਸੁੰਡ ਦੀ ਉਂਗਲ਼ੀ ਨਾਲ਼ ਬੰਮ ਨੇ

ਮਹਾਰਾਣੀ ਦੇ ਜੁੜੇ ਹੱਥ ਇੱਕ ਖਿਣ ਲਈ ਛੂਹ ਲਏ ਤੇ ਫੇਰ ਸੁਧਰੇ ਸਿਪਾਹੀ ਵਾਂਗ ਅਡੋਲ ਉਹ ਮਹਾਰਾਣੀ ਵੱਲ ਤੱਕਦਾ ਖਲੋਤਾ ਰਿਹਾ। ਮਹਾਰਾਜ ਪਛਾਣ ਰਹੇ ਸਨ, ਬੰਮ ਦੇ ਦਿਲ ਵਿੱਚੋਂ ਓਸ ਵੇਲੇ ਕੀ ਉੱਠ ਰਿਹਾ ਸੀ।

"ਸਾਡੇ ਬੰਮ ਵਿੱਚ ਕੋਈ ਰਸਿਕ ਰੂਹ ਵੱਸਦੀ ਹੈ — ਇਹ ਖ਼ੂਬ ਪਛਾਣਦਾ ਲੋਕਾਂ ਨੂੰ ਤੇ ਖ਼ਾਸ ਕਰ......", ਮਹਾਰਾਜ ਨੇ ਮਹਾਰਾਣੀ ਵੱਲ ਜ਼ਰਾ ਡਿੰਗੀ ਨਜ਼ਰੇ ਤੱਕ ਕੇ ਹੌਲੀ ਜਿਹੀ ਆਖਿਆ, "ਖ਼ਾਸ ਕਰਕੇ ਸੋਹਣੇ ਲੋਕਾਂ ਨੂੰ।"

ਸਜ-ਪਰਨੀ ਮਹਾਰਾਣੀ ਨੇ ਅੱਖਾਂ ਚੁੱਕ ਕੇ ਮਹਾਰਾਜ ਵੱਲ ਤਕਿਆ — ਫੇਰ ਬੰਮ ਵੱਲ ਤੱਕਿਆ—ਤੇ ਦੋਹਾਂ ਦੀਆਂ ਅੱਖਾਂ ਓਸ ਘੜੀ ਜੋ ਕੁਝ ਉਹਨੂੰ ਆਖ ਰਹੀਆਂ ਸਨ, ਸਮਝ ਕੇ ਉਹ ਜ਼ਿੰਦਗੀ ਦਾ ਸਿਖਰ ਛੂਹੀ ਮਹਿਸੂਸ ਕਰ ਰਹੀ ਸੀ।

ਮਹਾਰਾਜ ਨਵੇਂ ਵਿਆਹ ਦੀਆਂ ਦਾਅਵਤਾਂ ਵਿੱਚ ਕਿੰਨੇ ਦਿਨ ਰੁੱਝੇ ਰਹੇ - ਹਾਥੀਖ਼ਾਨੇ ਵਿੱਚ ਆਪਣਾ ਹਫ਼ਤਾਵਾਰੀ ਫੇਰਾ ਨਾ ਪਾ ਸਕੇ। ਬੰਮ ਬਹਾਦਰ ਦੀ ਨਰਾਜ਼ਗੀ ਮਾਤਾ ਦੀਨ ਨਾਲ ਵਧਦੀ ਜਾ ਰਹੀ ਸੀ, ਉਹ ਹੁਣ ਉਹਦੇ ਆਖੇ ਬਿਲਕੁਲ ਨਹੀਂ ਸੀ ਲੱਗਣਾ ਚਾਹੁੰਦਾ, ਉਹ ਮਾੜਾ ਭੀ ਹੋ ਗਿਆ ਸੀ। ਜਿਹੜਾ ਰਾਤਬ ਉਹਨੂੰ ਅੱਜ-ਕੱਲ੍ਹ ਮਿਲ ਰਿਹਾ ਸੀ, ਉਹ ਪਹਿਲੀਆਂ ਨਾਲੋਂ ਕਿੱਤੇ ਘੱਟ ਸੀ।

ਇੱਕ ਦਿਨ ਮੌਕਾ ਤਾੜ ਕੇ ਮਾਤਾ ਦੀਨ ਨੇ ਮਹਾਰਾਜ ਅੱਗੇ ਫੇਰ ਸ਼ਿਕਾਇਤ ਕੀਤੀ ਤੇ ਸਲਾਹ ਦਿੱਤੀ ਕਿ ਬੰਮ ਹੁਣ ਸ਼ਾਹੀ ਮਰਯਾਦਾ ਨਿਭਾ ਨਹੀਂ ਸਕਦਾ—ਕੁਝ ਮਸਤ ਹੁੰਦਾ ਜਾ ਰਿਹਾ ਹੈ — ਏਸ ਲਈ ਇਹਨੂੰ ਚਿੜੀਆ-ਘਰ ਵਿੱਚ ਭੇਜ ਦਿੱਤਾ ਜਾਏ ਤੇ ਚਿੜੀਆ-ਘਰ ਵਾਲੇ ਜਵਾਨ ਹੁੰਦੇ ਹਾਥੀ ਨੂੰ ਸ਼ਾਹੀ ਮਰਯਾਦਾ ਸਿਖਲਾਈ ਜਾਏ।

ਮਹਾਰਾਜ ਨੇ ਮਾਤਾ ਦੀਨ ਨੂੰ ਟੋਕ ਕੇ ਉਹਦੀ ਸਲਾਹ ਇਕਦਮ ਰੱਦ ਕਰ ਦਿੱਤੀ।

"ਨਹੀਂ-ਨਹੀਂ—ਬੰਮ ਵਿੱਚ ਕੋਈ ਖ਼ਰਾਬੀ ਨਹੀਂ। ਮੈਂ ਓਹਦੇ ਵੱਲ ਪੂਰਾ ਧਿਆਨ ਨਹੀਂ ਦੇ ਸਕਿਆ...ਬੰਮ ਦੇ ਜਿਊਂਦਿਆਂ ਉਹਦੀ ਥਾਂ ਕੋਈ ਨਹੀਂ ਲੈ ਸਕਦਾ।"

ਰਾਤੀਂ ਮਹਾਰਾਜ ਨੇ ਮਹਾਰਾਣੀ ਨੂੰ ਬੰਮ ਦੀ ਵਫ਼ਾ ਤੇ ਦੋਸਤੀ ਦੀਆਂ ਕਈ ਕਹਾਣੀਆਂ ਸੁਣਾਈਆਂ ਤੇ ਆਪਣੇ ਵਧਦੇ ਰੁਝੇਵੇਂ ਕਰਕੇ ਬੰਮ ਨੂੰ ਬਾਕਾਇਦਾ ਨਾ ਮਿਲ ਸਕਣ 'ਤੇ ਅਫ਼ਸੋਸ ਕੀਤਾ, ਨਾਲੇ ਪੁੱਛਿਆ, "ਕੀ ਉਹ ਹਫ਼ਤੇ ਵਿੱਚ ਇੱਕ ਵਾਰੀ ਬੰਮ ਵੇਖ ਆਇਆ ਕਰੇਗੀ ?"

ਮਹਾਰਾਣੀ ਏਸ ਤਜਵੀਜ਼ 'ਤੇ ਬੜੀ ਖ਼ੁਸ਼ ਹੋਈ। ਉਸ ਨੇ ਦੂਜੇ ਦਿਨ ਹੀ ਦਸ ਸੇਰ ਬੂੰਦੀ ਦੇ ਲੱਡੂ ਬਣਵਾਏ ਤੇ ਹਾਥੀਖ਼ਾਨੇ ਪਹੁੰਚ ਗਈ। ਬੰਮ ਦੀ ਗੁੱਸੇ ਨਾਲ ਹਨੇਰੀ ਹੁੰਦੀ ਜਾਂਦੀ ਦੁਨੀਆ ਵਿੱਚ ਇਕਦਮ ਸੂਰਜ ਚੜ੍ਹ ਆਇਆ — ਐਡੇ ਵੱਡੇ ਆਪੇ ਵਿੱਚ ਵੀ ਉਹ ਮਿਓਂਦਾ ਨਹੀਂ ਸੀ ਤੇ ਜਦੋਂ ਆਪਣੀ ਹੱਥੀਂ ਇੱਕ—ਇੱਕ ਕਰਕੇ ਮਹਾਰਾਣੀ ਨੇ ਮੋਤੀ-ਚੂਰ ਦੇ ਲੱਡੂ ਬੰਮ ਦੇ ਮੂੰਹ ਵਿੱਚ ਪਾਏ, ਬੰਮ ਦੇ ਪਿੰਡ ਦਾ ਇੰਚ-ਇੰਚ ਮਾਸ ਫਰਕ ਰਿਹਾ ਸੀ — ਪੂਛਲ ਹਿੱਲ ਰਹੀ ਸੀ, ਕੰਨ ਫਟ-ਫਟ ਕਰ ਰਹੇ ਸਨ ਤੇ ਸੁੰਡ ਕਦੇ ਮਹਾਰਾਣੀ ਦੇ ਪੈਰ ਤੇ ਕਦੇ ਮਹਾਰਾਣੀ ਦੇ ਹੱਥ ਛੂਹ ਰਹੀ ਸੀ-ਮਹਾਰਾਜ ਜੇ ਕੋਲ ਹੁੰਦੇ ਤਾਂ ਬੰਮ ਦੇ ਦਿਲ ਦੀ ਬੁੱਝ ਕੇ ਦੱਸ ਦੇਂਦੇ, ਉਹ ਉਤਾਵਲਾ ਹੋ ਕੇ ਕੀ ਮੰਗ ਰਿਹਾ ਸੀ — ਇੱਕ ਆਗਿਆ — ਮਹਾਰਾਣੀ ਨੂੰ ਮਲਕੜੇ ਚੁੱਕ ਕੇ ਆਪਣੇ ਮੱਥੇ 'ਤੇ ਬਿਠਾ ਲੈਣ ਦੀ-

"ਬੰਮ ਬਹਾਦਰ", ਮਹਾਰਾਣੀ ਨੇ ਫਰਕਦੀ ਸੁੰਡ ਉੱਤੇ ਦੋਵੇਂ ਹੱਥ ਫੇਰ ਕੇ ਆਖਿਆ—"ਮਹਾਰਾਜ ਨੇ ਚਾਹਿਆ ਹੈ ਕਿ ਜਿਸ ਹਫ਼ਤੇ ਉਹ ਤੈਨੂੰ ਮਿਲਣ ਨਾ ਆ ਸਕਣ, ਮੈਂ ਆਇਆ ਕਰਾਂ — ਪਰ ਉਹ ਚਾਹੁੰਦੇ ਹਨ — ਹੁਣ ਤੇਰੀ ਕੋਈ ਸ਼ਿਕਾਇਤ ਉਹਨਾਂ ਕੋਲ ਨਾ ਜਾਏ।"

ਬੰਮ ਨੇ ਸੁੰਡ ਚੁੱਕ ਕੇ ਸਲਾਮੀ ਦਿੱਤੀ ਤੇ ਮਹਾਰਾਣੀ ਦੇ ਪੈਰਾਂ ਦੁਆਲੇ ਸੁੰਡ ਦੀ ਉਂਗਲੀ ਨਾਲ ਇੱਕ ਚੱਕਰ ਖਿੱਚ ਦਿੱਤਾ।

"ਮਹਾਰਾਣੀ ਸਾਹਿਬ! ਬੰਮ ਤੁਹਾਡੀ ਆਗਿਆ ਪਾਲਣ ਕਰਨ ਦਾ ਇਕਰਾਰ ਕਰਦਾ ਹੈ", ਮਹੰਤ ਨੇ ਸਮਝਾਇਆ।

ਮਹਾਰਾਣੀ ਅਜੀਬ, ਅਨੋਖੀ ਕੋਮਲਤਾ ਦੀ ਮਾਲਕ ਸੀ, ਹਰ ਨਮਸਕਾਰ ਦੇ ਉੱਤਰ ਵਿੱਚ ਉਹਦੇ ਹੱਥ ਆਪਮੁਹਾਰੇ ਜੁੜ ਜਾਂਦੇ ਸਨ, ਕੋਈ ਉੱਚਾ ਹੋਵੇ-ਨੀਵਾਂ ਹੋਵੇ — ਇਨਸਾਨ ਹੋਵੇ — ਹੈਵਾਨ ਹੋਵੇ। ਪਹਿਲੀ ਵਾਰ ਤਾਂ ਬੰਮ ਨੇ ਮਹਾਰਾਣੀ ਦੇ ਜੁੜੇ ਹੱਥਾਂ ਨੂੰ ਸਿਰਫ਼ ਛੂਹਿਆ ਹੀ ਸੀ — ਅੱਜ ਉਹ ਰਹਿ ਨਾ ਸਕਿਆ — ਨੰਗੀਆਂ ਵੀਣੀਆਂ ਦੁਆਲੇ

ਸੁੰਡ ਦੇ ਸਿਰੇ ਨਾਲ਼, ਵਲੇਂਗਣਾ ਪਾ ਲਿਆ — ਸਿਰਫ਼ ਅੱਖ ਫਰਕਣ ਜਿੰਨੇ ਸਮੇਂ ਲਈ — ਤੇ ਫੇਰ ਸੁੰਡ ਸਿੱਧੀ ਕਰ ਕੇ ਅਡੋਲ ਖੜੋ ਗਿਆ।

ਮਾਤਾ ਦੀਨ ਨੂੰ ਉਹਦੀ ਇਹ ਹਰਕਤ ਪਸੰਦ ਨਾ ਆਈ ਤੇ ਉਸ ਨੇ ਬੰਮ ਨੂੰ ਝਿੜਕਿਆ—ਪਰ ਮਹਾਰਾਣੀ ਨੇ ਮਾਤਾ ਦੀਨ ਨੂੰ ਬੜੀ ਮਜ਼ਬੂਤ ਅਵਾਜ਼ ਵਿੱਚ ਆਖਿਆ,

"ਮੇਰੀ ਹਾਜ਼ਰੀ ਵਿੱਚ ਅੱਗੇ ਨੂੰ ਬੰਮ ਨੂੰ ਕਦੇ ਨਹੀਂ ਝਿੜਕਣਾ .....।"

ਉਸ ਸਾਰਾ ਦਿਨ ਮਾਤਾ ਦੀਨ ਦਾ ਰੌਂ ਵਿਗੜਿਆ ਰਿਹਾ ਪਰ ਬੰਮ ਦੇ ਰੌਂ ਵਿੱਚ ਕੋਈ ਚਾਅ ਸੀ। ਉਸ ਇੱਕ ਵਾਰੀ ਮਾਤਾ ਦੀਨ ਨੂੰ ਕਹਿਰੀ ਅੱਖ ਨਾਲ਼ ਵੇਖਿਆ ਪਰ ਸ਼ਾਮੀਂ ਜਦ ਮਾਤਾ ਦੀਨ ਨੇ ਉਹਦੇ ਰਾਤਬ ਵਿੱਚੋਂ ਓਨੀ ਕੁ ਮਿਕਦਾਰ ਹੋਰ ਘਟਾ ਲਈ ਜਿੰਨੇ ਕੁ ਲੱਡੂ ਮਹਾਰਾਣੀ ਖੁਆ ਗਈ ਸੀ ਤਾਂ ਬੰਮ ਨੂੰ ਮਣਾਂ-ਮੂੰਹੀਂ ਗੁੱਸਾ ਚੜ੍ਹ ਗਿਆ। ਉਸ ਨੇ ਰਾਤਬ ਨੂੰ ਮੂੰਹ ਤੱਕ ਨਾ ਲਾਇਆ। ਦੂਜੇ ਦਿਨ ਮਾਤਾ ਦੀਨ ਨੂੰ ਫ਼ਿਕਰ ਪੈ ਗਿਆ ਤੇ ਉਸ ਨੇ ਬੰਮ ਦਾ ਰਾਤਬ ਪੂਰਾ ਕਰ ਦਿੱਤਾ।

ਮਹਾਰਾਣੀ ਬਿਨਾਂ ਨਾਗੇ ਹਰ ਸੱਤਵੇਂ ਦਿਨ ਹਾਥੀਖ਼ਾਨੇ ਆਉਂਦੀ ਰਹੀ ਤੇ ਜਿਹੜਾ ਅਨੋਖਾ ਚਾਅ ਬੰਮ ਉਹਦੀ ਹਾਜ਼ਰੀ ਵਿੱਚ ਦੱਸਦਾ, ਉਹਦੀ ਕਦਰ ਮਹਾਰਾਣੀ ਦੇ ਦਿਲ ਵਿੱਚ ਹਮੇਸ਼ਾਂ ਵਧਦੀ ਗਈ। ਉਹਨੂੰ ਬੜਾ ਚੰਗਾ ਲੱਗਣ ਲੱਗ ਪਿਆ ਕਿ ਤਾਕਤ ਦਾ ਇੱਕ ਪਹਾੜ ਸੱਤ ਦਿਨ ਉਹਦੀ ਨਿੱਕੀ ਜਿਹੀ ਜਿੰਦ ਦਾ ਰਾਹ ਤੱਕਦਾ ਰਹਿੰਦਾ ਸੀ ਤੇ ਜਦੋਂ ਇਹ ਨਿੱਕੀ ਜਿਹੀ ਜਿੰਦ ਜਿਹਨੂੰ ਉਹ ਸੁੰਡ ਦੇ ਮਾੜੇ ਜਿਹੇ ਝਟਕੇ ਤੋੜ ਕੇ ਟੋਟੇ ਕਰ ਸਕਦਾ ਸੀ, ਉਹਦੇ ਸਾਮ੍ਹਣੇ ਆਉਂਦੀ, ਇਹ ਸ਼ਕਤੀ-ਪਰਬਤ ਸਾਰੇ ਦਾ ਸਾਰਾ ਧੜਕਣ ਲੱਗ ਪੈਂਦਾ, ਉਹਦੇ ਪੈਰਾਂ ਨੂੰ ਛੂੰਹਦਾ।

ਮਹਾਰਾਣੀ ਦੇ ਦਿਲ ਵਿੱਚ ਏਸ ਹੈਵਾਨੀ ਪਿਆਰ ਦਾ ਫ਼ਖ਼ਰ ਵਧਦਾ ਗਿਆ — ਮਜ਼ਬੂਤ ਥੰਮ੍ਹਾਂ ਨੂੰ ਇੱਕ ਘਸਰ ਨਾਲ਼ ਚਕਨਾਚੂਰ ਕਰ ਸਕਣ ਵਾਲਾ ਬੰਮ ਉਹਦੇ ਸਾਮ੍ਹਣੇ ਬਾਲ ਬਣ ਜਾਂਦਾ ਹੈ, ਬਾਲਾਂ ਵਾਂਗ ਉਹਦੇ ਮੂੰਹ ਚੋਂ ਰਾਲ਼ਾਂ ਵਗਦੀਆਂ ਹਨ, ਬਾਲਾਂ ਵਾਂਗ ਉਹ ਆਪਣੇ ਸਨੇਹੀ ਦੇ ਹੱਥ ਚੁੰਮਦਾ, ਪੈਰ ਫੜਦਾ ਤੇ ਸਰੀਰ ਨਾਲ਼ ਚੰਬੜਨਾ ਚਾਹੁੰਦਾ ਹੈ। ਜਦੋਂ ਇੱਕ-ਇੱਕ ਕਰਕੇ ਉਹ ਲੱਡੂ ਜਾਂ ਪਰੌਂਠੇ ਬੰਮ ਦੇ ਮੂੰਹ ਵਿੱਚ ਪਾਉਂਦੀ ਤਾਂ ਬੰਮ ਆਪਣੀ ਸੁੰਡ ਉਹਦੇ ਦੁਆਲ਼ੇ ਪਾ, ਖੜ੍ਹੀ-ਖੜੋਤੀ ਨੂੰ ਚੁੱਕ ਕੇ ਆਪਣੇ ਮੱਥੇ 'ਤੇ ਧਰ ਲੈਂਦਾ। ਕਦੇ ਕਿਸੇ ਮਾਂ ਨੇ ਆਪਣੇ ਬੱਚੇ ਨੂੰ ਵਧੇਰੇ ਅਡੋਲ ਨਹੀਂ ਚੁੱਕਿਆ ਹੋਣਾ। ਮਹਾਰਾਣੀ ਬੰਮ ਦੇ ਸੰਗਲ਼ ਖੁਲ੍ਹਾ ਦੇਂਦੀ ਤੇ ਜਿਵੇਂ ਕੋਈ ਮਸਤਿਆ ਢੋਲਚੀ ਕਿਸੇ ਰੱਜੇ-ਪੁੱਜੇ ਜਜਮਾਨ ਦੇ ਬੱਚੇ ਨੂੰ ਚੁੱਕ ਕੇ ਫੁੰਮਣੀਆਂ ਪਾਂਦਾ ਹੈ, ਉਵੇਂ ਬੰਮ ਸਾਰੇ ਹਾਥੀਖ਼ਾਨੇ ਵਿੱਚ ਵਿਗਸਿਆ ਫਿਰਦਾ - ਤੇ ਉੱਤੇ ਬੈਠੀ ਮਹਾਰਾਣੀ ਦਾ ਖੇੜਾ ਵੇਖ ਕੇ ਕਈਆਂ ਦਿਲਾਂ ਵਿੱਚੋਂ ਈਰਖਾ ਦੀ ਤ੍ਰਾਟ ਲੰਘ ਜਾਂਦੀ। ਥਾਨ ਉੱਤੇ ਮੁੜ ਕੇ ਉਹ ਪਹਿਲਾਂ ਸੁੰਡ ਨਾਲ਼ ਸਲਾਮੀ ਦੇਂਦਾ, ਫੇਰ ਸੁੰਡ ਮਹਾਰਾਣੀ ਦੇ ਪੈਰਾਂ ਵੱਲ ਖੜਦਾ, ਮਹਾਰਾਣੀ ਹੱਥਾਂ ਨਾਲ਼ ਉਹਨੂੰ ਪਲੋਸਦੀ ਤੇ ਫੇਰ ਉਹ ਸੁੰਡ ਮਹਾਰਾਣੀ ਦੀ ਕਮਰ ਦੁਆਲ਼ੇ ਲਿਪਟ ਜਾਂਦੀ ਤੇ ਦੂਜੇ ਪਲ ਮਹਾਰਾਣੀ ਭੁੰਜੇ ਖੜੋਤੀ ਹੁੰਦੀ, ਉਹਦੀ ਸਾੜ੍ਹੀ ਵਿੱਚ ਵੱਟ ਤੱਕ ਨਾ ਪਿਆ ਹੁੰਦਾ।

ਮਹਾਰਾਜ ਦਾ ਰੁਝੇਵਾਂ ਹੋਰ ਵਧ ਗਿਆ — ਉਹ ਨਾ ਸਿਰਫ਼ ਹਾਥੀਖ਼ਾਨੇ ਹੀ ਕਦੇ ਆ ਸਕੇ, ਉਹਨਾਂ ਦਾ ਮਹਿਲਾਂ ਵਿੱਚ ਆਉਣਾ ਹੀ ਘਟ ਗਿਆ। ਮਹਾਰਾਣੀ ਨੇ ਹਫ਼ਤੇ ਵਿੱਚ ਦੋ ਵਾਰੀ ਹਾਥੀਖ਼ਾਨੇ ਜਾਣਾ ਸ਼ੁਰੂ ਕਰ ਦਿੱਤਾ। ਇਹ ਦੋ ਦਿਨ ਹੀ ਨਹੀਂ ਸਗੋਂ ਸਾਰਾ ਹਫ਼ਤਾ ਉਹਦਾ ਚਾਅ ਨਾਲ਼ ਭਰਿਆ ਰਹਿਣ ਲੱਗ ਪਿਆ। ਇੱਕ ਦਿਨ ਪਹਿਲਾਂ ਉਹ ਆਪਣੀ ਨਿਗਰਾਨੀ ਵਿੱਚ ਵਟਾ-ਵਟਾ ਕੇ ਚੀਜ਼ਾਂ ਤਿਆਰ ਕਰਦੀ, ਦੂਜੇ ਦਿਨ ਉਹ ਆਪਣੇ ਹੱਥੀਂ ਖੁਆਉਂਦੀ ਤੇ ਤੀਜੇ ਦਿਨ ਉਹ ਐਡੇ ਵੱਡੇ ਹੈਵਾਨ ਦੀ ਇਨਸਾਨ ਨਾਲੋਂ ਵੀ ਕੋਮਲ ਮੁਹੱਬਤ ਨੂੰ ਯਾਦ ਕਰਦੀ ਰਹਿੰਦੀ।

ਪਰ ਦੂਜੇ ਪਾਸੇ ਆਪਣੇ ਮਹੰਤ ਨਾਲ਼ ਬੰਮ ਦੀ ਨਫ਼ਰਤ ਓਨੀ ਹੀ ਵਧਦੀ ਜਾ ਰਹੀ ਸੀ। ਮਾਤਾ ਦੀਨ ਨੇ ਮਹਾਰਾਜ ਕੋਲੋਂ ਜ਼ਮੀਨ ਬਖ਼ਸ਼ੀਸ਼ ਲੈ ਕੇ ਉਹਦੇ ਵਿੱਚ ਇੱਕ ਕੋਠੜੀ ਬਣਾਈ ਤੇ ਦੁਆਲ਼ੇ ਬਾਗ਼ ਲਾਇਆ ਸੀ। ਹੁਣ ਉਹ ਹਾਥੀਖ਼ਾਨੇ ਦੇ ਰਾਤਬ ਵਿੱਚੋਂ ਬਹੁਤੀ ਚੋਰੀ ਕਰਨ ਲੱਗ ਪਿਆ ਤੇ ਜਿੰਨੀ ਕੁ ਚੀਜ਼ ਮਹਾਰਾਣੀ ਬੰਮ ਲਈ ਬਣਾ ਕੇ ਲਿਆਉਂਦੀ ਓਨਾ ਕੁ ਘਾਪਾ ਉਹ ਹੋਰ ਪਾ ਲੈਂਦਾ। ਕੱਲ੍ਹ ਦਾ ਬੰਮ ਬੜਾ ਗੁੱਸੇ ਸੀ, ਉਸ ਨਾ ਰਾਤਬ ਵੱਲ ਤੱਕਿਆ ਸੀ ਤੇ ਨਾ ਮਾਤਾ ਦੀਨ ਵੱਲ — ਜੀਕਰ ਉਹ ਆਪਣੇ ਆਪ ਨਾਲ਼ ਕੋਈ ਘੋਲ਼ ਕਰ ਰਿਹਾ ਸੀ।

ਮਹਾਰਾਜ ਦੇ ਸ਼ਿਕਾਰ ਜਾਣ ਦਾ ਐਲਾਨ ਹੋਇਆ। ਹਮੇਸ਼ਾਂ ਬੰਮ ਉੱਤੇ ਚੜ੍ਹ ਕੇ ਹੀ ਉਹ ਸ਼ੇਰਾਂ ਦਾ ਸ਼ਿਕਾਰ ਕਰਦੇ ਸਨ। ਰੌਂ ਵਿੱਚ ਬੰਮ ਕੋਲੋਂ ਮਾਤਾ ਦੀਨ ਨੂੰ ਕੋਈ ਆਸ ਨਹੀਂ ਸੀ ਹੋ ਸਕਦੀ। ਓਸ ਨੇ ਬੰਮ ਨੂੰ ਦੋ ਦਿਨਾਂ ਤੋਂ ਬਿਮਾਰ ਦੱਸਿਆ ਤੇ ਸ਼ਿਕਾਰ ਵਾਸਤੇ ਦੂਜਾ ਹਾਥੀ ਤਿਆਰ ਕਰ ਦਿੱਤਾ।

ਹਾਥੀਖ਼ਾਨੇ ਦੇ ਨਾਲੋਂ ਹੀ ਮਹਾਰਾਜ ਦੀ ਸਵਾਰੀ ਲੰਘੀ। ਬੰਮ ਨੇ ਖੁੱਲ੍ਹੀਆਂ ਬਾਰੀਆਂ ਵਿੱਚੋਂ ਵੇਖਿਆ। ਵੇਖਦਿਆਂ ਉਹ ਇਕਦਮ ਦਹਾੜਿਆ — ਪਰ ਸ਼ਿਕਾਰੀ ਪਾਰਟੀ ਨੇ ਉਹਦੇ ਵੱਲ ਗਹੁ ਨਾ ਕੀਤਾ। ਬੰਮ ਖ਼ਾਮੋਸ਼ ਹੋ ਕੇ ਬਹਿ ਗਿਆ।

ਸ਼ਿਕਾਰੀ ਪਾਰਟੀ ਨੂੰ ਤੱਕ ਕੇ ਮਾਤਾ ਦੀਨ ਆਪਣੇ ਬਾਰ ਵਿੱਚ ਕੰਮ ਕਰਨ ਲੱਗ ਪਿਆ। ਉਹਦੀ ਤਨਖ਼ਾਹ ਤਾਂ ਬਹੁਤੀ ਨਹੀਂ ਸੀ। ਚਿਰ ਤੋਂ ਸਾਰੇ ਆਂਹਦੇ ਸਨ, ਉਹਦਾ ਹੱਥ ਸੁਖਾਲ਼ਾ ਹੋ ਗਿਆ ਸੀ।

ਸਾਰਾ ਦਿਨ ਬੰਮ ਵਿਸ ਘੋਲ਼ਦਾ ਰਿਹਾ। ਓਹਨੇ ਅੱਜ ਵੀ ਕੁਝ ਨਾ ਖਾਧਾ। ਲੌਢੇ ਪਹਿਰ ਓਹਦੀਆਂ ਹਰਕਤਾਂ ਵਿੱਚ ਝੱਲ ਜਿਹਾ ਵੇਖ ਕੇ ਮੁਲਾਜ਼ਮਾਂ ਨੇ ਮਾਤਾ ਦੀਨ ਨੂੰ ਖ਼ਬਰ ਦਿੱਤੀ। ਮਾਤਾ ਦੀਨ ਨੇ ਆਉਂਦਿਆਂ ਹੀ ਬੰਮ ਨੂੰ ਝਿੜਕਿਆ। ਬੰਮ ਨੇ ਉਹਦੇ ਵੱਲ ਨਾ ਤੱਕਿਆ ਤੇ ਮੂੰਹ ਭੁਆਂ ਕੇ ਖੜ੍ਹ ਗਿਆ ਜਿਵੇਂ ਉਹ ਮੌਕਾ ਤਾੜ ਰਿਹਾ ਸੀ।

ਮਾਤਾ ਦੀਨ ਨੇ ਉਹਦੇ ਪੈਰਾਂ ਦੇ ਸੰਗਲ਼ ਵੇਖੇ — ਮਜ਼ਬੂਤ ਸਨ — ਤਾਂ ਮਾਤਾ ਦੀਨ ਨੇ ਹੋਰ ਇੱਕ ਧਮਕੀ ਦਿੱਤੀ ਤੇ ਵੇਖਣਾ ਚਾਹਿਆ ਕਿ ਓਸ ਨੇ ਰਾਤਬ ਖਾਧਾ ਹੈ ਕਿ ਨਹੀਂ। ਉਸ ਵੇਲੇ ਬੰਮ ਦੀ ਸੁੰਡ ਬਿਜਲੀ ਦੇ ਲਿਸ਼ਕਾਰੇ ਵਾਂਗ ਝਟਕੀ ਤੇ ਸੁੰਡ ਦੀ ਧੱਕ ਨਾਲ਼ ਮਾਤਾ ਦੀਨ ਨੂੰ ਉਸ ਨੇ ਪੈਰਾਂ ਵਿੱਚ ਸੁੱਟ ਲਿਆ ਤੇ ਸੱਜਾ ਪੈਰ ਉਹਦੀ ਛਾਤੀਂ ਤੇ ਰੱਖ ਕੇ ਉਹਨੂੰ ਐਉਂ ਮਲ਼ ਸੁੱਟਿਆ ਜਿਉਂ ਕੋਈ ਖਟਮਲ ਨੂੰ ਮਲ਼ ਦੇਂਦਾ ਹੈ। ਕਿਤੋਂ ਮਦਦ ਪਹੁੰਚਣ ਦਾ ਸਮਾਂ ਨਹੀਂ ਸੀ। ਬੰਮ ਨੇ ਪੈਰਾਂ ਦਾ ਸੰਗਲ਼ ਤੋੜ ਦਿੱਤਾ। ਮੁਲਾਜ਼ਮ ਘਬਰਾ ਕੇ ਹਾਥੀਖ਼ਾਨਾ ਛੱਡ ਗਏ। ਬੰਮ ਵੀ ਬਾਹਰ ਆਇਆ — ਸਿੱਧਾ ਮਾਤਾ ਦੀਨ ਦੇ ਬਾਗ਼ ਵਿੱਚ ਜਾ ਵੜਿਆ — ਰਾਹ ਵਿੱਚ ਉਸ ਕਿਸੇ ਨੂੰ ਅਜਾਂ ਨਾ ਲਾਇਆ। ਬਾਗ਼ ਦੇ ਸਾਰੇ ਬੂਟੇ ਪੁੱਟ ਸੁੱਟੇ, ਉੱਗਿਆ ਸਭ ਕੁਝ ਰੋਲ ਦਿੱਤਾ। ਮਾਤਾ ਦੀਨ ਦੇ ਬਾਲ-ਬੱਚੇ ਘਰ ਖ਼ਾਲੀ ਕਰ ਕੇ ਨੱਠ ਗਏ — ਤਾਂ ਬੰਮ ਨੇ ਉਹਨਾਂ ਦੀ ਕੋਠੜੀ ਢਾਹ ਕੇ ਖੋਲ਼ਾ ਬਣਾ ਦਿੱਤੀ।

"ਬੰਮ ਝੱਲਾ ਹੋ ਗਿਆ" — ਖ਼ਬਰ ਮਹਾਰਾਣੀ ਕੋਲ਼ ਪਹੁੰਚੀ। ਪੁਲਿਸ ਕਪਤਾਨ ਨੇ ਹਾਲ ਸੁਣਾ ਕੇ ਆਗਿਆ ਮੰਗੀ ਕਿ ਬੰਮ ਗੋਲ਼ੀ ਨਾਲ਼ ਮਾਰ ਦਿੱਤਾ ਜਾਵੇ, ਨਹੀਂ ਤਾਂ ਉਹ ਕਈ ਜਾਨਾਂ ਦਾ ਨੁਕਸਾਨ ਕਰੇਗਾ।

"ਪਰ ਤੁਸੀਂ ਕਹਿੰਦੇ ਹੋ, ਉਹਨੇ ਮਾਤਾ ਦੀਨ ਦੇ ਸਿਵਾ ਕਿਸੇ ਹੋਰ ਨੂੰ ਕੁਝ ਨਹੀਂ ਆਖਿਆ" — ਮਹਾਰਾਣੀ ਨੇ ਸੋਚਣ ਦਾ ਵਕਤ ਲੈਣ ਲਈ ਪੁੱਛਿਆ।

"ਪਰ ਕਹਿੰਦੇ ਨੇ — ਹੁਣ ਉਹ ਮਾਤਾ ਦੀਨ ਦੇ ਭਰਾ ਦੇ ਘਰ ਵੱਲ ਜਾ ਰਿਹਾ ਹੈ। ਉਹਨੂੰ ਵੀ ਓਸ ਨੇ ਛੱਡਣਾ ਬਿਲਕੁਲ ਨਹੀਂ", ਕਪਤਾਨ ਨੇ ਉੱਤਰ ਦਿੱਤਾ।

"ਇਹ ਉਹਦਾ ਭਰਾ ਕੀ ਕਰਦਾ ਹੈ ?"

"ਘੋੜਿਆਂ ਦੀ ਅਸਤਬਲ ਦਾ ਇਨਚਾਰਜ ਹੈ।"

"ਇਹ ਵੀ ਜ਼ਰੂਰੀ ਮਾਤਾ ਦੀਨ ਜੇਡਾ ਹੀ ਚੋਰ ਹੋਵੇਗਾ — ਬੰਮ ਨੂੰ ਮਾਰਨ ਦੀ ਲੋੜ ਨਹੀਂ — ਤੁਸੀਂ ਮੈਨੂੰ ਇਕਦਮ ਉਹਦੇ ਰਾਹ ਵਿੱਚ ਪੁਚਾ ਦਿਓ।" ਮਹਾਰਾਣੀ ਨੇ ਅੰਦਰ ਜਾ ਕੇ ਉਹ ਸਾੜ੍ਹੀ ਬੰਨ੍ਹ ਲਈ ਜਿਹੜੀ ਉਹਨੇ ਬੰਮ ਨਾਲ਼ ਪਿਛਲੀ ਮੁਲਾਕਾਤ 'ਤੇ ਬੱਧੀ ਹੋਈ ਸੀ।

"ਪਰ ਮਹਾਰਾਣੀ ਸਾਹਿਬ — ਇਹ ਤੁਹਾਡਾ ਬੜਾ ਖ਼ਤਰਨਾਕ ਕਦਮ ਹੈ।"

"ਨਹੀਂ — ਨਹੀਂ ਤੁਸੀਂ ਓਸੇ ਤਰ੍ਹਾਂ ਕਰੋ — ਜਿਸ ਤਰ੍ਹਾਂ ਮੈਂ ਕਹਿੰਦੀ ਹਾਂ — ਮੋਟਰ ਤਿਆਰ ਕਰੋ — ਤੇ ਜਿਹੜੀ ਇਹਤਿਆਤ ਤੁਸੀਂ ਲੜੀਂਦੀ ਸਮਝੋਂ, ਉਹ ਤੁਸੀਂ ਖ਼ੁਦ ਕਰ ਲਵੋ — ਇਕਦਮ — ਕਪਤਾਨ ਸਾਹਿਬ !"

ਅੱਗੇ - ਅੱਗੇ ਮਹਾਰਾਣੀ ਦੀ ਮੋਟਰ, ਪਿੱਛੇ ਹਥਿਆਰਬੰਦ ਰਿਸਾਲਾ। ਦੂਰ ਸਾਰਿਓਂ ਬੰਮ ਦੌੜਿਆ ਆ ਰਿਹਾ ਸੀ — ਇੱਕ ਛੱਪੜ ਕੋਲ਼ ਖਲੋ ਗਿਆ — ਓਸ ਸੁੰਡ ਵਿੱਚ ਕਿੰਨਾ ਸਾਰਾ ਪਾਣੀ ਭਰ ਲਿਆ — ਜਿਹੜਾ ਕੋਈ ਉਹਨੂੰ ਆਪਦੇ ਵੱਲ ਆਉਂਦਾ ਦਿਸੇ, ਉਹਦੇ ਵੱਲ ਚਿੱਕੜ ਦੀ ਵਾਛੜ ਸੁੱਟ ਕੇ ਉਹ ਡਰਾ ਛੱਡਦਾ ਸੀ — ਹੋਰ ਕੁਝ ਨਹੀਂ ਸੀ

ਆਂਹਦਾ — ਤੇ ਆਪਣੇ ਰਾਹ ਦੌੜਿਆ ਜਾਂਦਾ ਸੀ। ਉਹਦੇ ਰਾਹ ਵਿੱਚ ਸਾਮ੍ਹਣੇ ਚਾਰ ਸੌ ਗਜ਼ ਦੀ ਵਿੱਥ ਉੱਤੇ ਮੋਟਰ ਖਲੋ ਗਈ। ਮਹਾਰਾਣੀ ਵਿੱਚੋਂ ਉੱਤਰੀ। ਕਪਤਾਨ ਨੇ ਮਹਾਰਾਣੀ ਨਾਲ਼ ਜਾਣਾ ਚਾਹਿਆ।

"ਨਹੀਂ ਕਪਤਾਨ ਸਾਹਿਬ, ਤੁਸੀਂ ਆਪਣੇ ਦਸਤੇ ਨੂੰ ਤਿਆਰ ਰੱਖੋ — ਜੇ ਮੈਂ ਦੋਵੇਂ ਹੱਥ ਚੁੱਕ ਕੇ ਨਿਸ਼ਾਨ ਦਿਆਂ ਤਾਂ ਗੋਲ਼ੀ ਚਲਾਉਣ ਦੀ ਆਗਿਆ ਸਮਝਣਾ — ਇਸ ਤੋਂ ਪਹਿਲਾਂ ਕਿਸੇ ਸੂਰਤ ਵਿੱਚ ਫ਼ਾਇਰ ਨਾ ਕਰਨਾ — ਮੇਰਾ ਦਿਲ ਆਂਹਦਾ ਹੈ, ਉਹ ਝੱਲਾ ਨਹੀਂ, ਉਹ ਮੈਨੂੰ ਪਛਾਣੇਗਾ।"

ਮੋਟਰ ਨੂੰ ਵੇਖ ਕੇ ਬੰਮ ਖੜੋ ਗਿਆ ਸੀ — ਪਰ ਤਣੀਆਂ ਬੰਦੂਕਾਂ ਵੇਖ ਕੇ ਓਸ ਹਮਲੇ ਦਾ ਇਰਾਦਾ ਕਰ ਲਿਆ ਤੇ ਉਹ ਮੋਟਰ ਦੀ ਸੇਧੇ ਦੌੜਿਆ। ਮਹਾਰਾਣੀ ਓਹਦੀ ਸੇਧ ਵਿੱਚ ਦੌੜ ਪਈ। ਕਪਤਾਨ ਨੇ ਘਬਰਾ ਕੇ ਸਿਪਾਹੀਆਂ ਨੂੰ ਬਿਲਕੁਲ ਤਿਆਰ ਰਹਿਣ ਲਈ ਆਖਿਆ। ਮਹਾਰਾਣੀ ਮੂੰਹ ਮੋੜ ਕੇ ਕੜਕੀ :

"ਹਰਗਿਜ਼ ਫ਼ਾਇਰ ਨਹੀਂ ਕਰਨਾ — ਮੇਰਾ ਇਸ਼ਾਰਾ ਉਡੀਕੋ" ਤੇ ਮਹਾਰਾਣੀ ਫੇਰ ਬੰਮ ਵੱਲ ਦੌੜ ਪਈ। ਪੰਜਾਹ ਗਜ਼ ਦੀ ਵਿੱਥ ਰਹਿ ਗਈ। ਕਪਤਾਨ ਤੇ ਸਿਪਾਹੀ ਵੀ ਅਗਾਂਹ ਵੱਲ ਦੌੜ ਪਏ ਪਰ ਬੰਮ ਇਕਦਮ ਖਲੋ ਗਿਆ। ਮਹਾਰਾਣੀ ਨੇ ਖਲੋ ਕੇ ਸਿਪਾਹੀਆਂ ਨੂੰ ਪਿਛਾਂਹ ਹੀ ਰਹਿਣ ਦਾ ਹੁਕਮ ਦਿੱਤਾ। ਆਪ ਉਹ ਕਦਮ-ਕਦਮ ਤੁਰਦੀ ਬੰਮ ਕੋਲ਼ ਪਹੁੰਚੀ। ਬੰਮ ਨੇ ਚੇਤੰਨ ਹੋ ਕੇ ਸਲਾਮੀ ਦਿੱਤੀ। ਮਹਾਰਾਣੀ ਨੇ ਹੱਥ ਜੋੜੇ ਪਰ ਬੰਮ ਨੇ ਹੱਥਾਂ ਨੂੰ ਛੂਹਿਆ ਨਾ, ਜੀਕਰ ਉਹ ਸਦਾ ਛੂਹਿਆ ਕਰਦਾ ਸੀ।

"ਮੈਂ ਵੇਖਦੀ ਹਾਂ — ਮੇਰੇ ਬੰਮ ਬਹਾਦਰ — ਤੇਰੀ ਸੁੰਡ ਅੱਜ ਸਾਫ਼ ਨਹੀਂ- ਬਿਨਾਂ ਛੂਹੇ ਤੇਰੀ ਛੂਹ ਮੈਨੂੰ ਪਹੁੰਚ ਗਈ — ਪਰ ਤੂੰ ਮੈਨੂੰ ਦੱਸ, ਇਹ ਤੇਰਾ ਏਸ ਤਰ੍ਹਾਂ ਦਾ ਹਾਲ ਕਿਉਂ ?"

ਬੰਮ ਨੇ ਮਹਾਰਾਣੀ ਦੇ ਪੈਰਾਂ ਦੁਆਲ਼ੇ ਆਪਣੀ ਸੁੰਡ ਨਾਲ਼ ਇੱਕ ਨਹੀਂ ਕਈ ਚੱਕਰ ਵਾਹੇ — ਜੀਕਰ ਉਹ ਇਹਨਾਂ ਚੱਕਰਾਂ ਵਿੱਚ ਆਪਣੇ ਏਡੇ ਵੱਡੇ ਦਿਲ ਦੀ ਵੇਦਨਾ ਖਿੱਚ ਕੇ ਦਿਲਾਂ ਦੀ ਮਹਿਰਮ ਰਾਣੀ ਨੂੰ ਦੱਸਣ ਦਾ ਜਤਨ ਕਰ ਰਿਹਾ ਸੀ।

"ਉਹ ਬਹਾਦਰ ਬੰਮ - ਤੇਰੇ ਦਿਲ ਦਾ ਕੁਝ ਭੀ ਏਸ ਵੇਲ਼ੇ ਮੇਰੇ ਕੋਲ਼ੋਂ ਲੁਕਿਆ ਨਹੀਂ — ਤੂੰ ਝੱਲਾ ਨਹੀਂ — ਤੂੰ ਦੁਖੀ ਹੈਂ। ਨਫ਼ਰਤ ਤੇ ਸਾੜੇ ਨੇ ਤੇਰੀ ਸੋਹਣੀ ਆਤਮਾ ਨੂੰ ਤਾਪ ਚੜ੍ਹਾ ਦਿੱਤਾ ਹੈ — ਮੈਂ ਜਾਣਦੀ ਹਾਂ — ਨਫ਼ਰਤ ਨੂੰ ਭੀ ਜਾਣਦੀ ਹਾਂ — ਸਾੜੇ ਨੂੰ ਵੀ ਸਿਆਣਦੀ ਹਾਂ — ।"

ਬੰਮ ਨੇ ਇੱਕ ਚੱਕਰ ਹੋਰ ਉਹਦੇ ਪੈਰ ਦੁਆਲ਼ੇ ਖਿੱਚਿਆ। ਮਹਾਰਾਣੀ ਨੇ ਬੰਮ ਦੀਆਂ ਅੱਖਾਂ ਵਿੱਚ ਤੱਕਿਆ — ਉਹਨੂੰ ਜਾਪਿਆ, ਉਹ ਰੋ ਰਿਹਾ ਸੀ।

"ਤੂੰ ਕਿੱਥੇ ਜਾ ਰਿਹਾ ਸੈਂ — ਬੰਮ ? — ਮਾਤਾ ਦੀਨ ਦੇ ਭਰਾ ਦੇ ਘਰ ?—ਓਸ ਭੀ ਤੈਨੂੰ ਦੁਖਾਇਆ ਸੀ—" ਬੰਮ ਨੇ ਸੱਜਾ ਪੈਰ ਚੁੱਕ ਕੇ ਧਰਤੀ 'ਤੇ ਮਾਰਿਆ। ਮਹਾਰਾਣੀ ਨੇ ਵੇਖਿਆ, ਇਸ ਪੈਰ ਉੱਤੇ ਲਹੂ ਦੀਆਂ ਛਿੱਟਾਂ ਸਨ।

"ਕੋਈ ਗੱਲ ਨਹੀਂ — ਬੰਮ ਬਹਾਦਰ — ਬਹਾਦਰ ਦਿਲਾਂ ਵਿੱਚ ਈਰਖਾ ਦਾ ਲਾਗ ਲਾਣ ਵਾਲ਼ੇ ਮੌਤ ਨਾਲ਼ ਖੇਡਦੇ ਨੇ - ਹੁਣ ਮੈਂ ਵੇਖਾਂਗੀ ਤੈਨੂੰ ਕੋਈ ਨਹੀਂ ਦੁਖਾਏਗਾ — ਸਭ ਚੋਰ ਤੇ ਚੁਗ਼ਲੀਏ ਤੈਥੋਂ ਦੂਰ ਹਟਾਏ ਜਾਣਗੇ - ਤੇਰੀ ਸੁੱਚੀ ਹੈਵਾਨੀਅਤ ਨੂੰ ਚੋਰ ਇਨਸਾਨੀਅਤ ਦੀਆਂ ਸਾਜ਼ਸ਼ਾਂ ਤੋਂ ਮੈਂ ਬਚਾ ਕੇ ਰੱਖਾਂਗੀ।"

ਬੰਮ ਅਹਿਲ ਖੜੋਤਾ ਸੀ। ਜੇ ਉਸ ਵੇਲ਼ੇ ਉਹਨੂੰ ਆਪਣੀ ਮੈਲ਼ੀ ਸੁੰਡ ਦਾ ਅਹਿਸਾਸ ਨਾ ਹੁੰਦਾ ਤਾਂ ਉਹਨੂੰ ਆਪਣੇ ਜਜ਼ਬੇ ਸਮਝਾ ਸਕਣ ਦੀ ਚੰਗੀ ਜਾਚ ਸੀ — ਉਹ ਮਹਾਰਾਣੀ ਨੂੰ ਚੁੱਕ ਕੇ ਆਪਣੇ ਸਿਰ 'ਤੇ ਬਿਠਾਲ਼ ਲਿਆ ਕਰਦਾ ਸੀ। ਹੁਣ ਜਦੋਂ ਮਹਾਰਾਣੀ ਚੁੱਪ ਕਰ ਜਾਂਦੀ ਤਾਂ ਉਹ ਉਹਦੇ ਪੈਰਾਂ ਦੁਆਲ਼ੇ ਸੁੰਡ ਨਾਲ਼ ਇੱਕ ਚੱਕਰ ਵਾਹ ਦੇਂਦਾ।

"ਓ ਚੰਗੇ ਬੰਮ — ਤੇਰੇ ਉਸ ਦੁੱਖ ਨੂੰ ਮੈਂ ਸਮਝ ਸਕਦੀ ਹਾਂ ਜਿਸ ਦੁੱਖ ਨੇ ਤੇਰੇ ਪਿਆਰ ਨੂੰ ਟੋਕ-ਟੋਕ ਕੇ ਠੋਕ-ਠੋਕ ਕੇ ਬੇਤਰਸ ਬਣਾ ਦਿੱਤਾ ਪਰ ਬੰਮ — ਤੂੰ ਮਾਤਾ ਦੀਨ ਤੇ ਬੱਚਿਆਂ ਦਾ ਘਰ ਨਹੀਂ ਸੀ ਢਾਹੁਣਾ — ਉਹ ਘਰ ਹੁਣ

ਤੈਨੂੰ ਬਣਾ ਕੇ ਦੇਣਾ ਪਵੇਗਾ।"

ਬੰਮ ਨੇ ਦੋ ਹੋਰ ਚੱਕਰ ਮਹਾਰਾਣੀ ਦੇ ਪੈਰਾਂ ਦੁਆਲ਼ੇ ਖਿੱਚ ਦਿੱਤੇ।

"ਮੈਨੂੰ ਉਮੀਦ ਹੀ ਸੀ — ਪੂਰੀ ਉਮੀਦ ਸੀ — ਤੈਨੂੰ ਸੱਚਾ ਪਛਤਾਵਾ ਹੈ — ਤੂੰ ਬੱਚਿਆਂ ਦਾ ਘਰ ਢਾਹ ਕੇ ਖ਼ੁਸ਼ ਨਹੀਂ— ਤੂੰ ਘਰ ਬਣਾ ਕੇ ਮੈਨੂੰ ਖ਼ੁਸ਼ ਕਰੇਂਗਾ — ਉਹ ਏਸ ਤਰ੍ਹਾਂ ਕਿ ਉਹਦੀ ਕੋਠੜੀ ਮੈਂ ਤੇਰੇ ਵੱਲੋਂ ਆਪਣੇ ਖ਼ਰਚ 'ਤੇ ਹੁਣੇ ਬਣਾ ਦਿਆਂਗੀ — ਪਰ ਜਿੰਨਾ ਚਿਰ ਉਹਦੀ ਕੀਮਤ ਪੂਰੀ ਨਹੀਂ ਦਿੱਤੀ ਜਾਂਦੀ — ਤੈਨੂੰ ਅੱਧੇ ਰਾਤਬ ਉੱਤੇ ਰਹਿਣਾ ਪਵੇਗਾ — ਦੱਸ, ਤੂੰ ਮਨਜ਼ੂਰ ਕਰਦਾ ਹੈਂ ?"

ਪਤਾ ਨਹੀਂ, ਉਹ ਮਹਾਰਾਣੀ ਦੀ ਗੱਲ ਸਮਝਦਾ ਸੀ, ਜੀਕਰ ਕਈਆਂ ਹਾਥੀਆਂ ਬਾਰੇ ਕਹਾਣੀਆਂ ਮਸ਼ਹੂਰ ਹਨ — ਜਾਂ ਇਹ ਮੋਟਾ ਜਿਹਾ ਅਹਿਸਾਸ ਉਹਦੇ ਦਿਲ ਵਿੱਚ ਸੀ ਕਿ ਮਹਾਰਾਣੀ ਉਹਦੀ ਮਿੱਤਰ ਹੈ ਜੋ ਆਖੇਗੀ ਉਹਦੇ ਹਿਤ ਵਿੱਚ ਆਖੇਗੀ — ਜੇ ਸਜ਼ਾ ਵੀ ਦੇਵੇਗੀ ਤਾਂ ਵੀ ਹਿਤ ਵਿੱਚ ਦੇਵੇਗੀ।

ਚੱਕਰ ਖਿੱਚਣਾ ਹੀ ਉਹਦੀ ਕੋਮਲ ਬੋਲੀ ਸੀ। ਕਈ ਚੱਕਰ ਓਸ ਖਿੱਚ ਦਿੱਤੇ।

"ਓਹ ਮੇਰੇ ਸੋਹਣੇ ਦਿਲ।" ਮਹਾਰਾਣੀ ਨੇ ਵੇਖਿਆ ਕਿ ਸੁੰਡ ਦੁਆਲਿਓਂ ਚਿੱਕੜ ਸੁੱਕ ਗਿਆ ਸੀ। ਮਹਾਰਾਣੀ ਨੇ ਹੱਥ ਵਧਾ ਕੇ ਸੁੰਡ ਫੜ ਲਈ। ਅੱਗੋਂ ਬੰਮ ਆਪਣੀ ਸੁੰਡ ਨਾਲ਼ ਮਹਾਰਾਣੀ ਨੂੰ ਆਪਣਾ ਪਿਆਰ ਦੱਸਦਾ ਸੀ। ਹੁਣ ਉਹਨੂੰ ਜਾਪਿਆ ਕਿ ਮਹਾਰਾਣੀ ਉਹਨੂੰ ਆਪਣਾ ਪਿਆਰ ਦੱਸ ਰਹੀ ਸੀ। ਉਹਦੇ ਵਿਸ਼ਾਲ ਸਰੀਰ ਵਿੱਚ ਕਿਤੇ ਕੋਈ ਹਿਲ-ਜੁਲ ਨਾ ਰਹੀ, ਜਿਵੇਂ ਕਿਸੇ ਅਧਸੁੱਤੇ ਨੂੰ ਅਤਿ ਮਿੱਠਾ ਸੁਪਨਾ ਆ ਰਿਹਾ ਸੀ ਤੇ ਉਹ ਡਰਦਾ ਸੀ ਮਤੇ ਹਿੱਲਿਆਂ ਉਹ ਸੁਰਗ ਅਲੋਪ ਹੋ ਜਾਏ।

ਅੱਗੇ-ਅੱਗੇ ਮਹਾਰਾਣੀ ਤੇ ਪਿੱਛੇ-ਪਿੱਛੇ ਬੰਮ ਤੇ ਉਹਦੇ ਪਿੱਛੇ ਪੁਲਿਸ ਤੇ ਰਿਸਾਲਾ। ਪ੍ਰੇਮ ਦਾ ਇਹ ਅਨੋਖਾ ਜਲੂਸ ਜਿਸ ਵਿੱਚ ਫੁੱਲ-ਤੀਰਾਂ ਦੀ ਥਾਂ ਬੰਦੂਕ-ਸੰਗੀਨਾਂ ਖਿੱਚੀਆਂ ਹੋਈਆਂ ਸਨ, ਹਾਥੀਖ਼ਾਨੇ ਪਹੁੰਚਾ।

ਦੂਜੇ ਦਿਨ ਹਾਥੀਖ਼ਾਨੇ ਦਾ ਸਾਰਾ ਪ੍ਰਬੰਧ ਬਦਲਿਆ ਹੋਇਆ ਸੀ। ਸਾਰੇ ਜਾਨਵਰਾਂ ਦਾ ਰਾਤਬ ਪੂਰਾ ਤੁਲਿਆ - ਸਿਵਾਏ ਬੰਮ ਦੇ। ਜਾਨਵਰਾਂ ਦੇ ਮੁਲਾਜ਼ਮਾਂ ਵਿੱਚ ਨਵਾਂ ਰਿਸ਼ਤਾ ਪ੍ਰਤੱਖ ਸੀ।

ਬੰਮ ਹਾਥੀਖ਼ਾਨੇ ਦਾ ਰਾਣਾ ਦਿਸਦਾ ਸੀ। ਨਵੇਂ ਮਹੰਤ ਦਾ ਦਿਲ ਦੁਖਦਾ ਸੀ ਜਦੋਂ ਉਹਨੂੰ ਉਹ ਅੱਧਾ ਰਾਤਬ ਦੇਂਦਾ ਸੀ। ਓਸ ਮਹਾਰਾਣੀ ਅੱਗੇ ਸਿਫ਼ਾਰਸ਼ ਕੀਤੀ, ਮਹਾਰਾਣੀ ਦੇ ਰੁਝੇਵੇਂ ਵੀ ਵਧ ਜਾਣ ਕਰਕੇ ਉਹ ਹੁਣ ਮਸਾਂ ਇੱਕ ਦਿਨ ਹਫ਼ਤੇ ਵਿੱਚ ਹਾਥੀਖ਼ਾਨੇ ਆਉਂਦੀ ਸੀ। ਅਗਲੀ ਮੁਲਾਕਾਤ 'ਤੇ ਚੰਗੀ ਤਰ੍ਹਾਂ ਬੰਮ ਨੂੰ ਵੇਖ ਕੇ ਉਹਦੀ ਸੁੰਡ ਨੂੰ ਪ੍ਰਸੰਸਾ ਨਾਲ਼ ਥਪਕ ਕੇ ਉਸ ਨੇ ਆਖਿਆ, : "ਪਰ ਮੇਰਾ ਬੰਮ ਅੱਧੇ ਰਾਤਬ ਉੱਤੇ ਵੀ ਅੱਗੇ ਨਾਲੋਂ ਖ਼ੁਸ਼ ਤੇ ਤਕੜਾ ਹੈ — ਇਹ ਆਪਣੇ ਕਸੂਰ ਦੀ ਪੂਰੀ ਕੀਮਤ ਦੇ ਕੇ ਹੀ ਆਪਣਾ ਜਿਊਣਾ ਸਫਲ ਸਮਝੇਗਾ!"

ਬੰਮ ਨੇ ਆਪਣੀ ਮਹਾਰਾਣੀ ਨੂੰ ਕਮਰ ਤੋਂ ਚੁੱਕ ਕੇ ਆਪਣੇ ਸਿਰ 'ਤੇ ਧਰ ਲਿਆ। ਸੰਗਲ਼ ਖੋਲ੍ਹ ਦਿੱਤੇ ਗਏ - ਤੇ ਹਾਥੀਖ਼ਾਨੇ ਦਾ ਰਾਣਾ ਮਹਿਲਾਂ ਦੀ ਰਾਣੀ ਨੂੰ ਆਪਣੀ ਸਲਤਨਤ ਦਾ ਚੱਕਰ ਲੁਆ ਰਿਹਾ ਸੀ।

### ਸ਼ਬਦ-ਅਰਥ :

**ਰਾਤਬ** — ਹਾਥੀ ਦੀ ਖ਼ੁਰਾਕ। **ਤਮਾਸ਼ਬੀਨ** — ਤਮਾਸ਼ਾ ਦੇਖਣ ਵਾਲ਼ੇ। **ਖ਼ਸਲਤ** — ਸੁਭਾਅ। **ਨਿਮਰਹੁਸਨ** — ਕੋਮਲ ਸੁੰਦਰਤਾ। **ਰਸਿਕ** — ਰਸਮਾਣਨ ਵਾਲੀ ਰੂਹ। **ਸਜ** - ਪਰਨੀ—ਸੱਜਰੀਵਿਆਹੀ। **ਆਪੇ ਵਿੱਚ ਨਾ ਮਿਓਣਾ** — ਬੇਹੱਦ ਖ਼ੁਸ਼ ਹੋਣਾ। **ਰੌ ਵਿਗੜਨਾ** — ਮਨ ਦਾ ਝੁਕਾਅ ਵਿਗੜ ਜਾਣਾ, ਮਨ ਦੀ ਲਗਨ ਵਿਗੜ ਜਾਣੀ। **ਕਹਿਰੀ ਅੱਖ ਨਾਲ਼ ਵੇਖਣਾ** — ਗ਼ੁੱਸੇ ਵਿੱਚ ਵੇਖਣਾ। **ਹੱਥ ਸੁਖਾਲ਼ਾ ਹੋਣਾ** — ਕਿਸੇ ਕਿਸਮ ਦੀ ਕੋਈ ਤੰਗੀ ਨਾ ਹੋਣਾ। **ਵਿਸ ਘੋਲਣਾ** - ਗ਼ੁੱਸੇ ਵਿੱਚ ਹੋਣਾ। **ਰਿਸਾਲਾ** - ਘੋੜ—ਸਵਾਰ ਫ਼ੌਜ ਦਾ ਦਸਤਾ।

## ਪਾਠ-ਅਭਿਆਸ

1. ਬੰਮ ਬਹਾਦਰ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।
2. ਬੰਮ ਨੂੰ ਮਾਤਾ ਦੀਨ ਨਾਲ਼ ਕਿਸ ਗੱਲੋਂ ਈਰਖਾ ਸੀ ?
3. ਮਹਾਰਾਣੀ ਨੂੰ ਮਹਿਲਾਂ ਦੇ ਦਰਾਂ 'ਤੇ ਲਿਆਉਣ ਸਮੇਂ, ਬੰਮ ਬਹਾਦਰ ਨੇ ਕਿਹੋ-ਜਿਹਾ ਵਿਹਾਰ ਪ੍ਰਗਟਾਇਆ ?
4. ਮਹਾਰਾਜ ਅਤੇ ਮਹਾਰਾਣੀ ਦਾ ਬੰਮ ਬਹਾਦਰ ਪ੍ਰਤਿ ਕਿਹੋ-ਜਿਹਾ ਵਤੀਰਾ ਸੀ ?
5. ਬੰਮ ਬਹਾਦਰ ਨੇ ਪੈਰਾਂ ਦੇ ਸੰਗਲ਼ ਤੋੜ ਕੇ ਕੀ ਤਬਾਹੀ ਕੀਤੀ ?
6. ਨਰਾਜ਼ ਹੋਏ ਬੰਮ ਬਹਾਦਰ ਨੂੰ ਮਹਾਰਾਣੀ ਨੇ ਆਪਣੇ ਵੱਸ ਵਿੱਚ ਕਿਵੇਂ ਕੀਤਾ ?
7. "ਤੇਰੀ ਸੁੱਚੀ ਹੈਵਾਨੀਅਤ ਨੂੰ ਚੋਰ—ਇਨਸਾਨੀਅਤ ਦੀਆਂ ਸਾਜ਼ਸ਼ਾਂ ਤੋਂ ਮੈਂ ਬਚਾ ਕੇ ਰੱਖਾਂਗੀ।" ਮਹਾਰਾਣੀ ਦੇ ਇਹਨਾਂ ਸ਼ਬਦਾਂ ਤੋਂ ਕੀ ਭਾਵ ਹੈ ?
8. ਮਹਾਰਾਣੀ ਦੇ ਸੰਪਰਕ ਵਿੱਚ ਆਉਣ ਨਾਲ਼ ਬੰਮ ਦੇ ਵਤੀਰੇ ਵਿੱਚ ਕੀ ਤਬਦੀਲੀ ਆਈ ?

* * * * *

# ਗੁਰਮੁਖ ਸਿੰਘ ਮੁਸਾਫ਼ਿਰ
## (1899-1976)

### ਲੇਖਕ ਬਾਰੇ :

ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਪੰਜਾਬੀ ਦੇ ਉੱਘੇ ਕਹਾਣੀਕਾਰ ਅਤੇ ਕਵੀ ਹੋਏ ਹਨ। ਉਹਨਾਂ ਦਾ ਜਨਮ 1899 ਈ: ਵਿੱਚ ਪਿਤਾ ਭਾਈ ਸੁਜਾਨ ਸਿੰਘ ਦੇ ਘਰ ਪਿੰਡ ਉਧੋਵਾਲ, ਜ਼ਿਲ੍ਹਾ ਕੈਂਬਲਪੁਰ ਵਿੱਚ ਹੋਇਆ। ਕੁਝ ਦੇਰ ਮਾਸਟਰੀ ਕਰਨ ਉਪਰੰਤ, 1922 ਈ: ਵਿੱਚ 'ਅਕਾਲੀ ਲਹਿਰ' ਅਤੇ ਫੇਰ 'ਕਾਂਗਰਸ ਲਹਿਰ' ਵਿੱਚ ਸ਼ਾਮਲ ਹੋ ਗਏ। ਦੇਸ ਦੀ ਅਜ਼ਾਦੀ ਲਈ ਲੜਦਿਆਂ ਆਪ ਨੇ ਜੇਲ੍ਹਾਂ ਵੀ ਕੱਟੀਆਂ। ਅਜ਼ਾਦ ਭਾਰਤ ਵਿੱਚ ਉਹ ਲੋਕ-ਸਭਾ ਦੇ ਮੈਂਬਰ, ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਤੇ ਪੰਜਾਬ ਦੇ ਮੁੱਖ ਮੰਤਰੀ ਵੀ ਰਹੇ।

ਮੁਸਾਫ਼ਿਰ ਦੀਆਂ ਕਹਾਣੀਆਂ ਵਿੱਚ ਅਜ਼ਾਦੀ ਦੀ ਜੱਦੋ-ਜਹਿਦ ਸਮੇਂ ਹੋਏ ਉਸ ਦੇ ਅਨੁਭਵ ਪ੍ਰਗਟ ਹੋਏ ਹਨ। ਕਈ ਕਹਾਣੀਆਂ ਵਿੱਚ ਉਸ ਨੇ ਸਧਾਰਨ ਮਨੁੱਖਾਂ ਦੇ ਆਰਥਿਕ ਔਕੜਾਂ ਵਾਲ਼ੇ ਜੀਵਨ ਨੂੰ ਵੀ ਚਿਤਰਿਆ ਹੈ। ਉਸ ਦੀਆਂ ਕਹਾਣੀਆਂ ਵਿੱਚ ਘਟਨਾਵਾਂ ਸਰਲ ਤੇ ਰੋਚਕ ਢੰਗ ਨਾਲ਼ ਬਿਆਨ ਕੀਤੀਆਂ ਗਈਆਂ ਹਨ।

'ਸਸਤਾ ਤਮਾਸ਼ਾ', 'ਵੱਖਰੀ ਦੁਨੀਆ', 'ਆਲ੍ਹਣੇ ਦੇ ਬੋਟ', 'ਗੁਟਾਰ' ਆਦਿ ਉਹਨਾਂ ਦੇ ਪ੍ਰਸਿੱਧ ਕਹਾਣੀ ਸੰਗ੍ਰਹਿ ਹਨ। ਕਹਾਣੀਆਂ ਤੋਂ ਬਿਨਾਂ ਉਹਨਾਂ ਨੇ ਕਵਿਤਾ ਅਤੇ ਭਾਵਪੂਰਤ ਵਾਰਤਕ ਵੀ ਰਚੀ।

ਭਾਰਤੀ ਸਾਹਿਤ ਅਕਾਦਮੀ ਵੱਲੋਂ ਆਪ ਨੂੰ 'ਉਰਵਾਰ ਪਾਰ' ਉੱਤੇ ਪੁਰਸਕਾਰ ਪ੍ਰਾਪਤ ਹੋਇਆ। ਮਰਨ ਉਪਰੰਤ 1976 ਈ. ਵਿੱਚ 'ਪਦਮ ਭੂਸ਼ਣ' ਦੀ ਉਪਾਧੀ ਨਾਲ਼ ਸਨਮਾਨਿਆ ਗਿਆ। ਪੈਪਸੂ ਸਰਕਾਰ ਵੱਲੋਂ 'ਦੇਸ ਕਵੀ' ਨਾਂ ਦਾ ਸਨਮਾਨ ਮਿਲ਼ਿਆ।

ਹਥਲੀ-ਪੁਸਤਕ ਵਿੱਚ ਉਹਨਾਂ ਦੀ ਪ੍ਰਤਿਨਿਧ ਕਹਾਣੀ 'ਬਾਗ਼ੀ ਦੀ ਧੀ' ਸ਼ਾਮਲ ਕੀਤੀ ਗਈ ਹੈ।

### ਕਹਾਣੀ ਬਾਰੇ :

'ਬਾਗੀ ਦੀ ਧੀ' ਕਹਾਣੀ ਦੇਸ ਦੀ ਅਜ਼ਾਦੀ ਲਈ ਲੜਨ ਵਾਲ਼ੇ ਦੇਸ-ਭਗਤਾਂ ਦੀਆਂ ਕੁਰਬਾਨੀਆਂ 'ਤੇ ਚਾਨਣਾ ਹੈ। ਕਿਸ਼ਨ ਸਿੰਘ ਤੇ ਉਸ ਦੀ ਪਤਨੀ ਅੰਗਰੇਜ਼ਾਂ ਵਿਰੁੱਧ ਲੜਦੇ, ਜੇਲ੍ਹਾਂ ਕੱਟਦੇ ਸਨ। ਉਸ ਦਾ ਭਣਵੱਈਆ ਹੁਸ਼ਨਾਕ ਸਿੰਘ, ਕਿਸ਼ਨ ਸਿੰਘ ਨੂੰ ਬਾਗੀ ਕਹਿੰਦਾ ਹੈ। ਉਸ ਨੂੰ ਤਾਂ ਸਿਰਫ਼ ਆਪਣੀ ਨੌਕਰੀ ਦੇ ਖੁੱਸ ਜਾਣ ਦਾ ਡਰ ਹੈ। ਘਰ ਆਉਣ 'ਤੇ ਉਹ ਆਪਣੀ ਪਤਨੀ ਵੀਰਾਂ ਵਾਲੀ ਨਾਲ਼ ਇਸ ਗੱਲੋਂ ਲੋਹਾ-ਲਾਖਾ ਹੁੰਦਾ ਹੈ ਕਿ ਉਸ ਦੇ ਸਾਲ਼ੇ (ਬਾਗ਼ੀ) ਦੀ ਧੀ ਲਾਜ ਉਸ ਦੇ ਘਰ ਠਹਿਰੀ ਹੋਈ ਹੈ ਕਿਉਂਕਿ ਕਿਸ਼ਨ ਸਿੰਘ ਤੇ ਸ਼ਰਨ ਕੌਰ ਦੀ ਗਰਿਫ਼ਤਾਰੀ ਤੋਂ ਬਾਅਦ ਵੀਰਾਂ ਵਾਲੀ ਲਾਜ ਨੂੰ ਆਪਣੇ ਘਰ ਲੈ ਆਉਂਦੀ ਹੈ।

ਹੁਸ਼ਨਾਕ ਸਿੰਘ ਏਨਾ ਪੱਥਰ—ਦਿਲ ਇਨਸਾਨ ਹੈ ਕਿ ਛੁੱਟੀ ਖ਼ਤਮ ਹੋਣ 'ਤੇ ਵੀਰਾਂ ਵਾਲ਼ੀ ਨੂੰ ਆਪਣੇ ਨਾਲ਼ ਲੈ ਆਉਂਦਾ ਹੈ ਤੇ ਵਿਚਾਰੀ ਬੇਸਹਾਰਾ ਲਾਜ, ਗਲ਼ੀ ਵਿੱਚ ਖੋਡਦੀ ਰਹਿ ਜਾਂਦੀ ਹੈ।

ਅੰਤ, ਸ਼ਰਨ ਕੌਰ ਰਿਹਾਈ ਤੋਂ ਬਾਅਦ ਜਦੋਂ ਬਿਮਾਰ ਧੀ ਨੂੰ ਮਿਲ਼ਦੀ ਹੈ ਤਾਂ ਉਹ ਲਾਹੌਰ 'ਤਪਦਿਕ ਹਸਪਤਾਲ' ਵਿੱਚ ਅੰਤਿਮ ਸਾਹ ਲੈ ਰਹੀ ਹੁੰਦੀ ਹੈ। ਆਪਣੀ ਭਤੀਜੀ ਨੂੰ ਨਾ ਸਾਂਭ ਸਕਣ ਦਾ ਸਦਮਾ ਵੀਰਾਂ ਵਾਲੀ ਤੋਂ ਬਰਦਾਸ਼ਤ ਨਹੀਂ ਹੁੰਦਾ। ਉਹ ਆਪਣੇ ਭਰਾ ਕਿਸ਼ਨ ਸਿੰਘ ਨਾਲ਼ ਇੱਕ ਛੋਟੀ ਮੁਲਾਕਾਤ ਕਰਨ ਉਪਰੰਤ ਮਰ ਜਾਂਦੀ ਹੈ।

ਕਹਾਣੀ ਵਿੱਚ ਇਹ ਦੁਖਾਂਤ ਪੂਰੀ ਤਰ੍ਹਾਂ ਉੱਘੜਿਆ ਹੈ ਕਿ ਅਜ਼ਾਦੀ ਸਮੇਂ ਦੇਸ-ਭਗਤਾਂ ਦੇ ਪਰਿਵਾਰਾਂ ਨੂੰ ਕਿੰਨੀਆਂ ਕਠਨਾਈਆਂ ਵਿੱਚੋਂ ਦੀ ਲੰਘਣਾ ਪਿਆ। ਜਾਨ ਤੋਂ ਪਿਆਰੇ ਬੱਚਿਆਂ ਦੀ ਪਰਵਾਹ ਕੀਤੇ ਬਿਨਾਂ ਉਹਨਾਂ ਸਾਮ੍ਹਣੇ ਇੱਕੋ ਆਦਰਸ਼ ਸੀ - ਆਪਣੇ ਦੇਸ ਨੂੰ ਅਜ਼ਾਦ ਕਰਵਾਉਣਾ। ਮੁਸਾਫ਼ਿਰ ਆਪ ਇੱਕ ਉੱਘਾ ਦੇਸ-ਭਗਤ ਸੀ। ਅਜਿਹੀਆਂ ਹੋਰ ਕਹਾਣੀਆਂ ਵੀ ਉਸ ਦੇ ਆਪਣੇ ਅਨੁਭਵ ਵਿੱਚੋਂ ਪੈਦਾ ਹੋਈਆਂ ਹਨ।

ਇਹ ਕਹਾਣੀ ਦੇਸ-ਭਗਤਾਂ ਦੀ ਲਗਨ, ਦ੍ਰਿੜ੍ਹਤਾ ਅਤੇ ਅਥਾਹ ਕੁਰਬਾਨੀਆਂ ਦੀ ਇੱਕ ਝਲਕ ਹੈ।

* * * * *

# ਬਾਗ਼ੀ ਦੀ ਧੀ

*ਗੁਰਮੁਖ ਸਿੰਘ ਮੁਸਾਫ਼ਿਰ*

## 1.

ਕਿਸ਼ਨ ਸਿੰਘ ਨੇ ਪੁਲਿਸ ਨੂੰ ਵੇਖਦਿਆਂ ਹੀ ਝੱਟ ਆਖ ਦਿੱਤਾ, "ਲੋ, ਖ਼ਾਲਸਾ ਤਿਆਰ ਬਰਤਿਆਰ ਹੈ" ਪਰ ਉਸ ਦਾ ਚਿਹਰਾ ਉਸ ਦੇ ਦਿਲ ਦੇ ਤੌਖਲੇ ਨੂੰ ਨਾ ਲੁਕਾ ਸਕਿਆ।

"ਜੇ ਦੇਰ ਹੋ ਗਈ ਤਾਂ ਰਾਤ ਤੁਹਾਨੂੰ ਥਾਣੇ ਦੀ ਹਵਾਲਾਤ ਵਿੱਚ ਕੱਟਣੀ ਪਵੇਗੀ। ਜੇਲ੍ਹ ਤੇ ਥਾਣੇ ਦੀ ਹਵਾਲਾਤ ਦੇ ਫ਼ਰਕ ਤੋਂ ਤੁਸੀਂ ਜਾਣੂ ਹੀ ਹੋ," ਪੁਲਿਸ ਇਨਸਪੈੱਕਟਰ ਦੀ ਇਹ ਗੱਲ ਸੁਣ ਕੇ ਕਿਸ਼ਨ ਸਿੰਘ ਨੇ ਕਿਹਾ, "ਮੇਰੇ ਲਈ ਇੱਕੋ ਗੱਲ ਹੈ। ਥਾਣਿਆਂ ਦੀਆਂ ਹਵਾਲਾਤਾਂ ਵਿੱਚ ਵੀ ਬਥੇਰੀਆਂ ਪੱਸਲੀਆਂ ਘਸਾਈਆਂ ਹਨ।"

"ਨਹੀਂ, ਨਹੀਂ ਮੇਰਾ ਮਤਲਬ...." ਕਿਸ਼ਨ ਸਿੰਘ ਨੇ ਵਿੱਚੋਂ ਹੀ ਕਿਹਾ, "ਤੁਹਾਡਾ ਮਤਲਬ ਛੇਤੀ ਤੋਂ ਹੈ ਨਾ ? ਚੱਲੋ ਮੇਰੇ ਵੱਲੋਂ ਕੋਈ ਢਿੱਲ ਨਹੀਂ," ਜ਼ਬਾਨ ਨਾਲ ਤਾਂ ਕਿਸ਼ਨ ਸਿੰਘ ਨੇ ਇਹ ਗੱਲਾਂ ਕੀਤੀਆ ਪਰ ਉਸ ਦਾ ਮਨ ਕਿਸੇ ਹੋਰ ਪਾਸੇ ਹੈ। ਇਉਂ ਪ੍ਰਤੀਤ ਹੁੰਦਾ ਹੈ, ਜਿਵੇਂ ਉਸ ਦੀ ਕੋਈ ਚੀਜ਼ ਗੁਆਚ ਗਈ ਹੈ। ਜੇਲ੍ਹ ਜਾਣ ਤੋਂ ਪਹਿਲਾਂ ਉਹ ਲੱਭ ਜਾਏ ਤਾਂ ਉਹ ਵਧੀਕ ਤਸੱਲੀ ਨਾਲ ਇਸ ਸਫ਼ਰ ਵਿੱਚ ਪੈ ਸਕਦਾ ਹੈ।

"ਸ਼ਰਨ"! ਕਿਸ਼ਨ ਸਿੰਘ ਦੀ ਅਵਾਜ਼ ਸੁਣ ਕੇ ਉਸ ਦੀ ਭੈਣ ਵੀਰਾਂ ਵਾਲੀ ਨੇ ਅੰਦਰੋਂ ਕਿਹਾ, "ਭਰਾ ਜੀ, ਭਰਜਾਈ ਤਾਂ ਮੀਟਿੰਗ ਵਿੱਚ ਗਈ ਹੋਈ ਹੈ।"

ਇਨਸਪੈੱਕਟਰ ਦੇ ਕੰਨ ਖੜ੍ਹੇ ਹੋ ਗਏ। ਕਿਸ਼ਨ ਸਿੰਘ ਨੇ ਕਿਹਾ, "ਵੀਰਾਂ! ਲਾਜ ਦੇ ਬੁਖ਼ਾਰ ਵਾਲ਼ਾ ਕਾਗ਼ਜ਼ ਚੁੱਕ ਲਿਆ।" ਵੀਰਾਂ ਵਾਲੀ ਨੇ ਕਾਗਜ਼ (ਚਾਰਟ) ਕਿਸ਼ਨ ਸਿੰਘ ਦੇ ਹੱਥ ਵਿੱਚ ਫੜਾਂਦਿਆਂ ਕਿਹਾ,"ਭਰਜਾਈ ਜਾਣ ਲੱਗੀ ਆਖਦੀ ਸੀ ਕਿ ਇਸ ਵੇਲ਼ੇ ਬੁਖ਼ਾਰ 102 ਹੈ, ਜੇ ਵਧ ਜਾਏ ਤਾਂ ਬਰਫ਼ ਦੀ ਪੱਟੀ ਰੱਖਣੀ।" ਕਿਸ਼ਨ ਸਿੰਘ ਪਹਿਲੀ ਵਾਰ ਜੇਲ੍ਹ ਨਹੀਂ ਸੀ ਜਾਣ ਲੱਗਾ। ਇਨਸਪੈੱਕਟਰ ਇਸ ਦੀ ਦ੍ਰਿੜ੍ਹਤਾ ਤੋਂ ਵੀ ਅਨਜਾਣ ਨਹੀਂ। ਇੰਸਪੈਕਟਰ ਨੂੰ ਕਿਸ਼ਨ ਸਿੰਘ ਦੀ ਥੋੜ੍ਹੀ ਜਿਹੀ ਪਰੇਸ਼ਾਨੀ ਦੇ ਕਾਰਨ ਦਾ ਵੀ ਹੁਣ ਪਤਾ ਲੱਗ ਗਿਆ ਹੈ। ਮੀਟਿੰਗ ਦਾ ਲਫ਼ਜ਼ ਇਨਸਪੈੱਕਟਰ ਦੇ ਕੰਨਾਂ ਵਿੱਚ ਕੱਚ ਦੇ ਟੁਕੜੇ ਵਾਂਗ ਰੜਕਿਆ। ਸਾਈਕਲ 'ਤੇ ਲੱਤ ਧਰਦਿਆਂ ਉਸ ਨੇ ਨਾਲ਼ ਦੇ ਸਿਪਾਹੀਆਂ ਨੂੰ ਅੱਖ ਨਾਲ਼ ਕੁਝ ਸਮਝਾਇਆ ਤੇ ਮੂੰਹ ਨਾਲ਼ ਕਿਹਾ, "ਸਰਦਾਰ ਜੀ! ਬੇਸ਼ੱਕ ਅਰਾਮ ਨਾਲ਼ ਤਿਆਰੀ ਕਰ ਲਵੋ, ਮੈਂ ਆਉਂਦਾ ਹਾਂ।"

ਇਨਸਪੈੱਕਟਰ ਸੜਕੋਂ ਪਾਰ ਸਾਮ੍ਹਣੇ ਕਾਰਖ਼ਾਨੇ ਦੇ ਵੱਡੇ ਦਰਵਾਜ਼ਿਓਂ ਅੰਦਰ ਵੜ ਗਿਆ। ਬੈਠੇ ਸਿਪਾਹੀਆਂ ਵਿੱਚੋਂ ਇੱਕ ਨੇ ਕਿਹਾ, "ਇਨਸਪੈੱਕਟਰ ਸਾਹਿਬ ਸ਼ਾਇਦ ਕਿਧਰੇ ਟੈਲੀਫ਼ੂਨ ਕਰਨ ਗਏ ਹਨ।"

ਵੀਰਾਂ ਵਾਲੀ ਦੀਆਂ ਅੱਖਾਂ ਦੇ ਸੋਮੇ ਫੁੱਟਣ ਹੀ ਵਾਲ਼ੇ ਸਨ। ਕਿਸ਼ਨ ਸਿੰਘ ਦੀ ਕੁਝ ਘੂਰ ਭਰੀ ਸੈਨਤ ਨੂੰ ਪਛਾਣ ਕੇ ਉਹ ਲਾਜ ਦੇ ਮੰਜੇ ਦੇ ਪਿਛਲੇ ਪਾਸੇ ਪਈ ਦੌੜੀ 'ਤੇ ਬੈਠ ਗਈ। ਕਿਸ਼ਨ ਸਿੰਘ ਨੇ ਆਪਣੀਆਂ ਉਂਗਲ਼ਾਂ ਨਾਲ਼ ਲਾਜ ਦੇ ਕੇਸਾਂ ਨੂੰ ਸੁਆਰਦਿਆਂ ਕਿਹਾ, "ਪੁੱਤਰ! ਹੁਣ ਤੇ ਤੂੰ ਠੀਕ ਹੈਂ। ਅੱਜ ਤੇ ਬੁਖ਼ਾਰ ਘੱਟ ਹੈ, ਕੱਲ੍ਹ ਖ਼ਬਰੇ ਟੁੱਟ ਹੀ ਜਾਵੇ। ਜੇ ਤੈਨੂੰ ਬੁਖ਼ਾਰ ਨਾ ਹੁੰਦਾ ਤਾਂ ਮੈਂ ਹੁਣ ਤੱਕ ਜੇਲ੍ਹ ਚਲਾ ਜਾਣਾ ਸੀ। ਸਾਥੀ ਤੇ ਸਾਰੇ ਚਲੇ ਹੀ ਗਏ ਹਨ।"

ਲਾਡਲੀ ਲਾਜ ਨੇ ਮੱਧਮ ਜਿਹੀ ਅਵਾਜ਼ ਵਿੱਚ ਕਿਹਾ, "ਪਿਤਾ ਜੀ, ਮੈਂ ਤੇ ਫਿਰ ਮਾੜੀ ਕੁੜੀ ਹੋਈ ਜਿਸ ਨੇ ਤੁਹਾਡੇ ਚੰਗੇ ਕੰਮ ਵਿੱਚ ਰੋਕ ਪਾਈ ਹੈ।"

"ਨਹੀਂ ਮੇਰੀ ਲਾਜ ਬੇਟੀ, ਤੇਰਾ ਇਸ ਵਿੱਚ ਕੀ ਕਸੂਰ ਹੈ ? ਬੁਖ਼ਾਰ ਕੋਈ ਤੇਰੇ ਵੱਸ ਦੀ ਗੱਲ ਤਾਂ ਨਹੀਂ ਨਾ! ਤੈਨੂੰ ਇਸ ਤਰ੍ਹਾਂ ਛੱਡ ਕੇ ਜਾਣ ਦਾ ਤੇ ਮੇਰਾ ਪਹਿਲਾਂ ਹਠ ਹੀ ਨਹੀਂ ਪਿਆ। ਜਿਸ ਦਿਨ ਮੁੰਬਈ ਸਾਡੇ ਆਗੂ ਫੜੇ ਗਏ ਸਨ, ਉਸ ਦਿਨ ਮੈਂ ਉਹਨਾਂ ਨੂੰ ਵਧਾਈ ਦੇਣ ਵਾਲ਼ੇ ਮਤੇ 'ਤੇ ਪੰਜ ਮਿੰਟ ਬੋਲਿਆ ਸਾਂ। ਫਿਰ ਮੈਂ ਤੇਰੀ ਦਵਾਈ-ਦਾਰੂ ਵਿੱਚ ਹੀ ਲੱਗਾ ਰਿਹਾ। ਕਿਤੇ ਬਾਹਰ ਜਾਣ ਦਾ ਸਮਾਂ ਹੀ ਨਹੀਂ ਮਿਲ਼ਿਆ। ਉਂਞ ਵੀ ਪਹਿਲਾਂ ਲੀਡਰਾਂ ਨੂੰ ਫੜਨਗੇ, ਅਸਾਂ

ਸੇਵਾਦਾਰਾਂ ਦੀ ਵਾਰੀ ਪਿੱਛੋਂ ਹੀ ਆਉਣੀ ਹੈ ਪਰ ਸਾਨੂੰ ਉਜ਼ਰ ਵੀ ਕੀ ਹੈ ? ਭਾਵੇਂ ਹੁਣੇ ਫੜ ਲੈਣ।" ਕਿਸ਼ਨ ਸਿੰਘ ਦੇ ਮੂੰਹੋਂ ਇਹ ਅਖ਼ੀਰਲਾ ਫ਼ਿਕਰਾ ਅਜੇ ਨਿਕਲ਼ਿਆ ਹੀ ਸੀ ਕਿ ਲਾਜ ਨੇ ਨਾਲ਼ ਹੀ ਆਖ ਦਿੱਤਾ, "ਬੇਸ਼ੱਕ ਫੜ ਲੈਣ।"

ਕਿਸ਼ਨ ਸਿੰਘ ਆਪਣੀ ਇਕਲੌਤੀ ਲਾਡਲੀ ਨਾਲ ਜਿਉਂ-ਜਿਉਂ ਗੱਲਾਂ ਕਰਦਾ ਗਿਆ, ਉਸ ਦਾ ਮਨ ਹੌਲ਼ਾ ਹੁੰਦਾ ਗਿਆ। ਹੁਣ ਉਹ ਬੇਸਬਰੀ ਨਾਲ਼ ਆਪਣੀ ਘਰ ਵਾਲ਼ੀ ਸ਼ਰਨ ਕੌਰ ਨੂੰ ਉਡੀਕ ਰਿਹਾ ਹੈ। ਬਰਾਂਡੇ ਵੱਲ ਵੇਖ ਕੇ ਉਹ ਤਸੱਲੀ ਕਰ ਲੈਂਦਾ ਹੈ ਕਿ ਇਨਸਪੈਕਟਰ ਵੀ ਅਜੇ ਨਹੀਂ ਪਰਤਿਆ।

ਪਾਸ ਬੈਠੀ ਵੀਰਾਂ ਵਾਲੀ ਪਹਿਲਾਂ ਤਾਂ ਗਲੇਡੂ ਭਰ ਆਉਣ ਦੇ ਡਰ ਤੋਂ ਨਹੀਂ ਸੀ ਬੋਲਦੀ ਪਰ ਹੁਣ ਉਸ ਨੂੰ ਵੀ ਕੁਝ ਹੌਸਲਾ ਜਿਹਾ ਹੋ ਗਿਆ। ਉਸ ਨੇ ਕਿਹਾ, "ਲਾਜ !, ਤੇਰੇ ਪਿਤਾ ਜੀ ਫੜੇ ਗਏ ਤਾਂ ਤੇਰੀ ਦਵਾਈ ਕੌਣ ਕਰੇਗਾ ? ਤੂੰ ਉਦਾਸ ਨਾ ਹੋ ਜਾਵੇਂਗੀ ?"

"ਭੂਆ ਜੀ, ਦਵਾਈ-ਦਾਰੂ ਲਈ ਤੁਸੀਂ ਜੁ ਮੇਰੇ ਪਾਸ ਹੋ, ਮਾਤਾ ਜੀ ਜੁ ਹਨ। ਬਾਕੀ ਰਹੀ ਉਦਾਸੀ ਦੀ ਗੱਲ, ਮੈਂ ਤੇ ਰਾਜ਼ੀ ਹੋ ਕੇ ਆਪ ਇਸ ਵੇਰਾਂ ਪਿਤਾ ਜੀ ਪਾਸ ਜੇਲ੍ਹ ਵਿੱਚ ਚਲੀ ਜਾਵਾਂਗੀ।" ਲਾਜ ਦੀ ਗੱਲ ਸੁਣ ਕੇ ਵੀਰਾਂ ਵਾਲੀ ਦਾ ਬੇਇਖ਼ਤਿਆਰ ਹਾਸਾ ਨਿਕਲ਼ ਗਿਆ।

ਲਾਜ ਨੇ ਕਿਹਾ, "ਨਹੀਂ ਭੂਆ ਜੀ, ਹਾਸੇ ਦੀ ਗੱਲ ਨਹੀਂ। ਆਪਣੇ ਮੁਲਕ ਵਾਸਤੇ ਜੇਲ੍ਹ ਵਿੱਚ ਜਾਣਾ ਕੋਈ ਮਾੜੀ ਗੱਲ ਤੇ ਨਹੀਂ। ਮੈਂ ਇਸ ਵੇਰਾਂ ਜ਼ਰੂਰ ਜਾਣਾ ਹੈ।"

"ਲਾਜ, ਤੂੰ ਤੇ ਅਜੇ ਬਾਰ੍ਹਾਂ ਸਾਲਾਂ ਦੀ ਵੀ ਨਹੀਂ ਹੋਈ।" ਭੂਆ ਦੀ ਗੱਲ ਸੁਣ ਕੇ ਲਾਜ ਨੇ ਕਿਹਾ, "ਪਿਤਾ ਜੀ, ਸੁਣੋ ਭੂਆ ਜੀ ਦੀ ਗੱਲ। ਮਾਲੂਮ ਹੁੰਦਾ ਹੈ ਕਿ ਭੂਆ ਜੀ ਕਦੇ ਗੁਰਦਵਾਰੇ ਨਹੀਂ ਗਏ, ਇਹਨਾਂ ਕਦੇ ਕਥਾ ਨਹੀਂ ਸੁਣੀ। ਪਿਤਾ ਜੀ, ਭੂਆ ਜੀ ਨੂੰ ਦੱਸਣਾ, ਸਾਹਿਬਜ਼ਾਦਿਆਂ ਦੀ ਉਮਰ ਕਿਤਨੀ ਸੀ, ਉਹ ਤੇ ਇਸ ਉਮਰ ਵਿੱਚ ਸ਼ਹੀਦ ਵੀ ਹੋ ਗਏ ਸਨ। ਮੈਂ ਜੇਲ੍ਹ ਨਹੀਂ ਜਾ ਸਕਦੀ ?" ਵੀਰਾਂ ਵਾਲੀ ਦੀ ਤਾਂ ਗੱਲ ਹੀ ਕੀ, ਹੁਣ ਤੇ ਕਿਸ਼ਨ ਸਿੰਘ ਦੀਆਂ ਅੱਖਾਂ ਵੀ ਬੇਕਾਬੂ ਹੋ ਗਈਆਂ। ਇਹ ਤਸੱਲੀ ਭਰੀ ਖ਼ੁਸ਼ੀ ਦੇ ਅੱਥਰੂ ਸਨ।

ਕਿਸ਼ਨ ਸਿੰਘ ਨੇ ਲਾਜ ਦੇ ਸਿਰ੍ਹਾਣਿਓਂ ਚਾਬੀਆਂ ਚੁੱਕੀਆਂ। ਸਮਾਨ ਵਾਲ਼ੇ ਕਮਰੇ ਵਿੱਚ ਹੀ ਉਸ ਨੇ ਕੱਪੜੇ ਬਦਲੇ ਤੇ ਮੁੜ ਲਾਜ ਪਾਸ ਆ ਗਿਆ। ਲਾਜ ਦੇ ਇਸ ਸਵਾਲ ਨੇ ਕਿ ਪਿਤਾ ਜੀ, ਇਸ ਵੇਲ਼ੇ ਕੱਪੜੇ ਕਿਉਂ ਬਦਲੇ ਨੇ ? ਕਿੱਧਰ ਚੱਲੇ ਹੋ ? ਕਿਸ਼ਨ ਸਿੰਘ ਨੂੰ ਬਹੁਤ ਸਾਰਾ ਸੌਖਾ ਕਰ ਦਿੱਤਾ। ਕਿਸ਼ਨ ਸਿੰਘ ਨੂੰ ਹੁਣ ਇਹੋ ਸੋਚ ਸੀ ਕਿ ਆਪਣੇ ਹੁਣੇ ਗਰਿਫ਼ਤਾਰ ਹੋ ਜਾਣ ਦੀ ਖ਼ਬਰ ਬਿਮਾਰ ਲਾਜ ਨੂੰ ਕਿਹੜਿਆਂ ਲਫ਼ਜ਼ਾਂ ਵਿੱਚ ਦੱਸੇ। ਵੀਰਾਂ ਵਾਲੀ ਦੀ ਉਚੇਚੀ ਬੇਚੈਨੀ ਨੇ ਵੀ ਬਹੁਤ ਕੁਝ ਪ੍ਰਗਟ ਕਰ ਦਿੱਤਾ। ਕਿਸ਼ਨ ਸਿੰਘ ਨੇ ਸ਼ਬਦਾਰਥ ਦੀਆਂ ਪੋਥੀਆਂ ਤੇ ਨਿੱਤਨੇਮ ਦਾ ਗੁਟਕਾ ਲਾਜ ਦੇ ਕਮਰੇ ਵਿੱਚ ਹੀ ਅਲਮਾਰੀ 'ਚੋਂ ਕੱਢ ਕੇ ਆਪਣੇ ਨਿੱਕੇ ਜਿਹੇ ਬਕਸੇ ਵਿੱਚ ਪਾਇਆ। ਬਰਾਂਡੇ ਵਿੱਚ ਬੂਟਾਂ ਦਾ ਖੜਕਾਰ ਹੋਇਆ। ਕਿਸ਼ਨ ਸਿੰਘ ਨੇ ਤਾਪ ਨਾਲ਼ ਭਖ ਰਹੇ ਲਾਜ ਦੇ ਮੱਥੇ ਨੂੰ ਚੁੰਮਿਆ,'ਮੇਰੀ ਲਾਜ' ਦਾ ਭਾਵਪੂਰਤ ਸ਼ਬਦ ਉਸ ਦੇ ਮੂੰਹ 'ਚੋਂ ਨਿਕਲ਼ਿਆ। ਉਸ ਦੀਆਂ ਅੱਖਾਂ ਵਿੱਚ ਜੰਮੇ ਹੋਏ ਮੋਤੀ ਇੱਕ ਵੇਰ ਫਿਰ ਪਿਘਲ਼ ਪਏ। ਅੰਞਾਣੀ ਲਾਜ ਨੇ ਬੜੀ ਸਿਆਣਪ ਭਰੀ ਅਵਾਜ਼ ਵਿੱਚ ਕਿਹਾ,"ਪਿਤਾ ਜੀ ਮੇਰਾ ਫ਼ਿਕਰ ਨਾ ਕਰੋ।" ਘਰ ਦੇ ਗਲ਼ੀ ਵਾਲ਼ੇ ਦਰਵਾਜ਼ਿਓਂ ਇੱਕ ਨੌਜਵਾਨ ਅੰਦਰ ਵੜਿਆ। ਪੁਲਿਸ ਦੀ ਅੱਖ ਬਚਾ ਕੇ ਉਸ ਨੇ ਕਿਸ਼ਨ ਸਿੰਘ ਦੇ ਕੰਨ ਵਿੱਚ ਕੋਈ ਗੱਲ ਕੀਤੀ। ਨੌਜਵਾਨ ਵਾਪਸ ਚਲਾ ਗਿਆ। ਕਿਸ਼ਨ ਸਿੰਘ ਦੇ ਚਿਹਰੇ 'ਤੇ ਫਿਰ ਡੂੰਘੀ ਗੰਭੀਰਤਾ ਆ ਗਈ। ਇਸੇ ਹਾਲਤ ਵਿੱਚ ਲਾਜ ਸੰਬੰਧੀ ਵੀਰਾਂ ਵਾਲੀ ਨੂੰ ਕੁਝ ਗੱਲਾਂ ਸਮਝਾ ਕੇ ਉਹ ਪੁਲਿਸ ਨਾਲ਼ ਟਾਂਗੇ ਵਿੱਚ ਬੈਠ ਗਿਆ।

## 2.

ਸ਼ਹਿਰ ਦੀ ਕੋਤਵਾਲੀ ਵਿੱਚ ਟੈਲੀਫ਼ੂਨ ਦੀ ਘੰਟੀ ਖੜਕਣ ਦੇ ਨਾਲ਼ ਹੀ ਗਾਰਦ ਨੂੰ ਤਿਆਰ ਹੋਣ ਦਾ ਹੁਕਮ ਤਾਂ ਹੋ ਗਿਆ ਪਰ ਤੁਰਨ ਦਾ ਆਰਡਰ ਇੱਕ ਘੰਟੇ ਦੀ ਉਡੀਕ ਪਿੱਛੋਂ ਮਿਲ਼ਿਆ। ਛੋਟੇ ਬਜ਼ਾਰ ਦੇ ਨਾਲ਼ ਲੱਗਦੀ ਪੁਰਾਣੀ ਹਵੇਲੀ ਨੂੰ ਪੁਲਿਸ ਦੇ ਘੇਰਾ ਪਾਉਣ ਦੀ ਢਿੱਲ ਸੀ ਕਿ ਹਵੇਲੀ ਦੀ ਖੱਬੀ ਨੁੱਕਰ ਵਾਲ਼ੇ ਕਮਰੇ ਦੇ ਗਲ਼ੀ ਵੱਲ ਖੁੱਲ੍ਹਣ ਵਾਲ਼ੇ ਦਰਵਾਜ਼ੇ ਵਿੱਚੋਂ ਇੱਕ ਖੱਦਰਪੋਸ਼ ਬੀਬੀ ਦੌੜ ਕੇ ਬਾਹਰ ਨਿਕਲ਼ੀ। ਇਸ ਦੇ ਹੱਥ ਵਿੱਚ ਇੱਕ ਕੌਮੀ ਝੰਡਾ ਤੇ

ਗਾਤਰੇ ਕਿਰਪਾਨ ਸੀ। ਤੁਰੰਤ ਹੀ ਇਸ ਦੇ ਪਿੱਛੇ-ਪਿੱਛੇ ਕੌਮੀ ਨਾਹਰੇ ਲਾਉਂਦੀਆਂ ਖੱਦਰ ਦੀਆਂ ਸਾੜ੍ਹੀਆਂ ਵਾਲੀਆਂ ਹੋਰ ਵੀ ਬਹੁਤ ਸਾਰੀਆਂ ਬੀਬੀਆਂ ਨਿਕਲ਼ ਆਈਆਂ। ਗਲ਼ੀ ਵਾਲ਼ੇ ਦਰਵਾਜ਼ੇ ਅੱਗੇ ਖੜ੍ਹਾ ਸਿਪਾਹੀ ਵੇਖਦਾ ਹੀ ਰਹਿ ਗਿਆ ਤੇ ਇਹ ਬੀਬੀਆਂ ਬਜ਼ਾਰ ਵਿੱਚ ਪੁੱਜ ਗਈਆਂ। "ਭਾਰਤ ਮਾਤਾ ਦੀ ਜੈ" ਦੇ ਨਾਹਰਿਆਂ ਨਾਲ਼ ਅਸਮਾਨ ਗੂੰਜਣ ਲੱਗਾ। ਥੋੜ੍ਹੇ ਚਿਰ ਵਿੱਚ ਹੀ ਇਤਨੀ ਭੀੜ ਹੋ ਗਈ ਕਿ ਛੋਟੇ ਬਜ਼ਾਰ ਦਾ ਰਸਤਾ ਬੰਦ ਹੋ ਗਿਆ। "ਕੌਮੀ ਝੰਡਾ" ਜੁਆਬ ਵਿੱਚ ਲੋਕਾਂ ਨੇ ਕਿਹਾ "ਸਦਾ ਉੱਚਾ ਰਹੇ"। ਇੱਕ ਪੁਲਸੀਏ ਨੇ ਅੱਗੇ ਵਧ ਕੇ ਝੰਡਾ ਖੋਹਣ ਦੀ ਕੋਸ਼ਸ਼ ਕੀਤੀ। ਝੰਡੇ ਵਾਲ਼ੀ ਬੀਬੀ ਅੱਗੇ ਵਧਦੀ ਜਾ ਰਹੀ ਸੀ। ਪੁਲਿਸ ਵਾਲ਼ੇ ਦਾ ਹੱਥ ਗਾਤਰੇ ਦੀ ਕਿਰਪਾਨ 'ਤੇ ਜਾ ਪਿਆ। ਖਿੱਚਾ-ਖਿੱਚੀ ਵਿੱਚ ਮਿਆਨ ਉੱਤਰ ਗਈ ਤੇ ਪੁਲਸੀਏ ਦੇ ਹੱਥ ਨੂੰ ਝਰੀਟ ਆ ਗਈ, ਥੋੜ੍ਹਾ ਜਿਹਾ ਖ਼ੂਨ ਵੀ ਨਿਕਲ ਆਇਆ। ਪੁਲਿਸ ਨੇ ਘਬਰਾ ਕੇ ਲਾਠੀਚਾਰਜ ਸ਼ੁਰੂ ਕਰ ਦਿੱਤਾ। ਬਹੁਤ ਸਾਰੀ ਭੀੜ ਖਿੰਡ-ਪੁੰਡ ਗਈ। ਝੰਡੇ ਵਾਲ਼ੀ ਬੀਬੀ ਨੇ ਕੌਮੀ ਝੰਡੇ ਨੂੰ ਦੋਹਾਂ ਹੱਥਾਂ ਵਿੱਚ ਘੁੱਟ ਕੇ ਫੜ ਲਿਆ ਤੇ ਇੱਕ ਦੁਕਾਨ ਦੇ ਸਾਮ੍ਹਣੇ ਫੱਟੇ 'ਤੇ ਧਰਨਾ ਮਾਰ ਕੇ ਬਹਿ ਗਈ। ਬਾਕੀ ਦੀਆਂ ਬੀਬੀਆਂ ਵੀ ਜ਼ਮੀਨ 'ਤੇ ਬਹਿ ਗਈਆਂ। ਬਹੁਤ ਸਾਰੀ ਭੀੜ ਦੇ ਖਿੰਡ-ਪੁੰਡ ਜਾਣ ਪੁਰ ਪੁਲਿਸ-ਗਾਰਦ ਦੇ ਇਨਚਾਰਜ ਨੇ ਪਹਿਲਾਂ ਬੜੇ ਰੋਹਬ ਨਾਲ਼, ਫ਼ਿਰ ਨਰਮੀ ਨਾਲ਼, ਝੰਡੇ ਵਾਲ਼ੀ ਬੀਬੀ ਤੋਂ ਝੰਡਾ ਲੈਣ ਦੀ ਕੋਸ਼ਸ਼ ਕੀਤੀ ਪਰ ਬੀਬੀ ਦੇ ਡੂੰਘੇ ਵਿਸ਼ਵਾਸ ਸਾਮ੍ਹਣੇ ਕੋਈ ਪੇਸ਼ ਨਾ ਗਈ। ਬੀਬੀ ਨੇ ਕਿਹਾ, "ਇਹ ਝੰਡਾ ਸਾਡੀ ਜਾਨ ਦੇ ਨਾਲ਼ ਹੀ ਜਾਵੇਗਾ।"

ਅਖ਼ੀਰ ਤੇ ਬੀਬੀਆਂ ਦੇ ਸਾਰੇ ਜਥੇ ਨੂੰ ਗਰਿਫ਼ਤਾਰ ਕਰ ਕੇ ਟਾਂਗਿਆਂ ਵਿੱਚ ਬਿਠਾ ਲਿਆ ਗਿਆ। ਜੇਲ੍ਹ ਦੇ ਦਰਵਾਜ਼ੇ ਅੱਗੇ ਜਾ ਕੇ ਫਿਰ ਝੰਡੇ ਦਾ ਝਗੜਾ ਛਿੜ ਗਿਆ। ਬੀਬੀਆਂ ਕਹਿੰਦੀਆਂ ਸਨ ਕਿ ਅਸੀਂ ਜੇਲ੍ਹ ਦੀ ਬੈਰਕ 'ਤੇ ਕੌਮੀ ਝੰਡਾ ਲਾਉਣ ਲਈ ਅੰਦਰ ਨਾਲ਼ ਲੈ ਜਾਵਾਂਗੀਆਂ। ਇਹ ਝਗੜਾ ਹੋ ਹੀ ਰਿਹਾ ਸੀ ਕਿ ਕਿਸ਼ਨ ਸਿੰਘ ਨੂੰ ਵੀ ਪੁਲਿਸ ਲੈ ਕੇ ਜੇਲ੍ਹ ਦੇ ਦਰਵਾਜ਼ੇ ਅੱਗੇ ਪੁੱਜ ਗਈ। ਬੀਬੀਆਂ ਦੇ ਜਥੇ ਅੰਦਰ ਝੰਡਾ ਹੱਥ ਵਿੱਚ ਫੜੀ ਬੈਠੀ ਆਪਣੀ ਸੁਪਤਨੀ ਸ਼ਰਨ ਕੌਰ ਨੂੰ ਵੇਖ ਕੇ ਕਿਸ਼ਨ ਸਿੰਘ ਨੂੰ ਕੋਈ ਹੈਰਾਨੀ ਨਾ ਹੋਈ। ਇਉਂ ਜਾਪਦਾ ਹੈ ਕਿ ਕਿਸ਼ਨ ਸਿੰਘ ਨੂੰ ਇਸ ਘਟਨਾ ਦਾ ਪਹਿਲਾਂ ਹੀ ਪਤਾ ਲੱਗ ਚੁੱਕਾ ਹੈ। ਕਿਸ਼ਨ ਸਿੰਘ ਨੇ ਬੀਬੀਆਂ ਨੂੰ ਸਮਝਾਇਆ, "ਤੁਸੀਂ ਝੰਡੇ ਸੰਬੰਧੀ ਆਪਣਾ ਕਾਫ਼ੀ ਵਿਸ਼ਵਾਸ ਪ੍ਰਗਟ ਕਰ ਦਿੱਤਾ ਹੈ, ਖੁੱਲ੍ਹ ਦੀ ਹਾਲਤ ਵਿੱਚ ਤੁਸੀਂ ਇਸ ਦੀ ਬੇਅਦਬੀ ਨਹੀਂ ਹੋਣ ਦਿੱਤੀ। ਹੁਣ ਤੁਸੀਂ ਕੈਦ ਹੋ ਜੇ ਇੱਕ ਵੇਰ ਤੁਸੀਂ ਬੈਰਕ 'ਤੇ ਝੰਡਾ ਲਾ ਵੀ ਲਿਆ ਤਾਂ ਜੇਲ੍ਹ-ਕਰਮਚਾਰੀ ਤੁਹਾਨੂੰ ਬੈਰਕ ਦੇ ਅੰਦਰ ਬੰਦ ਕਰਕੇ ਝੰਡਾ ਪਾੜ ਦੇਣਗੇ, ਇਸ ਲਈ ਇਸ ਦਾ ਲਾਭ ਨਹੀਂ।" ਅਖ਼ੀਰ ਫ਼ੈਸਲਾ ਹੋਇਆ ਕਿ ਝੰਡਾ ਅਦਬ ਨਾਲ਼ ਕਾਂਗਰਸ ਦੇ ਦਫ਼ਤਰ ਵਿੱਚ ਪਹੁੰਚਾ ਦਿੱਤਾ ਜਾਵੇ। ਜੇਲ੍ਹ ਦੇ ਅੰਦਰ ਦਾਖ਼ਲ ਹੋ ਕੇ ਸ਼ਰਨ ਕੌਰ ਨੇ ਆਪਣੇ ਪਤੀ ਤੋਂ ਲਾਜ ਬਾਬਤ ਪੁੱਛਿਆ ਪਰ ਕੋਈ ਜਵਾਬ ਸੁਣਨ ਤੋਂ ਪਹਿਲਾਂ ਹੀ ਜ਼ਨਾਨਾ ਵਾਰਡ ਦਾ ਬੂਹਾ ਖੁੱਲ੍ਹ ਕੇ ਬੰਦ ਹੋ ਗਿਆ।

## 3.

ਵੱਡਾ ਤਾਪ ਤੇ ਮਾਤਾ-ਪਿਤਾ ਦਾ ਫੜਿਆ ਜਾਣਾ, ਸਾਰੇ ਦੁੱਖਾਂ ਤੇ ਦੇਸ-ਸੇਵਾ ਲਈ ਜੇਲ੍ਹ ਜਾਣ ਦੀ ਜ਼ਬਰਦਸਤ ਇੱਛਾ ਪ੍ਰਬਲ ਹੋ ਆਈ। ਲਾਜ ਦਿਨਾਂ ਵਿੱਚ ਹੀ ਤੁਰਨ-ਫਿਰਨ ਲੱਗ ਪਈ। ਭੂਆ ਨੇ ਲਾਜ ਦੀ ਸੇਵਾ ਵਿੱਚ ਕਸਰ ਨਾ ਰੱਖੀ। ਲਾਜ ਨੂੰ ਚੁਕਵਾ ਕੇ, ਉਹ ਘਰ ਹੀ ਲੈ ਗਈ ਸੀ। ਵੀਰਾਂ ਵਾਲੀ ਦੇ ਘਰ ਵਾਲ਼ੇ ਜਮਾਂਦਾਰ ਹੁਸ਼ਨਾਕ ਸਿੰਘ ਨੂੰ ਆਪਣੇ ਸਾਲ਼ੇ ਤੇ ਸਾਲੇਹਾਰ ਦੇ ਫੜੇ ਜਾਣ ਦੀ ਖ਼ਬਰ ਗੱਡੀ ਵਿੱਚ ਹੀ ਕਿਸੇ ਵਾਕਫ਼ ਤੋਂ ਮਿਲ਼ੀ ਜਦਕਿ ਉਹ ਘਰ ਛੁੱਟੀ ਆ ਰਿਹਾ ਸੀ। ਛਾਉਣੀ ਵਿੱਚ ਕੋਈ ਅਖ਼ਬਾਰ ਨਹੀਂ ਸੀ ਜਾਂਦਾ। ਹੁਸ਼ਨਾਕ ਸਿੰਘ ਦਾ ਟਾਂਗਾ ਜਦ ਬੂਹੇ ਅੱਗੇ ਪੁੱਜਾ ਤਾਂ ਲਾਜ ਦਰਵਾਜ਼ੇ ਵਿੱਚ ਖੜ੍ਹੀ ਸੀ। ਉਸ ਨੇ ਪਹਿਲਾਂ ਫੁੱਫੜ ਦੇ ਆਉਣ ਦੀ ਖ਼ਬਰ ਦੌੜ ਕੇ ਭੂਆ ਨੂੰ ਦੱਸੀ ਫਿਰ ਪਰਤ ਕੇ ਟਾਂਗੇ ਵਿੱਚੋਂ ਉੱਤਰ ਰਹੇ ਫੁੱਫੜ ਦੇ ਗਲ਼ ਆਣ ਲੱਗੀ। ਵੀਰਾਂ ਵਾਲੀ ਨੇ ਪਹਿਲਾਂ ਦਰਵਾਜ਼ੇ ਅੱਗੇ ਆਣ ਕੇ ਆਪਣੇ ਪਤੀ ਨੂੰ ਸਤਿ ਸ੍ਰੀ ਅਕਾਲ ਆਖੀ ਫਿਰ ਝੱਟ ਅੰਦਰ ਵੜ ਕੇ ਸ਼ੀਸ਼ੇ ਅੱਗੇ ਆਪਣੇ ਵਾਲ਼ ਸੁਆਰੇ, ਦੁਪੱਟਾ ਬਦਲਿਆ ਤੇ ਚਾਈਂ-ਚਾਈਂ ਮੁੜ ਬਾਹਰ ਆ ਕੇ ਸਮਾਨ ਸੰਭਾਲਣ ਦੇ ਆਹਰ ਵਿੱਚ ਲੱਗ ਗਈ। ਲਾਜ ਵੀ ਨਿੱਕੀਆਂ-ਨਿੱਕੀਆਂ ਚੀਜ਼ਾਂ ਸੰਭਾਲਣ ਵਿੱਚ ਆਪਣੀ ਭੂਆ ਨੂੰ ਮਦਦ ਦੇਣ ਲੱਗ ਪਈ। ਗੁਆਂਢ ਤੋਂ ਸੱਜਣ-ਮਿੱਤਰ ਹੁਸ਼ਨਾਕ ਸਿੰਘ ਨੂੰ ਪੁੱਛਣ-ਭਾਲਣ ਆ ਗਏ। ਵੀਰਾਂ ਵਾਲੀ ਨੇ ਚੁੱਲ੍ਹੇ 'ਤੇ ਚਾਹ ਰੱਖ ਦਿੱਤੀ। ਗੁਆਂਢੀਆਂ ਦੇ ਚਲੇ ਜਾਣ ਪੁਰ ਚਾਹ

ਪਿਆਉਣ ਲੱਗਿਆਂ ਹੀ ਵੀਰਾਂ ਵਾਲੀ ਨੂੰ ਵੀ ਆਪਣੇ ਪਤੀ ਪਾਸੋਂ ਸੁੱਖ-ਸਾਂਦ ਪੁੱਛਣ ਦਾ ਮੌਕਾ ਮਿਲਿਆ, ਉਸ ਨੇ ਚਾਹ ਵਿੱਚ ਮਿੱਠਾ ਹਿਲਾਉਂਦਿਆਂ ਪੁੱਛਿਆ, "ਜੀ, ਵੱਲ ਰਾਜ਼ੀ-ਬਾਜ਼ੀ ਰਹੇ ਹੋ ?"

"ਅੱਗੇ ਤਾਂ ਵੱਲ ਹੀ ਰਹੇ ਹਾਂ ਪਰ ਮਾਲੂਮ ਹੁੰਦਾ ਹੈ ਤੂੰ ਵੱਲ ਰਹਿਣ ਨਹੀਂ ਦੇਣਾ।" ਵੀਰਾਂ ਵਾਲੀ ਦੇ ਕੰਨਾਂ ਨੂੰ ਐਸੇ ਹੀ ਉੱਤਰ ਦੀ ਆਸ ਸੀ। ਉਹ ਆਪਣੇ ਪਤੀ ਦੇ ਚਿਹਰੇ ਤੋਂ ਉਸ ਦੇ ਮਨ ਦੀ ਅਸਵਥਾ ਨੂੰ ਤਾਂ ਪੜ੍ਹ ਚੁੱਕੀ ਸੀ ਪਰ ਨਰਾਜ਼ਗੀ ਦੇ ਕਾਰਨ ਦੀ ਪੂਰੀ ਸਮਝ ਉਸ ਨੂੰ ਅਜੇ ਨਹੀਂ ਸੀ ਆਈ। ਵੀਰਾਂ ਵਾਲੀ ਨੇ ਗੱਲ ਨੂੰ ਵਿੱਥੇ ਹੀ ਠੱਪ ਦਿੱਤਾ। ਹੁਸ਼ਨਾਕ ਸਿੰਘ ਨੇ ਨਾਂਹ-ਨੁੱਕਰ ਕਰਦਿਆਂ ਚਾਹ ਦੀ ਪਿਆਲੀ ਪੀ ਹੀ ਲਈ। ਰਾਤ ਦੀ ਰੋਟੀ ਤੱਕ ਵੀਰਾਂ ਵਾਲੀ ਨੇ ਕੋਈ ਗੱਲ ਛਿੜਨ ਦਾ ਮੌਕਾ ਨਾ ਦਿੱਤਾ। ਹੁਸ਼ਨਾਕ ਸਿੰਘ ਨੇ ਭਰਿਆਂ-ਪੀਤਿਆਂ ਹੀ ਦੋ ਰੋਟੀਆਂ ਸੰਘੋਂ ਹੇਠਾਂ ਉਤਾਰੀਆਂ। ਵੀਰਾਂ ਵਾਲੀ ਨੇ ਤਾਂ ਖਾਣਾ ਹੀ ਕੀ ਸੀ। ਸੌਣ ਦੇ ਕੱਪੜੇ ਬਦਲ ਕੇ ਹੁਸ਼ਨਾਕ ਸਿੰਘ ਲੰਮਾ ਪੈ ਗਿਆ। ਵੀਰਾਂ ਵਾਲੀ ਲਾਜ ਨੂੰ ਰੋਟੀ ਖੁਆ ਕੇ ਭਾਂਡਾ-ਟੀਂਡਾ ਸਾਂਭਣ ਪਿੱਛੋਂ ਲੱਤਾਂ ਦਬਾਉਣ ਦੇ ਬਹਾਨੇ ਆਪਣੇ ਪਤੀ ਪਾਸ ਮੰਜੇ 'ਤੇ ਆਣ ਬੈਠੀ। ਦਸ-ਪੰਦਰਾਂ ਮਿੰਟ ਦੋਹਾਂ ਪਾਸਿਆਂ ਤੋਂ ਚੁੱਪ ਰਹੀ। ਹੁਸ਼ਨਾਕ ਸਿੰਘ ਨੇ ਪਾਸਾ ਪਰਤਦਿਆਂ ਇਉਂ ਉਬਾਸੀ ਲਈ, ਜਿਵੇਂ ਉਹ ਪਹਿਲਾਂ ਸੌਂ ਗਿਆ ਸੀ ਤੇ ਹੁਣ ਹੀ ਉਸ ਨੂੰ ਵੀਰਾਂ ਦੇ ਪਾਸ ਬੈਠੇ ਹੋਣ ਦਾ ਪਤਾ ਲੱਗਾ ਹੈ। ਵੀਰਾਂ ਵਾਲੀ ਨੇ ਕਿਹਾ, "ਜੀ, ਇੱਧਰ ਮੂੰਹ ਤੇ ਕਰੋ, ਤੁਹਾਨੂੰ ਤੇ ਜੱਗ ਰੱਖਣਾ ਵੀ ਨਹੀਂ ਆਉਂਦਾ, ਉਡੀਕ-ਉਡੀਕ ਕੇ ਸਾਡੀਆਂ ਅੱਖਾਂ ਵੀ ਪੱਕ ਗਈਆਂ ਹਨ ਤੇ ਇਹ ਸਿੱਧੇ ਮੂੰਹ ਗੱਲ ਵੀ ਨਹੀਂ ਕਰਦੇ, ਛੁੱਟੀ ਕਿਤਨੀ ਮਿਲੀ ਜੇ ?" ਹੁਸ਼ਨਾਕ ਸਿੰਘ ਨੇ ਫਿਰ ਪਾਸਾ ਪਰਤਿਆ ਤੇ ਅੱਖਾਂ ਪੁਰ ਹੱਥ ਰੱਖ ਕੇ ਆਖਣ ਲੱਗਾ, "ਤੂੰ ਹੁਣ ਲੰਮੀ ਛੁੱਟੀ ਹੀ ਸਮਝ, ਸੁੱਖ ਤੈਨੂੰ ਪਚਦਾ ਨਹੀਂ, ਹੁਣ ਹੀ ਤਰੱਕੀ ਦੇ ਦਿਨ ਸਨ ਪਰ ਤੂੰ ਮੈਨੂੰ ਕੁਝ ਬਣਨ ਨਹੀਂ ਦੇਣਾ।"

"ਜੀ, ਗੱਲ ਤੇ ਦੱਸੋ ?"

"ਗੱਲ ਕੀ ਦੱਸਾਂ, ਤੈਨੂੰ ਪਤਾ ਨਹੀਂ, ਅੱਜ-ਕੱਲ੍ਹ ਲੜਾਈ ਦੇ ਦਿਨ ਹਨ, ਕਿਸੇ ਫ਼ੌਜੀ ਦੇ ਬਾਗ਼ੀਆਂ ਨਾਲ ਮੇਲ਼-ਜੋਲ਼ ਨੂੰ ਸਰਕਾਰ ਪਸੰਦ ਨਹੀਂ ਕਰਦੀ। ਅੱਵਲ ਤਾਂ ਸਰਕਾਰ ਨੂੰ ਪਤਾ ਹੀ ਨਹੀਂ ਲੱਗਣ ਦੇਣਾ ਚਾਹੀਦਾ ਕਿ ਕੋਈ ਬਾਗ਼ੀ ਸਾਡੇ ਸੰਬੰਧੀ ਹਨ। ਜੇ ਪਤਾ ਲੱਗ ਵੀ ਜਾਏ ਤਾਂ ਅਸੀਂ ਆਖ ਸਕਦੇ ਹਾਂ ਕਿ ਉਹ ਸਾਡੇ ਆਖੇ ਤੋਂ ਬਾਹਰ ਹਨ ਪਰ ਤੂੰ ਇਹ ਬਲਾ ਕਿਉਂ ਜਾਣ-ਬੁੱਝ ਕੇ ਆਪਣੇ ਗਲ਼ ਪਾ ਲਈ। ਬਾਗ਼ੀ ਦੀ ਧੀ ਨੂੰ ਪਾਸ ਰੱਖਣਾ, ਤੂੰ ਨਹੀਂ ਜਾਣਦੀ ਕਿਤਨਾ ਜੁਰਮ ਹੈ ?"

ਆਪਣੇ ਪਤੀ ਦੀ ਗੱਲ ਸੁਣ ਕੇ ਵੀਰਾਂ ਵਾਲੀ ਨੂੰ ਕੰਬਣੀ ਜਿਹੀ ਆ ਗਈ। ਉਸ ਨੂੰ ਇਹ ਖ਼ਿਆਲ ਨਹੀਂ ਸੀ ਕਿ ਲਾਜ ਨੂੰ ਐਸੇ ਹਾਲਾਤ ਵਿੱਚ ਇੱਥੇ ਲਿਆਉਣਾ ਪਤੀ ਲਈ ਇਤਨਾ ਜ਼ਿਆਦਾ ਦੁਖਦਾਈ ਹੋ ਸਕਦਾ ਹੈ। ਉਸ ਦੀ ਜਾਨ ਪਸੀਨਾ-ਪਸੀਨਾ ਹੋ ਗਈ। ਹੁਸ਼ਨਾਕ ਸਿੰਘ ਨੇ ਫਿਰ ਦੰਦ ਕਰੀਚ ਕੇ ਕਿਹਾ, "ਤੂੰ ਇਸ ਕੁੜੀ ਨੂੰ ਕਿਉਂ ਮੇਰੇ ਘਰ ਲਿਆਂਦਾ ?"

ਵੀਰਾਂ ਵਾਲੀ ਨੇ ਭਰੇ ਗਲ਼ੇ ਨਾਲ਼ ਸਾਰੀ ਵਿਥਿਆ ਇਸ ਤਰ੍ਹਾਂ ਸੁਣਾਈ, ਜਿਵੇਂ ਕੋਈ ਪੁਜਾਰਨ ਦੇਵੀ ਪਾਸੋਂ ਕਿਸੇ ਮਨ-ਭਾਉਂਦੇ ਵਰ ਦਾ ਤਰਲਾ ਲੈ ਰਹੀ ਹੋਵੇ ਪਰ ਤੁਰੰਤ ਹੀ ਉਸ ਨੂੰ ਅਨੁਭਵ ਹੋਇਆ ਕਿ ਪਤੀ-ਦੇਵ ਤਾਂ ਪੱਥਰ ਦੀ ਮੂਰਤ ਹਨ। ਉਸ ਦੇ ਮਨ ਵਿੱਚ ਪਤੀ ਦੇ ਛੁੱਟੀ ਆਉਣ ਦੀਆਂ ਕਿੰਨੀਆਂ ਉਮੰਗਾਂ ਸਨ, ਉਸ ਦੇ ਸਾਰੇ ਵਲਵਲੇ ਤੇ ਚਾਅ ਖਿੰਡ-ਪੁੰਡ ਕੇ ਉਸ ਦੀਆਂ ਅੱਖਾਂ ਸਾਮ੍ਹਣੇ ਪਰਛਾਂਵੇਂ ਜਿਹੇ ਬਣ ਕੇ ਖਿੱਲਰ ਗਏ। ਪੁਆਂਦੀ ਪਿਆਂ ਹੀ ਉਸ ਨੇ ਰਾਤ ਕੱਟ ਲਈ। ਹੰਝੂਆਂ ਦੇ ਕੀਮਤੀ ਮੋਤੀਆਂ ਦੀ ਭੇਟਾ ਪਰ ਪੱਥਰ ਦੀ ਮੂਰਤੀ ਵਿੱਚ ਕੋਈ ਅਨੁਭਵਤਾ ਹੀ ਨਹੀਂ ਸੀ। ਪਤੀ ਦੇ ਹਠ ਨੇ ਵੀਰਾਂ ਵਾਲੀ ਨੂੰ ਵੀ ਆਪਣੇ ਅਪਰਾਧੀ ਹੋਣ ਦਾ ਸ਼ੱਕ ਜਿਹਾ ਪਾ ਦਿੱਤਾ।

ਘਬਰਾਇਆ ਹੋਇਆ ਆਦਮੀ ਆਪਣੀ ਘਬਰਾਹਟ ਦੇ ਕਾਰਨ ਨੂੰ ਲੁਕਾਉਣ ਦੇ ਜੋ ਸਾਧਨ ਵਰਤਦਾ ਹੈ, ਉਹ ਉਸ ਦੀ ਘਬਰਾਹਟ ਨੂੰ ਵਧੀਕ ਪ੍ਰਗਟਾਉਂਦੇ ਹਨ। ਸੱਜਣਾਂ-ਮਿੱਤਰਾਂ ਤੱਕ ਗੱਲ ਪੁੱਜ ਗਈ। ਸਿਆਣਿਆਂ ਦੀਆਂ ਦਲੀਲਾਂ ਤੇ ਮਿਸਾਲਾਂ ਹੁਸ਼ਨਾਕ ਸਿੰਘ ਨੂੰ ਕਾਇਲ ਨਾ ਕਰਵਾ ਸਕੀਆਂ ਕਿ ਤੇਰੇ ਸਾਲ਼ੇ ਤੇ ਸਾਲ਼ੇਹਾਰ ਦੀ ਜ਼ਿੰਮੇਵਾਰੀ ਕਿਸੇ ਤਰ੍ਹਾਂ ਵੀ ਤੇਰੇ 'ਤੇ ਨਹੀਂ ਆਉਂਦੀ। ਲਾਜ ਨੂੰ ਆਪਣੇ ਪਾਸ ਰੱਖਣਾ ਉਹ ਆਪਣੀਆਂ ਸਭ ਆਸਾਂ ਦੇ ਖ਼ਾਤਮੇ ਦਾ ਪਰਵਾਨਾ ਸਮਝਦਾ ਸੀ। ਵਧੀਕ ਨਹੀਂ ਤਾਂ ਸੂਬੇਦਾਰ-ਮੇਜਰ ਤਾਂ ਉਸ ਨੇ ਇਸ ਜੰਗ ਵਿੱਚ ਹੀ ਬਣਨਾ ਹੈ। ਲਾਜ ਦੇ ਕੰਨਾਂ ਵਿੱਚ ਵੀ ਕੋਈ ਨਾ ਕੋਈ ਗੱਲ ਪੈ ਜਾਂਦੀ ਰਹੀ। ਛੁੱਟੀ ਪੂਰੀ ਹੋ ਗਈ। ਹੁਸ਼ਨਾਕ ਸਿੰਘ ਨੇ ਟਾਂਗਾ ਬੂਹੇ ਅੱਗੇ ਖੜ੍ਹਾ

ਕੀਤਾ। ਵੀਰਾਂ ਨੂੰ ਬਾਂਹੋਂ ਫੜ ਕੇ ਉਸ ਦੇ ਵਿੱਚ ਬਿਠਾਇਆ ਤੇ ਮਕਾਨ ਦੀਆਂ ਚਾਬੀਆਂ ਜੇਬ ਵਿੱਚ ਪਾ ਲਈਆਂ। ਬੂਹੇ ਅੱਗੇ ਕੁੜੀਆਂ ਨਾਲ਼ ਖੇਡਦੀ ਲਾਜ ਟਾਂਗੇ ਵਿੱਚ ਬੈਠੀ ਬੇਵੱਸ ਭੂਆ ਵੱਲ ਤੇ ਭੂਆ ਹੰਝੂਆਂ ਭਰੀਆਂ ਅੱਖਾਂ ਨਾਲ਼ ਲਾਜ ਵੱਲ ਵੇਖਦੀ ਰਹੀ। ਤਾਂਗਾ ਓਹਲੇ ਹੋ ਗਿਆ ।

## 4.

"ਭਰਾ ਜੀ, ਲਾਜ ਦਾ ਕੀ ਬਣਿਆ ?"

"ਵੀਰਾਂ, ਅਸੀਂ ਤੇ ਤੇਰੇ ਪਾਸ ਅਮਾਨਤ ਛੱਡ ਆਏ ਸਾਂ।"

ਇੱਕ ਸਾਲ ਤੇ ਦੋ ਮਹੀਨੇ ਗੁਜ਼ਰ ਜਾਣ ਪਿੱਛੋਂ ਸੈਂਟਰਲ ਜੇਲ੍ਹ, ਮੁਲਤਾਨ ਦੇ ਮੁਲਾਕਾਤ ਵਾਲੇ ਕਮਰੇ ਵਿੱਚ ਭੈਣ ਵੀਰਾਂ ਵਾਲ਼ੀ ਦਾ ਇਹ ਇੱਕ ਸਵਾਲ ਤੇ ਭਰਾ ਕਿਸ਼ਨ ਸਿੰਘ ਦਾ ਇਹ ਇੱਕ ਜਵਾਬ, ਬੱਸ ਕੁੱਲ ਦੋ ਹੀ ਗੱਲਾਂ ਸਨ ਜੋ ਉਹਨਾਂ ਇੱਕ ਘੰਟੇ ਦੀ ਮੁਲਾਕਾਤ ਵਿੱਚ ਜ਼ਬਾਨ ਨਾਲ਼ ਕੀਤੀਆਂ। ਇਹਨਾਂ ਦੋਹਾਂ ਗੱਲਾਂ ਪਿੱਛੋਂ ਦੁਵੱਲੀ ਚੁੱਪ ਤੇ ਕਿਸੇ ਵੇਲ਼ੇ ਤਰ ਅੱਖਾਂ ਨਾਲ਼ ਇੱਕ-ਦੂਜੇ ਵੱਲ ਤੱਕਣਾ, ਦਿਲ ਦੀਆਂ ਗੱਲਾਂ ਸਨ ਜਿਨ੍ਹਾਂ ਨੂੰ ਬੇਜ਼ਬਾਨੀ ਦੀ ਜ਼ਬਾਨ ਦਾ ਕੋਈ ਪੰਡਤ ਹੀ ਦੱਸ ਸਕਦਾ ਹੈ। ਮੁਲਾਕਾਤ ਕਰਵਾਉਣ ਵਾਲੇ ਅਫ਼ਸਰ ਨੇ ਵਕਤ ਖ਼ਤਮ ਹੋ ਜਾਣ ਦੀ ਘੰਟੀ ਵਜਾਈ। ਦੋਵੇਂ ਭੈਣ-ਭਰਾ ਚੁੱਪ-ਚੁਪੀਤੇ ਇੱਕ–ਦੂਜੇ ਨੂੰ ਵੇਖਦੇ ਅੱਡ ਹੋ ਗਏ। ਮਾਂ-ਪਿਓ ਜਾਈ ਨਾਲ਼ ਇਹ ਆਖ਼ਰੀ ਮਿਲ਼ਨੀ ਹੈ, ਕਿਸ਼ਨ ਸਿੰਘ ਨੂੰ ਇਸ ਗੱਲ ਦਾ ਕੀ ਪਤਾ ਸੀ।

ਜੇਲ੍ਹਾਂ ਵਿੱਚ ਕੈਦੀਆਂ ਦੀ ਆਵਾਜਾਈ ਲੱਗੀ ਰਹਿੰਦੀ ਹੈ। ਕਿਸ਼ਨ ਸਿੰਘ ਨੂੰ ਇਹ ਤਾਂ ਪਤਾ ਲੱਗ ਚੁੱਕਾ ਹੈ ਕਿ ਲਾਜ ਹੁਣ ਲਾਹੌਰ ਹਸਪਤਾਲ ਵਿੱਚ ਹੈ ਪਰ ਵੀਰਾਂ ਵਾਲੀ ਉਸ ਨਾਲ਼ੋਂ ਵੀ ਸਖ਼ਤ ਕੈਦ ਵਿੱਚ ਹੈ, ਕਿਸ਼ਨ ਸਿੰਘ ਨੂੰ ਇਹ ਗੱਲ ਕਿਸੇ ਨਹੀਂ ਦੱਸੀ। ਛਾਉਣੀ ਵਿੱਚ ਤਾਂ ਕੋਈ ਪੰਖੇਰੂ ਪਰ ਵੀ ਨਹੀਂ ਸੀ ਮਾਰ ਸਕਦਾ, ਬਾਗ਼ੀ ਭਰਾ-ਭਰਜਾਈ ਤੇ ਬਾਗ਼ੀਆਂ ਦੀ ਧੀ ਬਾਬਤ ਵੀਰਾਂ ਵਾਲੀ ਨੂੰ ਕੌਣ ਖ਼ਬਰ ਦੱਸਦਾ। ਵੀਰਾਂ ਵਾਲੀ ਮੁਲਾਕਾਤ ਲਈ ਜੇਲ੍ਹ ਤੱਕ ਕਿਵੇਂ ਪੁੱਜ ਗਈ, ਇਸ ਭੇਦ ਦਾ ਅੱਜ ਤੱਕ ਕਿਸੇ ਨੂੰ ਨਹੀਂ ਪਤਾ ਲੱਗ ਸਕਿਆ। ਉਸ ਨੇ ਆਪਣੀ ਜਾਨ ਖ਼ਤਰੇ ਵਿੱਚ ਪਾਈ, ਆਪਣੇ ਪਤੀ ਹੁਸ਼ਨਾਕ ਸਿੰਘ ਤੋਂ ਇਹ ਭੇਦ ਲੁਕਾਉਣ ਵਿੱਚ ਉਸ ਨੂੰ ਸਫਲਤਾ ਮਿਲ਼ੀ ਪਰ ਭਰਾ ਦੀ ਅਮਾਨਤ ਵਿੱਚ ਮਜਬੂਰੀ ਖ਼ਿਆਨਤ ਹੋ ਜਾਣ ਦਾ ਸਦਮਾ ਉਹ ਨਾ ਸਹਾਰ ਸਕੀ। ਹੁਸ਼ਨਾਕ ਸਿੰਘ ਨੇ ਅਸਲ ਮਰਜ਼ ਵੱਲ ਤਾਂ ਧਿਆਨ ਨਾ ਕੀਤਾ, ਹੋਰ ਦਵਾਈਆਂ ਨੇ ਕੀ ਸੁਆਰਨਾ ਸੀ। ਸ਼ਰਨ ਕੌਰ ਦੀ ਕੈਦ ਪੂਰੀ ਹੋ ਗਈ। ਵੀਰਾਂ ਵਾਲੀ ਨੇ ਅਮਾਨਤ ਵਿੱਚ ਖ਼ਿਆਨਤ ਦੀ ਦੋਸ਼ਣ ਹੋ ਕੇ ਭਰਜਾਈ ਸਾਮ੍ਹਣੇ ਪੇਸ਼ ਹੋਣ ਤੋਂ ਪਹਿਲਾਂ ਹੀ ਸਦੀਵੀ ਰਿਹਾਈ ਪਾ ਲਈ। ਸ਼ਰਨ ਕੌਰ ਸਿੱਧੀ ਲਾਹੌਰ ਹਸਪਤਾਲ ਵਿੱਚ ਪੁੱਜੀ। ਵੱਡਾ ਦਰਵਾਜ਼ਾ ਬੰਦ ਸੀ। ਦਰਬਾਨ ਨੇ ਕਿਹਾ, "ਮਰੀਜ਼ਾਂ ਦੇ ਅਰਾਮ ਦਾ ਵਕਤ ਹੈ।" ਦਰਵਾਜ਼ੇ ਦੀ ਖੱਬੀ ਨੁੱਕਰ ਵਿੱਚ ਭੰਗੀਆਂ ਦਾ ਘਰ ਸੀ। ਓਪਰੀ ਖੱਦਰਪੋਸ਼ ਜ਼ਨਾਨੀ ਨੂੰ ਵੇਖ ਕੇ ਜਮਾਦਾਰਨੀ ਨੇੜੇ ਆ ਗਈ। ਉਸ ਨੇ ਪੁੱਛਿਆ, "ਤੁਸੀਂ ਕਿਸ ਨੂੰ ਮਿਲਣਾ ਹੈ ?" ਸ਼ਰਨ ਕੌਰ ਚਾਹੁੰਦੀ ਵੀ ਸੀ ਕਿ ਉਸ 'ਤੇ ਕੋਈ ਸਵਾਲ ਕਰੇ। ਸ਼ਰਨ ਕੌਰ ਨੇ ਕਿਹਾ, "ਮੇਰੀ ਲੜਕੀ ਇੱਥੇ ਬਿਮਾਰ ਹੈ, 'ਲਾਜ'।", ਜਮਾਦਾਰਨੀ ਨੇ ਵਾਰਡ ਦੇ ਕਮਰੇ ਦਾ ਨੰਬਰ ਪੁੱਛਿਆ ਤੇ ਨਾਲ਼ ਹੀ ਕਿਹਾ, "ਅਸਾਂ ਤੇ ਇਸ ਨਾਂ ਦੀ ਕੋਈ ਬਿਮਾਰ ਲੜਕੀ ਨਹੀਂ ਸੁਣੀ। ਮੈਂ ਰੋਜ਼ ਹਰ ਇੱਕ ਵਾਰਡ ਵਿੱਚ ਸਫ਼ਾਈ ਲਈ ਜਾਂਦੀ ਹਾਂ।" ਸ਼ਰਨ ਨੇ ਕਿਹਾ, "ਮੈਨੂੰ ਤੇ ਵਾਰਡ ਦਾ ਪਤਾ ਨਹੀਂ, ਨਾ ਹੀ ਕਮਰੇ ਦੇ ਨੰਬਰ ਦਾ ਪਤਾ ਹੈ, ਸੁਣਿਆ ਹੈ ਕਿ ਮੇਰੀ ਲਾਜ ਇਸ ਹਸਪਤਾਲ ਵਿੱਚ ਹੈ।"

"ਸੁਣਿਆ ਹੈ!" ਜਮਾਦਾਰਨੀ ਨੇ ਹੈਰਾਨ ਹੋ ਕੇ ਪੁੱਛਿਆ, "ਤੁਸਾਂ ਆਪ ਉਸ ਨੂੰ ਇੱਥੇ ਦਾਖ਼ਲ ਨਹੀਂ ਕਰਵਾਇਆ ?"

"ਨਹੀਂ ਅਸੀਂ ਜੇਲ੍ਹ ਵਿੱਚ ਸਾਂ, ਪਿੱਛੋਂ ਉਹ ਬਿਮਾਰ ਹੋ ਗਈ।"

"ਉਹ, ਬਾਗ਼ੀ ਦੀ ਧੀ ਹੋਵੇਗੀ'.' ਜੇਲ੍ਹ ਦਾ ਨਾਂ ਸੁਣ ਕੇ ਜਮਾਦਾਰਨੀ ਨੇ ਕਿਹਾ, "ਇੱਥੇ ਉਸ ਦੇ ਲਾਜ ਨਾਂ ਦਾ ਕਿਸੇ ਨੂੰ ਵੀ ਪਤਾ ਨਹੀਂ। ਪਤਲੀ, ਗੋਰੀ ਜਿਹੀ, ਬਾਰ੍ਹਾਂ-ਤੇਰ੍ਹਾਂ ਸਾਲਾਂ ਦੀ ਕੁੜੀ ਹੈ। ਬੜੀਆਂ ਮਿੱਠੀਆਂ ਗੱਲਾਂ ਕਰਦੀ ਹੈ। ਉਸ ਦੀਆਂ ਗੱਲਾਂ ਸੁਣ ਕੇ ਕਦੇ ਹਾਸਾ ਆ ਜਾਂਦਾ ਹੈ, ਕਦੇ ਰੋਣਾ। ਉਹ ਆਪਣੀ ਭੂਆ ਪਾਸ ਸੀ ?" ਸ਼ਰਨ ਕੌਰ ਨੇ ਹਾਂ ਵਿੱਚ ਸਿਰ ਹਿਲਾਇਆ।

"ਬੱਸ, ਉਹੋ ਹੈ, ਜਦ ਉਹ ਪਹਿਲਾਂ ਇੱਥੇ ਆਈ ਤਾਂ ਉਸ ਨੇ ਕਿਸੇ ਕੁੜੀ ਤੋਂ ਪੁੱਛਿਆ, "ਬਾਗੀ' ਕਿਸ ਨੂੰ ਆਖਦੇ ਹਨ ?" ਫਿਰ ਆਪ ਹੀ ਦੱਸਿਆ ਕਿ ਮੇਰਾ ਫੁੱਫੜ ਮੇਰੀ ਭੂਆ ਨੂੰ ਆਖਦਾ ਸੀ ਤੂੰ ਬਾਗੀਆਂ ਦੀ ਧੀ ਨੂੰ ਕਿਉਂ ਲਿਆਂਦਾ, ਉਸੇ ਦਿਨ ਤੋਂ ਉਸ ਦਾ ਨਾਂ 'ਬਾਗ਼ੀ ਦੀ ਧੀ' ਪੈ ਗਿਆ। ਜਦ ਵੀ ਡਾਕਟਰ ਆਉਂਦਾ ਹੈ, ਉਹ ਆਖਦੀ ਹੈ, "ਮੈਨੂੰ ਮੇਰੇ ਪਿਤਾ ਜੀ ਪਾਸ ਜੇਲ੍ਹ ਵਿੱਚ ਲੈ ਚੱਲੋ"।' ਡਾਕਟਰ ਹੱਸ ਛੱਡਦਾ ਹੈ", ਜਮਾਦਾਰਨੀ ਦੀ ਗੱਲ ਨੂੰ ਸ਼ਰਨ ਕੌਰ ਬੁੱਤ ਬਣੀ ਖੜੋਤੀ ਸੁਣਦੀ ਗਈ।

ਜਮਾਦਾਰਨੀ ਨੇ ਕਿਹਾ, "ਸਰਦਾਰ ਜੀ ਨਹੀਂ ਆਏ ?"

"ਉਹਨਾਂ ਦੀ ਕੈਦ ਅਜੇ ਅੱਧੀ ਵੀ ਨਹੀਂ ਗੁਜ਼ਰੀ, ਉਹਨਾਂ ਨੂੰ ਤਿੰਨ ਸਾਲ ਦੀ ਕੈਦ ਮਿਲੀ ਸੀ।" ਸ਼ਰਨ ਕੌਰ ਦੀ ਗੱਲ ਸੁਣ ਕੇ ਜਮਾਦਾਰਨੀ ਨੇ ਠੰਢਾ ਹੋਕਾ ਭਰਿਆ ਤੇ ਕਿਹਾ, "ਕੁੜੀ ਬੜੀ ਸਿਆਣੀ ਹੈ, ਦੱਸਦੀ ਹੈ ਕਿ 'ਮੇਰਾ ਫੁੱਫੜ ਭੂਆ ਨੂੰ ਲੈ ਕੇ ਚਲਾ ਗਿਆ, ਮੈਂ ਬਾਹਰ ਬੂਹੇ ਅੱਗੇ ਬੈਠੀ ਸਰਦਲ 'ਤੇ ਹੀ ਸੌਂ ਗਈ। ਸਰਦੀ ਨਾਲ ਮੈਨੂੰ ਤਾਪ ਚੜ੍ਹ ਗਿਆ, ਫਿਰ ਮੇਰੇ ਪਿਤਾ ਜੀ ਦਾ ਇੱਕ ਦੋਸਤ ਮੈਨੂੰ ਆਪਣੇ ਘਰ ਲੈ ਗਿਆ। ਜਦ ਮੈਂ ਬਹੁਤ ਬਿਮਾਰ ਹੋ ਗਈ ਤਾਂ ਉਹ ਇੱਥੇ ਛੱਡ ਗਏ। ਮੈਂ ਬਥੇਰਾ ਕਿਹਾ ਕਿ ਮੈਨੂੰ ਜੇਲ੍ਹ ਲੈ ਚੱਲੋ ਪਰ ਉਹ ਨਹੀਂ ਲੈ ਕੇ ਗਏ।" ਇਤਨੀ ਗੱਲ ਦੱਸਣ ਪਿੱਛੋਂ ਜਮਾਦਾਰਨੀ ਨੇ ਕਿਹਾ, "ਹੁਣ ਤੇ ਜੀ, ਉਹ ਤੁਹਾਨੂੰ ਹੀ ਉਡੀਕਦੀ ਹੈ।"

ਜਮਾਦਾਰਨੀ ਦੇ ਆਖ਼ਰੀ ਫ਼ਿਕਰੇ ਦਾ ਭਾਵ ਸ਼ਰਨ ਕੌਰ ਸਮਝ ਗਈ ਸੀ। ਲਾਜ ਦੇ ਕਮਰੇ ਵਿੱਚ ਪੁੱਜਣ ਤੱਕ ਉਸ ਦੇ ਸਾਰੇ ਅੱਥਰੂ ਵਗ ਚੁੱਕੇ ਸਨ। ਆਪਣੀ ਮਾਤਾ ਨੂੰ ਵੇਖ ਕੇ ਲਾਜ ਦੀਆਂ ਅੱਖਾਂ ਅੱਡੀਆਂ ਗਈਆਂ। ਸਵੇਰ ਦੇ ਦੀਵੇ ਦੀ ਇਹ ਆਖ਼ਰੀ ਝਲਕ ਸੀ।

## ਸ਼ਬਦ-ਅਰਥ :

**ਬਾਗ਼ੀ** – ਬਗ਼ਾਵਤ ਕਰਨ ਵਾਲਾ, ਵਿਦਰੋਹੀ। **ਤੌਖਲਾ** – ਫ਼ਿਕਰ , ਅੰਦੇਸ਼ਾ। **ਉਜਰ** – ਇਤਰਾਜ਼। **ਗਲੇਡੂ** – ਅੱਖਾਂ ਵਿੱਚ ਆਏ ਹੰਝੂ। **ਬੇ-ਇਖ਼ਤਿਆਰ** – ਬੇਵੱਸੀ। **ਬੈਰਕ** – ਜੇਲ੍ਹ ਜਾਂ ਛਾਉਣੀ ਵਿੱਚ ਬਣੀਆਂ ਰਹਾਇਸ਼ੀ ਕੋਠੜੀਆਂ ਦੀ ਕਤਾਰ। **ਵੱਲ** – ਰਾਜ਼ੀ, ਠੀਕ-ਠਾਕ, ਰੋਗ-ਰਹਿਤ। **ਕਾਇਲ** – ਮੰਨਣ ਲਈ ਮਜਬੂਰ ਕਰ ਦੇਣਾ। **ਅਮਾਨਤ** – ਕੋਈ ਚੀਜ ਜੋ ਕਿਸੇ ਨੂੰ ਸਾਂਭਣ ਲਈ ਦਿੱਤੀ ਜਾਵੇ। **ਖ਼ਿਆਨਤ** – ਬੇਈਮਾਨੀ। **ਮਰਜ਼** - ਬਿਮਾਰੀ।

## ਪਾਠ-ਅਭਿਆਸ

1. 'ਬਾਗ਼ੀ ਦੀ ਧੀ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।
2. 'ਮੇਰੇ ਲਈ ਇੱਕੋ ਗੱਲ ਹੈ। ਥਾਣਿਆਂ ਦੀਆਂ ਹਵਾਲਾਤਾਂ ਵਿੱਚ ਵੀ ਬਥੇਰੀਆਂ ਪੱਸਲੀਆਂ ਘਸਾਈਆਂ ਹਨ।" ਕਿਸ਼ਨ ਸਿੰਘ ਨੇ ਇਹ ਸ਼ਬਦ ਕਿਉਂ ਕਹੇ ?
3. ਪੁਲਿਸ—ਇਨਸਪੈੱਕਟਰ ਨਾਲ ਜਾਣ ਸਮੇਂ ਕਿਸ਼ਨ ਸਿੰਘ ਦਾ ਧਿਆਨ ਕਿਸ ਵੱਲ ਸੀ ਅਤੇ ਕਿਉਂ ?
4. ਪਿਤਾ ਦੇ ਜੇਲ੍ਹ ਜਾਣ 'ਤੇ ਲਾਜ ਨੇ ਆਪਣੀ ਭੂਆ ਵੀਰਾਂ ਵਾਲੀ ਨੂੰ ਕੀ ਕਿਹਾ ?
5. ਵੀਰਾਂ ਵਾਲੀ ਦੀ ਮੌਤ ਦਾ ਕੀ ਕਾਰਨ ਸੀ ?
6. ਹੁਸ਼ਨਾਕ ਸਿੰਘ ਆਪਣੇ ਸਾਲ਼ੇ ਦੀ ਧੀ ਲਾਜ ਨੂੰ ਆਪਣੇ ਘਰ ਵਿੱਚ ਕਿਉਂ ਨਹੀਂ ਸੀ ਰੱਖਣਾ ਚਾਹੁੰਦਾ ?
7. ਕਿਸ਼ਨ ਸਿੰਘ ਨੇ ਬੀਬੀਆਂ ਨੂੰ ਜੇਲ੍ਹ ਅੰਦਰ ਝੰਡਾ ਨਾ ਲਹਿਰਾਉਣ ਬਾਰੇ ਕਿਵੇਂ ਸਮਝਾਇਆ ?
8. ਆਪਣੇ ਪਿਤਾ ਕਿਸ਼ਨ ਸਿੰਘ ਦੇ ਜੇਲ੍ਹ ਜਾਣ ਤੋਂ ਪਹਿਲਾਂ ਬਿਮਾਰ ਪਈ ਲਾਜ ਨੇ ਕੀ ਸ਼ਬਦ ਕਹੇ ?

* * * * *

# ਕੁਲਵੰਤ ਸਿੰਘ ਵਿਰਕ
(1921-1987)

## ਲੇਖਕ ਬਾਰੇ :

ਕੁਲਵੰਤ ਸਿੰਘ ਵਿਰਕ ਦਾ ਜਨਮ 1921 ਈ: ਵਿੱਚ ਮਾਤਾ ਸ੍ਰੀਮਤੀ ਈਸ਼ਰ ਕੌਰ ਅਤੇ ਪਿਤਾ ਸ੍ਰੀ ਆਸਾ ਸਿੰਘ ਦੇ ਘਰ ਪਿੰਡ ਫੁਲਰਵਾਨ, ਜ਼ਿਲ੍ਹਾ ਸ਼ੇਖੂਪੁਰਾ ਵਿੱਚ ਹੋਇਆ। ਐੱਫ. ਸੀ. ਕਾਲਜ, ਲਾਹੌਰ ਤੋਂ ਬੀ. ਏ. ਪਾਸ ਕੀਤੀ ਅਤੇ ਖ਼ਾਲਸਾ ਕਾਲਜ, ਅੰਮ੍ਰਿਤਸਰ ਤੋਂ ਐੱਮ. ਏ.। ਐੱਮ. ਏ. ਪੜ੍ਹਦਿਆਂ ਹੀ ਉਹਨਾਂ ਨੇ ਕਹਾਣੀਆਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ। ਕੁਝ ਚਿਰ ਉਹਨਾਂ ਨੇ ਫ਼ੌਜ ਵਿੱਚ ਲੈਫ਼ਟੀਨੈਂਟ ਦੀ ਨੌਕਰੀ ਕੀਤੀ ਅਤੇ ਸ਼ਰਨਾਰਥੀ-ਕੈਂਪਾਂ ਦੀ ਕਮਾਂਡਰੀ ਵੀ ਕੀਤੀ। ਪੰਜਾਬ ਸਰਕਾਰ ਦੇ ਮਾਸਿਕ-ਪੱਤਰ 'ਜਾਗ੍ਰਤੀ' ਦੇ ਸੰਪਾਦਕ ਵੀ ਰਹੇ। ਉਹ ਪ੍ਰੈੱਸ ਇਨਫ਼ਰਮੇਸ਼ਨ ਬਿਊਰੋ ਦੇ ਕਰਮਚਾਰੀ ਵੀ ਰਹੇ।

ਵਿਰਕ ਦੇ ਕਹਾਣੀ-ਸੰਗ੍ਰਹਿ 'ਛਾਹ ਵੇਲਾ', 'ਧਰਤੀ ਤੇ ਅਕਾਸ਼', 'ਤੂੜੀ ਦੀ ਪੰਡ', 'ਦੁੱਧ ਦਾ ਛੱਪੜ', 'ਏਕਸ ਕੇ ਹਮ ਬਾਰਿਕ', 'ਗੋਲ੍ਹਾਂ' 'ਨਵੇਂ ਲੋਕ' ਆਦਿ ਹਨ। ਉਹਨਾਂ ਦੀਆਂ ਕਹਾਣੀਆਂ ਦੇਸ-ਵੰਡ ਸੰਬੰਧੀ ਹਨ। ਵਿਰਕ ਨੂੰ ਨਿੱਕੀ ਕਹਾਣੀ ਦਾ ਵੱਡਾ ਲੇਖਕ ਕਰਕੇ ਜਾਣਿਆ ਜਾਂਦਾ ਹੈ।

ਵਿਰਕ ਨੂੰ ਭਾਰਤੀ ਸਾਹਿਤ ਅਕਾਦਮੀ, ਦਿੱਲੀ ਵੱਲੋਂ 'ਨਵੇਂ ਲੋਕ' ਕਹਾਣੀ-ਸੰਗ੍ਰਹਿ ਉੱਤੇ ਅਤੇ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਵੱਲੋਂ 'ਕਰਤਾਰ ਸਿੰਘ ਧਾਲੀਵਾਲ' ਐਵਾਰਡ ਮਿਲਿਆ। ਭਾਸ਼ਾ ਵਿਭਾਗ, ਪਟਿਆਲਾ ਨੇ 'ਸ਼੍ਰੋਮਣੀ ਪੰਜਾਬੀ ਸਾਹਿਤਕਾਰ' ਦਾ ਪੁਰਸਕਾਰ ਦਿੱਤਾ। 'ਧਰਤੀ ਹੇਠਲਾ ਬਲ਼ਦ' ਇਹਨਾਂ ਦੀ ਬਹੁਚਰਚਿਤ ਕਹਾਣੀ ਹੈ। ਇਸ ਨੂੰ ਟੈਲੀਵੀਜ਼ਨ 'ਤੇ ਰੂਪਾਂਤਰਨ ਕਰਕੇ ਵਿਖਾਇਆ ਗਿਆ ਹੈ।

ਹਥਲੀ ਪਾਠ-ਪੁਸਤਕ ਵਿੱਚ ਉਹਨਾਂ ਦੀ ਇਸ ਕਹਾਣੀ ਨੂੰ ਸ਼ਾਮਲ ਕੀਤਾ ਗਿਆ ਹੈ।

## ਕਹਾਣੀ ਬਾਰੇ :

'ਧਰਤੀ ਹੇਠਲਾ ਬਲ਼ਦ' ਵਿਰਕ ਦੇ ਕਹਾਣੀ-ਸੰਗ੍ਰਹਿ 'ਦੁੱਧ ਦਾ ਛੱਪੜ' ਵਿੱਚੋਂ ਲਈ ਗਈ ਹੈ। ਇਸ ਕਹਾਣੀ ਵਿੱਚ ਬਾਪੂ ਜੀ ਜੋ ਕਰਮ ਸਿੰਘ ਫ਼ੌਜੀ ਦਾ ਪਿਤਾ ਹੈ, ਦੀ ਧੌਲ ਵਰਗੀ ਜਰਨ-ਸ਼ਕਤੀ ਦਾ ਵਿਖਾਲ਼ਾ ਕੀਤਾ ਹੈ। ਉਸ ਦੇ ਸ਼ਹੀਦ ਹੋਏ ਫ਼ੌਜੀ ਪੁੱਤਰ ਦਾ ਦੋਸਤ ਮਾਨ ਸਿੰਘ (ਜੋ ਆਪਣੇ ਦੋਸਤ ਦੀ ਮੌਤ ਤੋਂ ਬੇਖ਼ਬਰ ਹੈ) ਘਰ ਮਹਿਮਾਨ ਵਜੋਂ ਆਉਂਦਾ ਹੈ। ਜਦੋਂ ਮਾਨ ਸਿੰਘ ਆਪਣੇ ਦੋਸਤ ਦੀਆਂ ਫ਼ੌਜ ਵਿੱਚ ਮਚਾਈਆਂ ਧੁੰਮਾਂ ਦੀ ਗੱਲ ਕਰਦਾ ਹੈ, ਉਸ ਸਮੇਂ ਪਿਤਾ ਦੇ ਦਿਲ ਵਿੱਚ ਭਾਵੇਂ ਦਾਤੀਆਂ ਵੱਜਦੀਆਂ ਹਨ ਪਰ ਉਹ ਆਏ ਮਹਿਮਾਨ ਦੇ ਸੁਆਗਤ ਵਿੱਚ ਕਿਸੇ ਕਿਸਮ ਦੀ ਵਿੱਕ ਨਹੀਂ ਪੈਣ ਦੇਣਾ ਚਾਹੁੰਦਾ। ਉਹ ਅਤੇ ਉਸ ਦਾ ਸਾਰਾ ਪਰਿਵਾਰ ਉਸ ਦੀ ਚੁੱਪ-ਚੁਪੀਤੇ ਖ਼ਾਤਰਦਾਰੀ ਕਰੀ ਜਾਂਦੇ ਹਨ। ਉਹਨਾਂ ਦੀ ਇਹ ਚੁੱਪ ਮਾਨ ਸਿੰਘ ਨੂੰ ਖਟਕਦੀ ਹੈ। ਮਾਨ ਸਿੰਘ ਨੂੰ ਡਾਕੀਏ ਦੇ ਆਉਣ 'ਤੇ ਜਦੋਂ ਸਚਾਈ ਦਾ ਪਤਾ ਲੱਗਦਾ ਹੈ ਤਾਂ ਉਹ ਬਾਪੂ ਦੀ ਤੁਲਨਾ ਧਰਤੀ ਹੇਠਲੇ ਬਲ਼ਦ ਨਾਲ਼ ਕਰਦਾ ਹੈ ਜਿਸ ਨੇ ਸਾਰੀ ਧਰਤੀ ਦਾ ਭਾਰ ਆਪਣੇ ਸਿੰਗਾਂ 'ਤੇ ਚੁੱਕਿਆ ਹੋਇਆ ਹੈ।

* * * * *

# ਧਰਤੀ ਹੇਠਲਾ ਬਲ਼ਦ

*ਕੁਲਵੰਤ ਸਿੰਘ ਵਿਰਕ*

ਠੱਠੀ ਖਾਰਾ ਪਿੰਡ ਅੰਮ੍ਰਿਤਸਰ ਤੋਂ ਨੇੜੇ ਹੀ ਸੀ, ਪੱਕੀ ਸੜਕ 'ਤੇ। ਤੇ ਜਿਸ ਮੌਜ ਵਿੱਚ ਮਾਨ ਸਿੰਘ ਜਾ ਰਿਹਾ ਸੀ, ਉਸ ਵਿੱਚ ਤੇ ਦੂਰ ਦੇ ਪਿੰਡ ਵੀ ਨੇੜੇ ਹੀ ਲੱਗਦੇ ਨੇ। ਇਸ ਲਈ ਭਾਵੇਂ ਸ਼ਾਮ ਹੋ ਰਹੀ ਸੀ ਤੇ ਟਾਂਗੇ ਦੇ ਥੱਕੇ ਹੋਏ ਘੋੜੇ ਦੀ ਟਾਪ ਵੀ ਮੱਠੀ ਹੋ ਰਹੀ ਸੀ, ਉਸ ਨੂੰ ਕੋਈ ਚਿੰਤਾ ਨਹੀਂ ਸੀ।

ਮਾਨ ਸਿੰਘ ਛੁੱਟੀ 'ਤੇ ਆਇਆ ਹੋਇਆ ਫ਼ੌਜੀ ਸੀ। ਠੱਠੀ ਖਾਰਾ ਉਹਦੇ ਯਾਰ–ਕਰਮ ਸਿੰਘ ਦਾ ਪਿੰਡ ਸੀ। ਜਿੰਨੀਆਂ ਗੂੜ੍ਹੀਆਂ ਯਾਰੀਆਂ ਫ਼ੌਜ ਵਿੱਚ ਲੱਗਦੀਆਂ ਨੇ, ਏਨੀਆ ਹੋਰ ਕਿਧਰੇ ਨਹੀਂ ਲੱਗਦੀਆਂ। ਪਹਿਲਾਂ ਤਾਂ ਉਹ ਦੋਵੇਂ ਆਪਣੇ ਰੈਜਿਮੈਂਟਲ ਸੈਂਟਰ ਵਿੱਚ ਇਕੱਠੇ ਰਹੇ ਤੇ ਹੁਣ ਇੱਕੋ ਬਟਾਲੀਅਨ ਵਿੱਚ ਬਰਮਾ ਫ਼ਰੰਟ ਤੇ ਲੜ ਰਹੇ ਸਨ। ਕਰਮ ਸਿੰਘ ਪਹਿਲਾਂ ਦਾ ਭਰਤੀ ਸੀ ਤੇ ਹੁਣ ਹੌਲਦਾਰੀ ਕਰਦਾ ਸੀ ਪਰ ਮਾਨ ਸਿੰਘ ਮਸਾਂ ਨਾਇਕੀ ਤੱਕ ਹੀ ਅੱਪੜਿਆ ਸੀ।

ਕਰਮ ਸਿੰਘ ਬਾਰੇ ਇੱਕ ਖ਼ਾਸ ਗੱਲ ਇਹ ਸੀ ਕਿ ਉਸ ਦੀ ਜੀਭ ਵਿੱਚ ਬੜਾ ਰਸ ਸੀ। ਪਿੰਡ ਦੇ ਕਈ ਮੁੰਡੇ ਵੀ ਫ਼ੌਜ ਵਿੱਚ ਸਨ। ਜਦੋਂ ਉਹ ਛੁੱਟੀ ਆਉਂਦੇ ਤਾਂ ਪਿੰਡ ਦੇ ਬੰਦਿਆਂ ਨਾਲ਼ ਉਹਨਾਂ ਦੀ ਗੱਲ 'ਵਾਹਿਗੁਰੂ ਜੀ ਕੀ ਫ਼ਤਿਹ' ਤੋਂ ਅੱਗੋਂ ਨਾ ਤੁਰਦੀ ਪਰ ਜਦੋਂ ਕਰਮ ਸਿੰਘ ਪਿੰਡ ਆਉਂਦਾ ਤਾਂ ਖੂਹ 'ਤੇ ਨ੍ਹਾਉਣ ਵਾਲ਼ਿਆਂ ਦੀਆਂ ਭੀੜਾਂ ਵਧ ਜਾਂਦੀਆਂ। ਸਿਆਲ਼ ਦੀ ਅੱਧੀ ਰਾਤ, ਲੋਕ ਠੰਢੀ ਹੋ ਰਹੀ ਦਾਣੇ ਭੁੰਨਣ ਵਾਲ਼ੀ ਭੱਠੀ ਦੇ ਸੇਕ ਆਸਰੇ ਕਰਮ ਸਿੰਘ ਦੀਆਂ ਗੱਲਾਂ ਸੁਣਦੇ ਰਹਿੰਦੇ। ਪਿਛਲੀ ਰੈਜਿਮੈਂਟ ਵਿੱਚ ਉਹਦੀ ਰਾਈਫ਼ਲ ਦਾ ਨਿਸ਼ਾਨਾ ਬੜਾ ਮਸ਼ਹੂਰ ਸੀ। ਨਿਸ਼ਾਨਾ ਮਾਰਨ ਦੇ ਮੁਕਾਬਲਿਆਂ ਵਿੱਚ ਉਹਦੀ ਗੋਲ਼ੀ ਨਿਸ਼ਾਨੇ ਦੇ ਇਸ ਤਰ੍ਹਾਂ ਵਿਚਕਾਰੋਂ ਲੰਘਦੀ ਜਿਵੇਂ ਆਪ ਹੱਥ ਨਾਲ਼ ਫੜ ਕੇ ਲੰਘਾਈ ਗਈ ਹੋਵੇ। ਹੁਣ ਲੜਾਈ ਵਿੱਚ ਉਹਦੇ ਪੱਕੇ ਨਿਸ਼ਾਨੇ ਨੇ ਕਈ ਦੂਰ ਲੁਕੇ ਹੋਏ ਦਰਖ਼ਤਾਂ ਦੇ ਟਾਹਣ ਜਿਹੇ ਦਿਸਦੇ ਜਪਾਨੀ ਡੇਗੇ ਸਨ। ਇਸ ਤਰ੍ਹਾਂ ਉਹ ਜਪਾਨੀ ਨਿਸ਼ਾਨਚੀਆਂ ਦੀਆਂ ਗੋਲ਼ੀਆਂ ਨਾਲ਼ ਮਾਰੇ ਗਏ ਆਪਣੇ ਆਦਮੀਆਂ ਦੇ ਬਦਲੇ ਚੁਕਾਉਂਦਾ ਤੇ ਆਪਣੀ ਪਲਟਨ ਦਾ ਦਿਲ ਠੰਢਾ ਕਰਦਾ। ਜਿੱਥੇ ਮਸ਼ੀਨਗੰਨਾਂ ਦੀਆਂ ਗੋਲ਼ੀਆਂ ਦੀਆਂ ਵਾਛੜਾਂ ਨਿਸਫਲ ਜਾਂਦੀਆਂ, ਉੱਥੇ ਕਰਮ ਸਿੰਘ ਦੀ ਇੱਕ ਗੋਲ਼ੀ ਕੰਮ ਸੁਆਰ ਦਿੰਦੀ। ਹੁਣ ਕਰਮ ਸਿੰਘ ਦੇ ਹੱਡ ਭਾਵੇਂ ਪੁਰਾਣੇ ਹੁੰਦੇ ਜਾਂਦੇ ਸਨ ਪਰ ਜਦੋਂ ਉਹ ਜਿਮਨਾਸਟਿਕ ਦੇ ਡੰਡਿਆਂ 'ਤੇ ਖੇਡਾਂ ਕਰਦਾ ਤਾਂ ਵੇਖਣ ਵਾਲ਼ਿਆ ਨੂੰ ਇਸ ਤਰ੍ਹਾਂ ਲੱਗਦਾ, ਜਿਵੇਂ ਉਸ ਨੂੰ ਕੋਈ ਭੂਤ ਚੰਬੜ ਗਿਆ ਹੋਵੇ।

ਇੱਥੇ ਲੜਾਈ ਵਿੱਚ ਤੇ ਖ਼ੈਰ ਇਹ ਸਭ ਕੁਝ ਬੰਦ ਸੀ। ਹੋਰ ਵੀ ਬਹੁਤ ਕੁਝ ਬੰਦ ਸੀ। ਕਦੀ ਕੱਸੀਆਂ ਹੋਈਆਂ ਵਰਦੀਆਂ ਪਾ ਕੇ ਬੈਂਡ ਨਾਲ਼ ਪਰੇਡ ਨਹੀਂ ਕੀਤੀ ਸੀ। ਕੋਈ ਬਜ਼ਾਰ ਨੇੜੇ ਨਹੀਂ ਸੀ, ਜਿੱਥੇ ਮੁਫ਼ਤੀ ਪਾ ਕੇ ਕੋਈ ਜਾ ਸਕੇ। ਕਦੀ ਕੋਈ ਪਿੰਡ ਦਾ, ਇਲਾਕੇ ਦਾ ਬੰਦਾ ਨਹੀਂ ਸੀ ਦਿਸਦਾ। ਇਸ ਕਰਕੇ ਜਦੋਂ ਮਾਨ ਸਿੰਘ ਦੀ ਛੁੱਟੀ ਦੀ ਵਾਰੀ ਆਈ ਤਾਂ ਕਰਮ ਸਿੰਘ ਬੜਾ ਔਖਾ ਹੋਇਆ ਸੀ। ਜੇ ਉਹਨੂੰ ਵੀ ਛੁੱਟੀ ਮਿਲ਼ ਜਾਂਦੀ ਤਾਂ ਦੋਵੇਂ ਇਕੱਠੇ ਜਾਂਦੇ, ਸ਼ਾਇਦ ਇਕੱਠੇ ਹੀ ਛੁੱਟੀਆਂ ਗੁਜ਼ਾਰਦੇ ਤੇ ਫਿਰ ਇਕੱਠੇ ਹੀ ਮੁੜ ਆਉਂਦੇ। ਅੰਮ੍ਰਿਤਸਰ ਤੋਂ ਚੂਹੜਕਾਣਾ ਕਿਹੜਾ ਦੂਰ ਸੀ ? ਪੰਜਾਹ ਕੋਹਾਂ ਦੀ ਵਿੱਥ ਨਹੀਂ ਸੀ, ਭਾਵੇਂ ਪਹਿਲੇ ਨੂੰ 'ਮਾਝਾ' ਤੇ ਦੂਜੇ ਨੂੰ 'ਬਾਰ' ਆਖਦੇ ਸਨ, ਭਾਵੇਂ ਪਹਿਲਾ ਮੁੱਢ–ਕਦੀਮਾਂ ਤੋਂ ਵੱਸਿਆ ਹੋਇਆ ਸੀ ਤੇ ਦੂਸਰੇ ਨੂੰ ਜੰਮ ਕੇ ਵੱਸਿਆਂ ਅਜੇ ਥੋੜ੍ਹਾ ਚਿਰ ਹੀ ਹੋਇਆ ਸੀ ਪਰ ਛੁੱਟੀ ਇਹਨਾਂ ਦਿਨਾਂ ਵਿੱਚ ਬੜੀ ਔਖੀ ਮਿਲ਼ਦੀ ਸੀ, ਕਦੀ–ਕਦੀ। ਜਿਸ ਤਰ੍ਹਾਂ ਲੜਾਈ ਵਿੱਚ ਬਹਾਦਰੀ ਦੇ ਤਗਮੇ ਕਦੀ–ਕਦੀ ਹੀ ਕਿਸੇ ਨੂੰ ਮਿਲ਼ਦੇ।

ਤੇ ਜਦੋਂ ਮਾਨ ਸਿੰਘ ਪਿਛਾਂਹ ਨੂੰ ਆਉਂਦੇ ਫ਼ੌਜੀ ਟ੍ਰੱਕ ਵਿੱਚ ਬੈਠਣ ਲੱਗਾ ਤਾਂ ਕਰਮ ਸਿੰਘ ਨੇ ਕਿਹਾ,''ਸਾਡੇ ਘਰ ਵੀ ਹੁੰਦਾ ਆਵੀਂ, ਤੂੰ। ਮੇਰੇ ਕੋਲ਼ੋਂ ਆਏ ਨੂੰ ਜਦੋਂ ਤੈਨੂੰ ਮੇਰੇ ਘਰ ਦੇ ਵੇਖਣਗੇ ਤਾਂ ਅੱਧਾ ਮੇਲ਼ ਤਾਂ ਉਹਨਾਂ ਦਾ ਹੋ ਜਾਵੇਗਾ। ਫਿਰ ਉਹਨਾਂ ਕੋਲ਼ੋਂ ਆਏ ਨੂੰ ਮੈਂ ਤੈਨੂੰ ਵੇਖਾਂਗਾ ਤੇ ਤੇਰੇ ਕੋਲ਼ੋਂ ਉਹਨਾਂ ਦੀਆਂ ਗੱਲਾਂ–ਬਾਤਾਂ ਸੁਣਾਂਗਾ ਤਾਂ

ਅੱਧਾ ਮੇਲਾ ਮੇਰਾ ਵੀ ਹੋ ਜਾਵੇਗਾ।"

ਫਿਰ ਆਪਣੇ ਇਲਾਕੇ ਵਿੱਚ ਉਸ ਦੀ ਦਿਲਚਸਪੀ ਵਧਾਉਣ ਲਈ ਉਸ ਪੁੱਛਿਆ, "ਤੇ ਅੱਗੇ ਕਦੇ ਉਧਰ ਗਿਆ ਏਂ ਕਿ ਨਹੀਂ।"

"ਨਹੀਂ, ਅੰਬਰਸਰ ਵਿੱਚੋਂ ਈ ਲੰਘਿਆ ਹਾਂ, ਪਰ੍ਹਾਂ ਤੇ ਕਦੀ ਵੀ ਨਹੀਂ ਗਿਆ ?"

'ਉੱਧਰਲੇ ਗੁਰਦਵਾਰੇ ਨੇ ਤਰਨਤਾਰਨ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਸਾਰੀ ਥਾਂਈਂ ਮੱਥਾ ਟੇਕ ਕੇ ਆਵੀਂ ਨਾਲੇ ਸਾਡੇ ਘਰੋਂ ਹੋ ਆਵੀਂ। ਮੈਂ ਚਿੱਠੀ ਪਾ ਦਿਊਂ, ਉਹਨਾਂ ਨੂੰ।'

ਤੇ ਇਸੇ ਕਰਕੇ ਆਪਣੀਆਂ ਛੁੱਟੀਆਂ ਮੁੱਕਣ ਦੇ ਨੇੜੇ ਅੱਜ ਉਹ ਟਾਂਗੇ 'ਤੇ ਚੜ੍ਹਿਆ ਕਰਮ ਸਿੰਘ ਦੇ ਪਿੰਡ ਜਾ ਰਿਹਾ ਸੀ।

"ਬਾਪੂ ਜੀ, ਮੈਂ ਮਾਨ ਸਿੰਘ ਆਂ, ਚੂਹੜਕਾਨਿਓਂ।" ਉਸ ਨੇ ਕਰਮ ਸਿੰਘ ਦੀ ਡਿਓੜ੍ਹੀ ਵਿੱਚ ਬੈਠੇ ਬਾਬੇ ਨੂੰ ਹੱਥ ਜੋੜ ਕੇ ਕਿਹਾ।

"ਆਓ ਜੀ, ਜੀ ਆਇਆਂ ਨੂੰ। ਆਓ ਬੈਠ ਜਾਓ।"

ਮਾਨ ਸਿੰਘ ਅੰਦਰ ਲੰਘ ਕੇ ਮੰਜੀ 'ਤੇ ਬਹਿ ਗਿਆ। ਉਸ ਦੇ ਆਉਣ ਕਰਕੇ ਬਾਬਾ ਕੁਝ ਔਖਾ ਲੱਗਦਾ ਸੀ। ਪਹਿਲਾਂ ਤਾਂ ਏਧਰ-ਉੱਧਰ ਵੇਖ ਰਿਹਾ ਸੀ ਪਰ ਹੁਣ ਉਸ ਨੇ ਚੁੱਪ-ਚਾਪ ਨੀਵੀਂ ਪਾ ਲਈ।

ਮਾਨ ਸਿੰਘ ਕਾਹਲੇ ਸੁਭਾਅ ਦਾ ਸੀ ਪਰ ਆਪਣੀ ਇਸ ਆਓ-ਭਗਤ 'ਤੇ ਉਸ ਨੂੰ ਬੜੀ ਹੈਰਾਨੀ ਹੋਈ। ਹੋ ਸਕਦਾ ਸੀ, ਇਹ ਕੋਈ ਓਪਰਾ ਆਦਮੀ ਹੋਵੇ।

"ਤੁਸੀਂ ਕਰਮ ਸਿੰਘ ਦੇ ਬਾਪ ਓ ?" ਉਸ ਨੇ ਚੰਗੀ ਮਿਲਣੀ ਦੀ ਮੰਗ ਕਰਦੇ ਹੋਏ ਕਿਹਾ।

"ਆਹੋ ਜੀ, ਇਹ ਉਹਦਾ ਈ ਘਰ ਏ।"

"ਉਸ ਮੇਰੇ ਬਾਰੇ ਤੁਹਾਨੂੰ ਕੋਈ ਚਿੱਠੀ ਲਿਖੀ ਸੀ ?"

"ਹਾਂ, ਉਸ ਲਿਖਿਆ ਸੀ, ਪਈ ਤੁਸੀਂ ਆਓਗੇ, ਸਾਡੇ ਕੋਲ਼।" ਤੇ ਬੁੱਢਾ ਉੱਠ ਕੇ ਵਿਹੜੇ ਵੱਲ ਤੁਰ ਪਿਆ। ਇੱਕ ਕੱਟੀ ਨੂੰ ਉਸ ਨੇ ਖੋਲ੍ਹ ਕੇ ਦੂਸਰੇ ਕਿੱਲੇ 'ਤੇ ਬੱਧਾ ਫਿਰ ਉਸ ਦੇ ਪਿੰਡੇ 'ਤੇ ਹੱਥ ਫੇਰਿਆ ਅਤੇ ਫਿਰ ਉਸ ਨੂੰ ਆਪਣਾ ਹੱਥ ਚੱਟਣ ਲਈ ਦਿੱਤਾ। ਫੇਰ ਅੰਦਰ ਜਾ ਕੇ ਮਾਨ ਸਿੰਘ ਦੇ ਆਉਣ ਦਾ ਪਤਾ ਦਿੱਤਾ ਤੇ ਚਾਹ ਲਿਆਉਣ ਲਈ ਆਖਿਆ ਤੇ ਜਿਸ ਤਰ੍ਹਾਂ ਮੁੜ ਕੇ ਡਿਓੜ੍ਹੀ ਵਿੱਚ ਆਉਣ ਤੋਂ ਡਰਦਾ ਹੋਵੇ। ਉਹ ਫਿਰ ਵਿਹੜੇ ਵਿੱਚ ਬੱਧੀ ਘੋੜੀ ਕੋਲ਼ ਖਲੋ ਗਿਆ। ਉਸ ਦੇ ਅੱਗੇ ਪਈ ਤੂੜੀ ਨੂੰ ਹਿਲਾਇਆ, ਹੋਰ ਛੋਲੇ ਲਿਆ ਕੇ ਵਿੱਚ ਪਾਏ ਤੇ ਅਖ਼ੀਰ ਮੁੜ ਕੇ ਡਿਓੜ੍ਹੀ ਵਿੱਚ ਆ ਗਿਆ। ਬਾਬਾ ਹੁਣ ਵਧੇਰੇ ਆਪਣੇ-ਆਪ ਵਿੱਚ ਸੀ। ਉਹ ਮਾਨ ਸਿੰਘ ਵੱਲ ਤੇ ਸੱਜੇ-ਖੱਬੇ ਵੀ ਝਾਕ ਰਿਹਾ ਸੀ।

"ਜਸਵੰਤ ਸਿੰਘ ਕਿੱਥੇ ਵੇ ?" ਮਾਨ ਸਿੰਘ ਨੂੰ ਪਤਾ ਸੀ ਕਿ ਕਰਮ ਸਿੰਘ ਦੇ ਨਿੱਕੇ ਭਰਾ ਦਾ ਨਾਂ ਜਸਵੰਤ ਸਿੰਘ ਹੈ।

"ਹੁਣੇ ਆ ਜਾਂਦਾ ਏ, ਚਰ੍ਹੀ ਦੀ ਗੱਡ ਲੈ ਕੇ।" ਏਨੇ ਨੂੰ ਕਰਮ ਸਿੰਘ ਦੀ ਬੇਬੇ ਚਾਹ ਲੈ ਕੇ ਆ ਗਈ। "ਬੇਬੇ ਜੀ, ਸਤਿ ਸ੍ਰੀ ਅਕਾਲ !" ਮਾਨ ਸਿੰਘ ਨੇ ਹੱਸਦੀਆਂ ਅੱਖਾਂ ਨਾਲ਼ ਬੁੱਢੀ ਵੱਲ ਵੇਖਿਆ।

ਬੁੱਢੀ ਦੇ ਹੋਂਠ ਕੁਝ ਕਹਿਣ ਲਈ ਫਰਕੇ ਪਰ ਕੋਈ ਸ਼ਬਦ ਨਾ ਬਣਾ ਸਕੇ। ਮਾਨ ਸਿੰਘ ਨੇ ਚਾਹ ਵਾਲੀ ਗੜਵੀ ਤੇ ਕੌਲੀ ਬੇਬੇ ਦੇ ਹੱਥੋਂ ਫੜ ਲਈ ਤੇ ਉਹ ਵਾਪਸ ਚਲੀ ਗਈ।

"ਇਹ ਮਝੈਲ ਕਿਸ ਤਰ੍ਹਾਂ ਦੇ ਆਦਮੀ ਨੇ ?" ਮਾਨ ਸਿੰਘ ਹੈਰਾਨ ਹੋ ਰਿਹਾ ਸੀ। ਆਪਣੇ ਵਿੱਚ ਉਹ ਬੜਾ ਤੰਗ ਸੀ ਪਰ ਹੁਣ ਕਰਮ ਸਿੰਘ ਦੇ ਘਰ ਆ ਕੇ ਵਾਪਸ ਥੋੜ੍ਹਾ ਜਾ ਸਕਦਾ ਸੀ। "ਚਲੋ, ਇੱਕ ਰਾਤ ਰਹਿ ਕੇ ਵਾਪਸ ਮੁੜ ਚੱਲਾਂਗੇ।" ਉਸ ਫ਼ੈਸਲਾ ਕੀਤਾ।

ਰਾਤ ਨੂੰ ਜਦੋਂ ਜਸਵੰਤ ਸਿੰਘ ਆਇਆ ਤਾਂ ਇਸ ਰੌਣਕ ਵਿੱਚ ਕੁਝ ਗੱਲਾਂ-ਬਾਤਾਂ ਖੁੱਲ੍ਹੀਆਂ ਹੋਣ ਲੱਗੀਆਂ।

"ਬੜੀ ਮਸ਼ਹੂਰ ਹੋਈ ਏ, ਗੋਲ਼ੀ, ਕਰਮ ਸਿੰਘ ਦੀ, ਉੱਥੇ, ਬਰਮਾ ਦੀ ਲੜਾਈ ਵਿੱਚ। ਬੱਸ, ਉਹਦੇ ਘੋੜਾ ਦਬਾਉਣ ਦੀ ਦੇਰ ਹੁੰਦੀ ਏ, ਅੱਖ ਦੇ ਫੋਰ ਵਿੱਚ ਇੱਕ ਜਪਾਨੀ ਹੇਠਾਂ ਲੇਟ ਜਾਂਦਾ ਏ। ਸਾਨੂੰ ਨਾਲ਼ ਟੁਰਦਿਆਂ ਪਤਾ ਵੀ

ਨਹੀਂ ਲੱਗਦਾ, ਉਸ ਲੱਭ ਕਿੱਥੋਂ ਲਿਆ।"

ਮਾਨ ਸਿੰਘ ਇੱਥੇ ਰੁਕ ਗਿਆ, ਇਸ ਉਮੀਦ 'ਤੇ ਕਿ ਉਹ ਸਾਰੇ ਬਰਮਾ ਦੀ ਲੜਾਈ ਦੀਆਂ ਬਹੁਤ ਸਾਰੀਆਂ ਗੱਲਾਂ ਪੁੱਛਣਗੇ। ਉਸ ਦਾ ਅੰਦਰ ਗੱਲਾਂ ਨਾਲ ਭਰਿਆ ਪਿਆ ਸੀ ਪਰ ਇੱਥੇ ਤਾਂ ਕੋਈ ਸੁਣਦਾ ਹੀ ਨਹੀਂ ਸੀ। ਕੁਝ ਚਿਰ ਇਸ ਤਰ੍ਹਾਂ ਹੀ ਰਹੀ, ਫਿਰ ਬੁੱਢੇ ਨੇ ਜਸਵੰਤ ਸਿੰਘ ਨੂੰ ਕਿਹਾ :

"ਆਪਣੀ ਵਾਰੀ ਕਦੋਂ ਏ, ਪਾਣੀ ਦੀ ?"

"ਪਰਸੋਂ, ਤਿੰਨ ਵਜੇ ਸਵੇਰੇ ਲੱਗਣੀ ਏ।"

ਤਿੰਨ ਵਜੇ ਸਵੇਰੇ ਦਾ ਨਾਂ ਸੁਣ ਕੇ ਮਾਨ ਸਿੰਘ ਨੇ ਫਿਰ ਗੱਲ ਛੇੜੀ। ਉਹ ਆਪਣੇ ਯਾਰ ਦੀਆਂ ਰੱਜ ਕੇ ਗੱਲਾਂ ਕਰਨੀਆਂ ਚਾਹੁੰਦਾ ਸੀ।

"ਹੋਰ ਗੱਲ ਤੇ ਗੱਲ, ਕਰਮ ਸਿੰਘ ਪਹਿਰ ਰਾਤ ਉੱਠਣ ਤੋਂ ਤਾਂ ਬਚ ਗਿਆ, ਫ਼ੌਜ ਵਿੱਚ ਸਵੇਰੇ ਉੱਠਣ ਦਾ ਬੜਾ ਆਲ਼ਸ ਏ ਉਹਨੂੰ, ਸਾਰਿਆਂ ਤੋਂ ਪਿੱਛੋਂ ਉੱਠਦਾ ਏ, ਓਥੇ।

ਇਸ ਨਾਲ਼ ਵੀ ਕਿਸੇ ਦਾ ਉਤਸ਼ਾਹ ਨਾ ਜਾਗਿਆ।

ਫਿਰ ਰੋਟੀ ਆਈ। ਉਹਨਾਂ ਕਾਫ਼ੀ ਉਚੇਚ ਕੀਤਾ ਹੋਇਆ ਸੀ। ਨਾਲ-ਨਾਲ ਜਸਵੰਤ ਸਿੰਘ ਉਹਨੂੰ ਰੋਟੀ ਖਾਂਦੇ ਨੂੰ ਪੱਖਾ ਝੱਲ ਰਿਹਾ ਸੀ। ਉਹਦਾ ਇਹ ਖ਼ਿਆਲ ਕਿ ਉਹ ਉਸ ਵੱਲ ਧਿਆਨ ਨਹੀਂ ਦੇ ਰਹੇ ਸਨ, ਦਿਲੋਂ ਨਿਕਲ਼ ਗਿਆ।

ਰੋਟੀ ਖਾਂਦਿਆਂ-ਖਾਂਦਿਆਂ ਕਰਮ ਸਿੰਘ ਦਾ ਨਿੱਕਾ ਜਿਹਾ ਮੁੰਡਾ ਟੁਰਦਾ-ਟੁਰਦਾ ਮਾਨ ਸਿੰਘ ਦੀ ਮੰਜੀ ਕੋਲ਼ ਆ ਗਿਆ। ਜੇ ਉਹ ਹੋਰ ਕਿਸੇ ਨਾਲ਼ ਕਰਮ ਸਿੰਘ ਦੀਆਂ ਗੱਲਾਂ ਨਹੀਂ ਸੀ ਕਰ ਸਕਦਾ ਤਾਂ ਉਸ ਦੇ ਮੁੰਡੇ ਨਾਲ਼ ਤਾਂ ਕਰ ਸਕਦਾ ਸੀ। ਮਾਨ ਸਿੰਘ ਨੇ ਉਸ ਨੂੰ ਕੁੱਛੜ ਚੁੱਕ ਲਿਆ।

"ਓਏ, ਆਪਣੇ ਬਾਪੂ ਕੋਲ਼ ਚੱਲਣਾ ਈ ? ਜਾਣਾ, ਤਾਂ ਚੱਲ ਮੇਰੇ ਨਾਲ਼। ਬੜਾ ਮੀਂਹ ਪੈਂਦਾ ਏ, ਉੱਥੇ, ਪਾਣੀ ਵਿੱਚ ਤੁਰਿਆ ਫਿਰੀਂ।"

ਮਾਨ ਸਿੰਘ ਦੀ ਇਹ ਗੱਲ ਬਾਪੂ ਨੂੰ ਸੂਲ਼ ਵਾਂਗ ਚੁਭੀ, "ਆਹ ਫੜ ਲੈ, ਮੁੰਡੇ ਨੂੰ ਓਧਰ ਰੱਖ, ਰੋਟੀ ਤਾਂ ਖਾ ਲੈਣ ਦਿਆ ਕਰੋ, ਅਰਾਮ ਨਾਲ਼।" ਬਾਪੂ ਨੇ ਜ਼ਰਾ ਤੇਜ਼ ਹੋ ਕੇ ਕਿਹਾ ਤੇ ਬੇਬੇ ਆ ਕੇ ਮੁੰਡਾ ਚੁੱਕ ਕੇ ਲੈ ਗਈ।

ਹੁਣ ਤਾਂ ਘਰ ਦੀ ਹਵਾ ਵਿੱਚ ਮਾਨ ਸਿੰਘ ਨੂੰ ਸਾਹ ਲੈਣਾ ਵੀ ਔਖਾ ਹੋ ਰਿਹਾ ਸੀ। ਇੱਧਰ ਦਾ ਪੈਂਡਾ ਮੁਕਾ ਕੇ ਉਸ ਦਾ ਛੇਤੀ-ਛੇਤੀ ਮੁੜਨ ਨੂੰ ਜੀਅ ਕਰਦਾ ਸੀ। ਉਸ ਆਪਣੇ ਅਗਲੇ ਦਿਨ ਦੇ ਚੱਕਰ ਬਾਰੇ ਪੁੱਛ-ਗਿੱਛ ਅਰੰਭੀ। "ਇੱਥੋਂ ਤਰਨਤਾਰਨ ਕਿੰਨਾ ਏ ?"

"ਚਾਰ ਕੋਹ ਪੈਂਡਾ ਏ।"

"ਟਾਂਗਾ ਮਿਲ਼ ਜਾਂਦਾ ਹੋਵੇਗਾ, ਸਵੇਰੇ-ਸਵੇਰੇ ਹੀ।"

"ਟਾਂਗੇ-ਟੂੰਗਿਆਂ ਦਾ ਕੋਈ ਫ਼ਿਕਰ ਨਾ ਕਰ ਤੂੰ, ਜਸਵੰਤ ਨੂੰ ਤੇਰੇ ਨਾਲ਼ ਘੱਲਾਂਗੇ। ਦੋਵੇਂ ਭਰਾ 'ਕੱਠੇ ਹੀ ਮੱਥਾ ਟੇਕ ਆਇਓ, ਸਾਰੇ।"

ਇਸ ਗੱਲ 'ਤੇ ਮਾਨ ਸਿੰਘ ਰਾਜ਼ੀ ਸੀ। ਜਸਵੰਤ ਸਿੰਘ ਏਡਾ ਘੁਟਿਆ ਹੋਇਆ ਬੰਦਾ ਨਹੀਂ ਸੀ।

ਪਰ ਮਾਨ ਸਿੰਘ ਦੇ ਨਾਲ਼ ਟੁਰਦਿਆਂ ਉਹ ਭੀ ਕੁਝ ਘੁਟਿਆ ਹੀ ਗਿਆ। ਜਿਹੜੇ ਜਾਣੂ ਬੰਦੇ ਉਹਨੂੰ ਰਾਹ ਵਿੱਚ ਮਿਲ਼ਦੇ, ਉਹ ਉਹਨਾਂ ਨੂੰ ਦੂਰੋਂ ਹੀ ਫ਼ਤਿਹ ਬੁਲਾ ਕੇ ਅਗਾਂਹ ਟੁਰ ਪੈਂਦਾ। ਭਾਵੇਂ ਮਾਨ ਸਿੰਘ ਦਾ ਜੀਅ ਕਰਦਾ ਸੀ ਕਿ ਉਹ ਆਪ ਖਲੋ ਕੇ ਲੋਕਾਂ ਨਾਲ਼ ਗੱਲਾਂ-ਬਾਤਾਂ ਕਰੇ। ਉਸ ਨੇ ਕਿਹੜਾ ਰੋਜ਼-ਰੋਜ਼ ਇਸ ਪਾਸੇ ਆਉਣਾ ਸੀ।

"ਕਰਮ ਸਿੰਘ ਨੇ ਤਾਂ ਬੜਾ ਜਸ ਖੱਟਿਆ ਫ਼ੌਜ ਵਿੱਚ, ਤੂੰ ਕਿਉਂ ਨਾ ਫ਼ੌਜ ਵਿੱਚ ਗਿਆ ?" ਮਾਨ ਸਿੰਘ ਨੇ ਫੇਰ ਕਰਮ ਸਿੰਘ ਨੂੰ ਅੱਗੇ ਲੈ ਆਂਦਾ।

ਜਸਵੰਤ ਸਿੰਘ ਇਕਦਮ 'ਕੱਠਾ ਹੋ ਗਿਆ, ਜਿਵੇਂ ਕੋਈ ਚੋਰੀ ਕਰਦਾ ਫੜਿਆ ਜਾਂਦਾ ਹੈ। ਕੁਝ ਠਹਿਰ ਕੇ ਉਸ ਨੇ ਕਿਹਾ, "ਇੱਕ ਥੋੜ੍ਹਾ ਏ, ਫ਼ੌਜ ਵਿੱਚ ?"

"ਚਰ੍ਹੀਆਂ, ਕਮਾਦ ਕਿੱਡੇ-ਕਿੱਡੇ ਹੋ ਗਏ ਨੇ ਆਪਣੇ ਵੱਲ ?" ਇੱਕ ਚਰ੍ਹੀ ਦੀ ਪੈਲ਼ੀ ਕੋਲ਼ੋਂ ਲੰਘਦਿਆਂ ਜਸਵੰਤ ਸਿੰਘ ਨੇ ਗੱਲ ਵਲ਼ਾਈ।

"ਬੰਦੇ-ਬੰਦੇ ਜਿੱਡੇ ਖੜ੍ਹੇ ਨੇ", ਉਸ ਦਾ ਦਿਲ ਇਸ ਗੱਲ ਵੱਲ ਨਹੀਂ ਸੀ ਉਹ ਤੇ ਆਪਣੇ ਯਾਰ ਦੀਆਂ ਗੱਲਾਂ ਕਰਨੀਆਂ ਚਾਹੁੰਦਾ ਸੀ।

ਪਿੰਡ ਮੁੜ ਕੇ ਮਾਨ ਸਿੰਘ ਪਿਛਾਂਹ ਮੁੜ ਕੇ ਪਿੰਡ ਜਾਣ ਦੀਆਂ ਸਲਾਹਾਂ ਵਿੱਚ ਸੀ। ਅੰਮ੍ਰਿਤਸਰੋਂ ਰਾਤ ਦੀ ਗੱਡੀ ਫੜ ਕੇ ਉਹ ਸਵੇਰ ਵੇਲ਼ੇ ਪਿੰਡ ਅੱਪੜ ਸਕਦਾ ਸੀ। ਭਾਵੇਂ ਆਪੋ-ਆਪਣੀ ਥਾਂਈਂ ਸਾਰਿਆਂ ਨੇ ਉਸ ਲਈ ਕਾਫ਼ੀ ਉਚੇਚ ਕੀਤਾ ਸੀ ਪਰ ਉਸ ਨੂੰ ਇਸ ਫੇਰੇ ਦਾ ਉਮੀਦ ਤੋਂ ਬਹੁਤ ਘੱਟ ਸੁਆਦ ਆਇਆ ਸੀ। ਇਸ ਵੇਲ਼ੇ ਵੀ ਅੰਦਰ ਉਸ ਲਈ ਚਾਹ ਤਿਆਰ ਹੋ ਰਹੀ ਸੀ ਤੇ ਡਿਓੜ੍ਹੀ ਵਿੱਚ ਉਹ ਇਕੱਲਾ ਹੀ ਸੀ।

ਸਾਮ੍ਹਣੇ ਗਲ਼ੀ ਵਿੱਚ ਝੋਲ਼ਾ ਗਲ਼ ਵਿੱਚ ਲਮਕਾਈ ਡਾਕੀਆ ਟੁਰਿਆ ਆਉਂਦਾ ਸੀ। ਪਹਿਲਾਂ ਤਾਂ ਇਸ ਤਰ੍ਹਾਂ ਲੱਗਾ, ਜਿਵੇਂ ਉਹ ਟੁਰਦਾ-ਟੁਰਦਾ ਸਿੱਧਾ ਹੀ ਅੱਗੇ ਲੰਘ ਜਾਵੇਗਾ ਪਰ ਉਹ ਡਿਓੜ੍ਹੀ ਵਿੱਚ ਆ ਕੇ ਮੰਜੀ 'ਤੇ ਬੈਠ ਗਿਆ।

"ਕੀ ਲਿਆਏ ਓ ?"

"ਲਿਆਉਣਾ ਕੀ ਏ, ਆਹ ਪੈਂਨਸ਼ਨ ਆਈ ਏ, ਵਿਚਾਰੇ ਕਰਮ ਸਿੰਘ ਦੀ।"

"ਕਰਮ ਸਿੰਘ ਦੀ ਪੈਂਨਸ਼ਨ! ਕਰਮ ਸਿੰਘ ਮਾਰਿਆ ਗਿਆ ?"

'ਬਾਦਸ਼ਾਹੋ ! ਸਾਰਾ ਇਲਾਕਾ ਤਰਾਸ-ਤਰਾਸ ਪਿਆ ਕਰਦਾ ਏ ਤੇ ਤੁਸੀਂ ਉਸ ਦੇ ਘਰ ਬੈਠੇ ਪੁੱਛਦੇ ਓ, ਕਰਮ ਸਿੰਘ ਮਾਰਿਆ ਗਿਆ ਏ ? ਚਿੱਠੀ ਆਇਆਂ ਤੇ ਅੱਜ ਪੰਦਰਾਂ ਦਿਨ ਹੋ ਗਏ ਨੇ।"

ਦੋ ਕੁ ਵਾਰ ਮਾਨ ਸਿੰਘ ਨੂੰ ਸਾਹ ਕਾਹਲ਼ਾ ਜਿਹਾ ਆਇਆ। ਸਿਰ ਤੇ ਨੱਕ ਤੋਂ ਉਤਲੇ ਹਿੱਸੇ ਦੀ ਇੱਕ ਮੁੱਠ ਜਿਹੀ ਮੀਟੀ ਗਈ ਤੇ ਫਿਰ ਅੱਖਾਂ ਰਾਹੀਂ ਪਾਣੀ ਨੁੱਚੜਨ ਨਾਲ਼ ਢਿੱਲੀ ਹੋਣ ਲੱਗੀ। ਕਰਮ ਸਿੰਘ ਦਾ ਘਰ, ਅੰਦਰ ਗਿਆ ਹੋਇਆ ਉਹਦਾ ਪਿਤਾ, ਉਸ ਦਾ ਨਿੱਕਾ ਜਿਹਾ ਮੁੰਡਾ ਉਸ ਨੂੰ ਰੋਣ ਵਿੱਚ ਮਦਦ ਦੇ ਰਹੇ ਸਨ।

ਬਾਪੂ ਨੇ ਬਾਹਰੋਂ ਹੀ ਡਾਕੀਆ ਬੈਠਾ ਵੇਖ ਕੇ ਸਮਝ ਲਿਆ ਸੀ ਕਿ ਗੱਲ ਨਿਕਲ਼ ਗਈ ਹੈ। ਹੁਣ ਭਾਰ ਚੁੱਕੀ ਫਿਰਨ ਦੀ ਕੋਈ ਲੋੜ ਨਹੀਂ ਸੀ। ਅੱਠ ਪਹਿਰਾਂ ਦਾ ਦਬਾਅ ਢਿੱਲਾ ਹੋਇਆ। ਅੱਥਰੂ ਵਹਿ ਤੁਰੇ, ਦੋਵੇਂ ਢੇਰ ਚਿਰ ਕੋਲ਼-ਕੋਲ਼ ਬੈਠੇ ਆਪਣੇ-ਆਪ ਨੂੰ ਹੌਲ਼ਾ ਕਰਦੇ ਰਹੇ।

ਫਿਰ ਮਾਨ ਸਿੰਘ ਬੋਲਿਆ, "ਤੁਸਾਂ ਮੈਨੂੰ ਆਉਂਦੇ ਨੂੰ ਹੀ ਕਿਉਂ ਨਾ ਦੱਸਿਆ ?"

"ਐਵੇਂ, ਅਸਾਂ ਆਖਿਆ ਮੁੰਡਾ ਛੁੱਟੀ ਆਇਆ ਏ, ਇਹਦੀ ਛੁੱਟੀ ਖ਼ਰਾਬ ਨਾ ਹੋਵੇ। ਆਪੇ ਛੁੱਟੀ ਕੱਟ ਕੇ ਪਲਟਨ ਵਿੱਚ ਜਾਵੇਗਾ, ਸੁਣ ਲਵੇਗਾ। ਫ਼ੌਜੀ ਨੂੰ ਛੁੱਟੀ ਬਹੁਤ ਪਿਆਰੀ ਹੁੰਦੀ ਹੈ। ਜਿੰਨੀ ਕਰਮ ਸਿੰਘ ਨੂੰ ਪਿਆਰੀ ਸੀ, ਓਨੀ ਹੀ ਤੈਨੂੰ ਹੋਊ ਨਾ ? ਸਗੋਂ ਬਹੁਤੀ ਹੋਊ। ਬਾਰ ਦੇ ਪਿੰਡਾਂ ਦੇ ਲੋਕ ਤਾਂ ਸਾਉਣ ਦੇ ਜੰਮ-ਪਲ਼ ਨੇ, ਉਹਨਾਂ ਨੂੰ ਤੇ ਥੋੜ੍ਹਾ ਔਖ ਵੀ ਬਹੁਤਾ ਦਿਸਦਾ ਹੋਊ ਪਰ ਅਸੀਂ ਗੱਲ ਲੁਕਾਉਣ ਵਿੱਚ ਰਤਾ ਕਾਮਯਾਬ ਨਹੀਂ ਹੋਏ, ਐਵੇਂ ਬੇਸੁਆਦੀ ਹੀ ਕੀਤੀ।"

ਮੁੜਦੇ ਹੋਏ ਮਾਨ ਸਿੰਘ ਨੇ ਮਾਝੇ ਦੇ ਪਿੰਡ ਵੇਖੇ ਜਿਨ੍ਹਾਂ ਦਾ ਬਾਬਾ ਜੰਮ-ਪਲ਼ ਸੀ। ਇਹਨਾਂ ਦੁਆਲ਼ੇ ਬਚਾਅ ਲਈ ਕਿਲ੍ਹੇ - ਕੋਟ ਉਸਾਰੇ ਹੋਏ ਸਨ। ਥਾਂ-ਥਾਂ ਮੜ੍ਹੀਆਂ ਤੇ ਸਮਾਧਾਂ ਸਨ ਜਿਹੜੀਆਂ ਪਿਛਲੀਆਂ ਪੀੜ੍ਹੀਆਂ ਵਿੱਚ ਇਹਨਾਂ ਲੋਕਾਂ ਦੀ ਤਾਕਤ ਤੇ ਧਾਵਾ ਕਰਨ ਵਾਲ਼ਿਆਂ ਨਾਲ਼ ਲੜਨ-ਮਰਨ ਦੀ ਕਹਾਣੀ ਦੱਸਦੀਆਂ ਸਨ। ਇਸੇ ਕਰਕੇ ਬਾਬੇ ਦੀ ਸਹਿਣ-ਸ਼ਕਤੀ ਏਨੀ ਵਧੀ ਹੋਈ ਸੀ ਕਿ ਉਹ ਦੂਜਿਆਂ ਨੂੰ ਹੌਲ਼ਾ ਕਰਨ ਲਈ ਆਪ ਹੋਰ ਭਾਰ ਚੁੱਕਣਾ ਚਾਹੁੰਦਾ ਸੀ। ਮਾਨ ਸਿੰਘ ਨੇ ਸੁਣਿਆ ਹੋਇਆ ਸੀ ਕਿ ਇੱਕ ਧੌਲ ਹੈ ਜੋ ਆਪਣੇ ਸਿੰਗਾਂ 'ਤੇ ਸਾਰੀ ਧਰਤੀ ਦਾ ਭਾਰ ਚੁੱਕ ਕੇ ਖੜ੍ਹਾ ਰਹਿੰਦਾ ਹੈ। ਉਸ ਨੂੰ ਇਸ ਤਰ੍ਹਾਂ ਲੱਗਾ ਜਿਵੇਂ ਕਰਮ ਸਿੰਘ ਦਾ ਪਿਤਾ ਹੀ ਉਹ ਧੌਲ ਸੀ ਜਿਹੜਾ ਭਾਰ ਥੱਲੇ ਦੱਬਿਆ ਹੋਣ ਪਿੱਛੋਂ ਵੀ ਲੋਕਾਂ ਦਾ ਭਾਰ ਚੁੱਕਣਾ ਚਾਹੁੰਦਾ ਸੀ।

**ਸ਼ਬਦ-ਅਰਥ :**

**ਰੈਜਿਮੈਂਟ** – ਫ਼ੌਜੀ ਜਥਾ ਜੋ ਇੱਕ ਕਰਨਲ ਦੇ ਅਧੀਨ ਹੁੰਦਾ ਹੈ। **ਫ਼ਰੰਟ** – ਸੀਮਾ, ਸਰਹੱਦ, ਲੜਾਈ ਦਾ ਮੋਰਚਾ, ਅਗਲਾ ਪਾਸਾ। **ਮੁੱਢ-ਕਦੀਮਾਂ ਤੋਂ** – ਬਹੁਤ ਪੁਰਾਣੇ ਸਮੇਂ ਤੋਂ, ਆਦਿ-ਕਾਲ ਤੋਂ। **ਘੋੜਾ** – ਬੰਦੂਕ ਦਾ ਉਹ ਪੁਰਜ਼ਾ ਜਿਸ ਨੂੰ ਦਬਾਉਣ 'ਤੇ ਗੋਲ਼ੀ ਚੱਲਦੀ ਹੈ। **ਤਰਾਸ-ਤਰਾਸ ਕਰਦਾ** – ਡਰਦਾ ਸਹਿਮਿਆ ਹੋਇਆ, ਦੁਹਾਈ ਦਿੰਦਾ। **ਧੌਲ** – ਇੱਕ ਮਿਥਿਹਾਸਿਕ ਬਲ਼ਦ ਜਿਸ ਦੇ ਸਿੰਗਾਂ ਉੱਤੇ ਧਰਤੀ ਖਲੋਤੀ ਦੱਸੀ ਜਾਂਦੀ ਹੈ। **ਸੂਲ਼ ਵਾਂਗ ਚੁਭਣਾ** – ਬਹੁਤ ਤਿੱਖਾ ਦਰਦ ਹੋਣਾ। **ਗੱਡ** – ਗੱਡਾ।

## ਪਾਠ-ਅਭਿਆਸ

1. 'ਧਰਤੀ ਹੇਠਲਾ ਬਲ਼ਦ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।
2. ਕਰਮ ਸਿੰਘ ਦਾ ਸੁਭਾਅ ਕਿਹੋ-ਜਿਹਾ ਸੀ ?
3. ਕਰਮ ਸਿੰਘ ਦੇ ਘਰਦਿਆਂ ਨੇ ਮਾਨ ਸਿੰਘ ਦੀ ਛੁੱਟੀ ਖ਼ਰਾਬ ਹੋਣ ਤੋਂ ਬਚਾਉਣ ਲਈ, ਉਸ ਨਾਲ਼ ਕਿਹੋ-ਜਿਹਾ ਵਿਹਾਰ ਕੀਤਾ ?
4. ਕਰਮ ਸਿੰਘ ਦੇ ਬਾਪੂ ਨੇ ਮਾਨ ਸਿੰਘ ਤੋਂ ਕਿਹੜੀ ਗੱਲ ਛੁਪਾਈ 'ਤੇ ਕਿਉਂ ?
5. ਮਾਨ ਸਿੰਘ ਆਪਣੇ ਮਿੱਤਰ ਕਰਮ ਸਿੰਘ ਦੀਆਂ ਰੱਜ ਕੇ ਗੱਲਾਂ ਕਰਨੀਆਂ ਕਿਉਂ ਚਾਹੁੰਦਾ ਸੀ ?
6. 'ਆਹ ਫੜ ਲੈ ਮੁੰਡੇ ਨੂੰ ਓਧਰ ਰੱਖ, ਰੋਟੀ ਤਾਂ ਖਾ ਲੈਣ ਦਿਆ ਕਰੋ, ਅਰਾਮ ਨਾਲ਼।' ਕਰਮ ਸਿੰਘ ਦੇ ਬਾਪੂ ਨੇ ਇਹ ਸ਼ਬਦ ਕਿਉਂ ਕਹੇ ?
7. ਡਾਕੀਏ ਨੂੰ ਦੇਖ ਕੇ ਕਰਮ ਸਿੰਘ ਦੇ ਬਾਪੂ ਦੇ ਮਨ ਵਿੱਚ ਕੀ ਵਿਚਾਰ ਆਏ ?
8. ਮਾਨ ਸਿੰਘ ਨੇ ਕਰਮ ਸਿੰਘ ਦੇ ਬਾਪੂ ਨੂੰ 'ਧਰਤੀ ਹੇਠਲਾ ਬਲ਼ਦ' ਕਿਉਂ ਕਿਹਾ ?

* * * * *

# ਅਜੀਤ ਕੌਰ
## (1934)

### ਲੇਖਕਾ ਬਾਰੇ :

ਅਜੀਤ ਕੌਰ ਦਾ ਜਨਮ 16 ਨਵੰਬਰ, 1934 ਈ: ਨੂੰ ਮਾਤਾ ਸ੍ਰੀਮਤੀ ਜਸਵੰਤ ਕੌਰ ਅਤੇ ਪਿਤਾ ਸ੍ਰੀ ਮੱਖਣ ਸਿੰਘ ਦੇ ਘਰ ਹੋਇਆ। ਉਹਨਾਂ ਨੇ ਦਿੱਲੀ ਯੂਨੀਵਰਸਿਟੀ ਤੋਂ ਅਰਥ-ਸ਼ਾਸ਼ਤਰ ਵਿੱਚ ਐੱਮ.ਏ. ਕੀਤੀ। ਉਹ ਕਾਫ਼ੀ ਦੇਰ ਅਧਿਆਪਕ ਰਹੇ। ਬਾਅਦ ਵਿੱਚ ਉਹਨਾਂ ਨੇ ਆਪਣਾ ਮੁੱਖ ਰੁਝੇਵਾਂ ਪੱਤਰਕਾਰੀ ਨੂੰ ਬਣਾ ਲਿਆ।

ਅਜੀਤ ਕੌਰ ਦੀਆਂ ਬਹੁਤੀਆਂ ਕਹਾਣੀਆਂ ਦਾ ਵਿਸ਼ਾ ਇਸਤਰੀ—ਜੀਵਨ ਨਾਲ਼ ਸੰਬੰਧਿਤ ਹੁੰਦਾ ਹੈ। ਉਹ ਇਸਤਰੀਆਂ ਦੀਆਂ ਵੱਖ-ਵੱਖ ਸਮੱਸਿਆਵਾਂ ਨੂੰ ਲੈ ਕੇ ਉਹਨਾਂ ਪ੍ਰਤਿ ਹਮਦਰਦੀ ਦਾ ਪ੍ਰਗਟਾਵਾ ਕਰਦੇ ਹਨ। ਉਹ ਇਸਤਰੀ ਦੀ ਮਾਨਸਿਕ ਸਥਿਤੀ ਨੂੰ ਚੰਗੀ ਤਰ੍ਹਾਂ ਸਮਝਦੇ ਹਨ।

ਉਹਨਾਂ ਦੇ ਮੁੱਖ ਕਹਾਣੀ-ਸੰਗ੍ਰਹਿ : 'ਗੁਲਬਾਨੋ', 'ਮਹਿਕਦੀ ਮੌਤ', 'ਬੁੱਤ ਸ਼ਿਕਨ', 'ਫ਼ਾਲਤੂ ਔਰਤ', 'ਸਾਵੀਆਂ ਚਿੜੀਆਂ', 'ਮੌਤ ਅਲੀ ਬਾਬੇ ਦੀ', 'ਨਾ ਮਾਰੋ' ਆਦਿ ਹਨ। 'ਖ਼ਾਨਾਬਦੋਸ਼' 'ਤੇ 'ਕੂੜਾ-ਕਬਾੜਾ' ਦੋ ਆਤਮ-ਕਥਾ ਸੰਗ੍ਰਹਿ ਹਨ।

ਪੰਜਾਬ ਸਰਕਾਰ ਨੇ ੧੯੬੨ ਈ: ਵਿੱਚ ਉਹਨਾਂ ਨੂੰ 'ਗੁਲਬਾਨੋ' ਕਹਾਣੀ-ਸੰਗ੍ਰਹਿ ਲਈ ਸਨਮਾਨਿਆ। ੧੯੮੬ ਈ: ਵਿੱਚ ਸਾਹਿਤ ਅਕਾਦਮੀ ਐਵਾਰਡ ਪ੍ਰਾਪਤ ਕੀਤਾ। ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਵੱਲੋਂ ਕਰਤਾਰ ਸਿੰਘ ਧਾਲੀਵਾਲ ਐਵਾਰਡ ਮਿਲ਼ਿਆ। ਪੰਜਾਬੀ ਸੱਥ, ਲਾਂਬੜਾ ਵੱਲੋਂ 'ਸੱਯਦ ਵਾਰਸ਼ਸ਼ਾਹ' ਪੁਰਸਕਾਰ ਪ੍ਰਾਪਤ ਹੋਇਆ।

ਹਥਲੀ-ਪੁਸਤਕ ਵਿੱਚ ਅਜੀਤ ਕੌਰ ਦੀ ਕਹਾਣੀ 'ਇੱਕ ਪੈਰ ਘੱਟ ਤੁਰਨਾ' ਸ਼ਾਮਲ ਕੀਤੀ ਗਈ ਹੈ।

### ਕਹਾਣੀ ਬਾਰੇ :

ਇਹ ਕਹਾਣੀ ਜ਼ਿੰਦਾਦਿਲ ਪਾਤਰ ਰਸ਼ੀਦ ਦੇ ਦੁਆਲ਼ੇ ਘੁੰਮਦੀ ਹੈ। ਰਸ਼ੀਦ ਨੂੰ ਕੈਂਸਰ ਹੋ ਜਾਂਦਾ ਹੈ। ਜਦੋਂ ਡਾਕਟਰ ਰਸ਼ੀਦ ਨੂੰ ਬਿਮਾਰੀ ਬਾਰੇ ਦੱਸਣ ਤੋਂ ਝਿਜਕਦੇ ਹਨ ਤਾਂ ਰਸ਼ੀਦ ਉਹਨਾਂ ਨੂੰ ਸਚਾਈ ਦੱਸਣ ਲਈ ਕਹਿੰਦਾ ਹੈ। ਪਤਨੀ ਛੇ ਸਾਲ ਪਹਿਲਾਂ ਮਰ ਚੁੱਕੀ ਹੈ। ਅਮਰੀਕਾ ਰਹਿ ਰਹੇ ਬੇਟੇ ਨੂੰ ਰਸ਼ੀਦ ਆਪਣੀ ਬਿਮਾਰੀ ਦੱਸਣਾ ਨਹੀਂ ਚਾਹੁੰਦਾ।

ਬਿਮਾਰੀ ਪਤਾ ਲੱਗਣ 'ਤੇ ਉਹ ਨੌਕਰੀ ਤੋਂ ਅਸਤੀਫ਼ਾ ਦੇ ਦਿੰਦਾ ਹੈ। ਘਰ ਦਾ ਜ਼ਰੂਰੀ ਸਮਾਨ ਰੱਖ ਕੇ ਬਾਕੀ ਸਾਰਾ ਵੇਚ ਦਿੰਦਾ ਹੈ ਅਤੇ ਆਪਣੇ ਪਿੰਡ ਜਾ ਕੇ ਆਪਣੇ ਤਰੀਕੇ ਨਾਲ਼ ਅਜ਼ਾਦ ਜ਼ਿੰਦਗੀ ਜਿਉਂਦਾ ਹੈ। ਉਹ ਕੁਝ ਕਬੂਤਰ, ਤੋਤੇ ਅਤੇ ਬਿੱਲੀਆਂ ਰੱਖ ਲੈਂਦਾ ਹੈ। ਕਿਆਰੀਆਂ ਵਿੱਚ ਫੁੱਲ-ਬੂਟੇ ਲਾ ਦਿੰਦਾ ਹੈ। ਉਹ ਸੋਚਦਾ ਹੈ ਕਿ ਪਰਮਾਤਮਾ ਨੇ ਬੰਦੇ ਨੂੰ ਕਿੰਨੀਆਂ ਨਿਆਮਤਾਂ ਦਿੱਤੀਆਂ ਹਨ ਜੇਕਰ ਡਾਕਟਰ ਉਸ ਦੀ ਜ਼ਿੰਦਗੀ ਦੇ ਛੇ ਮਹੀਨੇ ਵਾਲੀ ਗੱਲ ਨਾ ਦੱਸਦਾ ਤਾਂ ਉਸ ਨੇ ਇਸ ਸਾਰੀ ਖ਼ੂਬਸੂਰਤੀ ਨੂੰ ਮਾਣੇ ਬਗ਼ੈਰ ਹੀ ਦੁਨੀਆ ਵਿੱਚੋਂ ਚਲੇ ਜਾਣਾ ਸੀ।

ਅੰਤ ਵਿੱਚ ਬੱਚੇ ਨਾਲ਼ ਮਿਲ਼ ਕੇ ਪਤੰਗ ਉਡਾਉਂਦਿਆਂ ਉਹ ਦਮ ਤੋੜ ਦਿੰਦਾ ਹੈ। ਇੰਝ ਰਸ਼ੀਦ ਹੱਸਦਿਆਂ-ਖੇਡਦਿਆਂ ਜ਼ਿੰਦਾ-ਦਿਲੀ ਨਾਲ਼ ਮੌਤ ਨੂੰ ਕਬੂਲਦਾ ਹੈ।

* * * * *

# ਇੱਕ ਪੈਰ ਘੱਟ ਤੁਰਨਾ

*ਅਜੀਤ ਕੌਰ*

ਪੱਸਲੀਆਂ ਤੋਂ ਰਤਾ ਹੇਠਾਂ ਦਰਦ ਦਾ ਇੱਕ ਬਵੰਡਰ ਜਿਹਾ ਉੱਠਦਾ ਤੇ ਰਸ਼ੀਦ ਦੂਹਰਾ ਹੋ ਜਾਂਦਾ। ਜ਼ਮੀਨ ਘੁੰਮਦੀ ਜਾਪਦੀ ਤੇ ਅਸਮਾਨ ਤੋਂ ਰਾਖ ਕਿਰਨ ਲੱਗਦੀ।

ਆਖ਼ਰ ਉਹ ਹਸਪਤਾਲ ਚਲਾ ਗਿਆ। ਕਈ ਟੈੱਸਟ ਹੋਏ। "ਇੱਕ ਛੋਟਾ ਜਿਹਾ ਅਪਰੇਸ਼ਨ ਕਰਨਾ ਪਵੇਗਾ", ਡਾਕਟਰਾਂ ਨੇ ਉਹਨੂੰ ਕਿਹਾ ।

"ਅਪਰੇਸ਼ਨ ? ਕਾਹਦਾ ਅਪਰੇਸ਼ਨ ?"

"ਅੰਦਰੂਨੀ ਟੈੱਸਟ।"

"ਅੰਦਰੂਨੀ ਟੈੱਸਟ ? ਯਾਨੀ ਤੁਹਾਨੂੰ ਕੈਂਸਰ ਦਾ ਸ਼ੱਕ ਏ.... ?"

"ਨਹੀਂ, ਟੈੱਸਟ ਸ਼ੱਕ ਪੱਕਿਆਂ ਕਰਨ ਲਈ ਨਹੀਂ ਹੁੰਦੇ। ਹਰ ਕਿਸਮ ਦਾ ਸ਼ੱਕ ਦੂਰ ਕਰਨ ਲਈ ਕੀਤੇ ਜਾਂਦੇ ਨੇ।"

ਤੇ ਉਹ ਰਾਜ਼ੀ ਹੋ ਗਿਆ।

"ਤੁਹਾਡੇ ਘਰੋਂ ਕੋਈ ਆ ਜਾਵੇਗਾ, ਤੁਹਾਡੇ ਨਾਲ਼ ?" ਡਾਕਟਰ ਨੇ ਪੁੱਛਿਆ।

"ਨਹੀਂ, ਕੋਈ ਨਹੀਂ ।"

"ਪਰ ਤੁਹਾਡੀ ਬੀਵੀ ? ਬੱਚੇ ?"

ਉਹ ਹੱਸ ਪਿਆ। ਬੀਵੀ ਤਾਂ ਪਿਛਲੇ ਛੇ ਵਰ੍ਹਿਆਂ ਤੋਂ ਅੱਲਾ-ਮੀਆਂ ਦੇ ਘਰ ਚਰਖ਼ਾ ਕੱਤ ਰਹੀ ਏ ਤੇ ਬੇਟਾ ਦੂਰ ਏ, ਅਮਰੀਕਾ ।

ਡਾਕਟਰਾਂ ਵੱਲੋਂ ਰਸ਼ੀਦ ਦਾ ਅੰਦਰੂਨੀ ਟੈੱਸਟ ਹੋਇਆ।

ਛੇ ਕੁ ਹਫ਼ਤਿਆਂ ਮਗਰੋਂ ਜਦੋਂ ਉਹ ਟੈੱਸਟ ਦਾ ਨਤੀਜਾ ਪਤਾ ਕਰਨ ਫੇਰ ਹਸਪਤਾਲ ਗਿਆ ਤਾਂ ਡਾਕਟਰਾਂ ਨੇ ਮੁੜ ਕੇ ਉਹਨੂੰ ਉਹਦੇ ਬੇਟੇ ਬਾਰੇ ਪੁੱਛਣਾ ਸ਼ੁਰੂ ਕੀਤਾ ।

"ਤੁਸੀਂ ਮੇਰੇ ਬੇਟੇ ਨੂੰ ਮੇਰੇ ਨਾਲ਼ੋਂ ਜ਼ਿਆਦਾ ਅਕਲਮੰਦ ਸਮਝਦੇ ਓ ? ਮੇਰੇ ਨਾਲ਼ੋਂ ਜ਼ਿਆਦਾ ਤਾਕਤਵਰ ? ਤੁਸੀਂ ਰੀਜ਼ਲਟ ਦੱਸੋ, ਮੇਰੇ ਵਿੱਚ ਕੁੱਵਤ ਹੈ, ਸੁਣਨ ਦੀ ।" ਉਹ ਮੁਸਕਰਾਇਆ ।

ਡਾਕਟਰਾਂ ਨੇ ਆਖ਼ਰ ਬੜੀ ਨਰਮੀ ਨਾਲ਼ ਬੜਾ ਹੀ ਵਰਚਾ ਕੇ ਉਹਨੂੰ ਦੱਸਿਆ ਕਿ ਉਹਦੇ ਮਿਹਦੇ ਵਿੱਚ ਕੈਂਸਰ ਹੈ।

ਡਾਕਟਰ ਨੇ ਸੋਚਿਆ, ਉਹ ਇਸ ਖ਼ਬਰ ਦੇ ਸਦਮੇ ਨਾਲ਼ ਖ਼ਾਮੋਸ਼ ਹੋ ਗਿਆ ਸੀ। ਬੜੀ ਹਮਦਰਦੀ ਨਾਲ਼ ਉਹਨੇ ਰਸ਼ੀਦ ਦਾ ਹੱਥ ਘੁੱਟਿਆ, "ਤੁਸੀਂ ਬੇਟੇ ਨੂੰ ਅਮਰੀਕਾ ਤੋਂ ਬੁਲਾ ਲਓ। ਕੈਂਸਰ ਦਾ ਵੀ ਇਲਾਜ ਕਰਨ ਦੀ ਕੋਸ਼ਿਸ਼ ਕੀਤੀ ਜਾ ਸਕਦੀ ਏ। ਅਪਰੇਸ਼ਨ ਹੋ ਸਕਦਾ ਏ। ਦਵਾਈਆਂ ਨੇ, ਬਿਜਲੀ ਦਾ ਇਲਾਜ ਏ। ਘਬਰਾਉਣ ਦੀ ਕੋਈ ਗੱਲ ਨਹੀਂ।"

ਰਸ਼ੀਦ ਮੁਸਕਰਾਇਆ, "ਤੇ ਜੇ ਇਲਾਜ ਨਾ ਕੀਤਾ ਜਾਏ, ਤਾਂ... ਕਿੰਨਾ ਚਿਰ ......?"

ਡਾਕਟਰ ਨੇ ਕਿਹਾ, "ਸਾਲ ਕੁ ਪਰ ਦੁਆਈਆਂ ਹਰ ਰੋਜ਼ ਖਾਣੀਆਂ ਪੈਣਗੀਆਂ। ਉਸ ਤੋਂ ਮਗਰੋਂ ਸ਼ਾਇਦ ਦਰਦ ਵਧ ਜਾਵੇ ਤੇ ਹਸਪਤਾਲ ਵਿੱਚ ਦਾਖ਼ਲ ਹੋਣਾ ਪਵੇ। ਮੇਰੀ ਤਾਂ ਇਹੀ ਸਲਾਹ ਏ ਕਿ ਬੇਟੇ ਨੂੰ ਬੁਲਾ ਲਵੋ, ਹੁਣੇ ਹੀ ਦਾਖ਼ਲ ਹੋ ਜਾਵੋ ਤੇ ਸਾਨੂੰ ਆਪਣੀ ਵਾਹ ਲਾ ਲੈਣ ਦਿਓ।"

"ਤੇ ਜੇ ਕੋਈ ਦੁਆਈ ਵੀ ਨਾ ਖਾਵੇ ?"

"ਇਹ ਤਾਂ ਖ਼ੁਦਕੁਸ਼ੀ ਐ ।"

"ਨਹੀਂ, ਮੇਰਾ ਮਤਲਬ ਸੀ ਕਿ ਜੇ ਮੈਨੂੰ ਪਤਾ ਹੀ ਨਾ ਲੱਗਦਾ, ਪੀੜ ਹੀ ਨਾ ਹੁੰਦੀ ਤੇ ਜੇ ਹੁੰਦੀ ਵੀ ਤਾਂ ਮੈਂ ਹਸਪਤਾਲ ਹੀ ਨਾ ਔਂਦਾ, ਟੈੱਸਟ ਹੀ ਨਾ ਹੁੰਦੇ ਤਾਂ ਕਿੰਨਾ ਚਿਰ ਇਸੇ ਤਰ੍ਹਾਂ ਲੰਘ ਜਾਂਦਾ ?"

ਡਾਕਟਰ ਨੇ ਮੋਢੇ ਹਿਲਾਏ, ਧੌਣ ਵਿੱਚ ਖ਼ਮ ਦੇ ਕੇ ਕਿਹਾ, "ਛੇ ਮਹੀਨੇ, ਪੰਜ ਮਹੀਨੇ, ਅੱਠ ਮਹੀਨੇ। ਕੀ ਕਿਹਾ ਜਾ ਸਕਦਾ ਏ! ਕਿਸਮਤ 'ਤੇ ਵੀ ਨਿਰਭਰ ਕਰਦਾ ਏ।"

ਘਰ ਆ ਕੇ ਉਹਨੇ ਆਪਣੀ ਜ਼ਿੰਦਗੀ ਦਾ ਹਿਸਾਬ-ਕਿਤਾਬ ਜੋੜਨਾ ਸ਼ੁਰੂ ਕੀਤਾ। ਜੋੜਨ ਲੱਗਾ ਤਾਂ ਸਾਰੇ ਜਵਾਬ ਮਨਫ਼ੀ ਵਿੱਚ ਆਏ।

"ਕਮਾਲ ਏ!', ਉਹਨੇ ਸੋਚਿਆ। 'ਏਨੇ ਵਰ੍ਹੇ ਗੁਜ਼ਰ ਗਏ, ਮੈਂ ਕਦੇ ਇਸ ਤਰ੍ਹਾਂ ਆਪਣੀ ਜ਼ਿੰਦਗੀ ਦੀ ਵਹੀ ਖੋਲ੍ਹ ਕੇ ਵੇਖਿਆ ਹੀ ਨਹੀਂ ਕਿ ਕੀ ਖੱਟਿਆ ਤੇ ਕੀ ਗੁਆਇਆ।"

ਅਚਾਨਕ ਰਸ਼ੀਦ ਨੂੰ ਲੱਗਾ, ਉਹ ਹੋਰਨਾਂ ਲੋਕਾਂ ਨਾਲੋਂ ਜ਼ਿਆਦਾ ਕਿਸਮਤ ਵਾਲਾ ਸੀ। ਨਹੀਂ ਤੇ ਮੌਤ ਦੇ ਮੁਕਾਮ ਦਾ ਕਿਹਨੂੰ ਪਤਾ ਲੱਗਦਾ ਏ। ਅਚਾਨਕ ਬੈਠੇ ਹੋ ਤੇ ਅਚਾਨਕ ਲੁੜ੍ਹਕ ਜਾਂਦੇ ਹੋ। ਬੱਸ, ਖ਼ਤਮ । ਇੱਕ ਉਹ ਸੀ ਕਿ ਉਹਨੂੰ ਪਤਾ ਸੀ ਕਿ ਛੇ ਮਹੀਨੇ ਹੈਣ ਉਹਦੇ ਕੋਲ, ਤੇ ਫੇਰ.... ।

'ਫੇਰ ਦੀ ਫੇਰ ਸੋਚਾਂਗੇ । ਫ਼ਿਲਹਾਲ ਤਾਂ ....।'

ਤੇ ਫੇਰ ਪੂਰੀ ਦੀ ਪੂਰੀ ਗੁਜ਼ਰੀ ਜ਼ਿੰਦਗੀ ਉਹਦੇ ਸਾਮ੍ਹਣੇ ਘੁੰਮਣ ਲੱਗਦੀ।

'ਪਰ ਯਾਰ, ਹੈ ਨਾ ਕਮਾਲ ਦੀ ਗੱਲ ? ਏਨੇ ਸਾਲ ਸੋਚਿਆ ਹੀ ਨਹੀਂ ਕਿ ਇਹ ਗੁਜ਼ਰ ਰਹੀ ਏ, ਜ਼ਿੰਦਗੀ।' ਰਸ਼ੀਦ ਆਪਣੇ-ਆਪ ਨਾਲ ਗੱਲਾਂ ਕਰਦਾ।

'ਫ਼ਰੀਦਾ! ਮੇਰੀ ਜਾਨ! ਸ਼ਾਇਦ ਤੂੰ ਹੀਂ ਮੈਨੂੰ ਬੁਲਾ ਰਹੀ ਏਂ। ਓਥੇ ਇਕੱਲਿਆਂ ਦਿਲ ਨਹੀਂ ਨਾ ਲੱਗਦਾ ਤੇਰਾ ? ਉਹ ਲਾਡ ਨਾਲ ਆਪਣੀ ਬੀਵੀ ਦੇ ਤਸੱਵਰ ਨੂੰ ਪੁੱਛਦਾ।

'ਓਥੇ, ਕਿੱਥੇ ਯਾਰ ? ਉਹ ਤਾਂ ਕਬਰ ਵਿੱਚ ਲੇਟੀ ਏ, ਅਰਾਮ ਨਾਲ । ਤੂੰ ਵੀ ਕੀ ਆਪਣੇ ਬੇਲੀ ਰਮੇਸ਼ ਵਾਗੂੰ ਸੋਚੀ ਜਾਨਾਂ ਏ ਕਿ ਉਹਦੀ ਬੇਟੀ ਜਾ ਕੇ ਉੱਤੇ ਕਿਧਰੇ ਬੱਦਲਾਂ ਦੇ ਪਰਲੇ ਪਾਸੇ, ਚੰਨ—ਤਾਰਿਆਂ ਦੀ ਦੁਨੀਆ ਵਿੱਚ ਰਹਿ ਰਹੀ ਏ।

ਏਨੇ ਸਾਲ ਬੱਸ, ਉਹ ਘਰੋਂ ਦਫ਼ਤਰ ਤੇ ਦਫ਼ਤਰੋਂ ਘਰ ਤੱਕ ਦਾ ਫ਼ਾਸਲਾ ਤੈਅ ਕਰਦਾ ਰਿਹਾ ਸੀ ਤੇ ਦਫ਼ਤਰ ਵਿੱਚ ਫ਼ਾਈਲਾਂ ਦੀਆਂ ਨੋਟਿੰਗਜ਼ ਤੋਂ ਲੈ ਕੇ ਸਾਹਿਬ ਦੇ ਕਮਰੇ ਦਾ । ਬੱਸ।

ਦੁਨੀਆਦਾਰੀ ? ਦੁਨੀਆਦਾਰੀ ਵੀ ਨਿਭਾਈ ਸੀ ਉਹਨੇ ਆਪਣੇ ਬਜ਼ੁਰਗ ਮਾਂ—ਪਿਓ ਦੀ ਸੇਵਾ ਕੀਤੀ ਸੀ। ਛੋਟੇ ਭਰਾ ਨੂੰ ਪੜ੍ਹਾਇਆ ਸੀ। ਭੈਣਾਂ ਦੇ ਵਿਆਹ ਕੀਤੇ ਸਨ। ਖ਼ੁਦ ਦੇ ਤਿੰਨ ਬੱਚੇ ਹੋਏ ਸਨ ਪਰ ਬਚਿਆ ਇੱਕੋ ਸੀ, ਅਸਲਮ। ਅਸਲਮ ਡਾਕਟਰੀ ਪਾਸ ਕਰ ਕੇ ਵੱਡੀ ਪੜ੍ਹਾਈ ਕਰਨ ਲਈ ਅਮਰੀਕਾ ਚਲਾ ਗਿਆ ਸੀ। 'ਆਪ ਹੀ ਤੇ ਤੋਰਿਆ ਸੀ, ਮੈਂ ਬੱਚਿਆਂ ਦੀ ਖ਼ੁਸ਼ੀ ਵਿੱਚ ਹੀ ਖ਼ੁਸ਼ੀ ਮਿਲਦੀ ਏ, ਨਹੀਂ ?'

'ਪਰ ਇਹ ਤੇ ਨਹੀਂ ਸੀ ਕਿਹਾ ਮੈਂ ਉਹਨੂੰ ਕਿ ਫੇਰ ਵਾਪਸ ਮੁੜ ਕੇ ਆਵੀਂ ਹੀ ਨਾ। ਪੜ੍ਹਾਈ ਖ਼ਤਮ ਕੀਤੀ ਤੇ ਉੱਥੇ ਹੀ ਸੈਟਲ ਹੋ ਗਿਆ। ਨਾਲਾਇਕ ! ਚਿੱਠੀ ਲਿਖੀ, ਜਿਸ ਵਿੱਚ ਇਤਲਾਹ ਦਿੱਤੀ ਹੋਈ ਸੀ ਕਿ ਓਥੇ ਹੀ ਨੌਕਰੀ ਜਾਇਨ ਕਰ ਰਿਹਾ ਏ। ਅਹਿਮਕ! ਘੱਟੋ-ਘੱਟ ਇਜਾਜ਼ਤ ਤਾਂ ਲੈ ਹੀ ਸਕਦਾ ਸੀ।'

.......

ਰਸ਼ੀਦ ਨੇ ਦਫ਼ਤਰ ਅਸਤੀਫ਼ਾ ਦੇ ਦਿੱਤਾ। ਕਿਸੇ ਨੂੰ ਕੁਝ ਨਹੀਂ ਦੱਸਿਆ। ਨਾਲ ਕੰਮ ਕਰਨ ਵਾਲਿਆਂ ਨੂੰ ਇਹੀ ਕਿਹਾ ਕਿ ਉਹ ਜਾ ਕੇ ਪਿੰਡ ਰਹਿਣਾ ਚਾਹੁੰਦਾ ਏ। ਪਿੰਡ ਵਿੱਚ ਆਪਣਾ ਪੁਰਾਣਾ ਘਰ ਏ, ਪੱਕੀ ਹਵੇਲੀ ਏ। ਸ਼ਹਿਰ ਦੇ ਰੌਲੇ ਵਿੱਚ ਕੀ ਪਿਆ ਏ, ਆਖ਼ਰ ? ਬਹੁਤ ਹੋ ਗਿਆ। ਏਨੇ ਸਾਲ ਦਰੀਆਗੰਜ ਦੇ ਇੱਕ ਘੁਰਨੇ ਵਿੱਚ ਰਹਿ ਕੇ ਬਿਤਾ ਲਏ। ਹੁਣ ਜ਼ਰਾ ਖੁੱਲ੍ਹੀ ਹਵਾ ਵਿੱਚ ਸਾਹ ਲੈਣ 'ਤੇ ਦਿਲ ਕਰਦਾ ਏ।

ਰਮੇਸ਼ ਜਿਹੜਾ ਦਫ਼ਤਰ ਵਿੱਚ ਉਹਦੇ ਨਾਲ ਵਾਲੀ ਮੇਜ਼ 'ਤੇ ਬਹਿੰਦਾ ਸੀ, ਹੈਰਾਨ ਸੀ। "ਪਰ ਰਸ਼ੀਦ ਸਾਹਿਬ, ਉੱਥੇ ਇਕੱਲੇ ਕਰੋਗੇ ਕੀ ?"

"ਇਕੱਲਾ ? ਤੇ ਏਥੇ ਨਹੀਂ ਮੈਂ ਇਕੱਲਾ ?"

ਫੇਰ ਉਹ ਹੱਸ ਪੈਂਦਾ । ਗੱਲ ਨੂੰ ਹਾਸੇ ਵਿੱਚ ਉਡਾ ਦੇਂਦਾ। "ਬਈ ਉੱਥੇ ਮੱਝਾਂ ਰੱਖ ਲਵਾਂਗਾ, ਕੁੱਤੇ ਪਾਲ ਲਵਾਂਗਾ, ਬਿੱਲੀਆਂ ਪਾਲ ਲਵਾਂਗਾ। ਪਿੰਡ ਵਿੱਚ ਕਾਹਦੀ ਇਕੱਲ ? ਇਕੱਲ ਤਾਂ ਸ਼ਹਿਰਾਂ ਦੇ ਤੀਲ੍ਹੀਆਂ ਵਾਲੀਆਂ ਡੱਬੀਆਂ ਵਰਗੇ ਮਕਾਨਾਂ ਵਿੱਚ ਹੁੰਦੀ ਏ।"

"ਅਸਲਮ ਨੂੰ ਪੁੱਛ ਲਿਆ ਏ ?"

"ਅਸਲਮ ? ਉਸ ਨਾਲਾਇਕ ਨੂੰ ਕਿਉਂ ਪੁੱਛਾਂ ? ਮੈਂ ਉਹਦਾ ਪਿਓ ਵਾਂ ਕਿ ਉਹ ਮੇਰਾ ਪਿਓ ਏ ?" ਰਸ਼ੀਦ ਉੱਚੀ ਸਾਰੀ ਹੱਸਿਆ। ਏਨਾ ਖੁੱਲ੍ਹ ਕੇ ਹੱਸਦਿਆਂ ਤਾਂ ਉਹਨੂੰ ਕਦੇ ਕਿਸੇ ਸੁਣਿਆ ਹੀ ਨਹੀਂ ਸੀ।

........

ਅਸਲਮ ਨੂੰ ਉਹਨੇ ਸੱਚ-ਮੁੱਚ ਕੁਝ ਨਹੀਂ ਲਿਖਿਆ।

ਉਂਵ ਵੀ ਤੇ ਛੇ ਮਹੀਨਿਆਂ ਵਿੱਚ ਇੱਕ-ਅੱਧੀ ਚਿੱਠੀ ਹੀ ਆਉਂਦੀ ਏ, ਉਹਦੀ। ਛੇ ਮਹੀਨਿਆਂ ਦੀ ਹੀ ਤੇ ਗੱਲ ਏ, ਸਾਰੀ। ਉਹਨੂੰ ਪਤਾ ਵੀ ਨਹੀਂ ਲੱਗਣਾ ਕਿ ...." ਰਸ਼ੀਦ ਸੋਚਦਾ।

"ਉਂਵ ਵੀ ਯਾਰ, ਜੇ ਤੇ ਝੱਟ-ਪੱਟ ਦੋਂਹ—ਚਹੁੰ ਦਿਨਾਂ ਵਿੱਚ ਹੀ ਮਰਨ ਵਾਲਾ ਹੋਵਾਂ ਤਾਂ ਲਿਖਾਂ ਵੀ, ਉਹਨੂੰ। ਆਵੇ ਤੇ ਕੰਮ ਨਿਪਟਾ ਕੇ ਵਾਪਸ ਮੁੜ ਜਾਵੇ। ਹੁਣ ਮੈਂ ਛੇ ਮਹੀਨੇ ਪਹਿਲੋਂ ਹੀ ਕਿਉਂ ਉਹਨੂੰ ਪਿਆ ਦੁਖੀ ਕਰਾਂ। ਖਾਣ-ਪਾਣ ਦੀ ਉਮਰ ਏ, ਉਹਦੀ। ਨਹੀਂ ?" ਉਹ ਆਪਣੇ ਮਨ ਨਾਲ਼ ਦਲੀਲਾਂ ਕਰਦਾ।

"ਕਹਵਾਂ ਵੀ, ਤੇ ਕੀ ? ਪਈ ਆ, ਮੇਰੇ ਕੋਲ਼ ਬਹਿ ਤੇ ਵਾਚ ਮੀ ਡਾਇੰਗ ਏ ਸਲੋਅ ਡੈੱਥ !"

"ਬਈ, ਜਾਣਾ ਹੀ ਏ ਤਾਂ ਜ਼ਰਾ ਟਹੁਰ ਨਾਲ਼ ਜਾਵਾਂਗੇ, ਆਪਣੀ ਮਰਜ਼ੀ ਨਾਲ਼। ਨਾ ਅਸਲਮ ਦੇ ਰਹਿਮ 'ਤੇ, ਨਾ ਡਾਕਟਰਾਂ ਦੇ ਰਹਿਮ 'ਤੇ। ਆ ਕੇ ਕਰੇਗਾ ਕੀ ? ਹਸਪਤਾਲ ਦਾਖ਼ਲ ਕਰਵਾ ਦੇਵੇਗਾ। ਦਵਾਈਆਂ। ਬੋਅ । ਟੀਕੇ। ਤੇ ਛੇ ਮਹੀਨੇ ਕੁੜ੍ਹੇਗਾ ਕਿ ਬੁੱਢਾ ਨਾ ਹੰਨੇ ਹੁੰਦਾ ਏ, ਨਾ ਬੰਨੇ।"

"ਗ਼ਲਤ ! ਗ਼ਲਤ ! ਰਸ਼ੀਦ ਮੀਆਂ। ਬੁੱਢਾ ਕਦੋਂ ਹੋ ਗਿਆ, ਤੂੰ ? ਹਾਲੀ ਤੇ ਚੰਗਾ-ਭਲਾ ਏਂ। ਜਦੋਂ ਕੁੜੀਆਂ ਆਪਣਾ ਦੁੱਖ-ਸੁੱਖ ਫੋਲਣ ਲੱਗ ਪੈਣ ਤੁਹਾਡੇ ਨਾਲ਼ ਤੇ ਸਲਾਹਵਾਂ ਮੰਗਣ ਲੱਗਣ, ਓਦੋਂ ਹੀ ਬਜ਼ੁਰਗੀ ਵਿੱਚ ਕਦਮ ਰੱਖਦੇ ਓ, ਤੁਸੀਂ। ਸਮਝੇ, ਹਜ਼ਰਤ ?"

.....

ਘਰ ਦਾ ਸਮਾਨ ਉਹਨੇ ਵੇਚ ਦਿੱਤਾ। ਸਿਰਫ਼ ਇੱਕ ਬਿਸਤਰਾ ਰੱਖਿਆ ਆਪਣੇ ਪਾਉਣ ਵਾਲ਼ੇ ਕੱਪੜੇ ਰੱਖੇ, ਕੁਝ ਸਿਰ੍ਹਾਣੇ ਦੇ ਗ਼ਿਲਾਫ਼, ਚੱਦਰਾਂ ਤੇ ਤੌਲੀਏ। ਇੱਕ ਟ੍ਰੰਕ ਕਿਤਾਬਾਂ ਦਾ ਭਰਿਆ, ਦੋ—ਚਾਰ ਭਾਂਡੇ ਇੱਕ ਟ੍ਰੰਕੀ ਵਿੱਚ ਪਾਏ। ਗੈਸ ਦਾ ਚੁੱਲ੍ਹਾ ਵੇਚ ਕੇ ਬਜ਼ਾਰੋਂ ਮਿੱਟੀ ਦੇ ਤੇਲ ਦਾ ਇੱਕ ਸਟੋਵ ਖ਼ਰੀਦਿਆ । ਇੱਕ ਜੋੜਾ ਚੱਪਲਾਂ ਦਾ ਤੇ ਇੱਕ ਸੈਰ ਕਰਨ ਵਾਲ਼ੇ ਕੈਨਵਸ ਦੇ ਮੋਟੇ ਰਬੜ-ਸੋਲ ਦੇ ਬੂਟ ਖ਼ਰੀਦੇ। ਵਧੀਆ ਕਾਗਜ਼ਾਂ ਦਾ ਇੱਕ ਪੈਕਿਟ ਤੇ ਪੈੱਨ, ਬਲੇਡਾਂ ਦੇ ਪੰਜ-ਸੱਤ ਪੈਕਿਟ, ਰੇਜ਼ਰ, ਸ਼ੇਵ ਦਾ ਸਮਾਨ ਤੇ ਪਰਫ਼ਿਊਮ ਦੀ ਇੱਕ ਬੋਤਲ ਖ਼ਰੀਦੀ।

"ਰਸ਼ੀਦ ਮੀਆਂ ਲੱਗਦਾ ਏ, ਜੰਞੇਂ ਜਾ ਰਿਹਾ ਏਂ, ਯਾਰ। ਖ਼ੁਦਾ ਦੀ ਜੰਞੇ। ਬੱਸ, ਹੁਣ ਅੱਖਾਂ ਵਿੱਚ ਸੁਰਮਾ ਵੀ ਨਾ ਮਟਕਾ ਲਈਂ।" ਉਹ ਆਪਣੇ-ਆਪ ਨਾਲ਼ ਮਜ਼ਾਕ ਕਰਦਾ-ਕਰਦਾ ਮੁਸਕਰਾ ਪੈਂਦਾ।

ਰਸ਼ੀਦ ਆਪਣੇ-ਆਪ ਨਾਲ਼ ਨਿੱਕੀਆਂ-ਨਿੱਕੀਆਂ ਮਸ਼ਕਰੀਆਂ ਕਰਦਾ ਰਹਿੰਦਾ ਤੇ ਮੁਸਕਰਾਉਂਦਾ ਰਹਿੰਦਾ, ਜਿਵੇਂ ਵਾਕਈ ਕਿਧਰੇ ਛੁੱਟੀ ਕੱਟਣ ਜਾ ਰਿਹਾ ਹੋਵੇ। ਹੌਲ਼ਾ ਫੁੱਲ।

"ਇਹ ਮੋਹ-ਮਾਇਆ ਵੀ ਕੀ ਚੀਜ਼ ਐ ! ਰਮੇਸ਼ ਕਹਿੰਦਾ ਹੁੰਦਾ ਸੀ, ਬੰਦਾ ਹੋਰ ਸਾਰੇ ਖਲਜਗਣਾਂ ਵਿੱਚੋਂ ਭਾਵੇਂ ਨਿਕਲ਼ ਜਾਵੇ, ਇਸ ਮੋਹ ਮਾਇਆ ਦੇ ਜੰਜਾਲ ਵਿੱਚੋਂ ਨਹੀਂ ਨਿਕਲ਼ ਸਕਦਾ। ਧੀਆਂ-ਪੁੱਤਰ, ਬੀਵੀ, ਭਰਾ-ਭੈਣ, ਮਾਂ-ਪਿਓ, ਰਿਸ਼ਤੇ-ਨਾਤੇ, ਇਹ ਸਭ ਬੰਨ੍ਹੀ ਰੱਖਦੇ ਨੇ, ਬੰਦੇ ਨੂੰ। ਫੇਰ ਘਰ, ਘਰ ਵਿੱਚ ਮੱਕੜੀ ਦੇ ਜਾਲ਼ੇ ਵਾਂਗੂੰ ਬੁਣਿਆ ਛੱਤੀ ਸੌ ਲੋੜ ਵਾਲ਼ੀਆਂ ਤੇ ਬਹੱਤਰ ਸੌ ਬੇਲੋੜੀਆਂ ਚੀਜ਼ਾਂ ਦਾ ਜਾਲ਼ ਪਰ ਮੈਨੂੰ ਤੱਕੋ, ਸਾਰੇ ਜਾਲ਼ ਕੱਟ ਦਿੱਤੇ ਨੇ। ਸਾਰੇ ਜਾਲ਼ੇ ਹੂੰਝ ਕੇ, ਬੁਹਾਰ ਕੇ, ਬਾਹਰ ਸੁੱਟ ਦਿੱਤੇ ਨੇ। ਹੈ ਕਿ ਨਹੀਂ ?"

ਸਾਰਾ ਕੁਝ ਵੇਚ ਕੇ ਉਹਨੇ ਪੈਸਿਆਂ ਦਾ ਹਿਸਾਬ ਕੀਤਾ ਤਾਂ ਉਹਨੂੰ ਲੱਗਾ ਕਿ ਏਨੀ ਬਾਦਸ਼ਾਹਤ ਤਾਂ ਉਹਨੇ ਸਾਰੀ ਉਮਰ ਨਹੀਂ ਸੀ ਵੇਖੀ। ਏਨੇ ਸਾਰੇ ਪੈਸੇ ਬਚ ਗਏ ਸਨ ਤੇ ਸਾਰੇ ਦੇ ਸਾਰੇ ਉਹਨੇ ਛੇ-ਸੱਤਾਂ ਮਹੀਨਿਆਂ ਵਿੱਚ ਮੁਕਾ ਲੈਣੇ ਸਨ।

"ਵਾਹ, ਯਾਰ! ਰਈਸ ਐਂ, ਤੂੰ ਤਾਂ ! ਭਾਵੇਂ ਦੋ ਘੋੜਿਆਂ ਵਾਲ਼ੀ ਬੱਘੀ ਖ਼ਰੀਦ ਲੈ। ਕੋਚਵਾਨ ਘੋੜਿਆਂ ਨੂੰ ਟਿਚਕਾਰੀਆਂ ਮਾਰ-ਮਾਰ ਕੇ ਚਲਾਏ ਤੇ ਤੂੰ ਪਿੱਛੇ ਸੀਟ 'ਤੇ ਬੈਠਾ ਦੁਨੀਆ ਦੇ ਨਜ਼ਾਰੇ ਵੇਖੇਂ।"

......

ਜ਼ਿੰਦਗੀ ਵਿੱਚ ਪਹਿਲੀ ਵਾਰੀ ਰਸ਼ੀਦ ਨੇ ਫ਼ਸਟ ਕਲਾਸ ਵਿੱਚ ਸਫ਼ਰ ਕੀਤਾ। ਸਟੇਸ਼ਨ ਤੋਂ ਪਿੰਡ ਤੱਕ ਟੈਕਸੀ ਲੈ

ਲਈ ਤੇ ਹਵੇਲੀ ਦੇ ਅੱਗੇ ਆਣ ਉੱਤਰਿਆ।

ਰਸ਼ੀਦ ਨੂੰ ਲੱਗਾ, ਉਹਦੀ ਗਰਦਨ ਵਿੱਚ ਇੱਕ ਅਜੀਬ ਹੁਲਾਰ ਜਿਹਾ ਸੀ। ਉਹਦੀ ਚਾਲ ਵਿੱਚ ਇੱਕ ਅਜੀਬ ਮਸਤਾਨਾਪਣ ਤੇ ਦਿਲ ਵਿੱਚ ਚਾਅ।

ਹਵੇਲੀ ਦੇ ਵੱਡੇ ਮੋਟੇ ਲੱਕੜੀ ਦੇ ਬੂਹੇ ਬੰਦ ਸਨ ਜਿਨ੍ਹਾਂ ਤੇ ਉੱਭਰੇ ਹੋਏ ਗੋਟੂਆਂ ਦੇ ਉੱਤੇ ਪਿੱਤਲ ਦੇ ਗੋਲ ਕੋਕੇ ਚਿਰੋਕਣੇ ਜੰਗਾਲੇ ਜਾ ਚੁੱਕੇ ਸਨ। ਕਿੰਨੇ ਸਾਲਾਂ ਮਗਰੋਂ ਉਹ ਪਿੰਡ ਆਇਆ ਸੀ ? – ਉਹ ਯਾਦ ਕਰਨ ਦੀ ਕੋਸ਼ਸ਼ ਕਰਨ ਲੱਗਾ।

ਮੋਟੀ, ਲੰਮੀ ਚਾਬੀ ਉਹਨੇ ਜੇਬ ਵਿੱਚੋਂ ਕੱਢੀ। ਲੱਕੜ ਦੇ ਪੱਲਿਆਂ ਦੇ ਅੰਦਰਵਾਰ ਲੱਗਾ ਤਾਲਾ ਵੀ ਸ਼ਾਇਦ ਅੰਦਰੋਂ ਜੰਗਾਲਿਆ ਹੋਇਆ ਸੀ। ਚਾਬੀ ਘੁੰਮ ਹੀ ਨਹੀਂ ਸੀ ਰਹੀ। "ਕਿਉਂ ਯਾਰ, ਤੇਰੇ ਵੀ ਢਿੱਡ ਵਿੱਚ ਕੈਂਸਰ ਜਾਪਦਾ ਏ," ਉਹਨੇ ਚੁੱਪ-ਚਾਪ ਜਿੰਦਰੇ ਨੂੰ ਕਿਹਾ ਤੇ ਫੇਰ ਉਦਾਸ ਹੋ ਗਿਆ।

"ਤੂੰ ਵੀ ਰਸ਼ੀਦ ਯਾਰ ਬੜਾ ਅਜੀਬ ਬੰਦਾ ਏਂ ! ਘਰ ਦੇ ਅੰਦਰ ਵੜਨ ਲੱਗਿਆਂ ਕੋਈ ਚੰਗੀ ਗੱਲ ਸੋਚੀਦੀ ਏ, ਤੇ ਤੂੰ ....", ਉਹਨੇ ਆਪਣੇ-ਆਪ ਨੂੰ ਡਾਂਟਿਆ।

"ਇਹਨੂੰ ਥੋੜ੍ਹੇ ਜਿਹੇ ਤੇਲ ਦੀ ਲੋੜ ਏ, ਸ਼ਾਇਦ। ਤੇਲ ? ਹੈ ਤੇ ਸਹੀ, ਤੇਲ। ਉਹ, ਕਿੱਥੇ ਵੇ, ਮੇਰਾ ਵੈਨਿਟੀ ਬੈਗ ?"

"ਵੈਨਿਟੀ ਬੈਗ" ਤੇ ਰਸ਼ੀਦ ਮੁਸਕਰਾਇਆ, ਵੈਨਿਟੀ !

ਸਿਰ ਨੂੰ ਲਾਉਣ ਵਾਲੇ ਤੇਲ ਨਾਲ ਚਾਬੀ ਨੂੰ ਚੰਗੀ ਤਰ੍ਹਾਂ ਭਿਓਂ ਕੇ ਜਦੋਂ ਉਹਨੇ ਜਿੰਦਰੇ ਵਿੱਚ ਘੁਮਾਈ, ਤਾਂ ਜਿੰਦਰਾ ਖੁੱਲ੍ਹ ਗਿਆ। "ਤੂੰ ਵੀ ਦੋਸਤ, ਦੁਨੀਆ ਦੀ ਨਬਜ਼ ਖ਼ੂਬ ਪਛਾਣਦਾ ਏਂ। ਕਿਸੇ ਨੇਤਾ-ਨੂਤਾ ਦਾ ਸਾਇਆ ਪੈ ਗਿਆ ਲੱਗਦਾ ਏ, ਤੇਰੇ 'ਤੇ ਵੀ। ਤੇਲ ਦੇਣ ਤੋਂ ਬਗ਼ੈਰ ਗੱਲ ਹੀ ਨਹੀਂ ਕਰਦਾ," ਉਹਨੇ ਜਿੰਦਰੇ ਨੂੰ ਮਸ਼ਕਰੀ ਕੀਤੀ।

ਲੱਕੜ ਦੇ ਮੋਟੇ ਬੂਹੇ ਚਰਰ-ਮਰਰ ਕਰਦੇ ਹੋਏ ਖੁੱਲ੍ਹ ਗਏ। "ਖਲੋ ਜਾਓ, ਖਲੋ ਜਾਓ, ਓਏ, ਦੇਨਾਂ ਵਾਂ ਤੇਲ, ਤੁਹਾਨੂੰ ਵੀ । ਡੰਡ ਕਿਉਂ ਪਾਈ ਜਾਂਦੇ ਓ ?"

ਤਕਾਲਾਂ ਦਾ ਵੇਲਾ ਸੀ। ਟੈਕਸੀ ਦੀ ਅਵਾਜ਼ ਸੁਣ ਕੇ ਹੀ ਮਹੱਲੇ ਦੇ ਬੱਚੇ ਉਹਦੇ ਦੁਆਲੇ ਆਣ ਇਕੱਠੇ ਹੋਏ ਸਨ ਤੇ ਦੂਰੋਂ-ਦੂਰੋਂ ਉਹਨੂੰ ਘੂਰਦੇ ਹੋਏ ਚੁੱਪ-ਚਾਪ ਖੜੋਤੇ ਸਨ।

"ਰਸ਼ੀਦ ਯਾਰ ! ਹੁਣ ਇਹਨਾਂ ਆਫ਼ਤਾਂ ਨਾਲ ਨਾ ਦੋਸਤੀ ਕਰਨ ਬਹਿ ਜਾਈਂ ! ਨਹੀਂ ਤੇ ਦਿਨ-ਰਾਤ ਤੈਨੂੰ ਘੇਰੀ ਰੱਖਣਗੇ। ਤੂੰ ਏਥੇ ਮਸਤੀ ਮਾਰਨ ਆਇਆ ਏਂ ਕਿ ਲੋਕਾਂ ਦੇ ਜੰਮੇ ਬਾਲ ਖਿਡਾਉਣ ?"

ਉਹਨੇ ਬੱਚਿਆਂ ਦੀਆਂ ਨਜ਼ਰਾਂ ਨਾਲ ਨਜ਼ਰ ਨਹੀਂ ਮਿਲਾਈ। ਮੂੰਹ-ਧਿਆਨ ਜਿੰਦਰਾ ਖੋਲ੍ਹ ਕੇ ਉਹ ਸਮਾਨ ਅੰਦਰ ਲੈ ਗਿਆ ਤੇ ਫੇਰ ਬਾਲਾਂ ਦੇ ਸਿਰਾਂ ਦੇ ਉੱਤੋਂ ਦੀ ਪਰ੍ਹਾਂ ਵੇਖਦਿਆਂ ਹੋਇਆਂ ਬੂਹਾ ਅੰਦਰੋਂ ਬੰਦ ਕਰ ਲਿਆ।

..........

ਹਵੇਲੀ ਦੇ ਇੱਕ-ਇੱਕ ਕਮਰੇ ਨੂੰ ਖੋਲ੍ਹ ਕੇ ਉਹ ਵੇਖ ਰਿਹਾ ਸੀ। ਹਰ ਕਮਰੇ ਵਿੱਚ ਬਹੁਤ ਸਾਰਾ ਹਨੇਰਾ ਦੁਬਕ ਕੇ ਬੈਠਾ ਹੋਇਆ ਸੀ ਤੇ ਹਨੇਰੇ ਵਿੱਚ ਬਾਸੀ ਘੱਟੇ-ਮਿੱਟੀ ਦੇ ਤੇ ਬਾਸੀ ਹਵਾ ਦੇ ਸਾਹ ਘੁਲੇ ਹੋਏ ਸਨ।

"ਘਰ ਵੀ ਕੀ ਚੀਜ਼ ਹੁੰਦਾ ਏ, ਯਾਰ ਰਸ਼ੀਦ ! ਇਸ ਵਿੱਚ ਰਹਿੰਦੇ ਰਹਵੋ, ਇਹਨੂੰ ਇਸਤੇਮਾਲ ਕਰਦੇ ਰਹਵੋ, ਧੋਂਦੇ, ਪੂੰਝਦੇ, ਰਗੜਦੇ ਰਹਵੋ ਤਾਂ ਇਸ ਵਿੱਚੋਂ ਮਹਿਕ ਔਂਦੀ ਏ ਤੇ ਜੇ ਬੰਦ ਕਰ ਦਿਓ ਤਾਂ ਭੂਤਾਂ ਦਾ ਡੇਰਾ ਲੱਗਣ ਲੱਗਦਾ ਹੈ।"

ਰਸ਼ੀਦ ਉਦਾਸ ਹੋ ਗਿਆ। ਰੁਮਾਲ ਨਾਲ ਉਹਨੇ ਚੌੜੇ ਪਲੰਘ ਦੀ ਹੀਂਹ ਤੋਂ ਮਿੱਟੀ ਝਾੜੀ ਤੇ ਬਹਿ ਗਿਆ। ਦੋਵੇਂ ਅਰਕਾਂ ਗੋਡਿਆਂ 'ਤੇ ਟਿਕਾ ਕੇ, ਉਂਗਲਾਂ ਦੀ ਕਰਿੰਗੜੀ ਉੱਤੇ ਠੋਡੀ ਟਿਕਾ ਲਈ।

ਫ਼ਰੀਦਾ ਉਹਦੇ ਸਾਮ੍ਹਣੇ ਤੁਰਨ-ਫਿਰਨ ਲੱਗੀ। ਗੋਸ਼ਤ ਦੀ ਹਾਂਡੀ ਵਿੱਚ ਕੜਛੀ ਹਿਲਾਉਣ ਲੱਗੀ। ਤੰਦੂਰੋਂ ਗਰਮ-ਗਰਮ ਰੋਟੀਆਂ ਲਾਹੁਣ ਲੱਗੀ ਤੇ ਤੰਦੂਰੇ ਪੱਕਦੀਆਂ ਰੋਟੀਆਂ ਦੀ ਇਲਾਹੀ ਖ਼ੁਸ਼ਬੋ ਵਿੱਚ ਰਸ਼ੀਦ ਗੁਆਚ ਜਿਹਾ ਗਿਆ।

... ... ...

ਅਗਲੇ ਦਿਨ ਤੜਕੇ-ਤੜਕੇ ਚਿੜੀਆਂ ਦੇ ਗੌਣ ਨੇ ਤੇ ਕਬੂਤਰਾਂ ਦੀ ਚੁਟਕਦੀ ਗੁਟਰ-ਗੂੰ ਨੇ ਉਹਨੂੰ ਜਗਾ ਦਿੱਤਾ। ਅਜੇ ਮੂੰਹ-ਝਾਖਰਾ ਹੀ ਸੀ। ਉਹ ਪਹਿਲੋਂ ਤਾਂ ਉੱਠ ਕੇ ਸਲੀਪਰ ਵਿੱਚ ਪੈਰ ਅੜਾ ਕੇ ਸੁੱਤ-ਅਨੀਂਦਰਾ ਜਿਹਾ ਬੂਹੇ ਵੱਲ ਤੁਰਨ ਲੱਗਾ। ਦੋ ਕੁ ਕਦਮ ਹੀ ਤੁਰਿਆ ਸੀ ਕਿ ਖਲੋ ਗਿਆ, ਮੁਸਕਰਾਇਆ, "ਕਿਉਂ ਰਸ਼ੀਦ ਮੀਆਂ, ਬੂਹੇ ਦੇ ਬਾਹਰੋਂ ਅਖ਼ਬਾਰ ਚੁੱਕਣ ਤੁਰਿਆ ਏਂ ਤਾਂਕਿ ਸਿਗਰੇਟ ਸੁਲਗਾ ਕੇ ਮਜ਼ੇ ਨਾਲ਼ ਕਮੋਡ 'ਤੇ ਬਹਿ ਕੇ ਦੁਨੀਆ ਦੀਆਂ ਖ਼ਬਰਾਂ ਦਾ ਮੁਆਇਨਾ ਕੀਤਾ ਜਾਵੇ ? ਹਜ਼ੂਰ, ਇਹ ਦਰੀਆਗੰਜ ਨਹੀਂ ਏ ! ਇਹ ਤਾਂ ਆਪਣਾ ਪਿੰਡ ਏ ਤੇ ਤੁਸੀਂ ਚੌਧਰੀ ਸਾਹਿਬ, ਜ਼ਰਾ ਜਾਗੋ, ਸੋਮਲ ਹੋਵੋ। ਫੜੋ ਲੋਟਾ ਤੇ ਚੱਲੋ ਬਾਹਰ, ਜੰਗਲ਼-ਪਾਣੀ। ਪਾਣੀ ਲੋਟੇ ਵਿੱਚ ਤੇ ਜੰਗਲ਼ ਚੱਲ ਕੇ ਬਾਹਰ ਲੱਭੋ, ਤਾਂਕਿ .....।"

ਬਾਹਰੋਂ ਖ਼ਾਲੀ ਲੋਟੇ ਨੂੰ ਹੱਥ ਵਿੱਚ ਝੁਲਾਉਂਦਾ ਵਾਪਸ ਪਰਤਿਆ ਤਾਂ ਬਚਪਨ ਦੀਆਂ ਸਵੇਰਾਂ ਯਾਦ ਆ ਗਈਆਂ। ਵਾਪਸ ਮੁੜਦੀ ਵਾਰੀ ਤਾਂ ਕਿੱਕਰ ਦੀਆਂ ਟਾਹਣੀਆਂ ਭੰਨਣੀਆਂ ਹੁੰਦੀਆਂ ਸਨ। ਫੇਰ ਉਹਨਾਂ ਨੂੰ ਛਾਂਗਣਾ ਹੁੰਦਾ ਸੀ ਤੇ ਫੇਰ ਛੋਟੀਆਂ-ਛੋਟੀਆਂ ਦਾਤਣਾਂ ਬਣਾ ਕੇ ਘਰ ਲਿਆਉਣੀਆਂ ਹੁੰਦੀਆਂ ਸਨ। ਇੱਕ ਦਾਤਣ ਰਾਹ ਵਿੱਚ ਮਜ਼ੇ-ਮਜ਼ੇ ਚਿੱਥਣੀ ਹੁੰਦੀ ਸੀ।

ਘਰ ਆ ਕੇ ਦਾਤਣਾਂ ਸਭ ਨੂੰ ਦੇਣੀਆਂ, ਉਸੇ ਦੀ ਡਿਊਟੀ ਹੋਇਆ ਕਰਦੀ ਸੀ। ਇਹ ਸੋਚ ਕੇ ਰਸ਼ੀਦ ਦਾ ਮਨ ਕੂਲ਼ਾ ਹੋ ਗਿਆ। ਉਜਲਾ ਵੀ। ਉਹ ਮੁਸਕਰਾਇਆ।

ਚਾਰੇ ਪਾਸੇ ਖੇਤ ਲਹਿਲਹਾ ਰਹੇ ਸਨ। ਹਵਾ ਵਿੱਚ ਕੁਣਮੁਣੀ ਠੰਢ ਸੀ। ਅਕਤੂਬਰ ਦਾ ਅੱਧ ਸੀ। "ਅਕਤੂਬਰ, ਨਵੰਬਰ, ਦਸੰਬਰ, ਜਨਵਰੀ, ਫਰਵਰੀ...." ਰਸ਼ੀਦ ਮਨ ਵਿੱਚ ਹੀ ਇੱਕ ਵਾਰੀ ਫੇਰ ਸੈਂਕੜੇ ਵਾਰ ਹੋਈ ਗਿਣਤੀ ਦੁਹਰਾਉਣ ਲੱਗਾ। "ਮਾਰਚ'? ਮਾਰਚ ਦਾ ਵੀ ਬਹੁਤ ਖ਼ੂਬਸੂਰਤ ਮਹੀਨਾ ਹੁੰਦਾ ਏ, ਯਾਰ ਰਸ਼ੀਦ ! ਨਾ ਠੰਢ, ਨਾ ਗਰਮੀ। ਬੜਾ ਨਰਮ ਮਹੀਨਾ ਏ, ਮਾਰਚ ਦਾ। ਸਫ਼ਰ ਤੇ ਤੁਰਨ ਲਈ, ਕੋਈ ਵੀ ਕੰਮ ਕਰਨ ਲਈ ਮੌਸਮ ਦਾ ਤੇ ਮਹੀਨੇ ਦਾ ਠੀਕ ਹੋਣਾ ਬੜਾ ਅਹਿਮ ਏ, ਨਹੀਂ ? ਮਰਨ ਲਈ ਵੀ.....।"

"ਫੇਰ ਓਹੀ। ਮਰਨਾ ਕਿਹੜਾ ਅਲੋਕਾਰ ਕੰਮ ਏ, ਬੇਲੀਆ। ਸਾਰੇ ਈ ਕਰਦੇ ਨੇ। ਚਹੁੰ ਪਾਸੇ, ਦਿਨ ਰਾਤ।" ਸੋਚ ਕੇ ਫੇਰ ਉਦਾਸ ਹੋਣ ਲੱਗਾ। ਬਹੁਤਾ ਰਾਸ਼ਿਦ ਤੇ ਮਰੀਅਮ ਬਾਰੇ। ਉਹਦੇ ਆਪਣੇ ਦੋ ਬੱਚੇ, ਜਿਹੜੇ ਨਹੀਂ ਸਨ ਰਹੇ।

ਓਦੋਂ ਦਾ ਰਸ਼ੀਦ ਖ਼ੁਦਾ ਨਾਲ਼ ਖ਼ਫ਼ਾ ਸੀ। ਪਹਿਲੋਂ ਤਾਂ ਬਹੁਤ ਜ਼ਿਆਦਾ ਨਰਾਜ਼ ਸੀ। ਦਿਨ—ਰਾਤ ਉਹਦੇ ਜ਼ਿਹਨ ਵਿੱਚ ਝਗੜਾ ਹੁੰਦਾ ਰਹਿੰਦਾ, ਕਿਸੇ ਓਸ ਨਾਲ਼ ਜਿਸ ਨੇ ਉਹਦੀ ਮਰੀਅਮ ਉਹਦੇ ਕੋਲ਼ੋਂ ਖੋਹ ਲਈ ਸੀ ਪਰ ਮਗਰੋਂ ਉਹਨੇ ਖ਼ੁਦਾ ਦੀ ਹੋਂਦ ਨੂੰ ਗੌਲਣੋਂ ਗੁਰੇਜ਼ ਕਰਨਾ ਸ਼ੁਰੂ ਕਰ ਦਿੱਤਾ। ਹੈ ਤੇ ਹੈ, ਨਹੀਂ ਹੈ ਤੇ ਨਹੀਂ ਹੈ। ਜਿਸ ਤਰ੍ਹਾਂ ਕਿਸੇ ਲੜਾਕੇ ਗੁਆਂਢੀ ਨੂੰ ਅਸੀਂ ਵੇਖ ਕੇ ਅਣਡਿੱਠ ਕਰ ਛੱਡਦੇ ਹਾਂ, ਉਸੇ ਤਰ੍ਹਾਂ।

"ਓਏ, ਰਸ਼ੀਦ ਮੀਆਂ। ਓਏ ਕਿੱਧਰ ਤੁਰ ਪਿਆ ਏਂ, ਮੂੰਹ ਚੁੱਕ, ਕੇ ਬੋਤੇ ਵਾਂਗਰਾਂ ? ਆਪਣੇ ਘਰ ਦੀ ਗਲ਼ੀ ਦਾ ਮੋੜ ਤਾਂ ਪਿੱਛੇ ਰਹਿ ਗਿਆ ਅਤੇ ਉਹ ਵਾਪਸ ਮੁੜ ਪਿਆ।"

ਹੁਣ ਉਹ ਪਿੰਡ ਦੀ ਗਲ਼ੀ ਵਿੱਚ ਸੀ। ਲੰਘਦੇ ਆਉਂਦੇ ਲੋਕ ਉਹਨੂੰ ਪਲ ਕੁ ਖੜ੍ਹੋ ਕੇ ਪਛਾਣਨ ਦੀ ਕੋਸ਼ਸ਼ ਕਰਦੇ ਸਨ ਤੇ ਫੇਰ ਪਛਾਣ ਕੇ ਦੁਆ-ਸਲਾਮ ਕਰਦੇ ਸਨ, ਦੁੱਖ-ਸੁੱਖ ਪੁੱਛਦੇ ਸਨ।

"ਕਿਸ ਤਰ੍ਹਾਂ ਆਉਣਾ ਹੋਇਆ ?"

"ਬੱਸ, ਜ਼ਰਾ ਗੇੜਾ ਮਾਰਨ।"

"ਚੰਗਾ ਏ, ਚੰਗਾ ਏ, ਘਰਾਂ ਦੀ ਵੀ ਸੁਰਤ-ਸੰਭਾਲ਼ ਰੱਖਣੀ ਹੀ ਚਾਹੀਦੀ ਏ। ਘਰ ਤਾਂ ਘਰ ਵਾਲ਼ਿਆਂ ਨਾਲ਼ ਹੀ ਸੋਭਦੇ ਨੇ। ਹੈ ਨਾ, ਜੀ ?"

"ਅਸਲਮ ਕੀ ਕਰ ਰਿਹਾ ਏ, ਅੱਜ-ਕੱਲ੍ਹ ?"

"ਡਾਕਟਰੀ।"

"ਹਲਾ ! ਪਰਵਰਦਿਗਾਰ ਦਾ ਬੜਾ ਸ਼ੁਕਰ ਹੈ, ਜੀ ! ਡਾਕਟਰੀ ! ਵਾਹਵਾ ਨਾਂ ਰੌਸ਼ਨ ਕਰ ਦਿੱਤਾ, ਖ਼ਾਨਦਾਨ ਦਾ ! ਨਾਲ਼ੇ ਕਦੇ-ਕਦੇ ਤਾਂ ਪਿੰਡ ਵੀ ਗੇੜਾ ਮਾਰਿਆ ਹੀ ਕਰੇਗਾ ਨਾ, ਏਥੇ ਜੀ, ਅੱਖਾਂ ਦੀ ਬੜੀ ਬਿਮਾਰੀ ਏ। ਬੰਦਾ ਚਾਲ਼ੀਆਂ ਤੋਂ ਟੱਪਿਆ ਨਹੀਂ ਕਿ ਅੱਖਾਂ ਵਿੱਚ ਮੋਤੀਆ ਉੱਤਰਨਾ ਸ਼ੁਰੂ ਹੋ ਜਾਂਦਾ ਹੈ। ਸ਼ਹਿਰਾਂ ਵਿੱਚ ਤਾਂ ਆਖਦੇ ਨੇ, ਮੋਤੀਏ ਦਾ ਅਪਰੇਸ਼ਨ ਮਿੰਟਾਂ-ਸਕਿੰਟਾਂ ਵਿੱਚ ਹੋ ਜਾਂਦਾ ਹੈ ?"

"ਅਸਲਮ ਤਾਂ ਅਮਰੀਕਾ ਐ ।"

"ਅਮਰੀਕਾ ? ਹਲਾ-ਹਲਾ ! ਖ਼ੈਰ ਨਾਲ਼ ! ਅਮਰੀਕਾ !"

"ਜਦੋਂ ਆਵੇਗਾ, ਉਹਨੂੰ ਏਥੇ ਜ਼ਰੂਰ ਲਿਆਵਾਂਗਾ। ਖ਼ਿਦਮਤ ਕਰੇਗਾ, ਸਭ ਦੀ।"

"ਕਿਉਂ ਨਹੀਂ ? ਖ਼ੈਰ ਨਾਲ਼ ਆਪਣਾ ਬਰਖ਼ੁਰਦਾਰ ਏ ।"

ਤੇ ਰਸ਼ੀਦ ਮਨ ਵਿੱਚ ਹੀ ਮੁਸਕਰਾਇਆ, "ਵਾਹ, ਰਸ਼ੀਦ ਮੀਆਂ ! ਕਿੰਨੀ ਸਫ਼ਾਈ ਨਾਲ਼ ਝੂਠ ਬੋਲਦਾ ਏਂ ! ਝੂਠ ? ਕਾਹਦਾ ਝੂਠ ? ਅਗਲੇ ਦਾ ਦਿਲ ਰੱਖ ਲਿਆ, ਝੂਠ ਸਹੁਰੇ ਦੀ ਕਿਹੜੀ ਗੱਲ ਏ ? ਘਰ ਦੀ ਖੇਤੀ ਐ, ਸੱਚ-ਝੂਠ।"

.......

ਰਸ਼ੀਦ ਨੇ ਬੜੀ ਲਗਨ ਨਾਲ਼ ਘਰ ਦੀ ਸਫ਼ਾਈ ਸ਼ੁਰੂ ਕੀਤੀ। ਕਿੰਨਾ ਹੀ ਕੁਝ ਵਾਧੂ ਪਿਆ ਸੀ - ਪੁਰਾਣੇ ਹਲ਼ ਤੇ ਪੰਜਾਲ਼ੀਆਂ, ਛੱਜ ਤੇ ਛਾਣਨੀਆਂ, ਵਿੰਗੀਆਂ ਹੋਈਆਂ ਕੜਛੀਆਂ ਤੇ ਚਿਮਟੇ, ਪੁਰਾਣੇ ਚੁੱਲ੍ਹੇ, ਖਰੇਪੜਾਂ, ਵਲਟੋਹੀਆਂ ਤੇ ਗਾਗਰਾਂ, ਮੰਜੇ ਤੇ ਹੀਹਾਂ-ਪਾਵੇ, ਟੁੱਟੀਆਂ ਲੱਤਾਂ ਵਾਲ਼ੀਆਂ ਕੁਰਸੀਆਂ ਤੇ ਝੂਲ-ਝੂਲ ਕਰਦੇ ਮੇਜ਼ ਤੇ ਕਿੰਨਾ ਹੀ ਨਿਕ ਸੁਕ ਜਿਹੜਾ ਇਸ ਗੱਲ ਦੀ ਸ਼ਾਹਦੀ ਦੇਂਦਾ ਸੀ ਕਿ ਕਦੇ ਇਸ ਹਵੇਲੀ ਵਿੱਚ ਇਸ ਸਭ ਕੁਝ ਨੂੰ ਵਰਤਣ ਵਾਲ਼ੇ ਲੋਕ ਰਿਹਾ ਕਰਦੇ ਸਨ।

ਘਰ ਦੇ ਆਸ-ਪਾਸ ਓਹਨੇ ਗੁਲਾਬ ਦੇ ਬਹੁਤ ਸਾਰੇ ਪੌਦੇ ਲੁਆ ਦਿੱਤੇ । ਹਿਸਾਬ ਕਰਨ ਲੱਗਾ ਕਿ ਕਦੋਂ ਖਿੜਨਗੇ ਇਹ ਗੁਲਾਬ ? ਮਾਰਚ ਤੋਂ ਪਹਿਲੋਂ ਕਿ ਮਾਰਚ ਤੋਂ ਪਿੱਛੋਂ ?

ਬਹੁਤ ਸਾਰੇ ਕਬੂਤਰ ਪਾਲ਼ ਲਏ, ਰਸ਼ੀਦ ਨੇ। ਸਫ਼ੈਦ ਤੇ ਸੁਰਮਈ ਤੇ ਚਿਤਰ-ਮਿਤਰੇ ਤੇ ਬ੍ਰਾਊਨ ਰੰਗ ਦੇ ਕਬੂਤਰ। ਬੇਹੱਦ ਲਾਡ ਆਉਂਦਾ ,ਉਹਨੂੰ ਉਹਨਾਂ 'ਤੇ। ਮਨ ਵਿੱਚ ਹੀ ਉਹ ਕਬੂਤਰਾਂ ਨਾਲ਼ ਗੱਲਾਂ ਕਰਦਾ ਰਹਿੰਦਾ। ਦਾਣਾ ਖਿਲਾਰਦਾ ਤੇ ਕਹਿੰਦਾ, "ਸਾਹ ਲਓ ਓਏ, ਸਾਹ ਲਓ। ਕਿਉਂ ਬੇਵਿਸਾਹੇ ਹੋਈ ਜਾਂਦੇ ਓ ? ਰੱਜ ਕੇ ਖਾ ਲਓ। ਹੜਬੜੀ ਕਾਹਦੀ ਪਈ ਏ, ਤੁਹਾਨੂੰ ? ਹਾਲੀ ਤੇ ਸਾਰਾ ਦਿਨ ਪਿਆ ਏ। ਖਾਈ ਜਾਓ ਤੇ ਗਾਈ ਜਾਓ ਤੇ ਪਿਆਰ ਕਰੀ ਜਾਓ ਤੇ ਉੱਡੀ ਜਾਓ ਤੇ ਪੈਰਾਂ 'ਤੇ ਗੋਲ਼-ਗੋਲ਼ ਘੁੰਮੀ ਜਾਓ। ਲਿਸ਼ਕਾਈ ਜਾਓ ਆਪਣੇ ਖੰਭ ਤੇ ਧੌਣਾਂ ,ਧੁੱਪ ਵਿੱਚ ।"

ਸਵੇਰੇ ਉੱਠਦਾ ਤੇ ਕਬੂਤਰਾਂ ਨੂੰ ਆਖਦਾ, "ਹਲਾ-ਹਲਾ ! ਕਿਉਂ ਡੰਡ ਪਾਈ ਜੇ, ਉੱਠ ਪਿਆ ਵਾਂ, ਮੈਂ।"

ਉਹਨੂੰ ਲੱਗਦਾ, ਚਿੜੀਆਂ ਉਹਨੂੰ ਹੀ ਉਠਾਉਣ ਲਈ ਗਾ ਰਹੀਆਂ ਹਨ। 'ਭਲਿਆ ਲੋਕਾ, ਉੱਠ। ਸੌਣ ਲਈ ਤਾਂ ਤਮਾਮ ਸਮਾਂ ਪਿਆ ਏ, ਕਿਆਮਤ ਤੱਕ। ਹੋਰ ਚਹੁੰ-ਪੰਜਾਂ ਮਹੀਨਿਆਂ ਨੂੰ ਸੌਣਾ ਹੀ ਏ ਨਾ। ਹੋਰ ਕਰਨਾ ਹੀ ਕੀ ਏ ? ਫ਼ਿਲਹਾਲ ਤਾਂ ਆਸੇ-ਪਾਸੇ ਵੇਖ, ਵੇਖ ਕੁਦਰਤ ਓਸ ਕਾਦਰ ਦੀ। ਹਾਲੀ ਤਾਂ ਸਵੇਰ ਦਾ ਪਹੁ-ਫੁਟਾਲਾ ਹੈ, ਰੁੱਖਾਂ 'ਤੇ ਤਾੜੀਆਂ ਮਾਰਦੇ ਪੱਤੇ ਨੇ, ਭੂਰੀ ਮਿੱਟੀ ਦੀ ਖ਼ੁਸ਼ਬੋਈ ਹੈ, ਅਸਮਾਨ ਦੀ ਨੀਲਾਹਟ ਹੈ। ਗੁਲਾਬਾਂ ਦੇ ਪੌਦਿਆਂ ਦੀਆਂ ਨਵੀਆਂ ਕਰੂੰਬਲ਼ਾਂ ਨੇ, ਧੁੱਪ ਹੈ, ਹਵਾ ਹੈ, ਜ਼ਿੰਦਗੀ ਹੈ।'

"ਇੱਕ ਵਕਤ ਈ ਹੈ, ਜਿਹੜਾ ਵਾਪਸ ਨਹੀਂ ਔਂਦਾ, ਰਸ਼ੀਦ ਮੀਆਂ ! ਹੋਰ ਸਭ ਕੁਝ ਵਾਪਸ ਆ ਜਾਂਦਾ ਏ। ਰੁੱਤਾਂ ਵਾਪਸ ਮੁੜ ਔਂਦੀਆਂ ਨੇ। ਮੌਸਮ ਕਰਵਟ ਬਦਲ ਕੇ ਫੇਰ ਵਾਪਸ ਆ ਜਾਂਦੇ ਨੇ। ਧੁੱਪ, ਰੌਸ਼ਨੀ, ਹਵਾ ਸਭ ਵਾਪਸ ਆ ਜਾਂਦੇ ਨੇ ਪਰ ਵਕਤ ਜਿਹੜਾ ਗੁਜ਼ਰ ਜਾਂਦਾ ਏ, ਉਹ ਸਿਰਫ਼ ਖਾਦ ਬਣ ਜਾਂਦਾ ਏ।"

'ਮਨੁੱਖ ਵੀ ਤੇ ਖਾਦ ਹੀ ਬਣ ਜਾਂਦਾ ਏ, ਕਬਰ ਵਿੱਚ ਲੇਟਿਆ-ਲੇਟਿਆ।'

'ਪਰ ਉਹ ਕਿਆਮਤ ਦਾ ਰੋਜ਼ ? ਕਬਰ ਵਿੱਚੋਂ ਉੱਠਣ ਦਾ ਦਿਨ ?'

'ਸਭ ਵਾਧੂ ਗੱਲਾਂ ਨੇ, ਰਸ਼ੀਦ ਮੀਆਂ ! ਦਿਲ ਪਰਚਾਉਣ ਲਈ। ਜਿਹੜੇ ਲੋਕ ਅਖ਼ੀਰ ਨੂੰ, ਅਖ਼ੀਰ ਮੰਨਣ ਲਈ ਤਿਆਰ ਨਹੀਂ ਹੁੰਦੇ। ਉਹਨਾਂ ਨੂੰ ਵਰਚਾਉਣ ਲਈ।'

ਉਹ ਜਾਗਦਾ ਤਾਂ ਉਹਨੂੰ ਲੱਗਦਾ, ਉਹ ਸੁੱਤਾ ਤਾਂ ਹੈ ਹੀ ਨਹੀਂ ਸੀ।

ਰਸ਼ੀਦ ਆਸ-ਪਾਸ ਵੇਖ-ਵੇਖ ਕੇ ਹੈਰਾਨ ਪਿਆ ਹੁੰਦਾ। ਇਹ ਕਿਸਮ-ਕਿਸਮ ਦੇ ਪੰਛੀ— ਚਿੜੀਆਂ, ਕਬੂਤਰ, ਮੈਨਾ, ਘੁੱਗੀਆਂ ਤੇ ਬਗਲੇ ਤੇ ਹੋਰ ਕਈ ਜਿਨ੍ਹਾਂ ਦੇ ਨਾਂ ਉਹਨੂੰ ਨਹੀਂ ਸਨ ਆਉਂਦੇ ਪਰ ਜਿਨ੍ਹਾਂ ਨੂੰ ਵੇਖਦਿਆਂ ਹੀ ਉਹ ਪਛਾਣ ਲੈਂਦਾ ਕਿ ਉਹ ਕਿਸ ਤਰ੍ਹਾਂ ਆਪਣੀ ਪੂਛਲ ਨੂੰ ਹਰ ਸੁਰ ਨਾਲ਼ ਹਵਾ ਵਿੱਚ ਹੁਲਾਰਨਗੇ ਤੇ ਜਦੋਂ ਉਹ ਕਿਸੇ ਰੁੱਖ ਤੇ ਪੱਤਿਆਂ ਵਿੱਚ ਛੁਪ ਕੇ ਗਾਉਂਦੇ, ਉਹਨੂੰ ਉਸ ਪੰਛੀ ਦਾ ਰੰਗ-ਰੂਪ ਸਭ ਪਤਾ ਲੱਗ ਜਾਂਦਾ। ਰਸ਼ੀਦ ਹੈਰਾਨ ਹੋ ਕੇ ਸੋਚਦਾ, 'ਇਹ ਸਾਰੇ ਦੇ ਸਾਰੇ ਮੇਰੀ ਹੀ ਦੁਨੀਆ ਵਿੱਚ ਰਹਿ ਰਹੇ ਸਨ ? ਹਮੇਸ਼ਾਂ ਤੋਂ ? ਕਿੱਥੇ ਲੁਕੇ ਰਹੇ ਨੇ, ਇਹ ਸਾਰੇ, ਏਨੇ ਵਰ੍ਹੇ ? ਲੁਕੇ ਇਹ ਕਿੱਥੇ ਰਹੇ ਨੇ, ਯਾਰ ਰਸ਼ੀਦ ! ਲੁਕਿਆ ਤੇ ਤੂੰ ਰਿਹਾ ਏਂ।'

ਏਨੇ ਸਾਲ ਜਦੋਂ ਉਹ ਘਰੋਂ ਦਫ਼ਤਰ ਤੇ ਦਫ਼ਤਰੋਂ ਘਰ ਦਾ ਫ਼ਾਸਲਾ ਤੈਅ ਕਰਦਾ ਰਿਹਾ ਸੀ, ਜਦੋਂ ਉਹ ਆਪਣੀ ਤਨਖ਼ਾਹ ਤੇ ਖ਼ਰਚਿਆਂ ਦੇ ਹਿਸਾਬ-ਕਿਤਾਬ ਜੋੜਦਾ ਰਿਹਾ ਸੀ, ਜਦੋਂ ਉਹ ਅਫ਼ਸਰ ਦੀ ਹਰ ਡਾਂਟ ਨਾਲ਼ ਉਦਾਸ ਹੁੰਦਾ ਰਿਹਾ ਸੀ ਤੇ ਹਰ ਤਰੱਕੀ ਨਾਲ਼ ਖ਼ੁਸ਼ ਹੁੰਦਾ ਰਿਹਾ ਸੀ, ਜਦੋਂ ਉਹ ਸਵੇਰੇ ਉੱਠ ਕੇ ਅਖ਼ਬਾਰ ਪੜ੍ਹਦਾ ਤੇ ਚਾਹ ਪੀਂਦਾ ਰਿਹਾ ਸੀ, ਬੱਸਾਂ ਲਈ ਕਤਾਰਾਂ ਵਿੱਚ ਖੜ੍ਹੇ ਕੇ ਲੰਮੀ ਇੰਤਜ਼ਾਰ ਕਰਦਾ ਰਿਹਾ ਸੀ, ਪਾਨ ਖਾਂਦਾ ਤੇ ਸਿਗਰੇਟ ਪੀਂਦਾ ਰਿਹਾ ਸੀ, ਰੋਜ਼ੇ ਰੱਖਦਾ ਤੇ ਈਦ ਮਨਾਉਂਦਾ ਰਿਹਾ ਸੀ, ਰਿਸ਼ਤੇਦਾਰੀਆਂ ਤੇ ਦੋਸਤੀਆਂ ਵਿੱਚ ਹੋਣ ਵਾਲ਼ੀਆਂ ਖ਼ੁਸ਼ੀਆਂ-ਗ਼ਮੀਆਂ ਵਿੱਚ ਸ਼ਿਰਕਤ ਕਰਦਾ ਰਿਹਾ ਸੀ, ਲੋੜਵੰਦ ਦੋਸਤਾਂ ਦੀਆਂ ਜ਼ਰੂਰਤਾਂ ਕਦੇ ਫ਼ਰਾਖ਼ਦਿਲੀ ਨਾਲ਼ ਪੂਰੀਆਂ ਕਰਦਾ ਰਿਹਾ ਸੀ ਤੇ ਕਦੇ ਕਮੀਨਗੀ ਨਾਲ਼ ਉਹਨਾਂ ਕੋਲ਼ੋਂ ਝੂਠ-ਸੱਚ ਬੋਲ ਕੇ ਪੱਲਾ ਛੁਡਾਉਂਦਾ ਰਿਹਾ ਸੀ। ਆਪਣੇ ਦਾਦੇ ਨੂੰ ਤੇ ਫੇਰ ਆਪਣੀ ਅੰਮੀ ਨੂੰ, ਫੇਰ ਅੱਬੂ ਨੂੰ, ਫੇਰ ਰਾਸ਼ਿਦ ਨੂੰ, ਮਰੀਅਮ ਨੂੰ ਤੇ ਅਖ਼ੀਰ ਵਿੱਚ ਫ਼ਰੀਦਾ ਨੂੰ, ਅਨੇਕਾਂ ਨਾਤੇਦਾਰਾਂ ਤੇ ਦੋਸਤਾਂ ਨੂੰ ਰੁਖ਼ਸਤ ਕਰਕੇ ਜ਼ਮੀਨ ਦੇ ਹੇਠਾਂ ਸੁਆਉਂਦਾ ਰਿਹਾ ਸੀ। ਉਹਨਾਂ ਤਮਾਮ ਗੁਜ਼ਰੇ ਵਰ੍ਹਿਆਂ ਵਿੱਚ ਇਹ ਤਮਾਮ ਜ਼ਿੰਦਗੀ ਕਿਸ ਤਰ੍ਹਾਂ ਉਹਦੇ ਕੋਲ਼ੋਂ ਚੋਰੀ ਜਸ਼ਨ ਮਨਾਉਂਦੀ ਰਹੀ ਸੀ। ਰਸ਼ੀਦ ਉੱਠ ਕੇ ਕਬੂਤਰਾਂ ਨੂੰ ਦਾਣਾ ਪਾਉਂਦਾ। ਉਹਨਾਂ ਦੇ ਤਸਲਿਆਂ ਨੂੰ ਧੋ-ਕੂਚ ਕੇ, ਉਹਨਾਂ ਵਿੱਚ ਤਾਜ਼ਾ ਪਾਣੀ ਭਰਦਾ। ਗੁਟਰ-ਗੂੰ ਕਰਦੇ ਹੋਏ ਉਹ ਆਪਣੇ ਗੁਲਾਬੀ ਪੰਜਿਆਂ 'ਤੇ ਘੁੰਮ-ਘੁੰਮ ਜਾਂਦੇ, ਜਿਵੇਂ ਸਿਰਫ਼ ਉਹਦੇ ਲਈ ਹੀ ਨੱਚ ਰਹੇ ਹੋਣ। ਦਾਣਾ ਚੁਗਦਿਆਂ ਉਹਨਾਂ ਦੀਆਂ ਧੌਣਾਂ ਧੁੱਪ ਦੇ ਲਿਸ਼ਕਾਰੇ ਵਿੱਚ ਬੈਂਗਣੀ ਤੇ ਗੁਲਾਬੀ ਭਾਹ ਮਾਰਦੀਆਂ। ਉਹਨਾਂ ਦੀਆਂ ਗੋਲ਼, ਗੁਲਾਬੀ ਅੱਖਾਂ ਉਹਦੇ ਵੱਲ ਤੱਕ-ਤੱਕ ਕੇ ਝਮਕਦੀਆਂ ਤੇ ਫੇਰ ਉਹ ਜ਼ਿਦ-ਬਜ਼ਿਦੀ ਅਸਮਾਨ ਦੀ ਨੀਲਾਹਟ ਵਿੱਚ ਤੈਰਦੇ।

ਰਸ਼ੀਦ ਤੱਕਦਾ, ਕਬੂਤਰਾਂ ਦੇ ਜੋੜੇ ਕਿਸ ਤਰ੍ਹਾਂ ਆਪਣੀਆਂ ਚੁੰਝਾਂ ਨਾਲ਼ ਇੱਕ-ਦੂਜੇ ਦੀਆਂ ਗਰਦਨਾਂ ਪਲੋਸਦੇ, ਖੰਭਾਂ ਨੂੰ ਦੁਲਾਰਦੇ ਤੇ ਨਿੱਕੇ-ਨਿੱਕੇ ਕਾਂਬੇ ਨਾਲ਼ ਕੰਬਦੇ ਰਹਿੰਦੇ।

.........

ਰਸ਼ੀਦ ਦੀ ਇੱਕ ਬਿੱਲੀ ਨੇ ਬੱਚੇ ਦਿੱਤੇ ਤੇ ਉਹਨੂੰ ਉਹਨਾਂ ਜੋਗਾ ਦੁੱਧ ਵਧੇਰੇ ਲਿਆਉਣ ਦੀ ਚਿੰਤਾ ਹੋਈ। ਨਿੱਕੇ-ਨਿੱਕੇ ਰੂੰ ਦੇ ਗੋਹੜਿਆਂ ਵਰਗੇ ਬਲੂੰਗੜਿਆਂ ਨੂੰ ਜਦੋਂ ਉਹ ਚੁੱਕਦਾ ਤਾਂ ਉਹਨਾਂ ਦੀਆਂ ਪੱਸਲੀਆਂ ਉਂਗਲ਼ਾਂ ਨੂੰ ਰੜਕਦੀਆਂ। 'ਪੋਲੇ ਜਿਹੇ, ਪੋਲੇ ਜਿਹੇ ਚੁੱਕ ਰਸ਼ੀਦ ਮੀਆਂ, ਕਿਧਰੇ ਕੋਈ ਪੱਸਲੀ ਕੜਕ-ਕੁੜਕ ਗਈ ਤਾਂ ਹੋਰ ਦਵਾ-ਦਾਰੂ ਕਰਨ ਦਾ ਖਲਜਗਣ ਆ ਪਵੇਗਾ।'

ਝੋਲ਼ੀ ਵਿੱਚ ਬਲੂੰਗੜਿਆਂ ਨੂੰ ਰੱਖ ਕੇ ਕਿੰਨਾ-ਕਿੰਨਾ ਚਿਰ ਉਹ ਉਹਨਾਂ ਦੀ ਕੂਲ਼ੀ ਪਸ਼ਮ ਜਿਹੀ ਪਿੱਠ 'ਤੇ ਹੱਥ ਫੇਰਦਾ ਰਹਿੰਦਾ। ਬਿੱਲੀ, ਉਹਨਾਂ ਦੀ ਮਾਂ, ਦੂਰੋਂ ਤੱਕ-ਤੱਕ ਕੇ ਨਿਹਾਲ ਹੋਈ ਜਾਂਦੀ। ਉਂਞ ਇੱਕ ਅੱਖ ਵੀ ਰੱਖਦੀ ਉਹ ਉਹਦੇ 'ਤੇ, ਕਿਧਰੇ ਉਹਦੇ ਬੱਚਿਆਂ ਨਾਲ਼ ਕੋਈ ਉੱਚੀ-ਨੀਵੀਂ ਨਾ ਹੋ ਜਾਵੇ।

...........

ਮਿਹਦੇ ਵਿੱਚ ਦਰਦ ਦੇ ਮਰੋੜ ਜਿਹੇ ਜਦੋਂ ਵੀ ਪੈਂਦੇ, ਉਹ ਪੀੜ ਨਾਲ਼ ਦੂਹਰਾ ਹੋ ਜਾਂਦਾ। ਲੱਗਦਾ, ਸਾਰੀ ਦੀ ਸਾਰੀ ਜਾਨ, ਜਿਵੇਂ ਗੁੱਛਾ ਹੋ ਕੇ ਉਹਦੇ ਸੜ ਰਹੇ ਮਿਹਦੇ ਵਿੱਚ ਜਾ ਬੈਠੀ ਸੀ।

ਦਵਾਈ ਖਾਣ ਨੂੰ ਕਦੇ ਵੀ ਉਹਦਾ ਦਿਲ ਨਾ ਕਰਦਾ। ਉਹਨੇ ਸੁਣਿਆ ਸੀ ਤੇ ਮਗਰੋਂ ਆਪ ਕਿਤਾਬ ਲੈ ਕੇ ਪੜ੍ਹਿਆ ਵੀ ਸੀ ਕਿ ਇਹਨਾਂ ਦਵਾਈਆਂ ਨਾਲ਼ ਸਭ ਤੋਂ ਪਹਿਲਾਂ ਤਾਂ ਬੰਦਾ ਗੰਜਾ ਹੋ ਜਾਂਦਾ ਏ। ਚਿੜੀ ਦੇ ਨਵੇਂ ਜੰਮੇ ਬੋਟ ਦੀ ਪਿੱਠ ਵਾਗੂੰ - ਉਹ ਸੋਚਦਾ ਤੇ ਉਹ ਲਾਡ ਨਾਲ ਆਪਣੇ ਸਿਰ ਦੇ ਸੰਘਣੇ ਵਾਲ਼ਾਂ ਵਿੱਚ ਉਂਗਲ਼ੀਆਂ ਫੇਰਦਾ ਤੇ ਵਾਲ਼ਾਂ ਨੂੰ, ਜਿਵੇਂ ਆਖਦਾ, 'ਚਿੰਤਾ ਨਾ ਕਰੋ, ਤੁਸੀਂ ਰਵ੍ਹੋਗੇ, ਮੇਰੇ ਨਾਲ਼ ਹੀ। ਆਖ਼ਰ ਤੱਕ। ਦੁਆਈਆਂ ਦੀ ਐਸੀ ਕੀ ਤੈਸੀ।'

ਜਦੋਂ ਵੀ ਕਦੇ ਦਰਦ ਵਧਦਾ ਜਾਪਦਾ, ਉਹ ਜਾਂ ਤਾਂ ਬਾਹਰ ਕਿਆਰੀਆਂ ਵਿੱਚ ਫੁੱਲਾਂ ਦੀਆਂ ਦੋ-ਚਾਰ ਕਲਮਾਂ ਹੋਰ ਲਾ ਲੈਂਦਾ ਤੇ ਫੇਰ ਪੱਤਿਆਂ ਦੇ ਕੁਮਲਾਉਣ ਨੂੰ ਤੇ ਅਗਲੇ ਦਿਨ ਨਰੋਏ ਹੋ ਜਾਣ ਨੂੰ ਤੇ ਤੀਜੇ-ਚੌਥੇ ਦਿਨ ਨਵੀਆਂ ਪੱਤੀਆਂ ਦੇ ਫੁੱਟ ਪੈਣ ਨੂੰ ਤੱਕਦਾ ਰਹਿੰਦਾ ਜਾਂ ਫੇਰ ਪਿੰਡ ਦੀਆਂ ਗਲ਼ੀਆਂ ਵਿੱਚ ਫਿਰਦੀ ਕੋਈ ਨਾ ਕੋਈ ਅਵਾਰਾ ਤੇ ਭੁੱਖੀ ਬਿੱਲੀ ਨੂੰ ਹੀ ਚੁੱਕ ਲਿਆਉਂਦਾ ਤੇ ਦੋ ਕਬੂਤਰ ਹੋਰ ਲੈ ਆਉਂਦਾ।

ਤੇ ਜਾਂ ਫੇਰ ਆਂਢ-ਗੁਆਂਢ ਦੇ ਬੱਚਿਆਂ ਨੂੰ ਹੀ ਸੱਦ ਕੇ ਉਹਨਾਂ ਨੂੰ ਬਾਤਾਂ ਸੁਣਾਉਂਦਾ ਰਹਿੰਦਾ। ਸਕੂਲੇ ਪੜ੍ਹਦੇ ਮੁੰਡੇ-ਕੁੜੀਆਂ ਦਾ 'ਹੋਮ- ਵਰਕ' ਕਰਵਾ ਦੇਂਦਾ।

ਕਈ ਵਾਰੀ ਉਹ ਹੈਰਾਨ ਹੋ ਕੇ ਸੋਚਦਾ, 'ਪਰ ਰਸ਼ੀਦ ਮੀਆਂ ! ਤੇਰੀ ਇੱਕ ਗੱਲ ਦੀ ਸਮਝ ਨਹੀਂ ਆਈ, ਪਈ ਤੇਰੇ ਕਲੇਜੇ ਦੀ ਪੀੜ ਨਾਲ਼ ਬੱਚਿਆਂ ਦਾ ਤੇ ਗੁਲਾਬਾਂ ਦਾ ਤੇ ਕਬੂਤਰਾਂ ਦਾ ਤੇ ਬਿੱਲੀਆਂ ਦਾ ਕੀ ਤਅੱਲੁਕ ਏ ? ਰਤਾ ਸੋਚ-ਸਾਚ ਕੇ ਸਮਝਾ ਤਾਂ ਸਹੀ !'

........

ਐਤਕੀਂ ਪੀੜ ਦਾ ਤੁਫ਼ਾਨ ਉੱਠਿਆ ਤਾਂ ਰਤਾ ਵੱਲ ਹੋ ਕੇ ਉਹ ਕਿਧਰੋਂ ਰੰਗ-ਬਰੰਗੇ ਛੋਟੇ-ਛੋਟੇ ਤੋਤੇ ਖ਼ਰੀਦ ਲਿਆਇਆ ਤੇ ਫੇਰ ਕਿੰਨੇ ਹੀ ਦਿਨ ਉਹ ਉਹਨਾਂ ਲਈ ਖੁੱਲ੍ਹੇ, ਮੋਕਲੇ ਪਿੰਜਰੇ ਬਣਵਾਉਂਦਾ ਰਿਹਾ, ਬਾਹਰਲੇ ਲੰਮੇ-ਚੌੜੇ ਵਿਹੜੇ ਦੀ ਖੱਬੀ ਕੰਧ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ। ਪਿੰਜਰੇ ਬਣ ਗਏ ਤਾਂ ਉਹਨਾਂ ਵਿੱਚ ਰਾਂਗਲੀਆਂ ਕੁੱਜੀਆਂ ਲਟਕਾ ਕੇ ਉਹਨੇ ਤੋਤਿਆਂ ਲਈ ਘਰ ਬਣਾ ਦਿੱਤੇ। ਫੇਰ ਹੇਠਾਂ ਪਾਣੀ ਦੇ ਤਸਲੇ ਭਰ ਕੇ ਰੱਖਣੇ, ਦਾਣਿਆਂ ਦੀ ਚੰਗੇਰ, ਮਿਰਚਾਂ ਅਤੇ ਸਾਰੀਆਂ ਚੀਜ਼ਾਂ ਦੀ ਸਫ਼ਾਈ ਕਰਨਾ। ਇਸੇ ਕੰਮ ਵਿੱਚ ਦਿਨ ਕਿੱਧਰੋਂ ਚੜ੍ਹਦਾ ਤੇ ਕਿੱਧਰ ਲਹਿ ਜਾਂਦਾ, ਪਤਾ ਹੀ ਨਾ ਲੱਗਦਾ।

'ਲੈ ਬਈ, ਇੱਕ ਹੋਰ ਦਿਨ ਨੂੰ ਝੁਠਾਲ਼ੀ ਦੇ ਦਿੱਤੀ। ਐਸਾ ਉੱਲੂ ਬਣਾਇਆ ਕਿ ਚੁੱਪ-ਚਾਪ ਲਹਿ ਕੇ ਤੁਰ ਗਿਆ। ਵਾਹ ! ਰਸ਼ੀਦ ਮੀਆਂ ! ਜਵਾਬ ਨਹੀਂ ਤੇਰਾ ਵੀ।' — ਉਹ ਮੁਸਕਰਾਉਂਦਾ ।

ਰਾਤੀਂ ਭਾਵੇਂ ਨੀਂਦਰ ਆਵੇ, ਭਾਵੇਂ ਨਾ, ਸਵੇਰੇ ਉੱਠਦਾ ਤੇ ਉਹਨੂੰ ਲੱਗਦਾ ਉਹ ਹੁਣੇ-ਹੁਣੇ ਜੰਮਿਆ ਸੀ। ਇਹ ਧਰਤੀ, ਇਹ ਕਾਇਨਾਤ ਵੀ ਹੁਣੇ-ਹੁਣੇ ਤਾਮੀਰ ਹੋਈ ਸੀ, ਸਿਰਫ਼ ਉਹਦੇ ਲਈ। ਇਹ ਸਬਜ਼ਾਜ਼ਾਰ ਰੁੱਖ ਜਿਨ੍ਹਾਂ ਵਿੱਚ ਹਵਾ ਤੇ ਧੁੱਪ ਕੋਲੋਂ-ਕੋਲ਼ ਬੈਠੀਆਂ ਹੌਲ਼ੀ-ਹੌਲ਼ੀ ਕੰਬਦੀਆਂ ਰਹਿੰਦੀਆਂ।

..........

ਜਦੋਂ ਸ਼ੁਰੂ-ਸ਼ੁਰੂ ਵਿੱਚ ਉਹ ਪਿੰਡ ਆਇਆ ਸੀ ਤਾਂ ਹੁਨਾਲ਼ ਦਾ ਮੌਸਮ ਸੀ। ਗਰਮੀਆਂ ਤੇ ਸਰਦੀਆਂ ਦੇ ਵਿਚਕਾਰਲੀ ਮਿੱਠੀ ਜਿਹੀ ਰੁੱਤ। ਉਹ ਹਮੇਸ਼ਾਂ ਆਪਣਾ ਮੰਜਾ ਬਾਹਰ ਵਿਹੜੇ ਵਿੱਚ ਡਾਹ ਕੇ ਸੌਂਦਾ ਜਾਂ ਉੱਤੇ ਛੱਤ 'ਤੇ। ਅੱਧੀ ਰਾਤੀਂ ਠੰਢ ਲੱਗਦੀ ਤਾਂ ਅੰਦਰ ਕਮਰੇ ਵਿੱਚ ਆ ਜਾਂਦਾ।

ਵਿਹੜੇ ਜਾਂ ਛੱਤ 'ਤੇ ਸੁੱਤਿਆਂ ਅਸਮਾਨ ਦੇ ਸਾਰੇ ਤਾਰੇ ਰਤਾ ਕੁ ਹੇਠਾਂ ਉੱਡ ਕੇ ਉਹਦੇ ਨਾਲ਼ ਗੱਲਾਂ ਕਰਨ ਲੱਗਦੇ ਅਤੇ ਸਾਰਾ ਗੁਜ਼ਰਿਆ ਬਚਪਨ ਉਹਦੇ ਮੰਜੇ ਦੀ ਹੀਂਹ 'ਤੇ ਆ ਬਹਿੰਦਾ।

ਬਚਪਨ ਵਿੱਚ ਇਸੇ ਕੋਠੇ 'ਤੇ ਉਹ ਸੋਇਆਂ ਕਰਦਾ ਸੀ। ਸਾਲ ਵਿੱਚੋਂ ਘੱਟੋ-ਘੱਟ ਅੱਠ ਮਹੀਨੇ ਤੇ ਬਰਸਾਤਾਂ ਵਿੱਚ ਕਿਸ ਤਰ੍ਹਾਂ ਅੱਧੀ ਰਾਤੀਂ ਪਿੰਡ ਦੇ ਸਾਰੇ ਦੇ ਸਾਰੇ ਕੋਠਿਆਂ ਤੋਂ ਮੰਜੇ ਘਸੀਟਣ ਦੀਆਂ ਤੇ ਬਾਲਾਂ ਦੇ ਚੀਕ-ਚਿਹਾੜੇ ਦੀਆਂ ਅਵਾਜ਼ਾਂ ਆਇਆ ਕਰਦੀਆਂ ਸਨ।

ਐਤਕੀਂ ਤਾਂ ਬਰਸਾਤ ਦਾ ਮੌਸਮ ਗੁਜ਼ਰ ਚੁੱਕਾ ਸੀ ਜਦੋਂ ਉਹ ਪਿੰਡ ਪਹੁੰਚਿਆ ਸੀ ਅਤੇ ਅਗਲੀ ਬਰਸਾਤ ਤਾਂ ਰਸ਼ੀਦ ਮੀਆਂ, ਖ਼ੋਰੇ ਤੇਰੇ ਲਈ ਵੱਸਣੀ ਵੀ ਹੈ ਕਿ ਨਹੀਂ।

.........

ਦੁਪਹਿਰ ਦੀ ਧੁੱਪ ਅੱਜ-ਕੱਲ੍ਹ ਬੜੀ ਕੂਲ਼ੀ ਹੋ ਗਈ ਹੋਈ ਸੀ। ਖ਼ਰਗੋਸ਼ ਦੇ ਪਿੰਡੇ ਦੀ ਲੂੰਈਂ ਵਰਗੀ ਨਰਮ। ਰਸ਼ੀਦ ਧੁੱਪੇ ਬਹਿ ਕੇ ਰਤਾ-ਰਤਾ ਉਂਘਲਾਉਣ ਲੱਗਦਾ। ਨਿੱਕੀ-ਨਿੱਕੀ ਨਸ਼ਿਆਈ ਝੋਕ ਵਿੱਚ ਉਹ ਗੱਲਾਂ ਕਰਨ ਲੱਗਦਾ,'ਵਾਹ ਮੇਰੇ ਪਰਵਰਦਗਾਰ, ਕਿੰਨੀਆਂ ਨਿਆਮਤਾਂ ਦੇਨਾਂ ਏ ਤੂੰ ਬੰਦੇ ਨੂੰ ਤੇ ਬੰਦਾ ਏ ਕਿ ਬੱਸ ਅੱਖਾਂ 'ਤੇ ਪੱਟੀ ਬੰਨ੍ਹ ਕੇ ਕੋਹਲੂ ਦੇ ਬੌਲ਼ਦ ਵਾਂਗੂੰ ਗੋਲ਼ਦਾਇਰੇ ਵਿੱਚ ਘੁੰਮੀ ਚਲੀ ਜਾਂਦਾ ਏ। ਜੇ ਮੈਨੂੰ ਵੀ ਡਾਕਟਰ ....ਇਹ ਛੇ ਮਹੀਨਿਆਂ ਵਾਲ਼ੀ ਗੱਲ ਨਾ ਦੱਸਦੇ, ਇਹ ਸਾਰੀ ਖ਼ੂਬਸੂਰਤੀ, ਇਹ ਤੇਰੀ ਕਾਇਨਾਤ ਦਾ ਸਾਰਾ ਹੁਸਨ ਕੁਆਰਾ ਹੀ ਮਰ ਜਾਣਾ ਸੀ।'

ਤੇ ਫੇਰ ਉਹ ਆਪੇ ਹੀ ਹੱਸ ਪੈਂਦਾ, 'ਯਾਰ, ਵਾਹ ! ਕੁਆਰਾ ਨਹੀਂ ਰਹਿਣ ਦਿੱਤਾ, ਤੂੰ ਇਹ ਹੁਸਨ।'

.........

ਇੱਕ ਦਿਨ ਉਹਨੇ ਗੁਆਂਢੀਆਂ ਦੇ ਮੁੰਡੇ ਨੂੰ ਵਰਚਾ ਕੇ ਕਿਹਾ, "ਕਾਕਾ, ਕੱਲ੍ਹ ਸਕੂਲੋਂ ਮੁੜ ਕੇ ਰਤਾ ਮੇਰੇ ਨਾਲ਼ ਲੱਗੀਂ। ਰਤਾ ਪਿਛਲੇ ਪਾਸੇ ਡੰਗਰਾਂ ਵਾਲ਼ੇ ਕੋਠੇ ਦੀ ਸਫ਼ਾਈ ਕਰ ਛੱਡੀਏ।"

ਅਗਲੇ ਦਿਨ ਉਸੇ ਮੁੰਡੇ ਨਾਲ਼ ਰਲ਼ ਕੇ ਉਹਨੇ ਡੰਗਰਾਂ ਵਾਲ਼ੇ ਕੋਠੇ ਦੀ ਸਫ਼ਾਈ ਕੀਤੀ। ਇਸ ਕੋਠੇ ਵਿੱਚ ਕਦੇ ਕਿਸ ਤਰ੍ਹਾਂ ਮੱਝਾਂ—ਗਾਂਵਾਂ ਦੇ ਪਿੰਡੇ ਦੀ ਦੋਧੀਆ ਹਵਾੜ ਤੇ ਗਰਮੀ ਘੁੰਮਦੀ ਰਹਿੰਦੀ ਸੀ ਤੇ ਤਾਜ਼ੇ ਗੋਹੇ ਦੀ ਤੇ ਤੂੜੀ ਦੀ ਖ਼ੁਸ਼ਬੋਈ। ਸ਼ਾਮ ਵੇਲ਼ੇ ਵਲਟੋਹੀਆਂ ਦੇ ਕੁੰਡੇ ਖੜਕਦੇ। ਪਾਣੀ ਦੀਆਂ ਬਾਲਟੀਆਂ ਦੀ ਵਾਛੜ। ਵਲਟੋਹੀ ਵਿੱਚ ਪੈਂਦੀਆਂ ਤਾਜ਼ੇ ਦੁੱਧ ਦੀਆਂ ਧਾਰਾਂ ਦੀ ਕਰਰ-ਮਰਰ। ਕਜਲਾਈਆਂ ਅੱਖਾਂ ਵਾਲ਼ੇ ਵੱਛੇ ਜਿਨ੍ਹਾਂ ਦੇ ਗਲ਼ਾਂ ਵਿੱਚ ਉਹ ਛੋਟੀਆਂ-ਛੋਟੀਆਂ ਟੱਲੀਆਂ ਦੀਆਂ ਤੇ ਰੰਗ-ਬਰੰਗੇ ਮਣਕਿਆਂ ਦੀਆਂ ਮਾਲ਼ਾਂ ਪਾ ਦਿਆ ਕਰਦਾ ਸੀ।

ਅੱਜ ਉਸ ਕੋਠੇ ਵਿੱਚ ਕੁਝ ਵੀ ਨਹੀਂ ਸੀ। ਨਾ ਗਰਮਾਈ ਹੋਈ ਹਵਾੜ, ਨਾ ਕੋਈ ਖ਼ੁਸ਼ਬੋਈ। ਕਿੰਨਿਆਂ ਹੀ ਸਾਲਾਂ ਤੋਂ ਕੋਈ ਡੰਗਰ—ਵੱਛਾ ਨਹੀਂ ਸੀ, ਉਸ ਵਿੱਚ। ਬੱਸ, ਸਿਰਫ਼ ਕੁਝ ਚਿੱਬੀਆਂ, ਪੁਰਾਣੀਆਂ ਵਲਟੋਹੀਆਂ ਪਈਆਂ ਸਨ ਤੇ ਚਾਰੇ ਵਾਲ਼ੀਆਂ ਉੱਜੜੀਆਂ ਹੋਈਆਂ ਖੁਰਲੀਆਂ।

ਕੋਠੇ ਦੀ ਸਫ਼ਾਈ ਕਰਦਿਆਂ ਉਹਨੂੰ ਬੜੀ ਥਕਾਵਟ ਹੋ ਗਈ। ਮਨ ਵੀ ਬੜਾ ਉਦਾਸ ਹੋ ਗਿਆ।

ਬਾਹਰ ਆ ਕੇ ਉਹਨੇ ਪੰਪ ਤੋਂ ਹੱਥ ਧੋਤੇ ਤੇ ਧੁੱਪੇ ਡੱਠੀ ਮੰਜੀ 'ਤੇ ਲੰਮਾ ਪੈ ਗਿਆ।

ਗੁਆਂਢੀਆਂ ਦਾ ਮੁੰਡਾ ਵੀ ਬਾਹਰ ਆ ਕੇ ਉਹਦੀ ਮੰਜੀ ਕੋਲ਼ ਖੜੋ ਗਿਆ।

"ਕੀ, ਨਾਂ ਕੀ ਏ ਤੇਰਾ, ਪੁੱਤਰ ?"

"ਜੀ, ਸ਼ਾਮ।"

"ਹਲਾ-ਹਲਾ ! 'ਸ਼ਾਮ' ਦੱਸਿਆ ਸੀ ਤੂੰ ਕੱਲ੍ਹ, ਮੈਂ ਭੁੱਲ ਗਿਆ ਸਾਂ।" ਰਸ਼ੀਦ ਮੁਸਕਰਾਇਆ।

ਸ਼ਾਮ ਵੀ ਮੁਸਕਰਾ ਪਿਆ।

ਕੁਝ ਚਿਰ ਖ਼ਾਮੋਸ਼ੀ ਰਹੀ।

"ਤੂੰ ਪਤੰਗ ਉਡਾਉਂਦਾ ਹੁੰਨਾ ਏਂ ?" ਅਚਾਨਕ ਰਸ਼ੀਦ ਨੇ ਮੁੰਡੇ ਨੂੰ ਪੁੱਛਿਆ।

ਪਿਛਲੇ ਵਰ੍ਹੇ, ਬਸੰਤ ਨੂੰ ਉਡਾਈ ਸੀ। ਮੁੰਡੇ ਨੇ ਨੀਵੀਂ ਪਾ ਕੇ, ਸ਼ਰਮਾ ਕੇ ਜਵਾਬ ਦਿੱਤਾ।

ਰਸ਼ੀਦ ਨੇ ਬੋਝੇ ਵਿੱਚ ਹੱਥ ਪਾ ਕੇ ਪੰਜ ਰੁਪਏ ਕੱਢੇ, "ਲੈ, ਔਹ ਲੈ, ਜਾ ਕੇ ਪਤੰਗ ਤੇ ਡੋਰ ਲੈ ਆ। ਆ ਕੇ ਪਤੰਗ ਉਡਾ। ਮੈਂ ਵੇਖਾਂਗਾ।" ਫੇਰ ਉਹਨੇ ਕੁਝ ਸੋਚ ਕੇ ਪੰਜ ਦਾ ਇੱਕ ਹੋਰ ਨੋਟ ਕੱਢਿਆ ਤੇ ਮੁੰਡੇ ਨੂੰ ਫੜਾ ਦਿੱਤਾ, "ਲੈ ਹੋਰ ਲੈ-ਲੈ। ਕੀ ਪਤਾ, ਅੱਜ-ਕੱਲ੍ਹ ਡੋਰ ਕਿੰਨੀ ਮਹਿੰਗੀ ਹੋ ਗਈ ਹੋਵੇ।"

ਝੱਟ ਕੁ ਮਗਰੋਂ ਮੁੰਡਾ ਪਤੰਗ ਲੈ ਆਇਆ। ਦੋਂਹਾਂ ਨੇ ਰਲ਼ ਕੇ ਡੋਰ ਨਾਲ਼ ਉਹਦੀਆਂ ਤਣਾਵਾਂ ਪਾਈਆਂ ਤੇ ਝੋਲ਼ ਪਰਖ ਕੇ ਪਤੰਗ ਤਿਆਰ ਕਰ ਲਈ।

"ਲੈ, ਤੂੰ ਰਤਾ ਪਿੱਛੇ ਹਟ, ਦੋਂਹਾਂ ਹੱਥਾਂ ਨਾਲ ਫੜੀ ਰੱਖੀਂ, ਡੋਰ। ਮੈਂ ਏਥੋਂ ਜਦੋਂ ਇਹਨੂੰ ਉਤਾਂਹ ਹੁਲਾਰਾਂਗਾ ਤਾਂ ਝੱਟ ਤੁਣਕਾ ਮਾਰ ਲਵੀਂ। ਬੱਸ, ਉੱਡ ਪਵੇਗੀ।"

ਸ਼ਾਮ ਪਿਛਾਂਹ ਵੱਲ ਤੁਰਿਆ ਤਾਂ ਅਚਾਨਕ ਰਸ਼ੀਦ ਨੂੰ ਲੱਗਾ, ਇਹ ਉਹਦਾ ਬੇਟਾ ਅਸਲਮ ਸੀ। ਵਰ੍ਹਿਆਂ ਦੇ ਪਾਰੋਂ ਉਹਨੂੰ ਵੇਖ ਰਿਹਾ ਸੀ। ਦਰੀਆਗੰਜ ਵਾਲੇ ਘਰ ਵਿੱਚ ਹੀ ਇੱਕ ਦਿਨ ਉਹ ਜ਼ਿਦੇ ਪੈ ਗਿਆ ਸੀ ਕਿ ਪਤੰਗ ਉਡਾਏਗਾ। ਤਰਲਾ ਕੀਤਾ ਸੀ, ਉਹਨੇ, "ਅੱਬੂ ! ਸਿਖਾ ਦਿਓ ਨਾ, ਪਤੰਗ ਉਡਾਣੀ।"

ਤੇ ਉਹਨੇ ਕਿਹਾ ਸੀ, "ਓਏ ਖ਼ੁਦਾਈਆ ! ਏਨੀਆਂ ਭੀੜੀਆਂ, ਗਲੀਆਂ-ਮਕਾਨਾਂ ਦੀਆਂ ਉੱਚੀਆਂ ਮਮਟੀਆਂ ਦੇ ਉੱਤੇ ਲੱਗੇ ਟੈਲੀਵੀਜ਼ਨ ਦੇ ਏਰੀਅਲ। ਪਤੰਗ ਕਿੱਥੇ ਉਡਾਏਂਗਾ ਤੂੰ ?"

ਦੋ-ਚਾਰ ਕਦਮ ਰਸ਼ੀਦ ਵੀ ਪਿਛਾਂਹ ਵੱਲ ਨੂੰ ਤੁਰਿਆ ਤਾਂਕਿ ਫ਼ਾਸਲਾ ਜ਼ਿਆਦਾ ਹੋ ਜਾਵੇ ਤੇ ਪਤੰਗ ਨੂੰ ਜਦੋਂ ਛੱਡਿਆ ਜਾਵੇ, ਇੱਕੋ ਤੁਣਕੇ ਨਾਲ ਉਹ ਹਵਾ ਨਾਲ ਗੱਲਾਂ ਕਰਨ ਲੱਗੇ।

ਫ਼ਾਸਲਾ ਕਾਫ਼ੀ ਹੋ ਗਿਆ ਸੀ। ਰਸ਼ੀਦ ਨੇ ਪਤੰਗ ਨੂੰ ਦੋਹਾਂ ਸਿਰਿਆਂ ਤੋਂ ਪੋਲੀ ਜਿਹੀ ਪਰ ਉਂਗਲਾਂ ਦੀ ਪੱਕੀ ਗਰਿਫ਼ਤ ਵਿੱਚ ਫੜ ਕੇ ਉਤਾਂਹ ਵੱਲ ਉਲਾਰਿਆ ਤੇ ਸ਼ਾਮ ਨੂੰ ਕਿਹਾ, "ਮਾਰ ਤੁਣਕਾ !" ਨਾਲ ਹੀ ਅੱਡੀਆਂ ਚੁੱਕ ਕੇ ਪਤੰਗ ਉਤਾਂਹ ਹਵਾ ਵਿੱਚ ਹੁਲਾਰ ਕੇ ਛੱਡ ਦਿੱਤੀ।

ਓਸ ਇੱਕੋ ਹੁਲਾਰ ਨਾਲ ਉਹਦੇ ਕਲੇਜੇ ਵਿੱਚ ਪੀੜ ਦੀ ਇੱਕ ਕਟਾਰ ਖੁਭ ਗਈ। ਉਹ ਬੇਹੋਸ਼ ਹੋ ਕੇ ਡਿਗ ਪਿਆ ਤੇ ਅਸਮਾਨ ਦੀ ਸਾਰੀ ਨੀਲੱਤਣ ਉਹਦੀਆਂ ਅੱਖਾਂ ਵਿੱਚ ਸਿਮਟ ਕੇ ਕਾਲ਼ੀ ਸਿਆਹ ਹੋ ਗਈ। .....

ਸ਼ਾਮ ਦਾ ਧਿਆਨ ਅਸਮਾਨ ਵਿੱਚ ਤਰਦੀ ਪਤੰਗ ਵੱਲ ਸੀ ਅਤੇ ਪਤੰਗ ਦੇ ਆਸ-ਪਾਸ ਅਸਮਾਨ ਵਿੱਚ। ਰਸ਼ੀਦ ਦੇ ਗੋਲੇ ਕਬੂਤਰ ਤਾਰੀਆਂ ਲਾ ਰਹੇ ਸਨ ਅਤੇ ਹੇਠਾਂ ਵਿਹੜੇ ਵਿੱਚ ਤੋਤੇ ਗਾ ਰਹੇ ਸਨ।

### ਸ਼ਬਦ ਅਰਥ :

**ਬਵੰਡਰ** – ਗੋਲਾ, ਗ਼ੁਬਾਰ। **ਕੁੱਵਤ** – ਤਾਕਤ, ਸ਼ਕਤੀ। **ਮੁਕਾਮ** – ਪੜਾਅ। **ਤਸੱਵਰ**– ਖ਼ਿਆਲੀ ਤਸਵੀਰ। **ਅਹਿਮਕ** – ਮੂਰਖ। ਹੀਹ – ਮੰਜੇ ਦੀ ਬਾਹੀ। **ਪਰਵਰਦਗਾਰ** – ਪਰਮਾਤਮਾ। **ਖ਼ਿਦਮਤ** – ਸੇਵਾ। **ਤਾਮੀਰ** – ਅਮਲ ਕਰਨਾ, ਆਗਿਆ ਪਾਲਣਾ। **ਕਾਇਨਾਤ** – ਸ੍ਰਿਸ਼ਟੀ । **ਬਰਖ਼ੁਰਦਾਰ** – ਪੁੱਤਰ। **ਸ਼ਿਰਕਤ** – ਸਾਂਝ, ਹਿੱਸੇਦਾਰੀ। **ਰੁਖ਼ਸਤ** – ਤੋਰਨਾ।

## ਪਾਠ-ਅਭਿਆਸ

1. 'ਇੱਕ ਪੈਰ ਘੱਟ ਤੁਰਨਾ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।
2. ਡਾਕਟਰ, ਰਸ਼ੀਦ ਨੂੰ ਉਸ ਦੇ ਅਮਰੀਕਾ ਗਏ ਪੁੱਤਰ ਨੂੰ ਬੁਲਾਉਣ ਲਈ ਕਿਉਂ ਕਹਿੰਦਾ ਹੈ ?
3. ਰਸ਼ੀਦ ਨੇ ਦਫ਼ਤਰ ਦੀ ਨੌਕਰੀ ਤੋਂ ਅਸਤੀਫ਼ਾ ਦੇਣ ਲਈ ਕਿਉਂ ਸੋਚਿਆ ?
4. ਰਸ਼ੀਦ ਆਪਣੇ ਪਿੰਡ ਜਾ ਕੇ ਕਿਵੇਂ ਰਹਿਣਾ ਸ਼ੁਰੂ ਕਰਦਾ ਹੈ ?
5. "ਲੈ ਬਈ, ਇੱਕ ਹੋਰ ਦਿਨ ਨੂੰ ਝੁਠਾਲ਼ੀ ਦੇ ਦਿੱਤੀ। ਐਸਾ ਉੱਲੂ ਬਣਾਇਆ ਕਿ ਚੁੱਪ-ਚਾਪ ਲਹਿ ਕੇ ਤੁਰ ਗਿਆ।" ਰਸ਼ੀਦ ਦੀ ਇਸ ਮਨ-ਬਚਨੀ ਤੋਂ ਕੀ ਭਾਵ ਹੈ ?
6. ਰਸ਼ੀਦ ਆਪਣੀ ਬਿਮਾਰੀ ਤੋਂ ਰਾਹਤ ਲੈਣ ਲਈ ਕੀ ਸ਼ੌਕ ਪਾਲ਼ਦਾ ਹੈ ?
7. ਰਸ਼ੀਦ ਬਚਪਨ ਦੀਆਂ ਸਵੇਰਾਂ ਨੂੰ ਯਾਦ ਕਰਕੇ ਕੀ ਵਰਨਣ ਕਰਦਾ ਹੈ ?
8. ਰਸ਼ੀਦ ਗੁਆਂਢੀ ਮੁੰਡੇ ਨਾਲ ਪਤੰਗ ਉਡਾਉਣ ਦੀ ਰੀਝ ਕਿਵੇਂ ਪੂਰੀ ਕਰਦਾ ਹੈ ?

* * * * *

# ਬਲਵੰਤ ਗਾਰਗੀ
## (1916-2003)

### ਲੇਖਕ ਬਾਰੇ :

ਬਲਵੰਤ ਗਾਰਗੀ ਦਾ ਜਨਮ 4 ਦਸੰਬਰ, 1916 ਈ: ਨੂੰ ਪਿੰਡ ਸ਼ਹਿਣਾ, ਜ਼ਿਲ੍ਹਾ ਬਠਿੰਡਾ ਵਿਖੇ ਪਿਤਾ ਬਾਬੂ ਸ਼ਿਵ ਚੰਦ ਅਤੇ ਮਾਤਾ ਸ੍ਰੀਮਤੀ ਪੁੰਨੀ ਦੇ ਘਰ ਹੋਇਆ। ਉਹਨਾਂ ਨੇ ਐੱਮ. ਏ. ਅੰਗਰੇਜ਼ੀ ਅਤੇ ਪੁਲੀਟੀਕਲ ਸਾਇੰਸ ਵਿੱਚ ਕੀਤੀ ਅਤੇ 'ਆਲ ਇੰਡੀਆ ਰੇਡੀਓ, ਵਿੱਚ ਬਤੌਰ ਆਰਟਿਸਟ ਨੌਕਰੀ ਕੀਤੀ। ਅਮਰੀਕਾ ਦੀ 'ਯੂਨੀਵਰਸਿਟੀ ਆਫ਼ ਵਾਸ਼ਿੰਗਟਨ' ਵਿੱਚ ਭਾਰਤੀ ਨਾਟਕ ਪੜ੍ਹਾਉਂਦੇ ਰਹੇ ਅਤੇ ਨਾਟਕ-ਨਿਰਦੇਸ਼ਨ ਵੀ ਕੀਤਾ। ਪੰਜਾਬ ਯੂਨੀਵਰਸਿਟੀ ਵਿੱਚ ਬਤੌਰ ਪ੍ਰੋਫ਼ੈਸਰ ਕੰਮ ਕੀਤਾ ਜਿੱਥੇ ਉਹਨਾਂ ਦੀ ਅਗਵਾਈ ਹੇਠ 'ਡਿਪਾਰਟਮੈਂਟ ਆਫ਼ ਇੰਡੀਆ ਥਿਏਟਰ' ਕਾਇਮ ਹੋਇਆ। ਉਹਨਾਂ ਦੀਆਂ ਮੁੱਖ ਰਚਨਾਵਾਂ, 'ਕੁਆਰੀ ਟੀਸੀ', 'ਬੇਬੇ', 'ਪੱਤਣ ਦੀ ਬੇੜੀ', 'ਦੋ ਪਾਸੇ', 'ਦਸਵੰਧ', 'ਦੁੱਧ ਦੀਆਂ ਧਾਰਾਂ', 'ਸੋਹਣੀ ਮਹੀਂਵਾਲ', 'ਕਣਕ ਦੀ ਬੱਲੀ', 'ਸੈਲ-ਪੱਥਰ', 'ਕੇਸਰੋ' ਆਦਿ ਹਨ। ਉਹਨਾਂ ਨੇ ਦੋ ਨਾਵਲ, 'ਕੱਕਾ ਰੇਤਾ', 'ਜੂਠੀ ਰੋਟੀ' ਵੀ ਲਿਖੇ। ਇਸ ਤੋਂ ਇਲਾਵਾ ਉਹਨਾਂ ਨੇ ਇੱਕ ਸਫ਼ਰਨਾਮਾ— 'ਪਾਤਾਲ ਦੀ ਧਰਤੀ', 'ਦੋ ਖੋਜ-ਪੁਸਤਕਾਂ'— 'ਰੰਗ-ਮੰਚ' ਅਤੇ 'ਲੋਕ-ਨਾਟਕ' ਵੀ ਲਿਖੀਆਂ। 'ਨੰਗੀ ਧੁੱਪ' ਅਤੇ 'ਕਾਸ਼ਨੀ ਵਿਹੜਾ' ਉਹਨਾਂ ਦੀ ਆਤਮ-ਕਥਾ ਨਾਲ਼ ਸੰਬੰਧਿਤ ਪੁਸਤਕਾਂ ਹਨ।

ਉਹਨਾਂ ਨੂੰ ਬਹੁਤ ਸਾਰੇ ਪੁਰਸਕਾਰਾਂ ਨਾਲ਼ ਸਨਮਾਨਿਤ ਕੀਤਾ ਗਿਆ। ਭਾਰਤ ਸਰਕਾਰ ਵੱਲੋਂ 1962 ਈ: ਵਿੱਚ ਉਹਨਾਂ ਦੀ ਪੁਸਤਕ 'ਰੰਗ-ਮੰਚ' ਉੱਤੇ ਸਾਹਿਤ ਅਕਾਦਮੀ ਪੁਰਸਕਾਰ ਦਿੱਤਾ ਗਿਆ। ਭਾਸ਼ਾ ਵਿਭਾਗ, ਪੰਜਾਬ ਵੱਲੋਂ 'ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ', ਭਾਰਤ ਸਰਕਾਰ ਵੱਲੋਂ 1973 ਈ: ਵਿੱਚ 'ਪਦਮ ਸ਼੍ਰੀ' ਦੀ ਉਪਾਧੀ ਦਿੱਤੀ ਗਈ। ਭਾਰਤੀ ਸੰਗੀਤ ਨਾਟਕ-ਅਕਾਦਮੀ, ਦਿੱਲੀ ਵੱਲੋਂ ਸੰਗੀਤ ਨਾਟਕ ਅਕਾਦਮੀ ਐਵਾਰਡ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰੋ. ਆਫ਼ ਐਮੀਨੈਂਸ ਦੀ ਉਪਾਧੀ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਵੱਲੋਂ 'ਕਰਤਾਰ ਸਿੰਘ ਧਾਲੀਵਾਲ ਐਵਾਰਡ' ਵੀ ਦਿੱਤਾ ਗਿਆ। ਉਹਨਾਂ ਦਾ ਦਿਹਾਂਤ 21 ਅਪ੍ਰੈਲ, 2003 ਈ: ਨੂੰ ਹੋਇਆ।

ਹਥਲੀ ਪਾਠ-ਪੁਸਤਕ ਵਿੱਚ ਬਲਵੰਤ ਗਾਰਗੀ ਦਾ ਇਕਾਂਗੀ 'ਬੰਬ ਕੇਸ' ਸ਼ਾਮਲ ਕੀਤਾ ਗਿਆ ਹੈ।

### ਇਕਾਂਗੀ ਬਾਰੇ :

ਬਲਵੰਤ ਗਾਰਗੀ ਦਾ ਇਕਾਂਗੀ 'ਬੰਬ-ਕੇਸ' ਹਲਕਾ-ਫੁਲਕਾ ਅਤੇ ਸ਼ੁਰੂ ਤੋਂ ਲੈ ਕੇ ਅੰਤ ਤੱਕ ਹਾਸ-ਰਸ ਤੇ ਕਰੁਣਾ-ਰਸ ਦੀਆਂ ਛੋਹਾਂ ਨਾਲ਼ ਭਰਪੂਰ ਹੈ। ਇਸ ਇਕਾਂਗੀ ਦਾ ਨਾਇਕ ਪਾਤਰ ਵਜ਼ੀਰਾ ਟਾਂਗੇ ਦੇ ਬੰਬ ਬਣਾਉਂਦਾ ਹੈ। ਪੁਲਿਸ ਉਸ ਨੂੰ ਇਹ ਸਮਝ ਕੇ ਫੜਨ ਆ ਜਾਂਦੀ ਹੈ ਕਿ ਉਹ ਕੈਮੀਕਲ ਬੰਬ ਬਣਾਉਂਦਾ ਹੈ।

ਪੁਲਿਸ ਜਦੋਂ ਪੁੱਛ-ਗਿੱਛ ਲਈ ਘਰ ਜਾਂਦੀ ਹੈ ਤਾਂ ਵੀਰਾਂ ਵਾਲੀ (ਵਜ਼ੀਰੇ ਦੀ ਮਾਂ) ਇਹ ਸਮਝਦੀ ਹੈ ਕਿ ਸਰਕਾਰ ਪਾਕਿਸਤਾਨੋਂ ਆਏ ਲੋਕਾਂ ਨੂੰ ਮਕਾਨ ਆਦਿ ਦੇਣਾ ਚਾਹੁੰਦੀ ਹੈ ਇਸ ਲਈ ਪੁਲਿਸ ਸ਼ਰਨਾਰਥੀਆਂ ਦੇ ਨਾਂ ਲਿਖਦੀ ਫਿਰਦੀ ਹੈ।

ਇਸ ਇਕਾਂਗੀ ਵਿੱਚ ਥਾਣੇਦਾਰ ਤੇ ਸਿਪਾਹੀ ਕੁਝ ਹੋਰ ਕਹਿੰਦੇ ਹਨ, ਵੀਰਾਂ ਵਾਲੀ ਕੁਝ ਹੋਰ ਸਮਝਦੀ ਹੈ। ਜ਼ਿੰਦਗੀ ਦੀਆਂ ਮੁਢਲੀਆਂ ਜ਼ਰੂਰਤਾਂ ਕੁੱਲੀ, ਗੁੱਲੀ ਅਤੇ ਜੁੱਲੀ ਮਿਲਣ ਦੀ ਥਾਂ ਰਿਫ਼ਿਊਜੀਆਂ ਨੂੰ ਜੇਲ੍ਹ ਮਿਲਦੀ ਹੈ। ਇਸ ਤਰ੍ਹਾਂ ਨਾਟਕਕਾਰ ਨੇ ਸ਼ਰਨਾਰਥੀਆਂ ਦੀ ਆਰਥਿਕ ਹਾਲਤ ਦਾ ਦਰਦਨਾਕ ਚਿੱਤਰ ਵੀ ਪੇਸ਼ ਕੀਤਾ ਹੈ। ਵੀਰਾਂ

ਵਾਲੀ ਆਪਣੀ ਧੀ ਦੀਪੋ ਨੂੰ ਕਹਿੰਦੀ ਹੈ, "ਏਸ ਚੰਦਰੇ ਮੀਂਹ ਦੇ ਕੋਣ ਵਾਰੇ ਆ ਜਾਊ। ਜਦ ਦੇ ਏਸ ਕੁੱਲੀ 'ਚ ਆਏ ਆਂ, ਹੇਠੋਂ ਉੱਪਰੋਂ ਚੋਂਦੀ ਏ....... ਆਹ ਜੁੱਲੀਆਂ ਸੁੱਕਣੀਆਂ ਪਾ ਆ। ਸਲ੍ਹਾਬੀਆਂ ਗਈਆਂ ਨੇ।"

ਇਸ ਇਕਾਂਗੀ ਵਿੱਚ ਜਿੱਥੇ ਇਸ ਦੀ ਬੋਲੀ, ਪਰਿਸਥਿਤੀਆਂ ਅਤੇ ਵਿਵਹਾਰ ਤੋਂ ਹਾਸਾ ਪੈਦਾ ਹੁੰਦਾ ਹੈ, ਉੱਥੇ ਪਾਤਰਾਂ 'ਤੇ ਤਰਸ ਵੀ ਆਉਂਦਾ ਹੈ ਤੇ ਉੱਜੜ ਕੇ ਆਏ ਸ਼ਰਨਾਰਥੀਆਂ ਲਈ ਮਨ ਵਿੱਚ ਹਮਦਰਦੀ ਪੈਦਾ ਹੁੰਦੀ ਹੈ।

ਇਸ ਤਰ੍ਹਾਂ ਇਸ ਇਕਾਂਗੀ ਦੀ ਹਰ ਸਥਿਤੀ ਜੋਕਿ ਵਿਅੰਗਮਈ ਤੇ ਹਾਸ-ਰਸ ਵਾਲੀ ਹੈ, ਦਰਸ਼ਕਾਂ ਦਾ ਚੰਗਾ ਮਨੋਰੰਜਨ ਕਰਦੀ ਹੈ।

* * * * *

# ਬੰਬ ਕੇਸ

ਬਲਵੰਤ ਗਾਰਗੀ

ਪਾਤਰ :

| | | |
|---|---|---|
| ਵੀਰਾਂ ਵਾਲੀ | : | |
| ਦੀਪੋ | : | ਉਸ ਦੀ ਧੀ |
| ਵਜ਼ੀਰਾ | : | ਉਸ ਦਾ ਪੁੱਤਰ |
| ਮਾਨਾਂ | : | ਉਸ ਦੀ ਗੁਆਂਢਣ |
| ਥਾਣੇਦਾਰ | : | |
| ਸਿਪਾਹੀ | : | |

ਵੀਰਾਂ ਵਾਲੀ ਦੇ ਘਰ ਅੱਗੇ ਵਿਹੜਾ। ਥਾਣੇਦਾਰ ਤੇ ਸਿਪਾਹੀ ਦਾਖ਼ਲ ਹੁੰਦੇ ਹਨ।

ਥਾਣੇਦਾਰ : ਹੂੰ ! ਇਸ ਇਲਾਕੇ ਵਿੱਚ ਚੋਰੀਆਂ-ਡਾਕੇ ਬਹੁਤ ਵਧ ਗਏ ਨੇ।

ਸਿਪਾਹੀ : ਹਜ਼ੂਰ! ਕੀ ਪੁੱਛਦੇ ਓ, ਦਿਨ ਦਿਹਾੜੇ ਡਾਕੇ ਵੱਜਦੇ ਨੇ ਪਰ ਜੇ ਥੋੜੀਆਂ ਗਸ਼ਤਾਂ ਏਕਰ ਈ ਜਾਰੀ ਰਹੀਆਂ ਤਾਂ ਸਭਨਾਂ ਨੇ ਸੁਸਰੀ ਵਾਂਗ ਸੌਂ ਜਾਣੈਂ। ਕਿਸੇ ਚੂੰ ਨਹੀਂ ਕਰਨੀ।

ਥਾਣੇਦਾਰ : ਮੈਂ ਸਭਨਾਂ ਦੀਆਂ ਮੁਸ਼ਕਾਂ ਕਸਾ ਦਿਆਂਗਾ। ਇਹਨਾਂ ਸਮਝਿਆ ਕੀ ਏ ? ਤੇ ਤੂੰ ਆਖਦੈਂ ਇੱਥੇ ਲੋਕੀਂ ਹਥਿਆਰ ਵੀ ਬਣਾਉਂਦੇ ਨੇ।

ਸਿਪਾਹੀ : ਜੀ, ਤੋੜੇ ਵਾਲ਼ੀ ਬੰਦੂਕ ਤਾਂ ਘਰ-ਘਰ ਐ। ਸਫ਼ਾ ਜੰਗ, ਗੁਪਤੀ, ਭਾਲਾ, ਨੇਜ਼ਾ, ਛਵ੍ਹੀ, ਕਿਹੜਾ ਹਥਿਆਰ ਐ ਜਿਹੜਾ ਨਹੀਂ ਘੜ ਲੈਂਦੇ। ਤੁਸੀਂ ਵਜ਼ੀਰੇ ਦਾ ਨਾਂ ਤਾਂ ਸੁਣਿਆ ਈ ਐ। ਇੱਥੇ ਮਿੱਤੂ ਲੁਹਾਰ ਦੇ ਮਹੱਲੇ ਵਿੱਚ ਕਿਤੇ ਰਹਿੰਦਾ ਐ। ਉਹ ਬੰਬ ਵੀ ਬਣਾਉਂਦੈ।

ਥਾਣੇਦਾਰ : ਬੰਬ ?

ਸਿਪਾਹੀ : ਜੀ ਹਾਂ, ਬੰਬ।

ਥਾਣੇਦਾਰ : ਰਹੇ ਰੱਬ ਦਾ ਨਾਂ, ਕਿਹੋ-ਜਿਹੇ ਨੇ, ਇੱਥੋਂ ਦੇ ਲੋਕ ?

ਸਿਪਾਹੀ : ਜੀ, ਕੀ ਪੁੱਛਦੇ ਓ, ਪੱਕੇ ਡਾਕੂ। ਇਸ ਤੋਂ ਪਹਿਲਾਂ ਜ਼ਿਮੀਂਦਾਰਾਂ ਦੀਆਂ ਜ਼ਮੀਨਾਂ ਦੱਬ ਕੇ ਬੈਠ ਗਏ ਸਨ ਤੇ ਆਖਦੇ ਸਨ, ਅਸੀਂ ਵਾਹੀ ਕਰਦੇ ਆਂ, ਗੋਡੀ ਕਰਦੇ ਆਂ, ਖੇਤੀ ਕਰਦੇ ਆਂ। ਲਓ, ਭਲਾ ਜੇ ਤੁਸੀਂ ਹਲ਼ ਚਲਾਉਂਦੇ ਓ ਤਾਂ ਇਹ ਤਾਂ ਨਹੀਂ ਪਈ ਖੇਤਾਂ 'ਤੇ ਕਬਜ਼ਾ ਹੀ ਕਰ ਲਓ।

ਥਾਣੇਦਾਰ : ਤੂੰ ਵੇਖਦਾ ਜਾ – ਮੈਂ ਇਹਨਾਂ ਸਭਨਾਂ ਦੀ ਖੁੰਬ ਠੱਪ ਦਵਾਂਗਾ। ਹਲਾ ! ਤੂੰ ਆਖਿਆ ਏ ਪਈ ਇੱਥੇ ਬੰਬ ਬਣਾਉਣ ਵਾਲ਼ਾ ਕੋਈ ਵਜ਼ੀਰਾ ਏ !

ਸਿਪਾਹੀ : ਜੀ।

ਥਾਣੇਦਾਰ : ਹਵਾਲਦਾਰ ਕੇਹਰ ਸਿੰਘ ਦੀ ਵੀ ਇਹੋ ਰਿਪੋਟ ਏ ?

ਸਿਪਾਹੀ : ਜੀ।

ਥਾਣੇਦਾਰ : ਸਾਡੀਆਂ ਅੱਖਾਂ ਹੇਠ ਈ ਲੁੱਟ ! ਦੀਵੇ ਹੇਠ ਹਨੇਰਾ !

ਸਿਪਾਹੀ : ਜੀ, ਤੁਸੀਂ ਹਾਲੇ ਨਵੇਂ-ਨਵੇਂ ਏਸ ਇਲਾਕੇ ਵਿੱਚ ਆਏ ਓ। ਬੱਸ, ਰਤਾ ਤੁਸੀਂ ਇੱਕ-ਦੋ ਕੇਸ ਫੜ ਲਓ। ਫਿਰ ਅਜਿਹਾ ਕੜਕਾ-ਧੜਕਾ ਬੈਠਣੈਂ ਜੁ ਕਿਸੇ ਬਦਮਾਸ਼ ਨੇ ਕੁਸਕਣਾ ਵੀ ਨਹੀਂ।

ਥਾਣੇਦਾਰ : ਤੇ ਖੋਜੀ ਕੀ ਆਖਦਾ ਏ ?

ਸਿਪਾਹੀ : ਇਹੋ ਜੁ ਲੁਹਾਰਾਂ ਦੇ ਮਹੱਲੇ ਇੱਕ ਵਜ਼ੀਰਾ ਰਹਿੰਦਾ ਐ। ਲੁਕਿਆ-ਛਿਪਿਆ, ਰਾਤੀਂ ਯਾ ਦਿਨੇ, ਪਤਾ ਨਹੀਂ ਕਿਸ ਵੇਲੇ ਉਹ ਬੰਬ ਤਿਆਰ ਕਰਦਾ ਐ। ਕਿਸੇ ਤੋਂ ਨਹੀਂ ਡਰਦਾ।

ਥਾਣੇਦਾਰ : ਉਸ ਦੀ ਸਾਰੀ ਹੈਂਕੜ ਤਾਂ ਇੱਕੋ ਛਿਤਰੌਲ ਵਿੱਚ ਕੱਢ ਦਿਆਂਗਾ। ਮੇਰਾ ਮਾਰਨ—ਕੁੱਟਣ ਦਾ ਤਰੀਕਾ ਬਾਕੀ ਸਭਨਾਂ ਨਾਲੋਂ ਵੱਖ ਏ। ਮੈਂ ਸਿੱਧੀ ਮਾਰ ਨਹੀਂ ਮਾਰਦਾ, ਪੁੱਠੀ ਮਾਰਦਾ ਹਾਂ।

ਸਿਪਾਹੀ : ਪੁੱਠੀ !

ਥਾਣੇਦਾਰ : ਹਾਂ, ਜਿਵੇਂ ਸਕੂਲ ਵਿੱਚ ਸਾਡਾ ਡ੍ਰਿਲ ਮਾਸਟਰ ਮਾਰਦਾ ਸੀ। ਮੈਂ ਮੁਜਰਮ ਨੂੰ ਪਿਆਰ-ਪੁਚਕਾਰ ਕੇ ਗੱਲ ਪੁੱਛਦਾ ਹਾਂ — ਤੇ ਫਿਰ ਜਦ ਉਹ ਸੋਚਦਾ ਏ ਕਿ ਮੈਂ ਉਸ ਨੂੰ ਕੁਝ ਨਹੀਂ ਕਹਿਣਾ ਤਾਂ ਮੈਂ ਇੱਕੋ ਦਮ ਤਾਬੜ ਤੋੜ ਖੌਂਸੜੀ ਡਹਿ ਜਾਨਾਂ ਵਾਂ। ਰੂੜ ਸਿੰਘ ਤੇ ਬੂੜ ਸਿੰਘ ਮੈਂ ਇਸੇ ਲਈ ਨਾਲ਼ ਰੱਖੇ ਨੇ। ਉਹ ਇਸ ਤਰ੍ਹਾਂ ਦੀ ਕੁਟਾਈ ਵਿੱਚ ਅੱਵਲ ਹਨ। ਉਹਨਾਂ ਮੇਰੇ ਤੋਂ ਇੱਕ ਵਾਰੀ ਇਨਾਮ ਵੀ ਲਿਆ ਸੀ ਪਰ ਨੰਗੀ ਕੰਡ ਦੀ ਚੰਡਾਈ ਮੈਂ ਆਪ ਕਰਦਾ ਹਾਂ। ਬੱਸ ਬੈਂਤ ਭਿਉਂ-ਭਿਉਂ ਕੇ ਮਾਰਦਾ ਹਾਂ, ਖੱਲੜੀ ਉੱਧੜ ਜਾਂਦੀ ਏ ਤੇ ਵੱਡੇ ਤੋਂ ਵੱਡਾ ਡਾਕੂ ਬਕ ਪੈਂਦਾ ਏ।

ਸਿਪਾਹੀ : ਈਸੇ ਲਈ ਤਾਂ ਸਰਕਾਰ ਨੇ ਤੁਹਾਨੂੰ ਏਸ ਥਾਣੇ 'ਤੇ ਲਾਇਆ ਏ। ਪਹਿਲਾਂ ਜਿਹੜੇ ਅਫ਼ਸਰ ਤੁਹਾਡੀ ਥਾਂ ਇੱਥੇ ਸਨ, ਉਹ ਥਾਣੇ ਨੂੰ ਸੰਭਾਲ਼ ਈ ਨਹੀਂ ਸਨ ਸਕਦੇ।

ਥਾਣੇਦਾਰ : ਮੈਂ ਇਸ ਬਦਮਾਸ਼ ਨੂੰ ਬੜੇ ਤਰੀਕੇ ਨਾਲ਼ ਫੜਾਂਗਾ — ਗੱਲੀਂ-ਗੱਲੀਂ, ਪੱਜੀਂ-ਪੱਜੀਂ ਸਾਰੀ ਸੂਹ ਲੈ ਲਵਾਂਗਾ।

ਸਿਪਾਹੀ : ਜੀ, ਉਹ ਕਿਸੇ ਦੀ ਪਰਵਾਹ ਹੀ ਨਹੀਂ ਕਰਦਾ। ਬੜਾ ਹੈਂਕੜਬਾਜ਼ ਏ, ਬੜਾ ਨਰੂੜੇ ਵਾਲ਼ਾ।

ਥਾਣੇਦਾਰ : ਨੰਬਰਦਾਰ ਨੂੰ ਨਾਲ਼ ਲੈ ਕੇ ਮੈਂ ਜ਼ਰਾ ਆਂਢ-ਗੁਆਂਢ ਦੇ ਮਹੱਲਿਆਂ ਦੀ ਗਸ਼ਤ ਕਰਨੀ ਏਂ। ਕਾਰਤੂਸਾਂ ਦੀ ਪੇਟੀ ਲੈ ਲਈ, ਨਾ ?

ਸਿਪਾਹੀ : ਜੀ।

ਥਾਣੇਦਾਰ : ਤੇ ਹੱਥਕੜੀਆਂ ?

ਸਿਪਾਹੀ : ਜੀ, ਉਹ ਵੀ।

ਥਾਣੇਦਾਰ : ਰਤਾ ਅੱਗੇ ਗੇੜਾ ਮਾਰ ਆਈਏ। ਸਾਰੀ ਥਾਂ ਦੀ ਪੜਤਾਲ ਕਰੀਏ। ਮੈਂ ਜੋ ਕੰਮ ਹੱਥ ਵਿੱਚ ਲੈ ਲਵਾਂ, ਉਸ ਨੂੰ ਤੋੜ ਨਿਭਾਉਂਦਾ ਹਾਂ। ਐਨ ਤਹਿ ਤੀਕ ਪਹੁੰਚਦਾ ਹਾਂ। ਚੱਲ।

(ਦੋਵੇਂ ਜਾਂਦੇ ਹਨ। ਵੀਰਾਂ ਵਾਲੀ ਆਪਣੀ ਕੁੱਲੀ ਵਿੱਚੋਂ ਬਾਹਰ ਆਉਂਦੀ ਹੈ)

ਵੀਰਾਂ ਵਾਲੀ : (ਹਾਕ ਮਾਰ ਕੇ) ਨੀ ਦੀਪੀਏ, ਨੀ ਤੂੰ ਕਿੱਥੇ ਹੜਬੂੰ-ਹੜਬੂੰ ਕਰਦੀ ਫਿਰਦੀ ਏਂ।

ਦੀਪੋ : ਆਈ, ਮਾਂ ਨੀ !

ਵੀਰਾਂ ਵਾਲੀ : ਨੀ, ਤੂੰ ਇਹ ਕਾਹਦੇ ਗੜੱਪੇ ਲਾਉਨੀ ਏ ?

ਦੀਪੋ : (ਆਉਂਦੀ ਹੋਈ) ਮਾਂ ਨੀ ! ਭੁੱਖ ਲੱਗੀ ਸੀ। ਸੋਧਾਂ ਦੀ ਭੱਠੀ ਤੋਂ ਦਾਣੇ ਭੁਨਾ ਕੇ ਲਿਆਂਦੇ ਸਨ, ਰਤਾ ਗੁੜ ਦਾ ਭੋਰਾ ਰਲ਼ਾ ਕੇ ਮਰੂੰਡੇ ਬਣਾਂਦੀ ਸੀ।

ਵੀਰਾਂ ਵਾਲੀ : ਨੀ ਗੁੜ ਕਿੱਥੋਂ ਲਿਆ, ਤੂੰ ?

ਦੀਪੋ : ਆਲ਼ੇ 'ਚੋਂ।

ਵੀਰਾਂ ਵਾਲੀ : ਗੁੜ ਬਾਝੋਂ ਦਾਣੇ ਲੰਘਦੇ ਨਹੀਂ ? ਫਿੱਟੀ ਨੀਤ ਵਾਲ਼ੀ ! ਹਰ ਵੇਲ਼ੇ ਖਾਣ ਵਿੱਚ ਸੁਰਤ ਰਹਿੰਦੀ ਏ। ਪਿਛਲੇ ਜਨਮ ਦੀ ਬਿੱਲੀ ਏ ! ਨੀ ਇਹ ਗੁੜ ਦੀ ਡਲ਼ੀ ਤਾਂ ਮੈਂ ਵੀਰ ਲਈ ਰੱਖੀ ਸੀ। ਤੜਕੇ ਦਾ

ਗਿਆ ਕੰਮ ਕਰਨ, ਲਿਆ, ਦੇਹ!

ਦੀਪੋ : ਊਂ-ਊਂ, ਮੈਂ ਖਾਵਾਂਗੀ।

ਵੀਰਾਂ ਵਾਲੀ : ਨੀ ਲਿਆ ਚੰਦਰੀਏ ! ਮੈਂ ਮਸਾਂ ਗੁੜ ਦਾ ਰੋੜਾ ਲੁਕੋ ਕੇ ਰੱਖਿਆ ਸੀ।

ਦੀਪੋ : ਨਹੀਂ ।

ਵੀਰਾਂ ਵਾਲੀ : ਨੀ ਦੇ-ਦੇ ਜਿੰਦਲੇ।

ਦੀਪੋ : (ਗੁੱਸੇ ਵਿੱਚ) ਲੈ ਫੜ ।(ਗੁੜ ਦੀ ਡਲ਼ੀ ਵੀਰਾਂ ਵਾਲੀ ਨੂੰ ਦੇ ਦੇਂਦੀ ਹੈ।)

ਵੀਰਾਂ ਵਾਲੀ : ਨੀ, ਹੁਣ ਮੂੰਹ ਕਿਉਂ ਸੁਜਾ ਲਿਆ। ਸੁਣਦੀ ਕਿਉਂ ਨਹੀਂ ? ਐਧਰ ਆ ! ਐਹ ਜੁੱਲੀਆਂ ਬਾਹਰ ਸੁੱਕਣੀਆਂ ਪਾ। ਲੈ ਫੜ, ਮੇਰੀ ਧੀ, ਬੀਬੀ ਰਾਣੀ ! ਲੈ ਫੜ ! ਏਸ ਚੰਦਰੇ ਮੀਂਹ ਦੇ ਕੌਣ ਵਾਰੇ ਆ ਜਾਊ ! ਜਦ ਦੇ ਏਸ ਕੁੱਲੀ ਆਏ ਆਂ, ਉੱਪਰੋਂ ਹੇਠੋਂ ਚੋਂਦੀ ਏ।

ਦੀਪੋ : (ਜੁੱਲੀਆਂ ਫੜ ਕੇ) ਮਾਂ ਨੀ, ਸੰਤਾ ਡਾਕੀਆ ਆਖਦਾ ਸੀ ਪਈ ਦਿੱਲੀ ਵਿੱਚ ਤਾਂ ਸਭਨਾਂ ਨੂੰ ਪੱਕੀਆਂ ਕੋਠੀਆਂ ਪਵਾ ਦਿੱਤੀਆਂ, ਸਰਕਾਰ ਨੇ। ਸਾਰੇ ਫ਼ਰੂਜੀਆਂ ਨੂੰ ਮੌਜ ਬਣ ਗਈ।

ਵੀਰਾਂ ਵਾਲੀ : ਆਹ ਜੁੱਲੀਆਂ ਸੁੱਕਣੀਆ ਪਾ ਆ, ਸਲ੍ਹਾਬੀਆਂ ਗਈਆਂ ਨੇ। ਤੇ ਵੇਖ, ਅੱਜ ਜੁਆਲੀ ਦੇ ਤੰਦੂਰ 'ਤੇ ਰੋਟੀਆਂ ਲਾ ਲਈਂ। ਆਪਣਾ ਤੰਦੂਰ ਤਾਂ ਸਾਰਾ ਗਿੱਲਾ ਪਿਆ ਏ। ਕੁਝ ਕੰਮ ਕਰਿਆ ਕਰ। (ਦੀਪੋ ਜੁੱਲੀਆਂ ਲੈ ਕੇ ਚਲੀ ਜਾਂਦੀ ਹੈ)।

ਹੇ ਰੱਬਾ ! ਹੁਣ ਇਹ ਸਿਆਣੀ ਹੋ ਗਈ ਹੈ। ਕੋਈ ਮੁੰਡਾ ਲੱਭੇ ਤਾਂ ਇਸ ਦਾ ਵੀ ਤਰੋਪਾ ਭਰਾਂ। (ਮਾਨਾਂ ਆਉਂਦੀ ਹੈ)। ਆ ਕੁੜੇ, ਬੈਠ ਜਾ।

(ਉਸ ਨੂੰ ਪੀੜ੍ਹੀ ਦਿੰਦੀ ਹੈ)।

ਮਾਨਾਂ : ਨਹੀਂ ਬੇਬੇ, ਬੈਠਣਾ ਨਹੀਂ, ਮੈਂ ਤਾਂ ਬੱਸ ਖੜ੍ਹੇ ਪੈਰ ਆਈ ਆਂ।

ਵੀਰਾਂ ਵਾਲੀ : ਕਦੀ ਬਿੰਦ-ਝੱਟ ਬੈਠ ਵੀ ਜਾਇਆ ਕਰ। ਸੌ ਦੁੱਖ-ਸੁੱਖ ਦੀ ਗੱਲ ਹੁੰਦੀ ਏ ਪਰ ਤੂੰ ਤਾਂ ਜਿਵੇਂ ਪਿੱਛੇ ਦੁੱਧ ਉੱਬਲ਼ਨਾ ਧਰ ਕੇ ਆਈ ਹੋਵੇਂ। ਬੱਸ, ਸੁਰਤ ਪਿੱਛੇ ਹੀ ਰਹਿੰਦੀ ਏ।

ਮਾਨਾਂ : ਕੀ ਦੱਸਾਂ, ਓ ਮੇਰਾ ਖਰੂਦੀ ਐ ਨਾ ਪਾਲੀ, ਬੱਸ ਪੀਂਘ ਲਈ ਤੜਕੇ ਦਾ ਰੱਟਾ ਪਾਈ ਬੈਠੈ। ਅਖੇ, ਡੂਢੀ ਵਿੱਚ ਪੀਂਘ ਪਾਉਣੀ ਐ। ਕੌੜੀ ਦੇ ਘਰੋਂ ਲੱਜ ਮੰਗ ਕੇ ਲਿਆਂਦੀ ਐ ਪਰ ਲਟੈਣ 'ਤੇ ਪੀਂਘ ਕੌਣ ਪਾਵੇ। ਤੂੰ ਵਜ਼ੀਰੇ ਨੂੰ ਰਤਾ ਘੱਲ ਦੇ ਖਾਂ।

ਵੀਰਾਂ ਵਾਲੀ : ਓਹ ਤਾਂ ਬੁੱਘੇ ਮੱਲ ਦੇ ਗਿਆ ਏ ।

ਮਾਨਾਂ : ਉਸ ਤਾਈਂ ਕੀ ਕੰਮ ਪੈ ਗਿਆ ?

ਵੀਰਾਂ ਵਾਲੀ : ਪਤਾ ਨਹੀਂ, ਸ਼ੈਤ ਉਸ ਦੀ ਹਵੇਲੀ ਦੀਆਂ ਚੁਗਾਠਾਂ ਜੜਨ ਗਿਆ ਏ ।

ਮਾਨਾਂ : ਇਹ ਬਾਣੀਏ ਨਿੱਤ ਹਵੇਲੀਆਂ ਖੜ੍ਹੀਆਂ ਕਰ ਲੈਂਦੇ ਨੇ। ਏਥੇ ਮੇਰੇ ਵਰਗੀ ਨੂੰ ਕੱਚੀ ਕੁੱਲੀ ਵੀ ਨਹੀਂ ਜੁੜਦੀ।

ਵੀਰਾਂ ਵਾਲੀ : ਹੁਣ ਤਾਂ ਦਿੱਲੀ ਵਿੱਚ ਸਰਕਾਰ ਸਾਰੇ ਫ਼ਰੂਜੀਆਂ ਨੂੰ ਪੱਕੇ ਕੋਠੇ ਵੰਡ ਰਹੀ ਏ । ਕੱਲ੍ਹ ਬੁੱਘਾ ਮੱਲ ਵੀ ਆਖਦਾ ਸੀ, ਪਈ ਸਰਕਾਰ ਹੁਣ ਸਭਨਾਂ ਨੂੰ ਘਰ ਦਏਗੀ ਤੇ ਅੱਜ ਸੰਤਾ ਡਾਕੀਆ ਵੀ ਇਹੋ ਗੱਲ ਦੀਪੋ ਨੂੰ ਆਖਦਾ ਸੀ।

ਮਾਨਾਂ : ਉਹ !

ਵੀਰਾਂ ਵਾਲੀ : ਤੂੰ ਮੰਨ ਚਾਹੇ ਨਾ ਮੰਨ, ਇਹ ਗੱਲ ਉੱਕਾ ਸੱਚ ਏ।

ਮਾਨਾਂ : ਨੀ, ਇਹ ਬੁੱਘਾ ਚੌਧਰੀ ਤਾਂ ਨਿਰੀ ਝੂਠਾਂ ਦੀ ਪੰਡ ਐ। ਐਵੇਂ ਯਭਲੀਆਂ ਮਾਰਦੈ। ਮੈਂ ਤਾਂ ਗੱਲਾਂ ਵਿੱਚ ਲੱਗ ਗਈ, ਪਾਲੀ ਹੁਣੇ ਮੇਰੇ ਮਗਰ ਦੌੜਿਆ ਆਊਗਾ। ਲੈ ਸੁਣ, ਜੇ ਵਜ਼ੀਰਾ ਆ ਜਾਵੇ ਤਾਂ ਉਹਨੂੰ ਮੇਰੇ ਘਰ ਭੇਜ ਦੇਵੀਂ, ਨਹੀਂ ਤਾਂ ਪਾਲੀ ਪੀਂਘ ਲਈ ਰੋ-ਰੋ ਮੇਰੀ ਜਾਨ ਖਾਊਗਾ। ਚੰਗਾ ਬੇਬੇ, ਮੈਂ ਹੁਣ ਚੱਲਦੀ ਹਾਂ। (ਮਾਨਾਂ ਜਾਂਦੀ ਹੈ)।

(ਸਿਪਾਹੀ ਅਤੇ ਥਾਣੇਦਾਰ ਆਉਂਦੇ ਹਨ)।

ਥਾਣੇਦਾਰ : ਤੂੰ ਜ਼ਰਾ ਚੌਕਸ ਰਹੀਂ। ਨਕਸ਼ੇ ਦੇ ਮੁਤਾਬਕ ਏਹੋ ਘਰ ਏ ਨਾ ? ਸਾਰੀਆਂ ਨਿਸ਼ਾਨੀਆਂ ਮਿਲਦੀਆਂ ਨੇ ? ਅਹੁ ਬੁੱਢੀ ਕੌਣ ਏ ?

ਸਿਪਾਹੀ : ਜੀ, ਏਹੋ ਤਾਂ ਵਜ਼ੀਰੇ ਦੀ ਮਾਂ ਏ।

ਥਾਣੇਦਾਰ : ਇਸ ਨੂੰ ਪੁੱਛੀਏ ?

ਸਿਪਾਹੀ : ਜੀ, ਚੋਰ ਨਾਲੋਂ ਚੋਰ ਦੀ ਮਾਂ ਚਤਰ ਹੁੰਦੀ ਏ। ਕੁਝ ਨਹੀਂ ਦੱਸਣਾ, ਏਸ।

ਥਾਣੇਦਾਰ : (ਅੱਗੇ ਵਧ ਕੇ) ਕਿਉਂ ਮਾਈ ਤੇਰੇ ਪੁੱਤ ਦਾ ਕੀ ਨਾਂ ਏ ?

ਵੀਰਾਂ ਵਾਲੀ : (ਝੁਕ ਕੇ) ਕਿਹੜੇ ਪੁੱਤ ਦਾ ? ਸੁੱਖ ਨਾਲ ਮੈਂ ਤਿੰਨਾਂ ਪੁੱਤਾਂ ਦੀ ਮਾਂ ਹਾਂ।

ਥਾਣੇਦਾਰ : ਤਿੰਨਾਂ ਪੁੱਤਾਂ ਦੀ ਮਾਂ ਏਂ — ਹਲਾ ! ਕੀ ਕਰਦੇ ਨੇ ਤੇਰੇ ਪੁੱਤ ?

ਵੀਰਾਂ ਵਾਲੀ : ਖੇਹ ਤੇ ਸੁਆਹ । ਬਸ ਮੇਰੇ ਨਾਲ ਲੜਨ ਬਾਝੋਂ ਹੋਰ ਉਹਨਾਂ ਨੂੰ ਕੋਈ ਕੰਮ ਨਹੀਂ । ਤੇ ਮੈਂ ਬੁੱਢੀ-ਠੇਰੀ, ਦੱਸੋ, ਮੈਂ ਕੀ ਕਰਾਂ ? ਉਹਨਾਂ ਨੂੰ ਮੇਰੇ ਨਾਲ ਪਿਆਰ ਨਹੀਂ, ਪਰ ਮਾਪੇ-ਕੁਮਾਪੇ ਨਹੀਂ ਹੁੰਦੇ।

ਥਾਣੇਦਾਰ : ਉਹਨਾਂ ਦਾ ਰੁਜ਼ਗਾਰ ਕੀ ਏ ?

ਵੀਰਾਂ ਵਾਲੀ : ਵਿਚਾਰੇ ਮਜ਼ੂਰੀ ਕਰ ਕੇ ਡੰਗ ਟਪਾਂਦੇ ਨੇ। ਮਹਾਰਾਜ ਅਸੀਂ ਫਰੂਜੀ ਤਾਂ ਪਾਕਿਸਤਾਨੋਂ ਉੱਜੜ ਕੇ ਆਏ ਆਂ।

ਥਾਣੇਦਾਰ : ਪਾਕਿਸਤਾਨੋਂ ?

ਵੀਰਾਂ ਵਾਲੀ : ਹਾਂ, ਮਹਾਰਾਜ ।

ਥਾਣੇਦਾਰ : ਤੇ ਇਹ ਘਰ ਕਿਸ ਦਾ ਏ ?

ਵੀਰਾਂ ਵਾਲੀ : ਇਸ ਘਰ ਵਿੱਚ ਪਹਿਲਾਂ ਤਾਂ ਇੱਕ ਚੂੜੀਆਂ ਵੇਚਣ ਵਾਲਾ ਰਹਿੰਦਾ ਸੀ, ਮੁਸਲਮਾਨ। ਉਹ ਫ਼ਸਾਦਾਂ ਵਿੱਚ ਕਿਧਰੇ ਚਲਾ ਗਿਆ। ਬੱਸ, ਅਸੀਂ ਏਸ ਫੂਸ ਦੀ ਛੱਪੜੀ ਹੇਠ ਸਿਰ ਲੁਕੋ ਲਿਆ। ਪਰ ਜੀ, ਬੜਾ ਭੈੜਾ ਮਕਾਨ ਏ। ਗਰਮੀ ਵਿੱਚ ਠੀਕਰਾ ਤਪਦਾ ਏ, ਮੀਂਹ ਵਿੱਚ ਚੋਂਦਾ ਏ, ਸਿਆਲ ਵਿੱਚ ਹਵਾ ਦੇ ਬੁੱਲੇ ਆਉਂਦੇ ਨੇ। ਬਹੁਤ ਔਖੇ ਹਾਂ, ਮਹਾਰਾਜ। ਸਾਨੂੰ ਕੋਈ ਹੋਰ ਮਕਾਨ ਦੇ ਦੇਵੋ। ਮੈਂ ਸੁਣਿਆ ਏ ਸਰਕਾਰ ਨਵੇਂ ਮਕਾਨ ਪਾ ਰਹੀ ਏ, ਸਾਡੇ ਫਰੂਜੀਆਂ ਲਈ। ਸਾਡਾ ਨਾਂ ਵੀ ਲਿਖ ਲਓ। ਧੰਨ ਸਰਕਾਰ ਏ। ਪਾਕਿਸਤਾਨ ਖੇਤ, ਕੁੱਲੀਆਂ, ਘਰ, ਮਾਲ-ਲਵੇਰੇ ਸੱਭੇ ਰਹਿ ਗਏ। ਮੇਰੇ ਨਿੱਕੇ ਪੋਤੇ ਕੋਲ ਖੇਲ੍ਹਣ ਲਈ ਚੂਚੇ ਸਨ ਤੇ ਇੱਕ ਡੱਬੀ ਬੱਕਰੀ। ਏਥੇ ਵਿਚਾਰਾ ਰੇਤੇ ਵਿੱਚ ਰੁਲਦਾ ਏ। ਤੁਹਾਡਾ ਭਲਾ ਹੋਵੇ ਜੇ ਤੁਸੀਂ ਸਾਨੂੰ ਛੱਤੀ ਹੋਈ ਕੁੱਲੀ ਦੇ ਦੇਵੋ।

ਸਿਪਾਹੀ : (ਚਲਾਕੀ ਨਾਲ) ਮਾਈ, ਅਸੀਂ ਤੇਰੇ ਇੱਕ ਪੁੱਤ ਨੂੰ ਇੱਕ ਕੋਠੜੀ ਦੇਣ ਦਾ ਜ਼ਿੰਮਾ ਤਾਂ ਲੈਨੇ ਆਂ।

ਵੀਰਾਂ ਵਾਲੀ : ਰੱਬ ਤੁਹਾਨੂੰ ਸੁਖੀ ਰੱਖੇ !

ਸਿਪਾਹੀ : (ਓਕਰ ਹੀ ਚੋਟ ਕਰ ਕੇ) ਤੇ ਕੋਠੜੀ ਹੀ ਨਹੀਂ ਸਗੋਂ ਖਾਣ ਨੂੰ ਵੀ ਮੁਫ਼ਤ ਮਿਲ਼ੇਗਾ। ਸਰਕਾਰ ਨਵੇਂ ਮਕਾਨ ਪਾ ਰਹੀ ਏ ਪਰ ਤੇਰੇ ਤਿੰਨਾਂ ਪੁੱਤਾਂ ਵਿੱਚੋਂ ਸਿਰਫ ਇੱਕ ਨੂੰ ਨਵਾਂ ਮਕਾਨ ਮਿਲ਼ੇਗਾ।

ਵੀਰਾਂ ਵਾਲੀ : ਤੁਹਾਡੇ ਬਚੜੇ ਜਿਊਂਣ ! ਬੇਸ਼ੱਕ ਇੱਕ ਨੂੰ ਹੀ ਦਿਓ। ਇੱਕ ਦਾ ਬੰਦੋਬਸਤ ਹੋ ਜਾਏ, ਬਾਕੀਆਂ ਦਾ ਵੀ ਈਕਰ ਹੀ ਕੋਈ ਨਾ ਕੋਈ ਹੀਲਾ ਬਣ ਜਾਊ।

ਥਾਣੇਦਾਰ : ਮੈਂ ਤੈਨੂੰ ਪੁੱਛਿਆ ਸੀ ਕਿ ਉਸ ਦਾ ਕੀ ਨਾਂ ਏ ?

ਵੀਰਾਂ ਵਾਲੀ : ਜੀ ਇੱਕ ਦਾ ਨਾਂ ਏ ਕਰਨੈਲ ਸਿੰਘ (ਡਾਇਰੀ ਵਿੱਚ ਨੋਟ ਕਰਦਾ ਏ)।

ਥਾਣੇਦਾਰ : ਦੂਜੇ ਦਾ ?

ਵੀਰਾਂ ਵਾਲੀ : ਜਰਨੈਲ ਸਿੰਘ ।

ਥਾਣੇਦਾਰ : ਤੀਜੇ ਦਾ ?

ਵੀਰਾਂ ਵਾਲੀ : ਸਹੁਰੀਂ ਗਿਆ ਏ।

ਥਾਣੇਦਾਰ : ਸਹੁਰੇ-ਘਰ ?

ਵੀਰਾਂ ਵਾਲੀ : ਜੀ ।

ਸਿਪਾਹੀ : (ਥਾਣੇਦਾਰ ਨੂੰ ਇੱਕ ਪਾਸੇ ਕਰਕੇ) ਜੀ ਇਹ ਰਿਫ਼ਿਊਜੀ ਜੇਲ੍ਹ ਨੂੰ ਵੀ ਸਹੁਰਾ-ਘਰ ਈ ਆਖਦੇ ਨੇ। ਪੁੱਛੋ ਤਾਂ ਸਹੀ ਕਿਹੜੇ ਜੁਰਮ ਵਿੱਚ ਫੜਿਆ ਗਿਆ ਏ, ਉਹ। ਮੈਂ ਤੁਹਾਨੂੰ ਦੱਸ ਦੇਵਾਂ ਉਸ ਨੂੰ ਜ਼ਰੂਰ ਜਾਂ ਤਾਂ ਚੋਰੀ ਦੇ ਜੁਰਮ ਵਿੱਚ ਫੜਿਆ ਹੋਣਾ ਏਂ ਜਾਂ ਡਾਕੇ ਦੇ ਜੁਰਮ ਵਿੱਚ।

ਥਾਣੇਦਾਰ : ਪਹਿਲਾਂ ਬਿਆਨ ਮੁਕੰਮਲ ਕਰ, ਫੇਰ ਇਸ 'ਤੇ ਵੀ ਗੌਰ ਕਰਦੇ ਆਂ। ਭਲਾ ਮਾਈ, ਤੇਰਾ ਦੂਜਾ ਪੁੱਤ ਕਿੱਥੇ ਐ ? ਕਿਤੇ ਉਹ ਵੀ ਸਹੁਰੇ-ਘਰ ਤਾਂ ਨਹੀਂ ਗਿਆ ?

ਵੀਰਾਂ ਵਾਲੀ : ਜੀ ਨਹੀਂ, ਉਹ ਤਾਂ ਹਾਲੇ ਕੁਆਰਾ ਹੈ। ਰੱਬ ਤੁਹਾਡਾ ਭਲਾ ਕਰੇ, ਹੁਣ ਸਾਡੇ ਵਿੱਚ ਵਿਆਹ ਕਰਨ ਦੀ ਪਰੋਖੋਂ ਕਿੱਥੇ ? ਪਕਿਸਤਾਨ ਉਸ ਨੂੰ ਛੇ ਸਾਕ ਆਏ ਸਨ। ਉਸ ਵੇਲੇ ਮੇਰਾ ਨੱਕ ਵੱਡਾ ਸੀ ਪਰ ਰੱਬ ਕਿਸੇ ਦਾ ਹੰਕਾਰ ਨਹੀਂ ਝੱਲਦਾ, ਉਸ ਮੈਨੂੰ ਗਿੱਚੀ ਪਰਨੇ ਮਾਰਿਆ। ਓਥੇ ਇੱਕ ਤੋਂ ਇੱਕ ਸੋਹਣੀ ਕੁੜੀ ਦੇ ਮਾਪੇ ਮੇਰੇ ਘਰ ਦੀ ਦਲੀਜ਼ ਤੋਂ ਆ ਕੇ ਮੁੜ ਜਾਂਦੇ ਸਨ, ਐਥੇ ਕੋਈ ਨਹੀਂ ਬਹੁੜਦਾ। ਐਥੇ ਬਹੁੜੇ ਵੀ ਕਿੱਥੇ ? ਸਾਨੂੰ ਨਾ ਰਹਿਣ ਦਾ ਟਿਕਾਣਾ, ਨਾ ਕੰਮ ਦਾ ਭਰੋਸਾ, ਦੋ ਵੇਲੇ ਢਿੱਡ ਭਰਨ ਲਈ ਸੌ-ਸੌ ਖੇਖਣ ਕਰਨੇ ਪੈਂਦੇ ਨੇ।

ਥਾਣੇਦਾਰ : ਤੇਰਾ ਦੂਜਾ ਪੁੱਤ ਕਿੱਥੇ ਗਿਆ ਏ ?

ਵੀਰਾਂ ਵਾਲੀ : ਮੇਲੇ ਵਿੱਚ । ਉਸ ਕੁਝ ਪੀੜ੍ਹੀਆਂ ਤਿਆਰ ਕੀਤੀਆਂ ਸਨ, ਉਹਨਾਂ ਨੂੰ ਵੇਚਣ ਗਿਆ ਏ । ਪੀੜ੍ਹੀਆਂ ਬੜੀਆਂ ਰਾਂਗਲੀਆਂ ਹਨ ਤੇ ਉਹਨਾਂ 'ਤੇ ਅਸੀਂ ਬੜੇ ਵਧੀਆ ਵੇਲ—ਬੂਟੇ, ਤੋਤੇ ਤੇ ਮੋਰ ਵਾਹੇ ਨੇ, ਜ਼ਰੂਰ ਵਿਕ ਜਾਣਗੀਆਂ। ਐਥੇ ਲਾਗਲੇ ਪਿੰਡ ਦੋ ਵਿਆਹ ਨੇ। ਮਾਘ ਵਿਆਹਾਂ ਦਾ ਈ ਮਹੀਨਾ ਏ। ਬੜਾ ਭਰਵਾਂ ਸਾਹਾ ਏ, ਜ਼ਰੂਰ ਵਿਕ ਜਾਣਗੀਆਂ।

ਥਾਣੇਦਾਰ : ਤੇ ਤੀਜਾ ?

ਵੀਰਾਂ ਵਾਲੀ : ਜੀ ਤੀਜਾ ਐਥੇ ਨੇੜੇ ਈ ਗਿਆ ਏ — ਬੁੱਘੇ ਮੱਲ ਦੇ ਘਰ। ਉਸ ਦੀ ਡਿਊੜ੍ਹੀ ਦੇ ਬੂਹੇ ਨੂੰ ਠੋਕਣ ਭੰਨਣ ਗਿਆ ਏ। ਬੱਸ, ਘਰੋਂ ਤਾਂ ਤੇਸਾ ਤੇ ਆਰੀ ਲੈ ਕੇ ਗਿਆ ਸੀ।

ਸਿਪਾਹੀ : ਤੇਸਾ ਤੇ ਆਰੀ ?

ਥਾਣੇਦਾਰ : ਉਸ ਕਦ ਆਉਣਾ ਏ ?

ਵੀਰਾਂ ਵਾਲੀ : ਕੀ ਪਤਾ ਕੰਮ ਤੇ ਗਿਆਂ ਦਾ, ਕਦ ਮੁੜੇ !

ਥਾਣੇਦਾਰ : ਮਾਈਂ ਅਸੀਂ ਉਸ ਨੂੰ ਉਡੀਕਦੇ ਆਂ, ਫੇਰ । ਤੂੰ ਸਾਨੂੰ ਰਤਾ ਪਾਣੀ ਦਾ ਗਲਾਸ ਤਾਂ ਪਿਲਾ।

ਵੀਰਾਂ ਵਾਲੀ : ਜੰਮ-ਜੰਮ ਪੀਓ, ਤੁਸੀਂ ਬੈਠੋ। ਮੈਂ ਲਿਆਨੀ ਆਂ, ਪਾਣੀ। (ਉਹ ਜਾਂਦੀ ਹੈ।)

ਸਿਪਾਹੀ : ਵੇਖਿਆ ਕਹੀ ਚਤਰ ਜ਼ਨਾਨੀ ਏ। ਦਿੱਤਾ ਕੋਈ ਥਹੁ ਪਤਾ ? ਤੇ ਤੁਸੀਂ ਏਸ ਦੇ ਪੁੱਤ ਦੇ ਵਰੰਟ ਲਈ ਫਿਰਦੇ ਓ ।

ਥਾਣੇਦਾਰ : ਏਸ ਤੋਂ ਕੁਝ ਪਤਾ ਨਹੀਂ ਲੱਗਣਾ। ਪੁਲਿਸ ਦਾ ਜਦ ਜ਼ਨਾਨੀਆਂ ਨਾਲ਼ ਵਾਹ ਪੈਂਦਾ ਏ ਤਾਂ ਪੁਲਿਸ ਹਾਰ ਜਾਂਦੀ ਏ। ਐਸੇ ਲਈ ਸਰਕਾਰ ਨੇ ਹੁਣ ਜ਼ਨਾਨੀਆਂ ਦੀ ਪੁਲਿਸ ਬਣਾਈ ਏ। ਐਥੇ ਪਿੰਡਾਂ ਵਿੱਚ ਕੋਈ ਇੰਤਜ਼ਾਮ ਨਹੀਂ, ਹਾਲਾਂਕਿ ਜ਼ਨਾਨਾ ਪੁਲਿਸ ਦੀ ਬਹੁਤੀ ਲੋੜ ਪਿੰਡਾਂ ਵਿੱਚ ਏ।

ਸਿਪਾਹੀ : ਜੀ, ਜ਼ਨਾਨੀਆਂ ਦੀ ਪੁਲਿਸ ਬੜੀ ਡਾਢੀ ਏ, ਲੋਹੇ ਨੂੰ ਲੋਹਾ ਕੱਟਦਾ ਏ।

ਥਾਣੇਦਾਰ : ਦਿੱਲੀ ਵਿੱਚ ਜ਼ਨਾਨਾ ਪੁਲਿਸ ਆਮ ਏ, ਐਥੇ ਨਹੀਂ। ਮੈਂ ਰਿਪੋਟ ਕਰਾਂਗਾ। (ਵੀਰਾਂ ਵਾਲੀ ਪਾਣੀ ਲੈ ਕੇ ਆਉਂਦੀ ਐ)।

ਵੀਰਾਂ ਵਾਲੀ : ਲਓ ਜੀ, ਠੰਢਾ ਏ ਖੂਹ ਦਾ। (ਉਹ ਪਾਣੀ ਦੇ ਗਲਾਸ ਲੈਂਦੇ ਹਨ) ਪਾਕਿਸਤਾਨ ਸਾਡੇ ਪਿੰਡ ਖੂਹਾਂ 'ਤੇ ਚਰਖੜੀ ਹੁੰਦੀ ਸੀ ਪਰ ਐਥੇ ਭੌਣੀ। ਭੌਣੀ ਨਾਲ਼ ਪਾਣੀ ਛੇਤੀ ਨਹੀਂ ਨਿਕਲ਼ਦਾ। ਸਾਰੇ ਘਰ ਦਾ ਪਾਣੀ ਮੈਂ ਢੋਂਦੀ ਸਾਂ ਤੇ ਕਦੇ ਖੂਹ ਵਿੱਚ ਕੋਈ ਚੀਜ਼ ਡਿਗ ਪੈਂਦੀ ਤਾਂ ਸਦਾ ਮੈਂ ਉੱਤਰਦੀ। ਇੱਕ ਵਾਰ ਸਾਡਾ ਮੇਮਣਾ ਡਿੱਗ ਪਿਆ, ਮੈਂ ਕੱਢ ਲਿਆਈ।

ਥਾਣੇਦਾਰ : ਹੱਛਾ ! (ਵਜ਼ੀਰਾ ਆਉਂਦਾ ਹੈ। ਉਸ ਦੇ ਮੋਢੇ 'ਤੇ ਤੇਸਾ ਤੇ ਆਰੀ ਹਨ)।

ਵੀਰਾਂ ਵਾਲੀ : ਲਓ ਜੀ, ਅਹੁ ਆ ਗਿਆ ਏ, ਮੇਰਾ ਪੁੱਤ ।
ਵੇ ਪੁੱਤ ! ਸਰਕਾਰੋਂ ਤੇਰਾ ਨਾਂ ਲਿਖਣ ਨੂੰ ਆਏ ਨੇ।

ਵਜ਼ੀਰਾ : ਕਿਉਂ ?

ਵੀਰਾਂ ਵਾਲੀ : ਫਰੂਜੀਆਂ ਦਾ ਨਾਂ ਲਿਖਦੀ ਫਿਰਦੀ ਏ, ਸਰਕਾਰ। ਬੱਸ, ਹੁਣ ਪੱਕੀ ਪਰਚੀ ਕੱਟ ਦੇਣਗੇ ਤੇ ਸਾਨੂੰ ਪੱਕੀ ਕੋਠੜੀ ਮਿਲ਼ ਜਾਏਗੀ। ਇਹ ਬਾਲਣ ਜੋਗਾ ਚੋਂਦਾ ਖੋਲ਼ਾ ਛੱਡਾਂਗੇ। ਸ਼ੁਕਰ ਏ, ਸ਼ੁਕਰ ਏ ! ਰੱਬ ਦੇ ਘਰ ਦੇਰ ਏ ਪਰ ਹਨੇਰ ਨਹੀਂ।

ਥਾਣੇਦਾਰ : ਕਿਉਂ ਬਈ, ਤੂੰ ਈ ਏਂ ਵਜ਼ੀਰਾ ?

ਵਜ਼ੀਰਾ : (ਤੇਸਾ ਤੇ ਆਰੀ ਰੱਖਦੇ ਹੋਏ) ਜੀ।

ਥਾਣੇਦਾਰ : ਕੀ ਕੰਮ ਕਰਦੈਂ ?

ਵਜ਼ੀਰਾ : ਬੱਸ ਜੀ, ਦੋ ਵੇਲ਼ੇ ਢਿੱਡ ਭਰਨ ਦਾ ਆਹਰ ਕਰਦਾਂ ।

ਥਾਣੇਦਾਰ : ਕੀ ਕਰਦਾ ਏਂ ?

ਵਜ਼ੀਰਾ : ਇਹੋ ਭੰਨਣ—ਘੜਨ ਦਾ ਕੰਮ ।

ਥਾਣੇਦਾਰ : ਭੰਨਣ ਦਾ ਕੰਮ ?

ਵੀਰਾਂ ਵਾਲੀ : ਜੀ, ਭੰਨਣ ਨਹੀਂ, ਬੱਸ ਘੜਦਾ ਏ।

ਵਜ਼ੀਰਾ : ਪਰ ਜੀ, ਗੱਲ ਇਹ ਹੈ ਕਿ ਭੰਨੇ-ਤੋੜੇ ਬਗੈਰ ਘੜਿਆ ਵੀ ਤਾਂ ਕੁਝ ਨਹੀਂ ਜਾਂਦਾ।

ਥਾਣੇਦਾਰ : ਤੂੰ ਸਿੱਧੀ ਗੱਲ ਕਰ, ਐਵੇਂ ਨਾ ਪਿਆ ਸਾਨੂੰ ਚਾਰ।

ਵਜ਼ੀਰਾ : ਜੀ, ਮੈਂ ਤਾਂ ਸਿੱਧੀ ਗੱਲ ਕਰ ਰਿਹਾ ਆਂ।

ਥਾਣੇਦਾਰ : ਹਾਂ, ਸਿੱਧੀ ਤਰ੍ਹਾਂ ਦੱਸ ਫੇਰ — ਕੀ ਕਰਦਾ ਏਂ, ਤੂੰ ?

ਵੀਰਾਂ ਵਾਲੀ : ਵੇ ਪੁੱਤ ਆਖ ਦੇ ਨਾ, ਕੀ ਕਰਦਾ ਏਂ ਤੂੰ ! ਕਿਹੜਾ ਕੋਈ ਚੋਰੀ—ਡਾਕਾ ਮਾਰਦਾ ਐਂ ਜੋ ਏਕਰ ਘੇਰੀ ਖੜ੍ਹੇ ਨੇ, ਤੈਨੂੰ ?

ਥਾਣੇਦਾਰ : ਚੁੱਪ ਕਰ ਮਾਈ, ਐਵੇਂ ਨਾ ਵਿੱਚ ਬੋਲ ਪਈ। ਜਾ, ਆਪਣਾ ਕੰਮ ਕਰ, ਸਾਨੂੰ ਏਸ ਨਾਲ ਦੋ ਗੱਲਾਂ ਕਰ

ਲੈਣ ਦੇ।

ਵੀਰਾਂ ਵਾਲੀ : ਲਓ, ਮੈਂ ਤੁਹਾਨੂੰ ਕੀ ਆਖਦੀ ਆਂ ?

ਵਜ਼ੀਰਾ : ਬੇਬੇ, ਤੂੰ ਚੱਲ ਅੰਦਰ, ਮੇਰੇ ਨਾਲ਼ ਇਹਨਾਂ ਨੂੰ ਗੱਲ ਕਰ ਲੈਣ ਦੇ। (ਵੀਰਾਂ ਵਾਲੀ ਅੰਦਰ ਜਾਂਦੀ ਹੈ)।

ਵਜ਼ੀਰਾ : ਸਾਹਬ ਜੀ, ਅਸੀਂ ਤਾਂ ਕਈ ਵਾਰ ਅਰਜ਼ੀ ਦਿੱਤੀ ਏ। ਕੱਲ੍ਹ ਸਾਡੀ ਪਿਛਲੀ ਕੰਧ ਡਿਗ ਪਈ। ਪਤਾ ਨਹੀਂ, ਰਾਤ ਨੂੰ ਸੁੱਤੇ ਪਏ ਹੀ ਨਾ ਕਿਤੇ ਦੱਬੇ ਜਾਈਏ। ਕੱਚੀਆਂ ਕੰਧਾਂ ਖੁਰ-ਖੁਰ ਬੱਸ ਕਾਗਦ ਦੀਆਂ ਹੋ ਗਈਆਂ ਨੇ ।

ਥਾਣੇਦਾਰ : ਮੈਨੂੰ ਤਾਂ ਦੱਸ, ਪਈ ਕੀ ਕਿੱਤਾ ਏ, ਤੇਰਾ ?

ਵਜ਼ੀਰਾ : ਕਿੱਤਾ ? ਕਿੱਤਾ ਜਨਾਬ – ਪਾਕਿਸਤਾਨ ਬਣਨ ਤੋਂ ਪਹਿਲੋਂ ਮੈਂ ਖੇਤੀ ਕਰਦਾ ਸਾਂ, ਉਸ ਪਿੱਛੋਂ ਮੈਂ ਇੱਟਾਂ ਢੋਣ ਦਾ ਕੰਮ ਕੀਤਾ ..... ਫਿਰ ਇੱਕ ਕਿੱਤਾ, ਫਿਰ ਦੂਜਾ, ਫਿਰ ਤੀਜਾ। ਐਥੇ ਆ ਕੇ ਜੋ ਕੰਮ ਨਹੀਂ ਵੀ ਕਰਨਾ ਸੀ, ਉਹ ਵੀ ਕੀਤਾ। ਛੇਕੜ ਢਿੱਡ ਨੂੰ ਬੰਦਾ ਕੀ ਨਹੀਂ ਕਰਦਾ ?

ਥਾਣੇਦਾਰ : ਓਏ ਹੁਣ ਦੱਸ, ਹੁਣ ਕੀ ਕਰਦਾ ਏਂ ?

ਵਜ਼ੀਰਾ : ਹੁਣ ਮੈਂ ਬੰਬ ਬਣਾਉਂਦਾ ਹਾਂ ।

ਥਾਣੇਦਾਰ : ਬੰਬ ?

ਵਜ਼ੀਰਾ : ਜੀ !

ਥਾਣੇਦਾਰ : ਲਿਆ ਓਏ, ਨੱਥਾ ਸਿਹਾਂ। ਹਥਕੜੀਆਂ। ਇਹ ਬੰਬ ਬਣਾਂਦਾ ਏ । (ਹੱਸ ਕੇ) ਇਸ ਦਾ ਖ਼ਿਆਲ ਏ ਕਿ ਅਸੀਂ ਇਸ ਦੀਆਂ ਗੱਲਾਂ ਨੂੰ ਮਖੌਲ ਵਿੱਚ ਟਾਲ਼ ਦੇਵਾਂਗੇ ਪਰ ਮੈਂ ਸਾਰੀਆਂ ਗੱਲਾਂ ਜਾਣਦਾ ਹਾਂ। ਲਿਆ ਹਥਕੜੀਆਂ।

ਵਜ਼ੀਰਾ : ਜੀ, ਠੀਕ ਏ, ਮੈਂ ਬੰਬ ਤਿਆਰ ਕਰਦਾ ਹਾਂ, ਪਰ ਹਥਕੜੀਆਂ ਕਿਸ ਲਈ ?

ਥਾਣੇਦਾਰ : ਹਥਕੜੀਆਂ ਕਿਸ ਲਈ ? ਅੱਜ-ਕੱਲ੍ਹ ਦੇ ਚੋਰ ਬਹੁਤ ਚਤਰ ਹੋ ਗਏ ਨੇ। ਦਿੱਲੀ, ਇੱਕ ਚੋਰ ਇੱਕ ਵਾਰ ਸਿੱਧਾ ਕੋਤਵਾਲੀ ਮੇਰੇ ਕੋਲ਼ ਆ ਗਿਆ। ਉਸ ਗਹਿਣਿਆਂ ਦਾ ਡੱਬਾ ਮੇਰੇ ਸਾਮ੍ਹਣੇ ਰੱਖ ਦਿੱਤਾ ਤੇ ਆਖਿਆ ਕਿ ਉਸ ਚੋਰੀ ਕੀਤੀ ਸੀ। ਉਸ ਦਾ ਖ਼ਿਆਲ ਸੀ ਕਿ ਮੈਂ ਉਸ ਨੂੰ ਛੱਡ ਦੇਵਾਂਗਾ। ਸ਼ਾਇਦ ਉਹ ਮੈਨੂੰ ਰਿਸ਼ਵਤ ਦੇਣ ਆਇਆ ਸੀ ਪਰ ਮੈਂ ਤਫ਼ਤੀਸ਼ ਕੀਤੀ, ਪਤਾ ਲੱਗਿਆ ਕਿ ਉਹ ਦਸ ਸਾਲਾਂ ਦਾ ਮਫ਼ਰੂਰ ਸੀ। ਉਹ ਅੱਧੇ ਗਹਿਣੇ ਵੇਚ ਕੇ ਖਾ-ਪੀ ਗਿਆ ਸੀ। ਬਾਕੀ ਦੇ ਗਹਿਣੇ ਹਜ਼ਮ ਨਾ ਹੋਏ ਤਾਂ ਇਕਬਾਲੀ ਬਣ ਗਿਆ। ਬਦਮਾਸ਼, ਇਹ ਵੀ ਉਹੋ ਚਾਲ ਚੱਲਦਾ ਏ। ਇਹ ਹੁਣ ਤੀਕ ਪੁਲਿਸ ਦੀ ਅੱਖ ਤੋਂ ਬਚਿਆ ਕੀਕਰ ਰਿਹਾ, ਨੱਥਾ ਸਿਹਾਂ ?

ਸਿਪਾਹੀ : ਪਤਾ ਨਹੀਂ ਜੀ !

ਥਾਣੇਦਾਰ : ਮੈਥੋਂ ਪਹਿਲਾਂ ਐਥੇ ਥਾਣੇਦਾਰ ਕੀ ਕਰਦੇ ਸਨ ?

ਸਿਪਾਹੀ : ਜੀ, ਉਹ ਤਾਂ ਬੱਸ ਰਾਤ—ਦਿਨ ਚੁਸਕੀ ਚੜ੍ਹਾਈ ਗੁੱਟ ਰਹਿੰਦੇ ਸਨ। ਜੇ ਕਦੇ ਭੁੱਲ-ਭੁਲੇਖੇ ਗਸ਼ਤ 'ਤੇ ਨਿਕਲ਼ਦੇ ਤਾਂ ਪਹਿਲਾਂ ਹੀ ਧੁੰਮ ਪੈ ਜਾਂਦੀ। ਚੋਰਾਂ ਨੇ ਸੁਆਹ ਲੱਭਣਾ ਸੀ। ਤੁਹਾਡੇ ਵਾਂਗ ਨਹੀਂ ਕਿ ਪੋਲੇ-ਪੋਲੇ, ਚੁੱਪ- ਚਾਪ ਆਏ, ਚਲਾਕੀ ਨਾਲ਼ ਮੌਕਾ ਦੇਖਿਆ, ਸੂਹ ਕੱਢੀ ਤੇ ਮੁਲਜ਼ਮ ਨੂੰ ਗੱਲੀਂ-ਗੱਲੀਂ ਬਕਵਾਇਆ ਤੇ ਫਿਰ ਗਰਿਫ਼ਤਾਰ ਕੀਤਾ।

ਥਾਣੇਦਾਰ : ਲਾ ਏਸ ਦੇ, ਹਥਕੜੀਆਂ, ਮਸਾਂ ਕਾਬੂ ਆਇਆ ਏ, ਮੁਰਗ਼ਾ। (ਹੱਸ ਕੇ) ਇਹਨਾਂ ਚੋਰਾਂ—ਡਾਕੂਆਂ ਦਾ ਕਿੱਸਾ ਵੀ ਅਜੀਬ ਹੁੰਦਾ ਹੈ। ਨਾ ਫਸਣ ਤਾਂ ਮਹੀਨਿਆਂਬੱਧੀ ਨਾ ਫਸਣ, ਫਸ ਜਾਣ ਤਾਂ ਫੋਰੇ ਵਿੱਚ ਫਸ ਜਾਣ। ਸੌ ਦਿਨ ਚੋਰ ਦਾ, ਇੱਕ ਦਿਨ ਸਾਧ ਦਾ।

ਸਿਪਾਹੀ : (ਹਥਕੜੀਆਂ ਲਾਉਂਦੇ ਹੋਏ) ਲਿਆ ਬਈ, ਹੱਥ ਅੱਗੇ ਕਰ ।

ਵਜ਼ੀਰਾ : ਹਥਕੜੀਆਂ, ਹਥਕੜੀਆਂ ਕਿਉਂ ?

ਸਿਪਾਹੀ : ਬੱਚੂ ! ਤੂੰ ਐਥੇ ਲੁਕ-ਛਿਪ ਕੇ ਬੈਠਾ ਬੰਬ ਬਣਾਏਂ ਤੇ ਤੈਨੂੰ ਹਥਕੜੀਆਂ ਵੀ ਨਾ ਲੱਗਣ ? ਤੈਨੂੰ ਤਾਂ ਸਗੋਂ ਬੇੜੀਆਂ ਵੀ ਪੈਣਗੀਆਂ। (ਵੀਰਾਂ ਵਾਲੀ ਆਉਂਦੀ ਹੈ)।

ਵੀਰਾਂ ਵਾਲੀ : (ਵਜ਼ੀਰੇ ਨੂੰ ਹਥਕੜੀਆਂ ਵਿੱਚ ਦੇਖ ਕੇ) ਹਾਲ ਵੇ, ਐਹ ਕੀ ? ਤੈਨੂੰ ਹਥਕੜੀਆਂ ਕਾਹਦੇ ਲਈ ਸੁੱਖੀਂ-ਸਾਂਦੀ ? ਤੂੰ ਇਹਨਾਂ ਨੂੰ ਕੀ ਆਖ ਦਿੱਤਾ ? ਤੈਨੂੰ ਕਾਹਦੇ ਲਈ ਬੰਨ੍ਹ ਲਿਆ, ਇਹਨਾਂ ? ਹਾਏ, ਵੇ ਲੋਕੋ ! ਮੈਂ ਲੁੱਟੀ ਗਈ। ਥਾਣੇਦਾਰ ਜੀ, ਏਹਨੇ ਕੀ ਆਖਿਆ ਏ, ਤੁਹਾਨੂੰ ? ਮਾਫ਼ੀ ਦਿਓ, ਐਸ ਨੂੰ। ਇਹ ਤਾਂ ਗਊ ਏ, ਅਸੀਲ ਪੁੱਤਰ ਏ।

ਥਾਣੇਦਾਰ : ਮਾਈ, ਤੂੰ ਐਵੇਂ ਵਿੱਚ ਧਾਂਦਲੀ ਨਾ ਪਾ, ਇਹ ਮੰਨ ਗਿਆ ਏ ।

ਵੀਰਾਂ ਵਾਲੀ : ਮੰਨ ਗਿਆ ਏ ?

ਥਾਣੇਦਾਰ : ਹਾਂ, ਇਸ ਇਕਬਾਲ ਕਰ ਲਿਆ ਏ।

ਵੀਰਾਂ ਵਾਲੀ : ਹਨੇਰ ਸਾਈਂ ਦਾ, ਮੇਰੇ ਸੁੱਖਾਂ ਲੱਧੇ ਨੂੰ ਹਥਕੜੀਆਂ ਪਾਣ ਲੱਗੇ ਓ !

ਥਾਣੇਦਾਰ : ਅਸੀਂ ਸਾਰਾ ਹਾਲ ਪੁੱਛ ਲਿਆ ਏ, ਇਸ ਤੋਂ। ਬੰਬ ਬਣਾਉਣ ਦੇ ਜੁਰਮ ਵਿੱਚ ਫੜਿਆ, ਏਸ ਨੂੰ।

ਵੀਰਾਂ ਵਾਲੀ : ਪਰ ਜੀ, ਇਹ ਬੰਬ ਕੋਈ ਅੱਜ ਦੇ ਬਣਾਉਂਦਾ ਏ — ਏਸ ਨੂੰ ਤਾਂ ਦੋ ਸਾਲ ਹੋ ਗਏ ਨੇ, ਬਣਾਂਦੇ ਨੂੰ।

ਥਾਣੇਦਾਰ : ਲੈ ਬਈ ਨੱਥਾ ਸਿਹਾਂ, ਦੋ ਸਾਲ ਦਾ ਕੇਸ ਲੱਭਾ ਏ।

ਵੀਰਾਂ ਵਾਲੀ : ਪਰ ਜੇ ਤੁਹਾਨੂੰ ਬੰਬਾਂ ਦੀ ਲੋੜ ਏ, ਤੁਸੀਂ ਬਣਵਾ ਲਓ, ਫੜਦੇ ਕਿਉਂ ਓ ?

ਸਿਪਾਹੀ : ਮਾਈ, ਸਾਨੂੰ ਬੰਬਾਂ ਦੀ ਲੋੜ ਨਹੀਂ, ਬੰਬ ਬਣਾਉਣ ਵਾਲੇ ਦੀ ਲੋੜ ਹੈ।

ਵੀਰਾਂ ਵਾਲੀ : ਮੈਂ ਮਰ ਗਈ ! ਜ਼ਰੂਰ ਕਿਰਪੀ ਸੁਨਿਆਰੀ ਨੇ ਚੁਗ਼ਲੀ ਖਾਧੀ ਹੋਣੀ ਏ, ਜੀ। ਉਸ ਚੁੜੇਲ ਨੂੰ ਅਸੀਂ ਖੁਸ਼ਾਲੇ ਦੇ ਖੇਤ 'ਚੋਂ ਗੰਢੇ ਪੱਟਦੀ ਨੂੰ ਫੜਿਆ ਸੀ। ਬੱਸ, ਉਸ ਦਿਨ ਤੋਂ ਉਹ ਸਾਡੇ ਵੈਰ ਪੈ ਗਈ। ਜ਼ਰੂਰ ਉਸ ਦੀ ਸ਼ਹਿ 'ਤੇ ਪੁਲਿਸ ਚੜ੍ਹ ਆਈ ਏ।

ਥਾਣੇਦਾਰ : ਅਸੀਂ ਆਪੂੰ ਖੋਜ ਕਰਦੇ-ਕਰਦੇ ਆਏ ਆਂ। ਤੂੰ ਵਿੱਚ ਬਹੁਤੀ-ਬਹੁਤੀ ਨਾ ਪਈ ਕਰ।

ਵੀਰਾਂ ਵਾਲੀ : ਪਰ ਉਸ ਨੂੰ ਫੜਿਆ ਕਿਸ ਜੁਰਮ ਵਿੱਚ ਜੇ ?

ਥਾਣੇਦਾਰ : ਇਹ ਬੰਬ ਤਿਆਰ ਕਰਦਾ ਏ।

ਵੀਰਾਂ ਵਾਲੀ : ਪਰ ਇਹ ਅਸੀਂ ਕਿਹੜਾ ਜੁਰਮ ਪਏ ਕਮਾਂਦੇ ਆਂ। ਪਰਸੋਂ ਹੀ ਪਟਵਾਰੀ ਹੋਰਾਂ ਦੇ ਘਰ ਦੋ ਬੰਬ ਏਥੋਂ ਗਏ। ਚੌਧਰੀ ਚੂਹੜ ਸਿੰਘ, ਵੱਡੀ ਦਾੜ੍ਹੀ ਵਾਲੇ ਸਰਕਾਰ ਦੇ ਘਰ ਤੇ ਸੂਬੇਦਾਰਾਂ ਦੇ ਘਰ। ਸਾਰੇ ਸਾਡੇ ਕੋਲੋਂ ਬੰਬ ਬਣਵਾਂਦੇ ਨੇ।

ਥਾਣੇਦਾਰ : ਬੜੀ ਖਚਰੀ ਏਂ, ਬੁੱਢੀਏ। ਲੈ ਹੁਣ ਸਫ਼ੈਦਪੋਸ਼ਾਂ, ਸਰਕਾਰੀ ਅਫ਼ਸਰਾਂ ਤੇ ਸਰਦਾਰਾਂ ਨੂੰ ਵੀ ਵਿੱਚ ਲੈਣ ਲੱਗੀ ਏਂ ?

ਵੀਰਾਂ ਵਾਲੀ : ਪਰ ਜੀ, ਮੈਂ ਤੁਹਾਨੂੰ ਤਿੰਨ ਪੁੱਤਾਂ ਦੀ ਸੌਂਹ ਖਾ ਕੇ ਆਖਦੀ ਆਂ ......

ਥਾਣੇਦਾਰ : ਬਹੁਤਾ ਬੋਲੀ ਨਾ ਜਾ, ਨਹੀਂ ਤਾਂ ਤੈਨੂੰ ਵੀ ਵਿੱਚੇ ਫੜ ਲਵਾਂਗੇ।

ਵੀਰਾਂ ਵਾਲੀ : ਹਾਏ ਵੇ ਲੋਕੋ, ਮੈਨੂੰ ਵੀ ਫੜ ਲੈਣ ਲੱਗੇ ਨੇ !

ਥਾਣੇਦਾਰ : ਨੱਥਾ ਸਿਹਾਂ, ਲੈ ਚੱਲ, ਏਸ ਨੂੰ ।

ਵਜ਼ੀਰਾ : ਓਏ ਬਾਤਸ਼ਾਹੋ ! ਕਿਉਂ ਇੱਕ ਗ਼ਰੀਬ ਨੂੰ ਧੂਹਣ ਲੱਗੇ ਓ। ਬੰਬ ਬਣਵਾ ਲਵੋ, ਭਾਵੇਂ ਪੈਸੇ ਨਾ ਦਿਓ।

ਥਾਣੇਦਾਰ : ਚੁੱਪ ਕਰ । ਬਦਮਾਸ਼ ! ਸਾਨੂੰ ਰਿਸ਼ਵਤ ਦੇਣਾ ਏਂ ?

ਵਜ਼ੀਰਾ : ਆਹੋ ਹਜ਼ੂਰ, ਮੈਂ ਤੁਹਾਨੂੰ ਕਦ ਇਨਕਾਰੀ ਕੀਤੀ ਏ ? ਜੇ ਤੁਹਾਡੇ ਟਾਂਗੇ ਦੇ ਬੰਬ ਟੁੱਟੇ ਹਨ ਤਾਂ ਬਣਾ ਦੇਵਾਂਗਾ। ਹਜ਼ੂਰ, ਛੇਤੀ ਤਿਆਰ ਕਰ ਦੇਵਾਂਗਾ।

ਵੀਰਾਂ ਵਾਲੀ : ਜੀ ਟਾਂਗੇ ਦੇ ਬੰਬ ! ਤੁਹਾਡੇ ਬਚੜੇ ਜੀਣ, ਇਹ ਟਾਂਗੇ ਦੇ ਬੰਬ ਬਣਾਂਦਾ ਏ।

ਥਾਣੇਦਾਰ : (ਹੱਸ ਕੇ) ਚਲਾਕੀ ਨਾਲ਼ ਇਹ ਨਿਕਲ਼ਨਾ ਚਾਹੁੰਦਾ ਏ। ਅਸੀਂ ਇਹ ਸਭ ਗੱਲਾਂ ਸਮਝਦੇ ਹਾਂ। ਚੱਲ ਨੱਥਾ ਸਿੰਹਾਂ, ਇਹਨੂੰ ਲੈ ਚੱਲ, ਹਵਾਲਾਤ ਵਿੱਚ ਤੁੰਨ ਕੇ ਪੁੱਛਾਂਗੇ ਕਿ ਕਿਹੜੇ ਬੰਬ ਬਣਾਉਂਦਾ ਏ। ਇਹ ਵੱਡੀ ਸਾਜ਼ਸ਼ ਜਾਪਦੀ ਏ ! ਉੱਥੇ ਛਿੱਤਰਾਂ ਨਾਲ਼ ਜਦ ਇਸ ਦੀ ਕੁਟਾਈ ਕੀਤੀ ਤਾਂ ਇਹ ਆਪੇ ਬਕ ਪਵੇਗਾ। ਇਸ ਦੇ ਹੋਰਨਾਂ ਸਾਥੀਆਂ ਨੂੰ ਵੀ ਗਰਿਫ਼ਤਾਰ ਕਰਨਾ ਏ। ਇਹ ਆਪੇ ਦੱਸੇਗਾ, ਉਹਨਾਂ ਦੇ ਨਾਂ। ਲੈ ਚੱਲ !

ਸਿਪਾਹੀ : (ਉਸ ਨੂੰ ਘਸੀਟ ਕੇ) ਚੱਲ ਓਏ !

ਥਾਣੇਦਾਰ : ਸਗੋਂ ਘੁੱਗੂ ਬਣਿਆ ਖੜ੍ਹਾ ਏ ! ਜੀਭ ਤਾਲੂ ਨਾਲ਼ ਲੱਗ ਗਈ ! ਗੱਲਾਂ ਮਾਰਦਾ ਸੀ, ਚਪੜ-ਚਪੜ। ਸਾਨੂੰ ਧੋਖਾ ਦੇਣ ਲਈ ਆਖਦਾ ਏ, ਟਾਂਗੇ ਦੇ ਬੰਬ। ਓਥੇ ਜਾ ਕੇ ਪੁੱਛਾਂਗੇ, ਕਿਹੜੇ ਬੰਬ ਬਣਾਂਦਾ ਏਂ ਤੂੰ। ਚੱਲ !

(ਵਜ਼ੀਰਾ ਰੌਲ਼ਾ ਪਾਉਂਦਾ ਹੈ। ਸਿਪਾਹੀ ਉਸ ਨੂੰ ਘਸੀਟ ਕੇ ਲੈ ਜਾਂਦਾ ਹੈ। ਥਾਣੇਦਾਰ ਸੋਟੀ ਘੁਮਾਂਉਦਾ ਹੋਇਆ ਜਾਂਦਾ ਹੈ। ਵੀਰਾਂ ਵਾਲੀ ਉੱਚੀ-ਉੱਚੀ ਰੌਲ਼ਾ ਪਾਉਂਦੀ ਹੋਈ ਗਲ਼ੀ ਵਿੱਚ ਜਾਂਦੀ ਹੈ)।

------ (ਪਰਦਾ ਡਿਗਦਾ ਹੈ) ------

### ਸ਼ਬਦ - ਅਰਥ :

**ਲਟੈਣ** – ਸ਼ਤੀਰ; ਰੁੱਖ ਦਾ ਟਹਿਣਾ । **ਪਰੋਖੋਂ** – ਮਾਇਕ ਸ਼ਕਤੀ । **ਤਫ਼ਤੀਸ਼** – ਜੁਰਮ ਦੀ ਪੁੱਛ-ਗਿੱਛ । **ਮਫ਼ਰੂਰ** – ਫ਼ਰਾਰ ਹੋਇਆ, ਭੱਜਿਆ ਹੋਇਆ । **ਖਚਰੀ** – ਚਤਰ, ਸ਼ਰਾਰਤੀ।

## ਪਾਠ-ਅਭਿਆਸ

(1) ਹੇਠ ਲਿਖੇ ਵਾਰਤਾਲਾਪਾਂ ਦੇ ਪ੍ਰਸੰਗ ਸਪਸ਼ਟ ਕਰੋ :

ੳ. "ਜੀ, ਤੋੜੇ ਵਾਲ਼ੀ ਬੰਦੂਕ ਤਾਂ ਘਰ-ਘਰ ਐ। ਸਫ਼ਾ ਜੰਗ, ਗੁਪਤੀ, ਭਾਲਾ, ਨੇਜ਼ਾ, ਛਵ੍ਹੀ, ਕਿਹੜਾ ਹਥਿਆਰ ਐ ਜਿਹੜਾ ਨਹੀਂ ਘੜ ਲੈਂਦੇ। ਤੁਸੀਂ ਵਜ਼ੀਰੇ ਦਾ ਨਾਂ ਤਾਂ ਸੁਣਿਆ ਈ ਐ। ਇੱਥੇ ਮਿੱਤੂ ਲੁਹਾਰ ਦੇ ਮਹੱਲੇ ਵਿੱਚ ਕਿਤੇ ਰਹਿੰਦਾ ਐ। ਉਹ ਬੰਬ ਵੀ ਬਣਾਉਂਦੈ।"

ਅ. "ਆਹੋ ਹਜ਼ੂਰ, ਮੈਂ ਤੁਹਾਨੂੰ ਕਦ ਇਨਕਾਰੀ ਕੀਤੀ ਏ ? ਜੇ ਤੁਹਾਡੇ ਟਾਂਗੇ ਦੇ ਬੰਬ ਟੁੱਟੇ ਹਨ ਤਾਂ ਬਣਾ ਦੇਵਾਂਗਾ। ਹਜ਼ੂਰ, ਛੇਤੀ ਤਿਆਰ ਕਰ ਦੇਵਾਂਗਾ।"

(2) ਹੇਠ ਲਿਖੇ ਪਾਤਰਾਂ ਦੀ ਪਾਤਰ-ਉਸਾਰੀ ਕਰੋ।

ੳ. ਵੀਰਾਂ ਵਾਲੀ ਅ. ਵਜ਼ੀਰਾ ੲ. ਦੀਪੋ ਸ. ਥਾਣੇਦਾਰ

* * * * *

# ਗੁਰਸ਼ਰਨ ਸਿੰਘ
## (1928-2011)

### ਲੇਖਕ ਬਾਰੇ :

ਗੁਰਸ਼ਰਨ ਸਿੰਘ ਦਾ ਜਨਮ 16 ਸਤੰਬਰ, 1928 ਈ: ਨੂੰ ਮੁਲਤਾਨ (ਪਾਕਿਸਤਾਨ) ਵਿੱਚ ਡਾ. ਗਿਆਨ ਸਿੰਘ ਅਤੇ ਮਾਤਾ ਸ੍ਰੀਮਤੀ ਕਰਤਾਰ ਕੌਰ ਦੇ ਘਰ ਹੋਇਆ। ਉਹਨਾਂ ਨੇ ਖ਼ਾਲਸਾ ਕਾਲਜ, ਅੰਮ੍ਰਿਤਸਰ ਤੋਂ ਟੈਕਨੀਕਲ ਕਮਿਸਟਰੀ ਵਿੱਚ ਐੱਮ. ਐੱਸ-ਸੀ. ਕੀਤੀ। ਉਹਨਾਂ ਨੇ ਪੰਜਾਬ ਸਿੰਚਾਈ ਵਿਭਾਗ ਵਿੱਚ 1951 ਈ: ਤੋਂ 1981 ਈ: ਤੱਕ ਬਤੌਰ ਰਿਸਰਚ ਅਫ਼ਸਰ ਕੰਮ ਕੀਤਾ।

ਉਹਨਾਂ ਦੀਆਂ ਮੁੱਖ ਰਚਨਾਵਾਂ 'ਬਾਬਾ ਬੋਲਦਾ ਹੈ', 'ਨਵਾਂ ਜਨਮ ਤੇ ਹੋਰ ਨਾਟਕ', ਚਾਂਦਨੀ ਚੌਕ ਤੋਂ ਸਰਹੰਦ ਤੱਕ', 'ਘੁੰਮਣ ਘੇਰੀ', 'ਸੀਸ ਤਲੀ 'ਤੇ, ਅਤੇ 'ਧਮਕ ਨਗਾਰੇ ਦੀ' ਆਦਿ ਹਨ।

ਉਹਨਾਂ ਨੂੰ ਨਾਟਕ ਲਿਖਣ ਤੇ ਮੰਚਨ ਲਈ ਭਾਰਤ ਦੀ ਸੰਗੀਤ ਨਾਟਕ ਅਕਾਦਮੀ ਵੱਲੋਂ ਪੁਰਸਕਾਰ ਨਾਲ਼ ਸਨਮਾਨਿਆ ਗਿਆ। ਇਸ ਤੋਂ ਬਿਨਾਂ ਵੱਖ-ਵੱਖ ਸੰਸਥਾਵਾਂ ਵੱਲੋਂ ਵੀ ਉਹਨਾਂ ਦਾ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਉੱਤੇ ਸਨਮਾਨ ਹੋਇਆ। ਪੰਜਾਬੀ ਸਾਹਿਤ ਟ੍ਰਸਟ ਢੁੱਡੀਕੇ ਵੱਲੋਂ', 'ਬਲਰਾਜ ਸਾਹਨੀ ਐਵਾਰਡ', ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਵੱਲੋਂ 'ਕਰਤਾਰ ਸਿੰਘ ਧਾਲੀਵਾਲ' ਐਵਾਰਡ ਮਿਲ਼ੇ ਹਨ।

ਉਹ ਪੰਜਾਬ ਲੋਕ ਸੱਭਿਆਚਾਰ ਮੰਚ ਦੇ ਬਾਨੀ ਸਨ। ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਉਹ ਬਾਨੀ ਤੇ ਪ੍ਰਧਾਨ ਸਨ। ਗੁਰਸ਼ਰਨ ਸਿੰਘ ਦੀ ਪੰਜਾਬੀ ਸੱਭਿਆਚਾਰ-ਜਗਤ ਵਿੱਚ ਇੱਕ ਪੇਸ਼ਾਵਰ ਇਨਕਲਾਬੀ ਤੇ ਰੰਗ-ਕਰਮੀ ਵਜੋਂ ਪਛਾਣ ਸਥਾਪਿਤ ਹੋ ਚੁੱਕੀ ਹੈ। ਸਮਕਾਲੀ ਰਾਜਸੀ ਤੇ ਸਮਾਜੀ ਸਮੱਸਿਆਵਾਂ ਉੱਤੇ ਆਲੋਚਨਾਤਮਿਕ ਤੇ ਵਿਅੰਗਮਈ ਸੁਰ ਵਿੱਚ ਨਾਟਕ ਲਿਖਣਾ ਉਹਨਾਂ ਦੀ ਰੁਚੀ ਦੇ ਵਧੇਰੇ ਅਨੁਕੂਲ ਸੀ। ਭਾਸ਼ਾ ਵਿਭਾਗ, ਪੰਜਾਬ ਵੱਲੋਂ ਸਾਲ 1994 ਈ: ਦਾ ਸ਼੍ਰੋਮਣੀ ਪੰਜਾਬੀ ਟੈਲੀਫ਼ਿਲਮ ਸਕ੍ਰਿਪਟ/ਨਾਟਕ ਲੇਖਕ ਦੇ ਪੁਰਸਕਾਰ ਨਾਲ਼ ਸਨਮਾਨਿਤ ਕੀਤਾ ਗਿਆ।

### ਇਕਾਂਗੀ ਬਾਰੇ :

ਇਸ ਇਕਾਂਗੀ ਵਿੱਚ ਲੇਖਕ ਗੁਰਸ਼ਰਨ ਸਿੰਘ ਨੇ ਨਵੀਂ ਤੇ ਪੁਰਾਣੀ ਪੀੜ੍ਹੀ ਵਿਚਕਾਰਲੀ ਟੱਕਰ ਨੂੰ ਬੜੇ ਨਵੇਕਲੇ ਢੰਗ ਨਾਲ਼ ਪੇਸ਼ ਕੀਤਾ ਹੈ। ਜਿਵੇਂਕਿ ਸਦੀਆਂ ਤੋਂ ਚੱਲਦਾ ਆ ਰਿਹਾ ਹੈ ਕਿ ਪਿਤਾ ਤੇ ਪੁੱਤਰ ਦੀ ਪੀੜ੍ਹੀ ਵਿੱਚ ਹਮੇਸ਼ਾਂ ਹੀ ਤਕਰਾਰ ਰਿਹਾ ਹੈ- ਦੋਵੇਂ ਇੱਕ-ਦੂਜੇ ਵੱਲ ਪਿੱਠ ਕਰੀ ਖੜ੍ਹੇ ਹਨ। ਪਹਿਲਾ ਸੋਚਦਾ ਹੈ, ਉਹ ਠੀਕ ਹੈ। ਦੂਜਾ ਨਵੀਂ ਪੀੜ੍ਹੀ ਦਾ ਪ੍ਰਤਿਨਿਧ ਸੋਚਦਾ ਹੈ ਕਿ ਉਸ ਦੀ ਸੋਚ ਵਧੇਰੇ ਸਹੀ ਹੈ। ਦੋਵੇਂ ਹੀ ਇੱਕ-ਦੂਜੇ ਨੂੰ ਸਮਝਣ ਤੋਂ ਅਸਮਰਥ ਹਨ। ਇਸ ਇਕਾਂਗੀ ਵਿੱਚ ਇਕਾਂਗੀਕਾਰ ਨੇ ਪੁਰਾਣੀ ਪੀੜ੍ਹੀ ਦੇ ਨੁਮਾਇੰਦੇ ਪਿਤਾ ਨੂੰ ਵੱਖ-ਵੱਖ ਰੂਪਾਂ ਵਿੱਚ ਪੇਸ਼ ਕੀਤਾ ਹੈ- ਪਹਿਲਾ ਪਿਤਾ ਦੇ ਰੂਪ ਵਿੱਚ, ਦੂਜਾ ਇੰਟਰਵਿਊ ਲੈਣ ਵਾਲ਼ੇ ਅਫ਼ਸਰ ਦੇ ਰੂਪ ਵਿੱਚ ਤੇ ਤੀਜਾ ਕਚਹਿਰੀ ਵਿੱਚ ਬੈਠੇ ਜੱਜ ਦੇ ਰੂਪ ਵਿੱਚ। ਪੁੱਤਰ ਦਾ ਪੁਰਾਣੀ ਪੀੜ੍ਹੀ ਦੇ ਪਿਤਾ ਦੇ ਹਰ ਰੂਪ ਨਾਲ਼ ਝਗੜਾ ਹੁੰਦਾ ਹੈ ਜਿਸ ਨੂੰ ਇਕਾਂਗੀਕਾਰ ਨੇ ਬੜੀ ਖ਼ੂਬੀ ਨਾਲ਼ ਪੇਸ਼ ਕੀਤਾ ਹੈ। ਇਕਾਂਗੀ ਦੇ ਅੰਤ ਵਿੱਚ ਲੇਖਕ ਦੋਹਾਂ ਪੀੜ੍ਹੀਆਂ ਨੂੰ ਆਪਣੇ ਅਨੁਭਵ ਵਿੱਚੋਂ ਲੰਘਾ ਕੇ ਇੱਕ-ਦੂਜੇ ਦੇ ਨੇੜੇ ਲੈ ਆਉਂਦਾ ਹੈ। ਪੁਰਾਣੀ ਪੀੜ੍ਹੀ ਨੂੰ ਆਪਣੀਆਂ ਕਮਜ਼ੋਰੀਆਂ ਦਾ ਅਹਿਸਾਸ ਹੁੰਦਾ ਹੈ। ਨਵੀਂ ਪੀੜ੍ਹੀ ਨੂੰ ਪੁਰਾਣੀ ਪੀੜ੍ਹੀ ਦੀ ਮਜਬੂਰੀ ਦਾ ਅਹਿਸਾਸ ਹੁੰਦਾ ਹੈ। ਇਸ ਗੱਲ ਨੂੰ ਮਹਿਸੂਸ ਕਰਦਿਆਂ ਦੋਵੇਂ ਪੀੜ੍ਹੀਆਂ ਇੱਕ-ਦੂਜੀ ਦੇ ਨੇੜੇ ਆਉਂਦੀਆਂ ਹਨ। ਇਸ ਪ੍ਰਕਾਰ ਇਕਾਂਗੀਕਾਰ ਨੇ ਦੋ ਪੀੜ੍ਹੀਆਂ ਵਿਚਲੀ ਲਕੀਰ ਨੂੰ ਮਿਟਾਉਣ ਦਾ ਯਤਨ ਕੀਤਾ ਹੈ।

* * * * *

# ਨਾਇਕ

**ਗੁਰਸ਼ਰਨ ਸਿੰਘ**

ਪਾਤਰ :

ਇੱਕ ਨੌਜਵਾਨ ਪੁੱਤਰ
ਇੱਕ ਪਿਤਾ (ਪਿਤਾ ਦੇ ਰੂਪ ਵਿੱਚ)
ਇੱਕ ਪਿਤਾ (ਇੰਟਰਵਿਊ ਲੈਣ ਵਾਲੇ ਦੀ ਕੁਰਸੀ ਉੱਤੇ ਬੈਠਾ)
ਇੱਕ ਪਿਤਾ (ਜੱਜ ਦੀ ਕੁਰਸੀ ਉੱਤੇ ਬੈਠਾ)
ਨਾਟਕ ਸ਼ੁਰੂ ਹੋਣ 'ਤੇ ਸੂਤਰਧਾਰ ਮੰਚ ਉੱਤੇ ਆਉਂਦਾ ਹੈ।

ਸੂਤਰਧਾਰ : ਲੋੜ ਹੈ....ਲੋੜ ਹੈ ਉਹਨਾਂ ਨਾਇਕਾਂ ਦੀ ਜੋ ਸਮੇਂ ਦੀਆਂ ਚੁਨੌਤੀਆਂ ਨੂੰ ਕਬੂਲ ਕਰਨ ਜੋ ਸੁਪਨਿਆਂ ਵਿੱਚ ਸਮਾਂ ਜ਼ਾਇਆ ਨਾ ਕਰਨ ਸਗੋਂ ਅਸਲੀਅਤ ਨੂੰ ਖੁੱਲ੍ਹੀਆਂ ਅੱਖਾਂ ਨਾਲ਼ ਦੇਖਣ।

— ਇਹ ਨਾਇਕ ਉਹ ਨਾ ਹੋਣ ਜੋ ਦਰਵਾਜ਼ੇ ਥਾਣੀਂ ਅੰਦਰ ਨਹੀਂ ਜਾ ਸਕਦੇ, ਖਿੜਕੀ ਥਾਣੀਂ ਬਾਹਰ ਨਹੀਂ ਝਾਕ ਸਕਦੇ ਫੇਰ ਵੀ ਦਾਅਵਾ ਕਰਦੇ ਨੇ, ਇਹ ਘਰ ਉਹਨਾਂ ਦਾ ਆਪਣਾ ਘਰ ਹੈ।

— ਇਹ ਨਾਇਕ ਉਹ ਨਾ ਹੋਣ ਜਿਨ੍ਹਾਂ ਦੇ ਬੋਲ ਅਵਾਜ਼ ਨਹੀਂ ਧਾਰਦੇ ਜਿਨ੍ਹਾਂ ਦੇ ਸਿਰਾਂ ਨੂੰ ਸੀਸ ਦਾ ਰੁਤਬਾ ਨਹੀਂ ਮਿਲ਼ਦਾ ਫੇਰ ਵੀ ਦਾਅਵਾ ਕਰਦੇ ਨੇ, ਤਾਜ ਉਹਨਾਂ ਦੇ ਸਿਰ 'ਤੇ ਹੈ।

— ਇਹ ਨਾਇਕ ਉਹ ਨਾ ਹੋਣ ਜੋ ਸਿਰ ਭਾਰ ਸਿਰਫ਼ ਇਸ ਲਈ ਤੁਰਦੇ ਨੇ ਕਿ ਪੈਰਾਂ ਵਿੱਚ ਕੰਡੇ ਨਾ ਚੁਭ ਜਾਣ ਫਿਰ ਵੀ ਦਾਅਵਾ ਕਰਦੇ ਨੇਂ, ਨਿਸ਼ਾਨ ਉਹਨਾਂ ਦੇ ਪੈਰਾਂ ਦੇ ਹੀ ਰਹਿਣਗੇ।

— ਇਹ ਨਾਇਕ ਉਹ ਨਾ ਹੋਣ ਜਿਨ੍ਹਾਂ ਦਾ ਦਿਲ ਜ਼ਰਦ ਪੱਤਿਆਂ ਦਾ ਜਨਾਜ਼ਾ ਉਠਾਉਣ ਨਾਲ਼ ਚੜ੍ਹਦਾ ਹੈ ਤੇ ਰਾਤ ਪੈਂਦੀ ਹੈ ਮੁਰਝਾਏ ਫੁੱਲਾਂ ਦੀ ਅਰਥੀ ਚੁੱਕਣ ਨਾਲ਼ ਫੇਰ ਵੀ ਦਾਅਵਾ ਕਰਦੇ ਨੇ ਕਿ ਮੌਸਮ ਉਹਨਾਂ ਦੇ ਹੁਕਮ ਨਾਲ਼ ਚੱਲਦਾ ਹੈ। (ਪੁੱਤਰ ਬਾਹਰੋਂ ਆਉਂਦਾ ਹੈ, ਪਿਤਾ ਉਹਦੇ ਵੱਲ ਵੇਖਦਾ ਹੈ)

ਪਿਤਾ : ਕਿੱਥੋਂ ਆਏ ਨੇ ਸਾਹਿਬਜ਼ਾਦੇ ?

ਪੁੱਤਰ : ਪਿਤਾ ਜੀ, ਡਾਕਖ਼ਾਨੇ ਗਿਆ ਸੀ ਪਰ ਤੁਸੀਂ ਇਸ ਤਰ੍ਹਾਂ ਟਿਚਕਰ ਨਾਲ਼ ਮੈਨੂੰ ਕਿਉਂ ਬੁਲਾਂਦੇ ਹੋ ?

ਪਿਤਾ : ਹੁਣ ਮੈਂ ਆਪਣੇ ਘਰ ਵਿੱਚ ਹੀ ਆਪਣੇ ਪੁੱਤਰ ਨੂੰ ਕਿਸ ਤਰ੍ਹਾਂ ਬੁਲਾਵਾਂ, ਕੀ ਏਨੀ ਵੀ ਮੈਨੂੰ ਆਪਣੇ ਘਰ ਵਿੱਚ ਅਜ਼ਾਦੀ ਨਹੀਂ ?

ਪੁੱਤਰ : ਅਜ਼ਾਦੀ ਦੀ ਗੱਲ ਨਹੀਂ, ਤੁਸੀਂ ਟਿਚਕਰ ਇਸ ਲਈ ਕਰ ਰਹੇ ਹੋ ਕਿ ਮੈਂ ਏਨਾ ਪੜ੍ਹਨ ਤੋਂ ਬਾਅਦ ਵੀ ਘਰ ਵਿਹਲਾ ਬੈਠਾ ਹਾਂ ਪਰ ਇਹ ਮੇਰਾ ਕਸੂਰ ਨਹੀਂ।

ਪਿਤਾ : ਕਿਸੇ ਪੜ੍ਹੇ-ਲਿਖੇ ਨੂੰ ਨੌਕਰੀ ਨਾ ਮਿਲ਼ੇ, ਇਹ ਉਹਦਾ ਕਸੂਰ ਨਹੀਂ ਪਰ ਜੇ ਨੌਕਰੀ ਮਿਲ਼ਦੀ ਹੋਵੇ ਤਾਂ ਉਹ ਨਾ ਕਰੇ, ਇਹ ਉਹਦਾ ਕਸੂਰ ਜ਼ਰੂਰ ਏ।

ਪੁੱਤਰ : ਮੈਂ ਤੁਹਾਨੂੰ ਕਿੰਨੀ ਵਾਰ ਕਿਹਾ ਹੈ ਕਿ ਮੈਂ ਕਮੇਟੀ-ਘਰ ਵਿੱਚ ਕਲਰਕੀ ਦੀ ਨੌਕਰੀ ਨਹੀਂ ਕਰਨੀ।

ਪਿਤਾ : ਤੇ ਮੈਂ ਤੈਨੂੰ ਕਿੰਨੀ ਵਾਰ ਕਿਹਾ ਏ ਕਿ ਉਸ ਤੋਂ ਸਿਵਾ ਹੋਰ ਨੌਕਰੀ ਤੈਨੂੰ ਨਹੀਂ ਮਿਲ਼ ਸਕਦੀ। ਇਸ ਵਿੱਚ ਸ਼ੱਕ ਨਹੀਂ ਕਿ ਤੂੰ ਐੱਮ.ਏ. ਪਾਸ ਏਂ, ਇਹ ਬਿਲਕੁਲ ਉਸੇ ਤਰ੍ਹਾਂ ਹੈ, ਜਿਸ ਤਰ੍ਹਾਂ ਮੈਂ ਕਿਸੇ ਵੇਲ਼ੇ ਮੈਟ੍ਰਿਕ ਪਾਸ ਸਾਂ। ਮੈਂ ਕਲਰਕੀ ਦੀ ਨੌਕਰੀ ਕੀਤੀ, ਤੂੰ ਕਿਉਂ ਨਹੀਂ ਕਰ ਸਕਦਾ ? ਉਸ ਵੇਲ਼ੇ ਮੈਟ੍ਰਿਕ ਪਾਸ ਦੀ ਜੋ ਲਿਆਕਤ ਸੀ, ਉਹ ਹੁਣ ਐੱਮ.ਏ. ਪਾਸ ਦੀ ਏ।

ਪੁੱਤਰ : ਪਿਤਾ ਜੀ, ਮੈਟ੍ਰਿਕ, ਮੈਟ੍ਰਿਕ ਹੁੰਦੀ ਏ, ਐੱਮ.ਏ., ਐੱਮ.ਏ. ਹੁੰਦੀ ਹੈ।

ਪਿਤਾ : ਪਰ ਹੁਣ ਦਾ ਐੱਮ.ਏ. ਪਹਿਲੇ ਵੇਲ਼ੇ ਦੀ ਮੈਟ੍ਰਿਕ ਦੇ ਬਰਾਬਰ ਏ ਜਿਸ ਤਰ੍ਹਾਂ ਹੁਣ ਦਾ ਰੁਪਿਆ ਪਹਿਲੇ ਵੇਲ਼ੇ ਦੇ ਆਨੇ ਦੇ ਬਰਾਬਰ ਏ।

ਪੁੱਤਰ : ਪਿਤਾ ਜੀ, ਆਨਾ, ਆਨਾ ਹੁੰਦਾ ਹੈ ਤੇ ਰੁਪਇਆ, ਰੁਪਇਆ ਹੀ ਹੁੰਦਾ ਏ।

ਪਿਤਾ : ਤੂੰ ਕਹਿਣਾ ਕੀ ਚਾਹੁੰਦਾ ਏਂ ?

ਪੁੱਤਰ : ਇਹੋ ਕਿ ਤੁਸੀਂ ਹਰ ਗੱਲ ਵਿੱਚ, ਮੈਨੂੰ ਆਪਣੇ ਮੁਕਾਬਲੇ ਨਾ ਖੜ੍ਹਾ ਕਰਿਆ ਕਰੋ।

ਪਿਤਾ : ਪਰ ਮੈਂ ਇਹ ਵੀ ਬਰਦਾਸ਼ਤ ਨਹੀਂ ਕਰ ਸਕਦਾ ਕਿ ਕੱਲ੍ਹ ਦਾ ਮੁੰਡਾ ਆਪਣੇ-ਆਪ ਨੂੰ ਮੇਰੇ ਤੋਂ ਉੱਚਾ ਸਮਝੇ। ਮੈਂ ਜੋ ਕਮੇਟੀ-ਘਰ ਦੇ ਦਫ਼ਤਰ ਦਾ ਸੁਪਰਡੈਂਟ ਹਾਂ, ਸਾਰੇ ਸ਼ਹਿਰ ਦੇ ਟੈਂਕਸ ਦੇ ਕਾਗ਼ਜ਼ ਮੇਰੇ ਰਾਹੀਂ ਲੰਘਦੇ ਨੇ।

ਪੁੱਤਰ : ਇੱਕ ਚੌਕ 'ਚ ਖੜ੍ਹਾ ਸਿਪਾਹੀ ਹਰ ਇੱਕ ਕਾਰ ਵਾਲ਼ੇ ਨੂੰ ਰੋਕ ਸਕਦਾ ਏ ਪਰ ਇਹਦਾ ਇਹ ਮਤਲਬ ਨਹੀਂ ਕਿ ਉਹਦਾ ਰੁਤਬਾ ਕਾਰ ਵਾਲ਼ਿਆਂ ਨਾਲ਼ੋਂ ਉੱਚਾ ਹੈ।

ਪਿਤਾ : ਹੁਣ ਤੂੰ ਮੈਨੂੰ ਚੌਕ 'ਤੇ ਖੜ੍ਹਾ ਸਿਪਾਹੀ ਬਣਾ ਦਿੱਤਾ ਏ।

ਪੁੱਤਰ : ਜੇ ਇੱਕ ਫ਼ਸਟ ਕਲਾਸ ਐੱਮ.ਏ. ਨੂੰ ਤੁਸੀਂ ਮੈਟ੍ਰਿਕ ਦੇ ਬਰਾਬਰ ਬਣਾ ਦੇਣ ਦਾ ਹੱਕ ਰੱਖਦੇ ਹੋ ਤਾਂ ਮੈਂ ਵੀ ਕੋਈ ਹੱਕ ਰੱਖਦਾ ਹਾਂ।

ਪਿਤਾ : ਮੈਂ ਤੇਰੇ ਕੋਲ਼ੋਂ ਸਿਰਫ਼ ਇਹ ਪੁੱਛਿਆ ਸੀ ਕਿ ਤੂੰ ਕਿੱਥੋਂ ਆਇਆ ਏਂ ?

ਪੁੱਤਰ : ਤੇ ਮੈਂ ਤੁਹਾਨੂੰ ਦੱਸਿਆ ਹੈ ਕਿ ਮੈਂ ਡਾਕਖ਼ਾਨੇ ਤੋਂ ਆਇਆ ਹਾਂ, ਮੈਂ ਜੋ ਪਿਛਲੇ ਹਫ਼ਤੇ ਇੰਟਰਵਿਊ ਦੇ ਕੇ ਆਇਆ ਹਾਂ, ਉਹਦੇ ਰੀਜ਼ਲਟ ਦੀ ਮੈਨੂੰ ਉਡੀਕ ਏ।

ਪਿਤਾ : ਤੂੰ ਉਡੀਕ ਵਿੱਚ ਬੁੱਢਾ ਹੋ ਜਾਏਂਗਾ।

ਪੁੱਤਰ : ਜੇ ਤੁਹਾਡੀਆਂ ਸ਼ੁੱਭ-ਇੱਛਾਵਾਂ ਇਸੇ ਤਰ੍ਹਾਂ ਮੇਰੇ ਨਾਲ਼ ਰਹੀਆਂ ਤਾਂ ਇਹ ਗੱਲ ਸੱਚੀ ਵੀ ਹੋ ਸਕਦੀ ਏ ਤੇ ਤੁਹਾਡੀ ਜਾਣਕਾਰੀ ਲਈ ਦੱਸ ਦਿਆਂ ਕਿ ਕੱਲ੍ਹ ਇੱਕ ਹੋਰ ਇੰਟਰਵਿਊ ਦੇਣ ਜਾ ਰਿਹਾ ਹਾਂ ; ਕਾਲਜ ਵਿੱਚ ਲੈਕਚਰਾਰ ਦੀ ਪੋਸਟ ਏ ।

ਪਿਤਾ : ਕਿਹੜੇ ਕਾਲਜ ਵਿੱਚ ?

ਪੁੱਤਰ : ਤੁਸੀਂ ਪੁੱਛ ਕੇ ਕੀ ਲੈਣਾ ਏਂ ?

ਪਿਤਾ : ਹੋ ਸਕਦਾ ਏ, ਮੈਂ ਕਿਸੇ ਸਿਫ਼ਾਰਸ਼ ਦਾ ਬੰਦੋਬਸਤ ਕਰ ਸਕਾਂ।

ਪੁੱਤਰ : ਮੈਨੂੰ ਕਿਸੇ ਦੀ ਸਿਫ਼ਾਰਸ਼ ਦੀ ਲੋੜ ਨਹੀਂ।

ਪਿਤਾ : ਹਾਂ, ਅਗਰ ਕੋਈ ਮੈਟ੍ਰਿਕ ਪਾਸ ਕਿਸੇ ਐੱਮ.ਏ. ਪਾਸ ਦੀ ਸਿਫ਼ਾਰਸ਼ ਲਾਵੇ ਤਾਂ ਇਹ ਉਸ ਦੀ ਬੇਇੱਜ਼ਤੀ ਏ ਭਾਵੇਂ ਮੈਟ੍ਰਿਕ ਪਾਸ ਉਹਦਾ ਪਿਤਾ ਹੀ ਕਿਉਂ ਨਾ ਹੋਵੇ।

ਪੁੱਤਰ : ਨਹੀਂ, ਇਹ ਗੱਲ ਨਹੀਂ, ਮੈਂ ਆਪਣੇ ਪੈਰਾਂ 'ਤੇ ਖਲੋਣਾ ਚਾਹੁੰਦਾ ਹਾਂ ਪਰ ਤੁਸੀਂ ਮੇਰੀ ਇਹ ਗੱਲ ਨਹੀਂ ਸਮਝੋਗੇ।

ਪਿਤਾ : ਮੈਂ ਤੇਰੀ ਗੱਲ ਨਹੀਂ ਸਮਝਾਂਗਾ, ਕੀ ਮੈਂ ਤੇਰਾ ਦੁਸ਼ਮਣ ਹਾਂ ?

ਪੁੱਤਰ : ਕਿਸੇ-ਕਿਸੇ ਵੇਲ਼ੇ ਮੈਨੂੰ ਇਸੇ ਤਰ੍ਹਾਂ ਲੱਗਦੈ।

ਪਿਤਾ : ਅੱਛਾ, ਜੇ ਇਸ ਤਰ੍ਹਾਂ ਹੀ ਤੂੰ ਸਮਝਣਾ ਏਂ ਤਾਂ ਠੀਕ ਏ, ਹਾਂ ਤੇਰੇ ਮਹੀਨੇ ਦੇ ਖ਼ਰਚ ਲਈ ਪੈਸੇ ਤੇਰੇ ਕਮਰੇ ਵਿੱਚ ਮੇਜ਼ 'ਤੇ ਰੱਖ ਦਿੱਤੇ ਨੇ, ਹੋਰ ਲੋੜ ਹੋਵੇ ਤਾਂ ਮੰਗ ਲਵੀਂ।

ਪੁੱਤਰ : ਸ਼ੁਕਰੀਆ, ਤੁਹਾਡਾ ਮੇਰੇ ਉੱਤੇ ਕਰਜ਼ਾ ਵਧਦਾ ਜਾ ਰਿਹਾ ਏ।

ਪਿਤਾ : ਕਰਜ਼ਾ ?

ਪੁੱਤਰ : ਇਮਤਿਹਾਨ ਦੇ ਰੀਜ਼ਲਟ ਬਾਅਦ ਜੋ ਵੀ ਪੈਸਾ ਮੈਂ ਤੁਹਾਡੇ ਕੋਲੋਂ ਲਿਆ ਏ, ਉਹ ਕਰਜ਼ਾ ਹੀ ਹੈ ਤੇ ਉਹ ਮੈਂ ਸੂਦ ਸਮੇਤ ਮੋੜਨਾ ਚਾਹਵਾਂਗਾ।

ਪਿਤਾ : ਤੈਨੂੰ ਆਪਣੇ ਪਿਤਾ ਨਾਲ ਇਸ ਤਰ੍ਹਾਂ ਗੱਲ ਕਰਦਿਆਂ ਸ਼ਰਮ ਆਉਣੀ ਚਾਹੀਦੀ ਏ।

ਪੁੱਤਰ : ਸ਼ਰਮ ਵੇਲੇ ਸ਼ਰਮ ਜ਼ਰੂਰ ਕਰਾਂਗਾ ਪਰ ਹੁਣ ਨਹੀਂ।

ਪਿਤਾ : ਕਿਸ ਵੇਲੇ ?

ਪੁੱਤਰ : ਤੁਸੀਂ ਜਦੋਂ ਹੋਰ ਬੁੱਢੇ ਹੋ ਗਏ ਤੇ ਮੈਂ ਤੁਹਾਡੇ ਲਈ ਕੁਝ ਨਾ ਕਰ ਸਕਿਆ ਤਾਂ ਮੈਨੂੰ ਸ਼ਰਮ ਆਏਗੀ।

ਪਿਤਾ : ਸੋ, ਤੂੰ ਹੁਣੇ ਹੀ ਫ਼ੈਸਲਾ ਕਰ ਲਿਆ ਏ ਕਿ ਤੂੰ ਮੇਰੇ ਲਈ ਕੁਝ ਨਹੀਂ ਕਰੇਂਗਾ, ਸਿਰਫ਼ ਸ਼ਰਮ ਕਰਕੇ ਆਪਣਾ ਫ਼ਰਜ਼ ਭੁਲਾ ਦੇਵੇਂਗਾ। ਮੈਨੂੰ ਤੇਰੇ ਤੋਂ ਇਹੋ ਉਮੀਦ ਏ।

ਪੁੱਤਰ : ਉਮੀਦਾਂ ਲਾਉਣੀਆਂ, ਤੁਹਾਡੀ ਪੀੜ੍ਹੀ ਦੀ ਆਦਤ ਏ, ਸਾਡੀ ਨਹੀਂ।

ਪਿਤਾ : ਕੀ ਮਤਲਬ ?

ਪੁੱਤਰ : ਤੁਹਾਡੀ ਪੀੜ੍ਹੀ ਨੇ ਉਮੀਦ ਲਾਈ ਸੀ, ਦੇਸ ਅਜ਼ਾਦ ਹੋਵੇਗਾ, ਇਨਸਾਫ਼ ਦਾ ਰਾਜ ਹੋਵੇਗਾ, ਕੋਈ ਕਿਸੇ ਦੀ ਮਿਹਨਤ ਨਹੀਂ ਲੁੱਟ ਸਕੇਗਾ ਪਰ ਤੁਹਾਡੀ ਉਮੀਦ ਪੂਰੀ ਨਹੀਂ ਹੋਈ। ਤੁਸੀਂ ਉਮੀਦ ਲਾਈ ਸੀ ਕਿ ਬੱਚੇ ਪੜ੍ਹ—ਲਿਖ ਕੇ ਆਪਣੇ ਰੁਜ਼ਗਾਰ 'ਤੇ ਲੱਗਣਗੇ ਪਰ ਉਮੀਦ ਪੂਰੀ ਨਹੀਂ ਹੋਈ। ਅਸੀਂ ਨਾ ਕੋਈ ਉਮੀਦ ਲਾਈ ਏ ਤੇ ਨਾ ਹੀ ਕੋਈ ਵਾਇਦਾ ਕਰ ਸਕਦੇ ਹਾਂ। ਸਾਨੂੰ ਤਾਂ ਹਰ ਘੜੀ ਜਿਊਂਣ ਲਈ ਸੰਘਰਸ਼ ਕਰਨਾ ਪੈ ਰਿਹਾ ਏ, ਅੱਗੋਂ ਕੀ ਹੋਏਗਾ, ਸਾਨੂੰ ਬਿਲਕੁਲ ਨਹੀਂ ਪਤਾ।

ਪਿਤਾ : ਮੈਂ ਸੋਚਦਾ ਹਾਂ ਜੇ ਨੌਜਵਾਨਾਂ ਦੀ ਇਹ ਸੋਚ ਬਣ ਗਈ ਏ ਤਾਂ ਦੇਸ ਦਾ ਕੀ ਬਣੇਗਾ ?

ਪੁੱਤਰ : ਸਾਨੂੰ ਫ਼ਿਕਰ ਇਸ ਗੱਲ ਦਾ ਏ ਕਿ ਸਾਡਾ ਕੀ ਬਣੇਗਾ ?

ਪਿਤਾ : ਤੁਹਾਡਾ ਤਾਂ ਹੀ ਕੁਝ ਬਣੇਗਾ ਜੇ ਦੇਸ ਦਾ ਕੁਝ ਬਣੇਗਾ।

ਪੁੱਤਰ : ਇਹ ਸਭ ਕਹਿਣ ਦੀਆਂ ਗੱਲਾਂ ਨੇ ਪਿਤਾ ਜੀ, ਦੇਸ ਵਿੱਚ ਜਿਨ੍ਹਾਂ ਦਾ ਬਣਨਾ ਸੀ, ਉਹ ਬਣਿਆ ਹੋਇਆ ਏ, ਦੇਸ ਵਿੱਚ ਅਮੀਰ ਲੋਕਾਂ ਦੀ ਕੋਈ ਕਮੀ ਨਹੀਂ, ਹੋਟਲਾਂ ਦੇ ਹੋਟਲ ਬਣੀ ਜਾ ਰਹੇ ਨੇ, ਅੱਯਾਸ਼ੀ ਕਰਨ ਵਾਲੇ ਅੱਯਾਸ਼ੀ ਕਰ ਰਹੇ ਨੇ, ਮੁਰਗੇ ਖਾ ਰਹੇ ਨੇ, ਸ਼ਰਾਬ ਪੀ ਰਹੇ ਨੇ। ਸੋ ਦੇਸ ਦੀ ਨਹੀਂ, ਸਾਨੂੰ ਆਪਣੀ ਫ਼ਿਕਰ ਏ। ਹਾਂ, ਤੁਸੀਂ ਬਾਹਰ ਕਦੋਂ ਜਾਣਾ ਏ ?

ਪਿਤਾ : ਕੀ ਮਤਲਬ ?

ਪੁੱਤਰ : ਮੇਰੇ ਦੋਸਤ ਬਾਹਰ ਉਡੀਕ ਰਹੇ ਨੇ।

ਪਿਤਾ : ਯਾਨੀ ਤੇਰੇ ਕਹਿਣ ਦਾ ਮਤਲਬ ਏ ਕਿ ਮੈਂ ਆਪਣੇ ਘਰ ਤੋਂ ਦਫ਼ਾ ਹੋ ਜਾਵਾਂ ਕਿਉਂਕਿ ਤੇਰੇ ਦੋਸਤ ਬਾਹਰ ਉਡੀਕ ਰਹੇ ਨੇ।

ਪੁੱਤਰ : ਮੈਂ ਦਫ਼ਾ ਹੋ ਜਾਣ ਦਾ ਸ਼ਬਦ ਨਹੀਂ ਵਰਤਿਆ। ਉਂਞ ਇਸ ਵਿੱਚ ਸ਼ੱਕ ਨਹੀਂ ਕਿ ਤੁਹਾਡੇ ਬਾਹਰ ਜਾਣ ਦਾ ਸਮਾਂ ਹੋ ਗਿਆ ਹੈ। ਜੇ ਤੁਸੀਂ ਨਹੀਂ ਜਾਣਾ ਚਾਹੁੰਦੇ ਤਾਂ ਮੈਂ ਚਲਿਆ ਜਾਵਾਂਗਾ। ਅਸੀਂ ਇੱਕ ਮੀਟਿੰਗ ਕਰਨੀ ਏ, ਕਿਧਰੇ ਹੋਰ ਕਰ ਲਵਾਂਗੇ।

ਪਿਤਾ : ਬੁਲਾ ਲੈ ਸਾਰਿਆਂ ਨੂੰ, ਮੈਂ ਚੱਲਿਆ ਹਾਂ (ਸੋਟੀ ਚੁੱਕ ਕੇ ਜਾਂਦਾ ਹੈ)। (ਪੁੱਤਰ ਵੀ ਬਾਹਰ ਜਾਂਦਾ ਹੈ)।

ਸੂਤਰਧਾਰ : ਪਿਤਾ ਅਤੇ ਪੁੱਤਰ ਦਾ ਫ਼ਰਕ ਹੈ, ਇਹ ਪੀੜ੍ਹੀਆਂ ਦਾ ਫ਼ਰਕ ਹੈ, ਇਹ ਸੋਚ ਦਾ ਫ਼ਰਕ ਹੈ, ਇਹ ਵਿਸ਼ਵਾਸ ਦਾ ਫ਼ਰਕ ਹੈ, ਇੱਕ ਉਹ ਹੈ ਜੋ ਬੀਤ ਚੁੱਕਾ ਹੈ, ਇੱਕ ਉਹ ਹੈ ਜੋ ਆਉਣ ਵਾਲਾ ਹੈ, ਪੁੱਤਰ ਹੁਣ ਨੌਕਰੀ ਦਾ ਉਮੀਦਵਾਰ ਹੈ, ਪਿਤਾ ਕੁਰਸੀ 'ਤੇ ਬੈਠਾ ਅਹੁਦੇਦਾਰ ਹੈ, ਨਾਟਕ ਦਾ ਪਿੜ ਤਿਆਰ ਹੈ, ਨਾਟਕ ਇਹ ਮਜ਼ੇਦਾਰ ਹੈ।

ਦ੍ਰਿਸ਼ ਇੱਕ ਦਫ਼ਤਰ ਦਾ (ਰੋਸ਼ਨੀ ਹੋਣ 'ਤੇ ਪਿਤਾ ਹੁਣ ਇੱਕ ਕੁਰਸੀ 'ਤੇ ਬੈਠਾ ਹੈ। ਉਹ ਇੱਕ ਇੰਟਰਵਿਊ ਲੈਣ ਵਾਲ਼ਾ ਵਿਅਕਤੀ ਹੈ )।

ਪਿਤਾ : (ਅਵਾਜ਼ ਦੇ ਕੇ) ਰੋਲ ਨੰਬਰ 'ਇੱਕ' ਅੰਦਰ ਆ ਜਾਏ। (ਪੁੱਤਰ ਆਉਂਦਾ ਹੈ, ਉਹਦੇ ਕੋਲ਼ ਡਿਗਰੀਆਂ ਦਾ ਲਿਫ਼ਾਫ਼ਾ ਹੈ )।

ਪਿਤਾ : ਸੁਖਦੇਵ ਸਿੰਘ ਤੇਰੇ ਸਰਟੀਫ਼ਿਕੇਟ ਬੜੇ ਚੰਗੇ ਹਨ।

ਪੁੱਤਰ : ਹਾਂ ਜੀ।

ਪਿਤਾ : ਤੇਰੀਆਂ ਵਿੱਦਿਅਕ ਪ੍ਰਾਪਤੀਆਂ ਬਹੁਤ ਹਨ।

ਪੁੱਤਰ : ਹਾਂ ਜੀ, ਮੈਟ੍ਰਿਕ ਤੋਂ ਲੈ ਕੇ ਐੱਮ.ਏ. ਤੱਕ ਮੈਂ ਫ਼ਸਟ ਕਲਾਸ ਵਿੱਚ ਹੀ ਪਾਸ ਕੀਤੀ ਹੈ। ਮੈਟ੍ਰਿਕ ਵਿੱਚ ਮੈਂ ਆਪਣੇ ਜ਼ਿਲ੍ਹੇ ਵਿੱਚੋਂ ਫ਼ਸਟ ਆਇਆ ਸਾਂ, ਬੀ.ਏ. ਵਿੱਚੋਂ ਮੈਂ ਕਾਲਜ ਵਿੱਚੋਂ ਫ਼ਸਟ ਆਇਆ ਸਾਂ, ਐੱਮ.ਏ. ਵਿੱਚੋਂ ਮੈਂ ਕਲਾਸ ਵਿੱਚੋਂ ਫ਼ਸਟ ਆਇਆ ਸਾਂ।

ਪਿਤਾ : ਮੇਰਾ ਖ਼ਿਆਲ ਏ ਕਿ ਇਹ ਨੌਕਰੀ ਤੈਨੂੰ ਮਿਲਣੀ ਚਾਹੀਦੀ ਏ।

ਪੁੱਤਰ : ਮੇਰਾ ਵੀ ਖ਼ਿਆਲ ਏ ਕਿ ਇਹ ਨੌਕਰੀ ਮੈਨੂੰ ਮਿਲਣੀ ਚਾਹੀਦੀ ਏ।

ਪਿਤਾ : ਤੇਰੇ ਤੋਂ ਚੰਗਾ ਸਾਡੇ ਕੋਲ਼ ਕੋਈ ਹੋਰ ਉਮੀਦਵਾਰ ਨਹੀਂ।

ਪੁੱਤਰ : ਮੇਰਾ ਵੀ ਖ਼ਿਆਲ ਏ ਕਿ ਮੇਰੇ ਨਾਲ਼ੋਂ ਚੰਗਾ ਤੁਹਾਡੇ ਕੋਲ਼ ਕੋਈ ਉਮੀਦਵਾਰ ਨਹੀਂ।

ਪਿਤਾ : ਤੇਰੇ ਕੋਲ਼ ਕੋਈ ਸਿਫ਼ਾਰਸ਼ ਹੈ ?

ਪੁੱਤਰ : ਨਹੀਂ ਜੀ, ਮੇਰੇ ਕੋਲ਼ ਜੋ ਕੁਝ ਵੀ ਹੈ, ਉਹ ਇਹੀ ਹੈ।

ਪਿਤਾ : ਇਹ ਪ੍ਰਾਈਵੇਟ ਕਾਲਜ ਹੈ, ਮੈਨੇਜਮੈਂਟ ਦਾ ਕੋਈ ਮੈਂਬਰ ਤੈਨੂੰ ਜਾਂ ਤੇਰੇ ਪਿਤਾ ਜੀ ਨੂੰ ਜਾਣਦਾ ਹੋਵੇਗਾ ?

ਪੁੱਤਰ : ਮੈਨੂੰ ਕੋਈ ਨਹੀਂ ਜਾਣਦਾ। ਜੇ ਪਿਤਾ ਜੀ ਨੂੰ ਕੋਈ ਜਾਣਦਾ ਹੋਵੇ ਤਾਂ ਮੈਂ ਕਹਿ ਨਹੀਂ ਸਕਦਾ ਪਰ ਜੇਕਰ ਜਾਣਦਾ ਹੋਵੇ ਤਾਂ ਵੀ ਮੈਂ ਨਹੀਂ ਚਾਹਵਾਂਗਾ ਕਿ ਪਿਤਾ ਜੀ ਕਿਸੇ ਨੂੰ ਮੇਰੇ ਵਾਸਤੇ ਆਖਣ।

ਪਿਤਾ : ਮੈਂ ਤੇਰੇ ਜਜ਼ਬਿਆਂ ਦੀ ਕਦਰ ਕਰਨਾਂ ਹਾਂ, ਨੌਜਵਾਨਾਂ ਵਿੱਚ ਇਹੋ-ਜਿਹਾ ਹੀ ਵਿਸ਼ਵਾਸ ਹੋਣਾ ਚਾਹੀਦਾ ਹੈ।

ਪੁੱਤਰ : ਇਹਦਾ ਮਤਲਬ ਏ ਕਿ ਮੈਨੂੰ ਇਹ ਨੌਕਰੀ ਮਿਲ਼ ਜਾਏਗੀ।

ਪਿਤਾ : ਮੈਂ ਤਾਂ ਚਾਹਵਾਂਗਾ ਇਹ ਤੈਨੂੰ ਮਿਲ਼ ਜਾਏ, ਪਰ.........

ਪੁੱਤਰ : ਪਰ ਕੀ ?

ਪਿਤਾ : ਕੋਈ ਐਸਾ ਉਮੀਦਵਾਰ ਵੀ ਆ ਸਕਦਾ ਹੈ ਜਿਸ ਦੇ ਨੰਬਰ ਭਾਵੇਂ ਥੋੜ੍ਹੇ ਹੋਣ ਪਰ ਉਹਦੀ ਸਿਫ਼ਾਰਸ਼ ਬਹੁਤੀ ਹੋਵੇ, ਲਿਆਕਤ ਘੱਟ ਹੋਵੇ ਪਰ 'ਪੁੱਲ' ਬਹੁਤੀ ਹੋਵੇ।

ਪੁੱਤਰ : ਇਹ ਗੱਲ ਤੁਹਾਨੂੰ ਨੌਕਰੀ ਦੇ ਇਸ਼ਤਿਹਾਰ ਵਿੱਚ ਦਰਜ ਕਰਨੀ ਚਾਹੀਦੀ ਸੀ ਕਿ ਤੁਹਾਨੂੰ ਐਸੇ ਉਮੀਦਵਾਰ ਦੀ ਲੋੜ ਹੈ ਜਿਸ ਦੇ ਨੰਬਰ ਭਾਵੇਂ ਥੋੜ੍ਹੇ ਹੋਣ ਪਰ ਉਹਦੀ ਸਿਫ਼ਾਰਸ਼ ਬਹੁਤੀ ਹੋਵੇ, ਉਹਦੀ ਲਿਆਕਤ ਘੱਟ ਹੋਵੇ ਪਰ 'ਪੁੱਲ' ਬਹੁਤੀ ਹੋਵੇ।

ਪਿਤਾ : ਇਹ ਕਿਸ ਤਰ੍ਹਾਂ ਲਿਖਿਆ ਜਾ ਸਕਦਾ ਹੈ, ਇਹ ਜਮਹੂਰੀ ਕਦਰਾਂ-ਕੀਮਤਾਂ ਦਾ ਦੇਸ ਏ। ਇਹਦੇ ਵਿੱਚ ਲਿਖਤੀ ਤੌਰ 'ਤੇ ਸਾਰਿਆਂ ਦੇ ਹੱਕ ਬਰਾਬਰ ਨੇ।

ਪੁੱਤਰ : ਜੇ ਲਿਖਤੀ ਤੌਰ 'ਤੇ ਬਰਾਬਰ ਨੇ ਤਾਂ ਅਮਲੀ ਤੌਰ 'ਤੇ ਕਿਉਂ ਨਹੀਂ ਹੋ ਸਕਦੇ ?

ਪਿਤਾ : ਇਹ ਸਾਡੀ ਮਜਬੂਰੀ ਏ ।

ਪੁੱਤਰ : ਇਹ ਤੁਹਾਡੀ ਮਜਬੂਰੀ ਨਹੀਂ, ਇਹ ਤੁਹਾਡੀ ਬੇਈਮਾਨੀ ਏ, ਤੁਸੀਂ ਦੰਭੀ ਹੋ, ਮੱਕਾਰ ਹੋ, ਝੂਠੇ ਹੋ।

ਪਿਤਾ : ਤੈਨੂੰ ਬੋਲਣ ਦੀ ਤਮੀਜ਼ ਨਹੀਂ।

ਪੁੱਤਰ : ਤਮੀਜ਼ ਸ਼ਬਦ ਦੇ ਕਈ ਅਰਥ ਨੇ। ਮੇਰੇ ਖ਼ਿਆਲ ਵਿੱਚ ਤਮੀਜ਼ ਤੁਹਾਨੂੰ ਨਹੀਂ। ਇੱਕ ਪੜ੍ਹੇ ਲਿਖੇ ਨੌਜਵਾਨ ਨਾਲ਼ ਤੁਸੀਂ ਇਹ ਬਦਤਮੀਜ਼ੀ ਕਰ ਰਹੇ ਹੋ ਕਿ ਉਹਦਾ ਹੱਕ ਉਹਨੂੰ ਨਹੀਂ ਦੇ ਰਹੇ।

ਪਿਤਾ : ਤੂੰ ਬੜਾ ਗੁਸਤਾਖ਼ ਏਂ ।

ਪੁੱਤਰ : ਸੱਚ ਹਮੇਸ਼ਾਂ ਗੁਸਤਾਖ਼ ਹੁੰਦਾ ਏ।

ਪਿਤਾ : ਇੱਥੋਂ ਬਾਹਰ ਨਿਕਲ਼ ਜਾ।

ਪੁੱਤਰ : ਨਹੀਂ ਨਿਕਲ਼ਦਾ ।

ਪਿਤਾ : ਮੈਂ ਕਹਿਨਾ ਹਾਂ,ਇੱਥੋਂ ਬਾਹਰ ਨਿਕਲ਼ ਜਾ ।

ਪੁੱਤਰ : ਮੈਂ ਕਹਿਨਾ ਹਾਂ, ਮੈਂ ਨਹੀਂ ਨਿਕਲ਼ਦਾ। (ਉਹਨਾਂ ਦਾ ਝਗੜਾ ਹੱਥੋ-ਪਾਈ ਤੱਕ ਜਾਂਦਾ ਹੈ ਤੇ ਦੋਵੇਂ ਇੱਕ ਦੂਜੇ ਨੂੰ ਘੂਰਦੇ ਬਾਹਰ ਜਾਂਦੇ ਹਨ।)

ਸੂਤਰਧਾਰ : ਇਹ ਪੀੜ੍ਹੀਆਂ ਦਾ ਤਕਰਾਰ ਹੈ, ਕਿਸੇ ਦੀ ਜਿੱਤ ਕਿਸੇ ਦੀ ਹਾਰ ਹੈ। ਕੁਰਸੀ 'ਤੇ ਬੈਠਾ ਚਾਹੁੰਦਾ ਹੈ, ਜ਼ਿੰਦਗੀ ਇੱਕ ਚਾਲ ਚੱਲਦੀ ਰਹੇ, ਸਥਾਪਿਤ ਦਸਤੂਰ ਅੱਗੇ ਝੁਕਦੀ ਰਹੇ ਪਰ ਸੜਕ 'ਤੇ ਆਏ ਨੂੰ ਇਹ ਮਨਜ਼ੂਰ ਨਹੀਂ ਕਿ ਇੱਕ ਥਾਂ 'ਤੇ ਖਲੋਤੀ ਰਹੇ, ਉਹ ਜ਼ਿੰਦਗੀ ਦਾ ਦਸਤੂਰ ਨਹੀਂ। (ਇਸ ਦੌਰਾਨ ਪਿਤਾ-ਪੁੱਤਰ ਮੰਚ 'ਤੇ ਆਉਂਦੇ ਹਨ। ਪਿਤਾ ਅਤੇ ਪੁੱਤਰ ਹੁਣ ਘਰ ਵਿੱਚ ਹਨ, ਬੰਦ ਹੁਣ ਦਰ ਵਿੱਚ ਹਨ। ਪਿਤਾ ਸਮਝਦਾ ਹੈ, ਹੱਕ ਹੈ, ਉਹਨੂੰ ਪੁੱਤਰ ਨੂੰ ਸਮਝਾਉਣ ਦਾ ਪਰ ਬਾਲਗ਼ ਪੁੱਤਰ ਸਮਝਦਾ ਹੈ, ਉਹ ਜ਼ਿੰਦਗੀ ਨੂੰ ਵੱਧ ਹੈ ਜਾਣਦਾ। ਦ੍ਰਿਸ਼ ਇਹ ਵੀ ਵੇਖਣ ਵਾਲ਼ਾ ਹੈ। ਇਸ ਵਿੱਚ ਵੀ ਨਾਟਕੀ ਮਸਾਲਾ ਹੈ )।

ਥਾਂ : ਪਹਿਲੇ ਵਾਲ਼ਾ ਘਰ।

(ਹੁਣ ਘਰ ਵਿੱਚ ਹੀ ਪਹਿਲੇ ਦ੍ਰਿਸ਼ ਵਾਲ਼ੇ ਕਮਰੇ ਵਿੱਚ ਪਿਤਾ ਸ਼ਾਲ ਲੈ ਕੇ ਕੁਰਸੀ 'ਤੇ ਬੈਠਾ ਹੈ ਤੇ ਪੁੱਤਰ ਦੂਰ ਇੱਕ ਪਾਸੇ ਖੜ੍ਹਾ ਹੈ ।

ਪਿਤਾ : ਇਹ ਤੈਨੂੰ ਕਿਨ੍ਹੇ ਕਿਹਾ ਸੀ ਕਿ ਇਹ ਹੰਗਾਮਾ ਖੜ੍ਹਾ ਕਰ।

ਪੁੱਤਰ : ਪਹਿਲੇ ਮੈਨੂੰ ਇਹ ਦੱਸੋ ਕਿ ਤੁਸੀਂ ਹੁਣ ਕੁਰਸੀ 'ਤੇ ਬੈਠੇ ਉਹ ਵਿਅਕਤੀ ਹੋ ਜਾਂ ਮੇਰੇ ਪਿਤਾ ਹੋ ?

ਪਿਤਾ : ਉਹ ਵਿਅਕਤੀ ਰਹਿ ਗਿਆ ਉੱਥੇ ਹੀ, ਕੁਰਸੀ 'ਤੇ, ਮੈਂ ਤੇਰਾ ਪਿਤਾ ਤੇਰੇ ਨਾਲ਼ ਗੱਲ ਕਰ ਰਿਹਾ ਹਾਂ ਕਿ ਇਹ ਸਾਰਾ ਹੰਗਾਮਾ ਖੜ੍ਹਾ ਕਰਨ ਦੀ ਕੀ ਲੋੜ ਸੀ ?

ਪੁੱਤਰ : ਪਰ ਉਹਦਾ ਕੀ ਹੱਕ ਬਣਦਾ ਸੀ ਕਿ ਮੇਰੇ ਮੂੰਹ 'ਤੇ ਕਹੇ ਕਿ ਇਹ ਨੌਕਰੀ ਤੈਨੂੰ ਨਹੀਂ ਮਿਲ਼ ਸਕਦੀ।

ਪਿਤਾ : ਇਸ ਵਿੱਚ ਉਹਦਾ ਕੀ ਕਸੂਰ ਸੀ ? ਉਹਨੇ ਆਪਣੀ ਉਹ ਕੁਰਸੀ ਖੁਹਾਉਣੀ ਸੀ ?

ਪੁੱਤਰ : ਫੇਰ ਇਹ ਕਿਸ ਦਾ ਕਸੂਰ ਏ ਕਿ ਇੱਕ ਬੰਦਾ ਜਿਸ ਦੇ ਨੰਬਰ ਬਹੁਤੇ ਹੋਣ, ਉਹਦਾ ਸਾਰਿਆਂ ਨਾਲੋਂ ਵੱਧ ਹੱਕ ਬਣਦਾ ਹੋਵੇ ਕਿ ਉਹ ਨੌਕਰੀ ਲਈ ਚੁਣਿਆ ਜਾਏ ਪਰ ਉਹ ਚੁਣਿਆ ਨਾ ਜਾਏ।

ਪਿਤਾ : ਮੇਰੇ ਨੌਜਵਾਨ ਪੁੱਤਰ! ਇਹ ਇਸ ਸਮਾਜ ਦਾ ਕਸੂਰ ਏ, ਇਸ ਪ੍ਰਬੰਧ ਦਾ ਕਸੂਰ ਏ ।

ਪੁੱਤਰ : ਤੇ ਮੇਰੇ ਬੁੱਢੇ ਪਿਤਾ ਜੀ, ਇਸ ਪ੍ਰਬੰਧ ਵਿਰੁੱਧ ਕੌਣ ਬੋਲੇਗਾ ?

ਪਿਤਾ : ਤੂੰ ਠੇਕਾ ਤਾਂ ਨਹੀਂ ਲਿਆ ਹੋਇਆ ਕਿ ਹਰ ਇੱਕ ਥਾਂ 'ਤੇ ਤੂੰ ਬੋਲੇਂ। ਹੁਣ ਪਤਾ ਈ ਕੀ ਹੋਏਗਾ ?

ਪੁੱਤਰ : ਪਤਾ ਏ, ਉਸ ਵਿਅਕਤੀ ਨੇ ਪੁਲਿਸ ਵਿੱਚ ਰਿਪੋਰਟ ਲਿਖਵਾ ਦਿੱਤੀ ਏ ਕਿ ਮੈਂ ਇੱਕ ਡਿਊਟੀ 'ਤੇ ਤਾਇਨਾਤ ਬੰਦੇ ਦੀ ਉਸ ਦੇ ਦਫ਼ਤਰ ਵਿੱਚ ਉਹਦੀ ਬੇਇਜ਼ਤੀ ਕੀਤੀ ਹੈ ਤੇ ਉਹਨੂੰ ਮਾਰ ਦੇਣ ਦੀ ਧਮਕੀ ਦਿੱਤੀ ਹੈ।

ਪਿਤਾ : ਤੇ ਇਹ ਮਾਮੂਲੀ ਜੁਰਮ ਨਹੀਂ, ਤੇਰੇ 'ਤੇ ਮੁਕੱਦਮਾ ਚੱਲ ਸਕਦਾ ਏ, ਤੈਨੂੰ ਸਜ਼ਾ ਹੋ ਸਕਦੀ ਏ।

ਪੁੱਤਰ : ਮੁਕੱਦਮਾ ਚੱਲਣ ਦੇਣਾ, ਜੇਲ੍ਹ ਜਾਣ ਦੇਣਾ, ਤੁਸੀਂ ਜ਼ਮਾਨਤ ਨਾ ਕਰਵਾਉਣਾ।

ਪਿਤਾ : ਤੈਨੂੰ ਜੇਲ੍ਹ ਜਾਣ ਦੇਵਾਂ ਤਾਂਜੋ ਤੇਰੀ ਮਾਂ ਸੁਫਨਿਆਂ ਵਿੱਚ ਆਕੇ ਮੈਨੂੰ ਫਿਟਕਾਰ ਪਾਵੇ ਕਿ ਆਪਣੇ ਪੁੱਤਰ ਦਾ ਬੜਾ ਖ਼ਿਆਲ ਰੱਖਿਆ ਏ।

ਪੁੱਤਰ : ਜੇ ਤੁਹਾਨੂੰ ਇਸ ਫਿਟਕਾਰ ਦਾ ਏਨਾ ਹੀ ਡਰ ਸੀ ਤਾਂ ਤੁਹਾਨੂੰ ਆਪਣੇ ਪੁੱਤਰ ਦਾ ਖ਼ਿਆਲ ਰੱਖਣਾ ਚਾਹੀਦਾ ਸੀ।

ਪਿਤਾ : ਕੀ ਮੈਂ ਤੇਰਾ ਖ਼ਿਆਲ ਨਹੀਂ ਰੱਖਿਆ ? ਸਾਰਿਆਂ ਨਾਲੋਂ ਚੰਗੀ ਤੇਰੀ ਪੜ੍ਹਾਈ ਕਰਵਾਈ ਏ, ਤੈਨੂੰ ਕੋਈ ਥੁੜ ਨਹੀਂ ਹੋਣ ਦਿੱਤੀ।

ਪੁੱਤਰ : ਇਹ ਤਾਂ ਹਰ ਬਾਪ ਕਰਦਾ ਏ, ਮੈਂ ਤਾਂ ਹੀ ਮੰਨਦਾ ਕਿ ਤੁਸੀਂ ਮੇਰਾ ਖ਼ਿਆਲ ਰੱਖਿਆ ਏ ਜੇਕਰ ਤੁਸੀਂ ਉਹ ਲੜਾਈ ਲੜਦੇ ਜਿਹੜੀ ਹੁਣ ਮੈਨੂੰ ਲੜਨੀ ਪੈ ਰਹੀ ਹੈ।

ਪਿਤਾ : ਯਾਨੀ ਮੈਂ ਵੀ ਕਿਸੇ ਅਫ਼ਸਰ ਨਾਲ਼ ਲੜਿਆ ਹੁੰਦਾ, ਉਹਦੇ ਨਾਲ਼ ਹੱਥਾ-ਪਾਈ ਕੀਤੀ ਹੁੰਦੀ, ਉਹ ਉੱਚੀ ਬੋਲਦਾ, ਮੈਂ ਹੋਰ ਉੱਚੀ ਬੋਲਦਾ ਤੇ ਫੇਰ ਨੌਕਰੀ ਤੋਂ ਬਰਖ਼ਾਸਤ ਹੋ ਕੇ ਘਰ ਬੈਠਾ ਹੁੰਦਾ।

ਪੁੱਤਰ : ਇਸ ਤਰ੍ਹਾਂ ਨਾ ਕਰਦੇ ਪਰ ਕਿਸੇ ਬੇਇਨਸਾਫ਼ੀ ਵਿਰੁੱਧ ਕਦੇ ਬੋਲੇ ਤਾਂ ਹੁੰਦੇ। ਜਿਹੜੀ ਬੁਜ਼ਦਿਲੀ ਤੁਸੀਂ ਤੇ ਤੁਹਾਡੀ ਪੀੜ੍ਹੀ ਨੇ ਬਰਦਾਸ਼ਤ ਕੀਤੀ, ਉਹਦਾ ਨਤੀਜਾ ਮੈਂ ਤੇ ਮੇਰੀ ਪੀੜ੍ਹੀ ਭੋਗ ਰਹੇ ਹਾਂ ਪਰ ਅਸੀਂ ਇਹ ਸਭ ਚੁੱਪ ਕਰਕੇ ਬਰਦਾਸ਼ਤ ਨਹੀਂ ਕਰਾਂਗੇ, ਅਸੀਂ ਹੰਗਾਮਾ ਕਰਾਂਗੇ, ਕੁਰਸੀ 'ਤੇ ਬੈਠਿਆਂ ਦੀ ਪੱਗ ਨੂੰ ਹੱਥ ਪਾਵਾਂਗੇ।

ਪਿਤਾ : ਤੇਰਾ ਪਿਤਾ ਵੀ ਇੱਕ ਜ਼ੁੰਮੇਵਾਰੀ ਵਾਲ਼ੀ ਕੁਰਸੀ 'ਤੇ ਬੈਠਦਾ ਹੈ, ਤੂੰ ਚਾਹੇਂਗਾ ਕਿ ਜਿਸ ਤਰ੍ਹਾਂ ਤੂੰ ਉਸ ਭਲੇਮਾਣਸ ਵਿਅਕਤੀ ਦੀ ਪੱਗ 'ਤੇ ਹੱਥ ਪਾਇਆ ਹੈ, ਕੋਈ ਆ ਕੇ ਤੇਰੇ ਪਿਤਾ ਦੀ ਪੱਗ ਨੂੰ ਵੀ ਇਸ ਤਰ੍ਹਾਂ ਪਾਏ ?

ਪੁੱਤਰ : ਹਾਂ, ਅਗਰ ਮੇਰਾ ਪਿਤਾ ਕੋਈ ਗ਼ਲਤੀ ਕਰ ਰਿਹਾ ਹੋਵੇ ਤਾਂ ਮੇਰੇ ਵਰਗਾ ਕੋਈ ਨੌਜਵਾਨ ਆ ਕੇ ਮੇਰੇ ਪਿਤਾ ਦੀ ਪੱਗ ਨੂੰ ਹੱਥ ਪਾਵੇ ਤਾਂ ਮੈਂ ਉਸ ਨੂੰ ਸ਼ਾਬਾਸ਼ ਦੇਵਾਂਗਾ। ਮੈਂ ਤਾੜੀ ਵਜਾਕੇ ਆਖਾਂਗਾ ਤੂੰ ਠੀਕ ਕਰ ਰਿਹਾ ਏਂ, ਮੇਰੇ ਪਿਤਾ ਨਾਲ਼ ਇਸੇ ਤਰ੍ਹਾਂ ਹੀ ਹੋਣੀ ਚਾਹੀਦੀ ਸੀ। ਉਹ ਜਿਸ ਕੁਰਸੀ 'ਤੇ ਬੈਠਾ ਸੀ, ਉਹਦੇ ਨਾਲ਼ ਇਨਸਾਫ਼ ਨਹੀਂ ਸੀ ਕਰ ਰਿਹਾ, ਉਹ ਕੁਝ ਟੁਕੜਿਆਂ ਬਦਲੇ ਆਪਣੀ ਜ਼ਮੀਰ ਵੇਚ ਰਿਹਾ ਸੀ।

ਪਿਤਾ : ਸ਼ਾਬਾਸ਼ ਪੁੱਤਰ! ਮੈਨੂੰ ਤੇਰੇ ਤੋਂ ਇਹੀ ਉਮੀਦ ਸੀ। ਆਉਣ ਵਾਲ਼ੇ ਸਮੇਂ ਵਿੱਚ ਹੁਣ ਪੁੱਤਰ, ਪਿਓ ਦੀ ਪੱਗ ਮਿੱਟੀ ਵਿੱਚ ਰੋਲਣ ਉੱਤੇ ਖ਼ੁਸ਼ ਹੋਣਗੇ, ਉਹ ਵਾਜੇ ਵਜਾਉਣਗੇ।

ਪੁੱਤਰ : ਉਹ ਪਿਓ ਦੀ ਪੱਗ ਰੋਲਣ 'ਤੇ ਖ਼ੁਸ਼ ਨਹੀਂ ਹੋਣਗੇ ਸਗੋਂ ਹਰ ਉਸ ਗ਼ਲਤ ਬੰਦੇ ਦੀ ਪੱਗ ਰੋਲਣ 'ਤੇ ਖ਼ੁਸ਼ ਹੋਣਗੇ ਭਾਵੇਂ ਉਹ ਉਹਦਾ ਪਿਓ ਹੀ ਕਿਉਂ ਨਾ ਹੋਵੇ।

ਪਿਤਾ : ਚੱਲੋ, ਜੇਕਰ ਤੂੰ ਇਸੇ ਤਰ੍ਹਾਂ ਹੀ ਰਾਜ਼ੀ ਏਂ ਤਾਂ ਠੀਕ ਏ, ਹੁਣ ਤੂੰ ਪੁਲਿਸ-ਥਾਣੇ ਚੱਲ।

ਪੁੱਤਰ : ਕਿਉਂ ?

ਪਿਤਾ : ਉਸ ਵਿਅਕਤੀ ਨੇ ਤੇਰੇ ਖ਼ਿਲਾਫ਼ ਐੱਫ.ਆਈ.ਆਰ. ਲਿਖਵਾਈ ਹੈ ਕਿ ਤੂੰ ਉਹਦੀ ਡਿਊਟੀ 'ਤੇ ਬੇਇਜ਼ਤੀ ਕੀਤੀ ਹੈ ਤੇ ਉਹਦੇ 'ਤੇ ਹਮਲਾ ਵੀ ਕੀਤਾ ਹੈ। ਥਾਣੇਦਾਰ ਸਾਹਿਬ ਇੱਥੇ ਆਏ ਸਨ, ਮੈਂ ਉਹਨਾਂ ਨਾਲ਼ ਵਾਇਦਾ ਕੀਤਾ ਸੀ ਕਿ ਮੈਂ ਤੈਨੂੰ ਆਪ ਥਾਣੇ ਲੈ ਕੇ ਆਵਾਂਗਾ।

ਪੁੱਤਰ : ਮੈਂ ਜਾਣ ਲਈ ਤਿਆਰ ਹਾਂ ਕਿਉਂਕਿ ਮੈਂ ਨਹੀਂ ਚਾਹੁੰਦਾ ਕਿ ਮੇਰੇ ਪਿਤਾ ਜੀ ਨੇ ਜੋ ਵਾਇਦਾ ਕੀਤਾ ਹੈ, ਉਹ ਪੂਰਾ ਨਾ ਹੋਵੇ ਤੇ ਉਹਨਾਂ ਨੂੰ ਸ਼ਰਮਿੰਦਗੀ ਉਠਾਉਣੀ ਪਏ। (ਦੋਵੇਂ ਜਾਂਦੇ ਹਨ) ।

ਸੂਤਰਧਾਰ : ਨਾਟਕ ਹੁਣ ਕਚਹਿਰੀ ਹੈ। ਕਚਹਿਰੀ, ਜਿੱਥੇ ਹਰ ਝਗੜੇ ਦਾ ਇਨਸਾਫ਼ ਹੁੰਦਾ ਪਰ ਝਗੜਾ ਮੁੱਕਦਾ ਨਹੀਂ। ਕਚਹਿਰੀ, ਜਿੱਥੇ ਇਨਸਾਫ਼ ਕਨੂੰਨ ਦੇ ਨਾਂ 'ਤੇ ਹੁੰਦੇ ਪਰ ਕਨੂੰਨ ਸੱਚ ਦੇ ਨੇੜੇ ਢੁੱਕਦਾ ਨਹੀਂ। ਝੂਠ ਹੋਣਾ ਚਾਹੁੰਦਾ ਹੈ ਸੱਚ 'ਤੇ ਹਾਵੀ ਪਰ ਸੱਚ ਵੀ ਹੈ ਅਣਖ ਵਾਲ਼ਾ, ਝੂਠ ਅੱਗੇ ਝੁਕਦਾ ਨਹੀਂ। ਪਿਤਾ ਇੱਕ ਜੱਜ ਹੈ। ਪੁੱਤਰ ਕਟਹਿਰੇ ਹੈ, ਖੜ੍ਹਾ। ਗੱਲ ਅਜਬ ਜ਼ਰੂਰ ਹੈ। ਧਿਆਨ ਨਾਲ਼ ਵੇਖਣਾ, ਦ੍ਰਿਸ਼ ਇਹ ਨਾਟਕੀ ਟੱਕਰ ਨਾਲ਼ ਭਰਪੂਰ ਹੈ।

ਥਾਂ : ਕਚਹਿਰੀ।

(ਇੱਕ ਵਿਅਕਤੀ ਜੱਜ ਦੀ ਕੁਰਸੀ 'ਤੇ ਬੈਠਾ ਹੈ (ਉਹ ਪਿਤਾ ਹੈ) ਪੁੱਤਰ ਮੁਜਰਮਾਂ ਵਾਲ਼ੀ ਥਾਂ 'ਤੇ ਖਲੋਤਾ ਹੈ, ਉਹਦੀਆਂ ਗੱਲ-ਬਾਤ ਕਰਨ ਵੇਲ਼ੇ ਦੀਆਂ ਹਰਕਤਾਂ ਸਥਾਪਿਤ ਕਰਦੀਆਂ ਹਨ ਕਿ ਉਹ ਕਟਹਿਰੇ 'ਚ ਖੜ੍ਹਾ ਹੈ।)

ਪਿਤਾ : ਤੂੰ ਸਰਕਾਰੀ ਵਕੀਲ ਕੋਲ਼ੋਂ ਆਪਣੇ ਵਿਰੁੱਧ ਸੁਣ ਲਿਆ ਏ ?

ਪੁੱਤਰ : ਹਾਂ ਜੀ, ਸੁਣ ਲਿਆ ਏ।

ਪਿਤਾ : ਤੂੰ ਆਪਣੇ ਬਚਾਅ ਲਈ ਕੁਝ ਕਹਿਣਾ ਏ ?

ਪੁੱਤਰ : ਹਾਂ, ਕਹਿਣਾ ਏ।

ਪਿਤਾ : ਤੂੰ ਚਾਹੇਂ ਤਾਂ ਕੋਈ ਵਕੀਲ ਕਰ ਸਕਦਾ ਏਂ।

ਪੁੱਤਰ : ਨਹੀਂ, ਵਕੀਲ ਮੈਨੂੰ ਬਚਾਅ ਲਈ ਕੋਈ ਦਾਅ-ਪੇਚ ਦੱਸੇਗਾ, ਮੈਨੂੰ ਝੂਠ ਬੋਲਣ ਲਈ ਆਖੇਗਾ ਪਰ ਮੈਂ ਕੋਈ ਝੂਠ ਨਹੀਂ ਬੋਲਣਾ ਚਾਹੁੰਦਾ।

ਪਿਤਾ : ਕੀ ਤੇਰਾ ਮਤਲਬ ਹੈ ਕਿ ਇਹ ਕਚਹਿਰੀ ਝੂਠੀਆਂ ਕਾਰਵਾਈਆਂ ਕਰਦੀ ਏ ?

ਪੁੱਤਰ : ਇੱਥੇ ਹਰ ਇੱਕ ਇਨਸਾਫ਼ ਗਵਾਹੀ ਉੱਤੇ ਕੀਤਾ ਜਾਂਦਾ ਹੈ ਤੇ ਗਵਾਹੀਆਂ ਨੌਂ ਸੌ ਨੜ੍ਹਿੰਨਵੇਂ ਫ਼ੀਸਦੀ ਝੂਠੀਆਂ ਹੁੰਦੀਆਂ ਹਨ।

ਪਿਤਾ : ਗਵਾਹੀ ਦੇਣ ਵਾਲ਼ੇ ਨੂੰ ਗੀਤਾ, ਕੁਰਾਨ, ਗੁਰੂ ਗ੍ਰੰਥ ਸਾਹਿਬ ਅਤੇ ਪਵਿੱਤਰ ਅੰਜੀਲ 'ਤੇ ਹੱਥ ਰੱਖਕੇ ਗਵਾਹੀ ਦੇਣ ਲਈ ਆਖਿਆ ਜਾਂਦਾ ਹੈ।

ਪੁੱਤਰ : ਹਾਂ, ਗਵਾਹ ਨੂੰ ਆਖਿਆ ਜਾਂਦਾ ਹੈ ਜੇਕਰ ਉਸ ਨੇ ਝੂਠ ਬੋਲਣਾ ਹੀ ਹੈ ਤਾਂ ਉਹ ਗੀਤਾ, ਕੁਰਾਨ, ਗੁਰੂ ਗ੍ਰੰਥ ਅਤੇ ਅੰਜੀਲ 'ਤੇ ਹੱਥ ਰੱਖ ਕੇ ਬੋਲੇ ਤਾਂਜੋ ਉਸ ਦੇ ਝੂਠ ਨੂੰ ਧਾਰਮਿਕ ਪੁੱਠ ਚੜ੍ਹ ਸਕੇ ਤੇ ਉਹ ਝੂਠ ਪਵਿੱਤਰਤਾ ਦਾ ਦਰਜਾ ਹਾਸਲ ਕਰ ਲਵੇ।

ਪਿਤਾ : ਤੇਰਾ ਮਤਲਬ ਏ ਕਿ ਇਹ ਧਾਰਮਿਕ ਪੁਸਤਕਾਂ ਝੂਠ ਨੂੰ ਪਨਾਹ ਦੇਣ ਵਾਸਤੇ ਵਰਤੀਆਂ ਜਾਂਦੀਆਂ ਹਨ ?

ਪੁੱਤਰ : ਹਾਂ, ਮੇਰਾ ਇਹੋ ਮਤਲਬ ਏ।

ਪਿਤਾ : ਤੂੰ ਇੱਕ ਜੁਰਮ ਤਾਂ ਕੀਤਾ ਹੀ ਹੈ, ਇੱਕ ਹੋਰ ਜੁਰਮ ਕਰ ਰਿਹਾ ਏਂ।

ਪੁੱਤਰ : ਮੈਂ ਤੌਹੀਨ ਨਹੀਂ ਕਰ ਰਿਹਾ ਸਗੋਂ ਇਹਨਾਂ ਨੂੰ ਤੌਹੀਨ ਤੋਂ ਬਚਾਉਣਾ ਚਾਹੁੰਦਾ ਹਾਂ। ਜੇਕਰ ਝੂਠ ਬੋਲਣਾ ਹੀ ਹੈ ਤਾਂ ਇਹਨਾਂ ਪਵਿੱਤਰ ਪੁਸਤਕਾਂ ਨੂੰ ਕਿਉਂ ਵਿੱਚ ਲਿਆਂਦਾ ਜਾਂਦਾ ਹੈ ?

ਪਿਤਾ : ਇਹ ਤੁਹਾਡੀ ਪੀੜ੍ਹੀ ਦੀ ਆਦਤ ਬਣ ਗਈ ਏ ਕਿ ਹਰ ਇੱਕ ਚੀਜ਼ ਨੂੰ ਉਲਟਾ ਕਰਕੇ ਦੇਖੋ।

ਪੁੱਤਰ : ਨਹੀਂ, ਸਾਡੀ ਪੀੜ੍ਹੀ ਚਾਹੁੰਦੀ ਹੈ ਕਿ ਹਰ ਇੱਕ ਚੀਜ਼ ਨੂੰ ਸਹੀ ਪਰਿਪੇਖ ਵਿੱਚ ਵੇਖੀਏ ਤੇ ਦੰਭ ਦਾ ਸ਼ਿਕਾਰ ਨਾ ਹੋਈਏ।

ਪਿਤਾ : ਖ਼ੈਰ, ਜੋ ਕੁਝ ਤੂੰ ਆਪਣੇ ਮੁਕੱਦਮੇ ਬਾਰੇ ਕਹਿਣਾ ਚਾਹੁੰਦਾ ਏਂ, ਉਹ ਕਹਿ।

ਪੁੱਤਰ : ਮੇਰਾ ਮੁਕੱਦਮਾ ਕੀ ਏ ? ਉਹ ਤਾਂ ਬਿਲਕੁਲ ਸਾਫ਼ ਏ। ਮੈਂ ਇੱਕ ਕਾਲਜ ਵਿੱਚ ਲੈਕਚਰਾਰ ਦੀ ਨੌਕਰੀ ਲਈ ਅਰਜ਼ੀ ਦਿੱਤੀ। ਮੈਨੂੰ ਇੰਟਰਵਿਊ ਲਈ ਬੁਲਾਇਆ ਗਿਆ, ਮੇਰੇ ਨੰਬਰ ਸਾਰਿਆਂ ਨਾਲ਼ੋਂ ਬਹੁਤੇ ਸਨ, ਮੇਰੀ ਮੈਰਿਟ ਸਾਰਿਆਂ ਨਾਲ਼ੋਂ ਉੱਤੇ ਸੀ ਪਰ ਮੈਨੂੰ ਉਸ ਨੌਕਰੀ ਲਈ ਨਹੀਂ ਚੁਣਿਆ ਗਿਆ ਤੇ ਆਖਿਆ ਗਿਆ ਕਿ ਮੇਰੇ ਕੋਲ਼ ਸਿਫ਼ਾਰਸ਼ ਨਹੀਂ। ਮੈਂ ਆਖਿਆ, ਇਹ ਗੱਲ ਨੌਕਰੀ ਦੀ ਐਡਵਰਟਾਈਜ਼ਮੈਂਟ ਵੇਲ਼ੇ ਨਹੀਂ ਸੀ ਲਿਖੀ ਗਈ। ਮੈਨੂੰ ਕਿਹਾ ਗਿਆ ਕਿ ਜਮਹੂਰੀਅਤ ਦੇ ਪ੍ਰਬੰਧ ਵਿੱਚ ਇਹੋ- ਜਿਹੀਆਂ ਗੱਲਾਂ ਲਿਖੀਆਂ ਨਹੀਂ ਜਾ ਸਕਦੀਆਂ। ਮੈਂ ਕਿਹਾ, ਤੁਹਾਡੀ ਜਮਹੂਰੀਅਤ ਵੀ ਦੰਭ ਹੈ ਤੇ ਤੁਸੀਂ ਵੀ ਦੰਭੀ ਹੋ। 'ਦੰਭੀ' ਸ਼ਬਦ 'ਤੇ ਕੁਰਸੀ 'ਤੇ ਬੈਠਾ ਵਿਅਕਤੀ ਆਪੇ ਤੋਂ ਬਾਹਰ ਹੋ ਗਿਆ। ਉਹਨਾਂ ਮੈਨੂੰ ਬਾਹਰ ਨਿਕਲਣ ਲਈ ਕਿਹਾ। ਮੈਂ ਨਹੀਂ ਨਿਕਲ਼ਿਆ। ਉਹਨਾਂ ਮੈਨੂੰ ਬਾਹਰ ਧੱਕੇ ਮਾਰਨੇ ਚਾਹੇ, ਉਹਨਾਂ ਦੀ ਪੱਗ ਸਿਰ ਤੋਂ ਲੱਥ ਕੇ ਡਿਗ ਪਈ। ਅਸਲ ਵਿੱਚ ਉਹ ਪੱਗ ਬੱਧੀ ਨਹੀਂ ਸੀ, ਸਿਰਫ਼ ਸਿਰ ਤੇ ਰੱਖੀ ਹੋਈ ਸੀ। ਪੱਗ ਲੱਥੀ ਵੇਖ ਕੇ ਉਹ ਹੋਰ ਤਿਲਮਿਲਾਏ, ਥਾਣੇ ਨੱਸੇ ਗਏ, ਕਹਾਣੀ ਬੱਸ ਏਨੀ ਹੀ ਹੈ।

ਪਿਤਾ : ਕਿਸੇ ਆਦਮੀ ਦੀ ਪੱਗ ਲਹਿ ਜਾਏ, ਮਿੱਟੀ 'ਚ ਰੁਲ਼ ਜਾਏ ਤਾਂ ਉਹ ਉਹਦੇ ਕਤਲ ਦੇ ਬਰਾਬਰ ਹੀ ਹੁੰਦਾ ਹੈ।

ਪੁੱਤਰ : ਹਾਂ, ਜੇ ਕਰ ਉਹ ਕਿਸੇ ਅਣਖ ਵਾਲ਼ੇ ਦੀ ਪੱਗ ਹੋਏ। ਜੇ ਸਿਰਫ਼ ਕੋਈ ਕੱਪੜਾ ਹੀ ਸਿਰ 'ਤੇ ਲਪੇਟਿਆ ਹੋਏ ਤਾਂ ਇਸ ਨਾਲ਼ ਕੋਈ ਫ਼ਰਕ ਨਹੀਂ ਪੈਂਦਾ ਕਿ ਉਹ ਕੱਪੜਾ ਸਿਰ 'ਤੇ ਹੋਏ ਜਾਂ ਮਿੱਟੀ ਵਿੱਚ ਰੁਲ਼ਦਾ ਪਿਆ ਹੋਏ। ਤੁਸੀਂ ਹੀ ਦੱਸੋ ਕੋਈ ਫ਼ਰਕ ਪੈਂਦਾ ਹੈ ?

ਪਿਤਾ : ਤੂੰ ਤੇ ਮੇਰੇ 'ਤੇ ਇਸ ਤਰ੍ਹਾਂ ਸਵਾਲ ਕਰ ਰਿਹਾ ਏਂ ਜਿਸ ਤਰ੍ਹਾਂ ਕਟਹਿਰੇ ਵਿੱਚ ਮੈਂ ਖੜ੍ਹਾ ਹੋਵਾਂ ਤੇ ਜੱਜ ਦੀ ਕੁਰਸੀ 'ਤੇ ਤੂੰ ਬੈਠਾ ਹੋਏਂ।

ਪੁੱਤਰ : ਉਹ ਤੁਸੀਂ ਸਹੀ ਸਮਝਿਆ ਹੈ, ਸਮਾਂ ਆ ਗਿਆ ਹੈ ਕਿ ਤੁਸੀਂ ਜੋ ਕੁਰਸੀਆਂ 'ਤੇ ਬੈਠੇ ਹੋ, ਕਟਹਿਰੇ ਵਿੱਚ ਖੜ੍ਹੇ ਕੀਤੇ ਜਾਓ ਤੇ ਅਸੀਂ ਜੋ ਕਟਹਿਰੇ ਵਿੱਚ ਖੜ੍ਹੇ ਹਾਂ,ਤੁਹਾਡੇ ਉੱਤੇ ਆਪਣੀ ਜੱਜਮੈਂਟ ਦੇਈਏ।

ਪਿਤਾ : ਕਿਉਂ ?

ਪੁੱਤਰ : ਕਿਉਂਕਿ ਦੇਸ ਵਿੱਚ ਜੋ ਵੀ ਅਪਰਾਧ ਹੋ ਰਿਹਾ ਹੈ, ਉਹਦੇ ਜ਼ੁੰਮੇਵਾਰ ਤੁਸੀਂ ਕੁਰਸੀਆਂ 'ਤੇ ਬੈਠੇ ਲੋਕ ਹੋ। ਇਸ ਦੇਸ ਵਿੱਚ ਜੋ ਕੁਝ ਵੀ ਹਾਲਤ ਹੈ, ਤੁਹਾਡੀ ਹੀ ਦੇਣ ਹੈ। ਤੁਸੀਂ ਸਾਡੇ 'ਤੇ ਕਦੀ ਇਲਜ਼ਾਮ ਦੇਂਦੇ ਹੋ, ਕਦੀ ਨਸੀਹਤ ਦੇਂਦੇ ਹੋ। ਜੇ ਮੈਂ ਤੁਹਾਡੇ ਕੋਲ਼ੋਂ ਪੁੱਛਾਂ, ਤੁਸੀਂ ਸਾਡੇ ਲਈ ਕੀ ਕੀਤਾ ਤਾਂ ਤੁਸੀਂ ਕੀ ਜਵਾਬ ਦੇਵੋਗੇ ? ਕੀ ਏ ਸਾਡਾ ਭਵਿਖ ?

ਪਿਤਾ : ਕੁਝ ਹੋਰ ਕਹਿਣਾ ਚਾਹੁੰਦਾ ਏਂ ?

ਪੁੱਤਰ : ਹਾਂ, ਜੇ ਤੁਸੀਂ ਸੁਣਨਾ ਚਾਹੁੰਦੇ ਹੋ ਤਾਂ ਸੰਖੇਪ ਵਿੱਚ ਏਨਾ ਹੀ ਕਹਾਂਗਾ ਕਿ ਤੁਸੀਂ ਸਾਨੂੰ ਇਸ ਹਾਲਤ ਵਿੱਚ ਪੁਚਾ ਦਿੱਤਾ ਹੈ ਕਿ ਸਾਡੇ ਕੋਲ਼ ਵਿਦਰੋਹ ਦੇ ਸਿਵਾ ਕੋਈ ਰਾਹ ਨਹੀਂ ਰਿਹਾ। ਇਹ ਵਿਦਰੋਹ ਕਿਹੋ-ਜਿਹਾ ਹੋਵੇ, ਇਹਦੇ ਬਾਰੇ ਅਸੀਂ ਹਾਲੇ ਆਪ ਧੁੰਦ ਵਿੱਚ ਹਾਂ ਪਰ ਸਾਨੂੰ ਜਦੋਂ ਵੀ ਰੋਸ਼ਨੀ ਲੱਭ ਪਈ

ਤਾਂ ਅਸੀਂ ਜ਼ਰੂਰ ਉੱਠਾਂਗੇ ਤੇ ਫੇਰ ਜੋ ਕੁਝ ਦਿਸ ਰਿਹਾ ਹੈ, ਉਹ ਇਸੇ ਤਰ੍ਹਾਂ ਨਹੀਂ ਦਿਸੇਗਾ।

ਪਿਤਾ : ਨੌਜਵਾਨ! ਕਿਉਂਕਿ ਤੂੰ ਭਰੀ ਅਦਾਲਤ ਵਿੱਚ ਆਪਣਾ ਕਸੂਰ ਮੰਨ ਲਿਆ ਹੈ ਤੇ ਇਹ ਵੀ ਦੱਸ ਦਿੱਤਾ ਹੈ ਕਿ ਕਿਨ੍ਹਾਂ ਹਾਲਤਾਂ ਵਿੱਚ ਤੇਰੇ ਕੋਲੋਂ ਕਸੂਰ ਹੋਇਆ। ਅਦਾਲਤ ਤੇਰੇ ਬਾਰੇ ਨਰਮੀ ਦਾ ਰਵੱਈਆ ਇਖ਼ਤਿਆਰ ਕਰ ਰਹੀ ਹੈ, ਤੈਨੂੰ ਇੱਕ ਸਾਲ ਦੀ ਕੈਦ ਦਿੱਤੀ ਜਾਂਦੀ ਹੈ।

ਪੁੱਤਰ : ਸ਼ੁਕਰੀਆ ।

ਸੂਤਰਧਾਰ : ਜ਼ਿੰਦਗੀ ਆਪਣੀ ਚਾਲੇ ਚੱਲਦੀ ਰਹੀ, ਨਦੀ ਆਪਣੀ ਰੌਂ ਵਿੱਚ ਵਗਦੀ ਰਹੀ, ਪਿਤਾ ਤੇ ਪੁੱਤਰ ਦੇ ਦਰਮਿਆਨ ਸੀਖਾਂ ਦੀ ਦਿਵਾਰ ਹੈ - ਤੇ ਇਹੋ ਦਿਵਾਰ ਹੈ ਜੋ ਸਮੇਂ ਦੀ ਰੌਂ ਨੂੰ ਹੈ ਮੋੜਦੀ, ਦਿਲਾਂ ਨੂੰ ਦਿਲਾਂ ਨਾਲ਼ ਹੈ ਜੋੜਦੀ, ਨਾਟਕ ਦਾ ਇਹ ਹੈ ਅਖ਼ੀਰ ਤੇ ਇੱਥੇ ਆ ਕੇ ਹੀ ਮਿਟੇਗੀ ਦੋ ਪੀੜ੍ਹੀਆਂ ਦੀ ਲਕੀਰ।

## ਜੇਲ੍ਹ ਦਾ ਦ੍ਰਿਸ਼

ਪੁੱਤਰ : ਪਿਤਾ ਜੀ, ਤੁਸੀਂ ਬੜੇ ਕਮਜ਼ੋਰ ਹੋ ਗਏ ਹੋ!

ਪਿਤਾ : ਹਾਂ, ਪਿਛਲੇ ਦਿਨਾਂ 'ਚ ਕੁਝ ਠੀਕ ਨਹੀਂ ਰਿਹਾ।

ਪੁੱਤਰ : ਤੁਹਾਨੂੰ ਆਪਣੀ ਸਿਹਤ ਦਾ ਖ਼ਿਆਲ ਰੱਖਣਾ ਚਾਹੀਦਾ ਹੈ।

ਪਿਤਾ : ਇਹ ਤੂੰ ਮੈਨੂੰ ਕਹਿ ਰਿਹਾ ਹੈਂ; ਤੂੰ, ਜਿਨ੍ਹੇ ਕਦੀ ਵੀ ਆਪਣਾ ਕੋਈ ਧਿਆਨ ਨਹੀਂ ਰੱਖਿਆ।

ਪੁੱਤਰ : ਨਹੀਂ, ਪਿਤਾ ਜੀ, ਮੈਂ ਤਾਂ ਆਪਣਾ ਬੜਾ ਹੀ ਧਿਆਨ ਰੱਖਦਾ ਹਾਂ, ਦੇਖੋ ਕਿਸ ਤਰ੍ਹਾਂ ਤਕੜਾ ਹਾਂ।

ਪਿਤਾ : ਹਾਂ ਲੱਗਦਾ ਏ ਕਿ ਇੱਥੋਂ ਦੇ ਲੋਕਾਂ ਨੂੰ ਆਪਣੇ ਮਹਿਮਾਨਾਂ ਦਾ ਖ਼ਿਆਲ ਰੱਖਣਾ ਆਉਂਦਾ ਏ।

ਪੁੱਤਰ : ਮੈਂ ਸੁਣਿਆ ਏ, ਤੁਸੀਂ ਆਪਣੀ ਰਿਟਾਇਰਮੈਂਟ ਲੈ ਲਈ ਹੈ।

ਪਿਤਾ : ਹਾਂ, ਹੁਣ ਮੈਂ ਕਿਸੇ ਕੁਰਸੀ 'ਤੇ ਨਹੀਂ ਬੈਠਾ ਹੋਇਆ ਸਗੋਂ ਇੱਕ ਅਜ਼ਾਦ ਵਿਅਕਤੀ ਹਾਂ।

ਪੁੱਤਰ : ਇਹਦਾ ਮਤਲਬ ਏ ਕਿ ਅੱਜ ਇੱਕ ਪੁੱਤਰ ਆਪਣੇ ਪਿਤਾ ਨਾਲ਼ ਗੱਲ ਕਰ ਰਿਹਾ ਏ।

ਪਿਤਾ : ਹਾਂ, ਹੁਣ ਸਾਡੇ ਦਰਮਿਆਨ ਕੋਈ ਕੁਰਸੀ ਨਹੀਂ, ਨਾ ਦਫ਼ਤਰ ਦੇ ਸੁਪਰਡੈਂਟ ਦੀ, ਨਾ ਕਿਸੇ ਇੰਟਰਵਿਊ ਲੈਣ ਵਾਲ਼ੇ ਦੀ ਅਤੇ ਨਾ ਹੀ ਕਿਸੇ ਜੱਜ ਦੀ ਤੇ ਤੂੰ ਇਹੀ ਚਾਹੁੰਦਾ ਸੀ।

ਪੁੱਤਰ : ਪਿਤਾ ਜੀ, ਮੈਂ ਤੁਹਾਡੇ ਅੰਦਰਲੇ ਬਾਪ ਦਾ ਹਮੇਸ਼ਾਂ ਸਤਿਕਾਰ ਕੀਤਾ ਹੈ। ਮੇਰਾ ਤਾਂ ਸੰਘਰਸ਼ ਤੁਹਾਡੇ ਉੱਪਰਲੇ ਖੋਲ ਨਾਲ਼ ਸੀ।

ਪਿਤਾ : ਤੂੰ ਮੇਰਾ ਅੰਦਰਲੇ ਬਾਪ ਦਾ ਕੀ ਦੇਖਿਆ ਸੀ ?

ਪੁੱਤਰ : ਬਹੁਤ ਕੁਝ—ਖ਼ਾਸ ਕਰਕੇ ਮਾਤਾ ਜੀ ਦੇ ਦਿਹਾਂਤ ਦੇ ਬਾਅਦ। ਬਹੁਤ ਵਾਰ ਮੈਂ ਜਦੋਂ ਪੜ੍ਹਦਾ-ਪੜ੍ਹਦਾ ਸੌਂ ਜਾਂਦਾ ਸੀ ਤਾਂ ਤੁਸੀਂ ਚੁੱਪ-ਚੁਪੀਤੇ ਮੇਰੇ ਕਮਰੇ ਵਿੱਚ ਆਉਂਦੇ ਸੀ, ਮੇਰੀ ਛਾਤੀ ਤੋਂ ਕਿਤਾਬ ਚੁੱਕਦੇ ਸੀ, ਮੇਰੇ ਸਿਰ 'ਤੇ ਪਿਆਰ ਨਾਲ਼ ਹੱਥ ਫੇਰਦੇ ਸੀ ਤੇ ਫੇਰ ਬੱਤੀ ਬੁਝਾ ਦੇਂਦੇ ਸੀ।

ਪਿਤਾ : ਤੈਨੂੰ ਕਿਸ ਤਰ੍ਹਾਂ ਇਹ ਸਭ ਕੁਝ ਪਤਾ ਏ, ਤੂੰ ਤਾਂ ਸੁੱਤਾ ਹੁੰਦਾ ਸੀ ?

ਪੁੱਤਰ : ਨਹੀਂ, ਕਦੀ ਭਾਵੇਂ ਸੁੱਤਾ ਹੋਵਾਂ ਪਰ ਬਹੁਤ ਵਾਰ ਮੈਂ ਸਿਰਫ਼ ਨਾਟਕ ਕਰਦਾ ਸਾਂ। ਮੈਨੂੰ ਤੁਹਾਡੀ ਉਡੀਕ ਹੁੰਦੀ ਸੀ ਕਿਉਂਕਿ ਉਹੀ ਘੜੀਆਂ ਸਨ ਜਦੋਂ ਮੇਰੇ ਤੇ ਤੁਹਾਡੇ ਦਰਮਿਆਨ ਕੋਈ ਦਿਵਾਰ ਨਹੀਂ ਹੁੰਦੀ ਸੀ, ਜਿਸ ਤਰ੍ਹਾਂ ਹੁਣ ਨਹੀਂ।

ਪਿਤਾ : ਮੈਨੂੰ ਕਦੀ ਵੀ ਪਤਾ ਨਹੀਂ ਲੱਗਾ ਕਿ ਤੂੰ ਮੇਰੇ ਨਾਲ਼ ਇਹੋ-ਜਿਹੀਆਂ ਪਿਆਰ ਵਾਲੀਆਂ ਸ਼ੈਤਾਨੀਆਂ ਕਰ ਸਕਦਾ ਸੀ। ਮੈਂ ਤੈਨੂੰ ਹਮੇਸ਼ਾਂ ਇੱਕ ਗੁਸਤਾਖ਼ ਬੱਚਾ ਹੀ ਸਮਝਿਆ।

ਪੁੱਤਰ : ਜ਼ਿੰਦਗੀ ਦੀਆਂ ਉਹੀ ਘੜੀਆਂ ਸਨ, ਜਦੋਂ ਮੈਂ ਤੁਹਾਨੂੰ ਅਸਲੀ ਰੂਪ ਵਿੱਚ ਵੇਖ ਸਕਿਆ ਸਾਂ, ਇਸੇ ਲਈ ਮੈਂ ਤੁਹਾਡੀ ਹਰ ਜ਼ਿਆਦਤੀ ਨੂੰ ਖਿੜੇ ਮੱਥੇ ਬਰਦਾਸ਼ਤ ਕਰਦਾ ਸਾਂ।

ਪਿਤਾ : ਤੇ ਇਹ ਵੀ ਜ਼ਿਆਦਤੀ ਹੈ ਕਿ ਤੈਨੂੰ ਇੱਥੇ ਜੇਲ੍ਹ 'ਚ ਭੇਜਣ ਵਾਲ਼ਾ ਵੀ ਮੈਂ ਹਾਂ।

ਪੁੱਤਰ : ਨਹੀਂ, ਪਿਤਾ ਜੀ, ਇਸ ਬਾਰੇ ਮੈਂ ਸਾਰੀ ਜ਼ਿੰਦਗੀ ਤੁਹਾਡਾ ਅਹਿਸਾਨਮੰਦ ਰਵ੍ਹਾਂਗਾ।

ਪਿਤਾ : ਅਹਿਸਾਨਮੰਦ ?

ਪੁੱਤਰ : ਹਾਂ ਪਿਤਾ ਜੀ, ਇਹ ਥਾਂ ਤਾਂ ਇੱਕ ਯੂਨੀਵਰਸਿਟੀ ਹੈ, ਇੱਥੇ ਆ ਕੇ ਤਾਂ ਮੈਨੂੰ ਇੱਕ ਅਹਿਸਾਸ ਹੋਇਆ।

ਪਿਤਾ : ਅਹਿਸਾਸ ?

ਪੁੱਤਰ : ਹਾਂ ਪਿਤਾ ਜੀ, ਇਹ ਅਹਿਸਾਸ ਮੈਂ ਇੱਕ ਕਾਗ਼ਜ਼ 'ਤੇ ਲਿਖਿਆ ਵੀ ਹੈ—ਸਾਡੀਆਂ ਅੱਖਾਂ ਹਨ, ਅਸੀਂ ਵੇਖ ਸਕਦੇ ਹਾਂ ਪਰ ਵੇਖਦੇ ਹੋਏ ਵੀ ਅਸੀਂ ਕੁਝ ਨਹੀਂ ਵੇਖਦੇ। ਸਾਡੀ ਜ਼ਬਾਨ ਹੈ, ਅਸੀਂ ਬੋਲ ਸਕਦੇ ਹਾਂ ਪਰ ਬੋਲਦੇ ਹੋਏ ਵੀ ਚੁੱਪ ਹਾਂ ਕਿਉਂਕਿ ਜੋ ਕੁਝ ਅਸੀਂ ਬੋਲਣਾ ਹੁੰਦਾ ਹੈ, ਉਹ ਅਸੀਂ ਨਹੀਂ ਬੋਲਦੇ। ਸਾਡੇ ਪੈਰ ਹਨ, ਅਸੀਂ ਤੁਰ ਸਕਦੇ ਹਾਂ ਪਰ ਅਸੀਂ ਤੁਰਦੇ ਹੋਏ ਵੀ ਇੱਕੋ ਥਾਂ ਖਲੋਤੇ ਹਾਂ ਕਿਉਂਕਿ ਜਿਸ ਦਿਸ਼ਾ ਵੱਲ ਅਸੀਂ ਤੁਰਨਾ ਹੈ ਉਸ ਸੜਕ 'ਤੇ ਤੁਰਦੇ ਨਹੀਂ -

ਹਾਂ, ਪਿਤਾ ਜੀ, ਮੈਨੂੰ ਇੱਕ ਅਹਿਸਾਸ ਹੋਇਆ ਅਤੇ ਮੌਕਾ ਵੀ ਮਿਲ਼ਿਆ, ਇਹ ਜਾਣਨ ਦਾ ਕਿ ਇਸ ਸਮਾਜ ਵਿੱਚ ਜੋ ਕੁਝ ਗ਼ਲਤ ਹੈ, ਉਹ ਗ਼ਲਤ ਕਿਉਂ ਹੈ ? ਤੇ ਇਹ ਗ਼ਲਤ ਬਦਲਿਆ ਕਿਸ ਤਰ੍ਹਾਂ ਜਾ ਸਕਦਾ ਏ ? ਪਿਤਾ ਜੀ ਇਹ ਗੱਲ ਮੈਂ ਕਿੱਧਰ ਲੈ ਗਿਆ ਹਾਂ, ਤੁਸੀਂ ਮਿਲਣ ਆਏ ਹੋ, ਮੈਨੂੰ ਤਾਂ ਘਰ ਦੀਆਂ ਹੀ ਗੱਲਾਂ ਕਰਨੀਆਂ ਚਾਹੀਦੀਆਂ ਹਨ।

ਪਿਤਾ : ਨਹੀਂ ਪੁੱਤਰ, ਮੈਨੂੰ ਤੇਰੀਆਂ ਇਹਨਾਂ ਗੱਲਾਂ ਵਿੱਚ ਹੀ ਦਿਲਚਸਪੀ ਹੈ।

ਪੁੱਤਰ : ਹਾਂ, ਪਿਤਾ ਜੀ ! ਹੁਣ ਤਾਂ ਮੈਨੂੰ ਇੰਞ ਲੱਗਦੈ ਕਿ ਬਾਹਰ ਦੀਆਂ ਸੜਕਾਂ ਮੈਨੂੰ ਉਡੀਕ ਰਹੀਆਂ ਹਨ ਜਿਨ੍ਹਾਂ 'ਤੇ ਤੁਰਨ ਲਈ ਧੜ ਤੇ ਸਾਬਤ ਸੋਚ ਵਾਲ਼ੇ ਸਿਰ ਦੀ ਲੋੜ ਏ।

ਪਿਤਾ : ਅੱਗੇ ਨਹੀਂ ਸੀ ਲੱਗਦਾ ?

ਪੁੱਤਰ : ਅੱਗੇ ਲੱਗਦਾ ਸੀ ਕਿ ਸਾਬਤ ਸਿਰ ਹੋਵੇ ਤਾਂ ਕਾਫ਼ੀ ਹੈ ਪਰ ਹੁਣ ਮੈਂ ਜਾਣਦਾ ਹਾਂ ਕਿ ਸਾਬਤ ਸਿਰ ਦੇ ਨਾਲ਼ ਸੋਚਵਾਨ ਸਿਰ ਦੀ ਲੋੜ ਹੈ।

ਪਿਤਾ : ਪੁੱਤਰ, ਤੂੰ ਹੁਣ ਆਖਿਆ ਏ ਕਿ ਬਾਹਰ ਦੀਆਂ ਸੜਕਾਂ ਤੈਨੂੰ ਉਡੀਕ ਰਹੀਆਂ ਨੇ। ਮੈਨੂੰ ਵੀ ਤੇਰੀ ਉਡੀਕ ਰਹੇਗੀ (ਘੜੀ ਵੱਲ ਵੇਖਦੇ ਹੋਏ) ਸਮਾਂ ਹੋ ਗਿਆ ਏ।

ਪੁੱਤਰ : ਸ਼ਾਇਦ ਤੁਹਾਡੇ ਜਾਣ ਦਾ ਵਕਤ ਹੋ ਗਿਆ ਏ। ਆਪਣੀ ਸਿਹਤ ਦਾ ਧਿਆਨ ਰੱਖਣਾ। ਮੈਂ ਜਲਦੀ ਹੀ ਬਾਹਰ ਆਵਾਂਗਾ। ਇਹ ਸਮਾਂ ਲੰਘਦਿਆਂ ਦੇਰ ਨਹੀਂ ਲੱਗਣੀ।

ਪਿਤਾ : ਹਾਂ, ਸਮਾਂ ਤਾਂ ਜਲਦੀ ਲੰਘ ਹੀ ਜਾਏਗਾ। ਤੂੰ ਮੈਨੂੰ ਆਪਣੀ ਸਿਹਤ ਦਾ ਖ਼ਿਆਲ ਰੱਖਣ ਲਈ ਕਿਹਾ ਹੈ, ਮੈਂ ਖ਼ਿਆਲ ਰੱਖਾਂਗਾ। ਮੈਨੂੰ ਉਡੀਕ ਰਹੇਗੀ, ਤੇਰੇ ਬਾਹਰ ਆਉਣ ਦੀ, ਤੇਰੇ ਸੰਘਰਸ਼ ਵਿੱਚ ਸ਼ਾਮਲ ਹੋਣ ਦੀ ਜਿਸ ਤਰ੍ਹਾਂ ਕਿ ਹਰ ਬਾਪ ਨੂੰ ਬੇਟੇ ਦੇ ਸੰਘਰਸ਼ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ।

(ਪੁੱਤਰ ਪਿਤਾ ਦੇ ਪੈਰਾਂ ਵੱਲ ਝੁਕਦਾ ਹੈ। ਪਿਤਾ ਉਸ ਨੂੰ ਕਲ਼ਾਵੇ ਵਿੱਚ ਲੈਂਦਾ ਹੈ। ਦੋਵੇਂ ਇੱਕ-ਦੂਜੇ ਵੱਲ ਵੇਖਦੇ ਹੋਏ ਪਿੱਛੇ ਹਟਦੇ ਹਨ ਤੇ ਫੇਰ ਆ ਕੇ ਦੁਬਾਰਾ ਮਿਲ਼ਦੇ ਹਨ। ਹੌਲ਼ੇ-ਹੌਲ਼ੇ ਫ਼ੇਡ ਹੁੰਦਾ ਹੈ ਤੇ ਨਾਟਕ ਸਮਾਪਤ ਹੁੰਦਾ ਹੈ।)

## ਸ਼ਬਦ-ਅਰਥ :

**ਜ਼ਰਦ** - ਪੀਲ਼ਾ । **ਜਨਾਜ਼ਾ** – ਮੁਰਦੇ ਦਾ ਵਿਮਾਨ, ਮੁਰਦਾ ਸਰੀਰ ਨੂੰ ਫੂਕਣ, ਦੱਬਣ ਆਦਿ ਦੀ ਥਾਂ ਲੈ ਜਾਣ ਦੀ ਕਿਰਿਆ। **ਤਾਇਨਾਤ** – ਮੁਕੱਰਰ ਹੋਣਾ, ਨਿਯੁਕਤ ਹੋਣਾ। **ਬਰਖ਼ਾਸਤ** – ਸਭਾ ਦਾ ਉੱਠ ਜਾਣਾ, ਹਟਾਇਆ ਹੋਇਆ। **ਬੁਜ਼ਦਿਲੀ** – ਕਾਇਰਤਾ। **ਹਾਵੀ** – ਕਾਬੂ ਕਰਨ ਵਾਲ਼ਾ, ਵੱਸ ਕਰਨ ਵਾਲ਼ਾ, ਘੇਰਨ ਵਾਲ਼ਾ। **ਤਮੀਜ਼** –

ਸੱਭਿਅਤਾ। **ਬਿਬੇਕ** - ਸਮਝਣ ਦੀ ਕਿਰਿਆ, ਨਿਰਨਾ। **ਤਕਰਾਰ** – ਵਿਵਾਦ, ਤਰਕ। **ਹੰਗਾਮਾ** – ਲੜਾਈ—ਝਗੜਾ, ਜੰਗ, ਯੁੱਧ। **ਜ਼ਮਾਨਤ** – ਜ਼ੁੰਮੇਵਾਰੀ । **ਇਲਜ਼ਾਮ** – ਕਲੰਕ, ਦੋਸ਼। **ਨਸੀਹਤ** – ਸ਼ੁੱਭਚਿੰਤਨ, ਹਿਤ ਦੀ ਗੱਲ, ਉਪਦੇਸ਼, ਸਿੱਖਿਆ। **ਗੁਸਤਾਖ਼** – ਬੇਅਦਬ ।

## ਪਾਠ-ਅਭਿਆਸ

(1) ਹੇਠ ਲਿਖੇ ਵਾਰਤਾਲਾਪਾਂ ਦੇ ਪ੍ਰਸੰਗ ਸਪਸ਼ਟ ਕਰੋ।

ੳ. "ਨਹੀਂ, ਇਹ ਗੱਲ ਨਹੀਂ, ਮੈਂ ਆਪਣੇ ਪੈਰਾਂ 'ਤੇ ਖਲੋਣਾ ਚਾਹੁੰਦਾ ਹਾਂ ਪਰ ਤੁਸੀਂ ਮੇਰੀ ਇਹ ਗੱਲ ਨਹੀਂ ਸਮਝੋਗੇ।"

ਅ. "ਮੈਂ ਤੇਰੇ ਜਜ਼ਬਿਆਂ ਦੀ ਕਦਰ ਕਰਨਾ ਹਾਂ, ਨੌਜਵਾਨਾਂ ਵਿੱਚ ਇਹੋ-ਜਿਹਾ ਹੀ ਵਿਸ਼ਵਾਸ ਹੋਣਾ ਚਾਹੀਦਾ ਹੈ।"

ੲ. "ਇਹ ਤੁਹਾਡੀ ਪੀੜ੍ਹੀ ਦੀ ਆਦਤ ਬਣ ਗਈ ਏ ਕਿ ਹਰ ਇੱਕ ਚੀਜ਼ ਨੂੰ ਉਲਟਾ ਕਰਕੇ ਦੇਖੋ।"

(2) ਹੇਠ ਲਿਖੇ ਪਾਤਰਾਂ ਦਾ ਪਾਤਰ-ਚਿਤਰਨ ਕਰੋ।

ੳ. ਪੁੱਤਰ (ਨਾਇਕ ਦੇ ਰੂਪ ਵਿੱਚ)

ਅ. ਪਿਤਾ (ਪਿਤਾ ਦੇ ਰੂਪ 'ਚ)

ੲ. ਪਿਤਾ (ਇੰਟਰਵਿਊ ਲੈਣ ਵਾਲੇ ਦੀ ਕੁਰਸੀ ਉੱਤੇ ਬੈਠਾ)

ਸ. ਪਿਤਾ (ਜੱਜ ਦੀ ਕੁਰਸੀ ਉੱਤੇ ਬੈਠਾ)

* * * * *

# ਕਪੂਰ ਸਿੰਘ ਘੁੰਮਣ
## (1927-1985)

### ਲੇਖਕ ਬਾਰੇ :

ਕਪੂਰ ਸਿੰਘ ਘੁੰਮਣ ਦਾ ਜਨਮ 2 ਫ਼ਰਵਰੀ, 1927 ਈ: ਨੂੰ ਪਿਤਾ ਗਿਆਨੀ ਬੁੱਢਾ ਸਿੰਘ ਵੈਦਰਾਜ ਅਤੇ ਮਾਤਾ ਸ੍ਰੀਮਤੀ ਹਰਨਾਮ ਕੌਰ ਦੇ ਘਰ ਪਿੰਡ ਦੁਲਗੀਕੇ, ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ) ਵਿਖੇ ਹੋਇਆ। ਉਹਨਾਂ ਨੇ ਪੰਜਾਬੀ ਵਿੱਚ ਐੱਮ. ਏ. ਕੀਤੀ।

ਘੁੰਮਣ ਨਾਟਕਕਾਰ ਹੋਣ ਦੇ ਨਾਲ਼-ਨਾਲ਼ ਨਿਰਦੇਸ਼ਕ ਵੀ ਸਨ। ਉਹਨਾਂ ਨੂੰ ਰੰਗ-ਮੰਚ ਕਲਾ ਦੀ ਡੂੰਘੀ ਸਮਝ ਸੀ। ਉਹਨਾਂ ਨੇ ਰੰਗ-ਮੰਚ ਪੱਖੋਂ ਕਈ ਨਵੇਂ ਤਜਰਬੇ ਕੀਤੇ ਅਤੇ ਆਪਣੇ ਨਾਟਕਾਂ ਤੇ ਇਕਾਂਗੀਆਂ ਵਿੱਚ ਤਤਕਾਲੀ, ਸਮਾਜਿਕ, ਪਰਿਵਾਰਿਕ ਸਮੱਸਿਆਵਾਂ ਅਤੇ ਪਾਤਰਾਂ ਦੀ ਮਾਨਸਿਕਤਾ ਦਾ ਚਿਤਰਨ ਬਹੁਤ ਹੀ ਸੂਖਮਤਾ ਨਾਲ਼ ਪੇਸ਼ ਕੀਤਾ।

ਉਹਨਾਂ ਨੇ ਲਗ-ਪਗ 14 ਨਾਟਕ ਲਿਖੇ : 'ਅਣਹੋਣੀ', 'ਪੁਤਲੀ ਘਰ', 'ਜਿਊਂਦੀ ਲਾਸ਼', 'ਜ਼ਿੰਦਗੀ ਤੋਂ ਦੂਰ', 'ਬੁਝਾਰਤ', 'ਪਾਗਲ ਲੋਕ', ਆਪ ਦੇ ਪ੍ਰਸਿੱਧ ਨਾਟਕ ਹਨ। 'ਦੋ ਜੋਤਾਂ ਦੋ ਮੂਰਤਾਂ', 'ਰੱਬ ਦੇ ਰੰਗ', 'ਕਵੀ ਤੇ ਕਵਿਤਾ', 'ਕੱਚ ਦੇ ਗਜਰੇ' ਅਤੇ 'ਡੁੰਗਲਮਾਟਾ' ਆਦਿ ਆਪ ਨੇ ਲਗ-ਪਗ 12 ਇਕਾਂਗੀ-ਸੰਗ੍ਰਹਿ ਵੀ ਪੰਜਾਬੀ ਸਾਹਿਤ ਨੂੰ ਦਿੱਤੇ।

'ਪਾਗਲ ਲੋਕ' ਨਾਟਕ 'ਤੇ ਉਹਨਾਂ ਨੂੰ 'ਸਾਹਿਤ ਅਕਾਦਮੀ, ਦਿੱਲੀ' ਵੱਲੋਂ ਸਨਮਾਨਿਤ ਕੀਤਾ ਗਿਆ। ਆਪ ਨੂੰ 'ਪੰਜਾਬੀ ਸਾਹਿਤ ਸਮੀਖਿਆ ਬੋਰਡ', 'ਸਾਹਿਤ ਵਿਚਾਰ ਮੰਚ ਕੈਨੇਡਾ' ਅਤੇ ਹੋਰ ਕਈ ਸੰਸਥਾਵਾਂ ਵੱਲੋਂ ਵੀ ਸਨਮਾਨਿਤ ਕੀਤਾ ਗਿਆ। ਆਪਣੇ 'ਰੂਪਕ ਕਲਾ ਸੰਗਮ ਥਿਏਟਰ ਗਰੁੱਪ ਵਿੱਚ ਉਹ ਆਪ ਬਤੌਰ ਕਲਾਕਾਰ ਵਜੋਂ ਭਾਗ ਲੈਂਦੇ ਰਹੇ। ਆਪ ਜੀ ਦੇ ਖੇਡੇ ਕਈ ਨਾਟਕਾਂ ਵਿੱਚ ਆਈ. ਸੀ. ਨੰਦਾ ਅਤੇ ਬਲਰਾਜ ਸਾਹਨੀ ਨੇ ਬਤੌਰ ਕਲਾਕਾਰ ਭੂਮਿਕਾ ਨਿਭਾਈ।

ਕਈ ਥਾਂਵਾਂ 'ਤੇ ਨੌਕਰੀ ਕਰਨ ਤੋਂ ਬਾਅਦ ਭਾਸ਼ਾ ਵਿਭਾਗ, ਪੰਜਾਬ ਤੋਂ ਬਤੌਰ ਡਾਇਰੈਕਟਰ ਸੇਵਾ-ਮੁਕਤ ਹੋਏ। ਉਪਰੰਤ 1985 ਈ: ਵਿੱਚ 'ਪੰਜਾਬ ਸਟੇਟ ਟੈੱਕਸਟ ਬੁੱਕ ਬੋਰਡ, ਚੰਡੀਗੜ੍ਹ' ਦੇ ਡਾਇਰੈਕਟਰ ਵੀ ਰਹੇ। ਆਪ 16 ਨਵੰਬਰ, 1985 ਈ: ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ।

ਹਥਲੀ ਪਾਠ-ਪੁਸਤਕ ਵਿੱਚ ਉਹਨਾਂ ਦਾ ਇਕਾਂਗੀ 'ਸਮੁੰਦਰੋਂ ਪਾਰ' ਸ਼ਾਮਲ ਕੀਤਾ ਗਿਆ ਹੈ।

### ਇਕਾਂਗੀ ਬਾਰੇ :

'ਸਮੁੰਦਰੋਂ ਪਾਰ' ਇਕਾਂਗੀ ਵਿੱਚ ਮਨੋਵਿਗਿਆਨਿਕ ਅਤੇ ਯਥਾਰਥਿਕ ਸਮੱਸਿਆ ਅਤੇ ਪਰਿਸਥਿਤੀ ਨੂੰ ਪੇਸ਼ ਕੀਤਾ ਗਿਆ ਹੈ। ਸ਼ਰਨਜੀਤ ਦਾ ਪਤੀ ਹਰਦੇਵ ਬਾਜਵਾ ਪੰਜਾਬ ਵਿੱਚ ਰਹਿੰਦਿਆਂ ਗ਼ਲਤ ਆਦਤਾਂ ਦਾ ਸ਼ਿਕਾਰ ਹੋ ਜਾਂਦਾ ਹੈ। ਜਦੋਂ ਸ਼ਰਨਜੀਤ ਉਹਨੂੰ ਅਜਿਹਾ ਨਾ ਕਰਨ ਲਈ ਸਮਝਾਉਣ ਦੀ ਕੋਸ਼ਸ਼ ਕਰਦੀ ਹੈ, ਉਹ ਉਲਟਾ ਉਸ ਉੱਪਰ ਹੀ ਮਾੜੇ ਆਚਰਨ ਦਾ ਦੋਸ਼ ਲਾ ਕੇ, ਇੰਗਲੈਂਡ ਜਾ ਕੇ ਉੱਥੇ 'ਮਰਸੀ' ਨਾਂ ਦੀ ਇੱਕ ਅੰਗਰੇਜ਼ ਕੁੜੀ ਨਾਲ਼ ਵਿਆਹ ਕਰ ਲੈਂਦਾ ਹੈ।

ਇਕਾਂਗੀ ਦਾ ਅਰੰਭ ਸ਼ਰਨਜੀਤ, ਸੁਖਦੇਵ ਅਤੇ ਨੀਟੂ ਦੇ ਇੰਗਲੈਂਡ ਪਹੁੰਚਣ ਨਾਲ਼ ਹੁੰਦਾ ਹੈ। ਹਰਦੇਵ ਬਾਜਵਾ ਦਾ ਦੋਸਤ ਬਲਵੰਤ ਢਿੱਲੋਂ ਉਸ ਨੂੰ ਸਮਝਾਉਂਦਾ ਹੈ ਕਿ ਇੰਗਲੈਂਡ ਵਿੱਚ ਕਨੂੰਨ ਅਨੁਸਾਰ ਹੀ ਚੱਲਿਆ ਜਾ ਸਕਦਾ ਹੈ, ਆਪਣੀ ਮਰਜ਼ੀ ਅਨੁਸਾਰ ਨਹੀਂ।

ਸੁਖਦੇਵ ਬਾਜਵਾ, ਹਰਦੇਵ ਬਾਜਵਾ ਦਾ ਛੋਟਾ ਭਰਾ ਇਸ ਗੱਲ 'ਤੇ ਬਜ਼ਿਦ ਹੈ ਕਿ ਉਹ ਆਪਣੀ ਭਰਜਾਈ ਸ਼ਰਨਜੀਤ ਨੂੰ ਆਪਣੇ ਭਰਾ ਕੋਲ਼ੋਂ ਉਸ ਦਾ ਹੱਕ ਦਿਵਾ ਕੇ ਹੀ ਰਹੇਗਾ। ਭਰਜਾਈ ਅਤੇ ਨੀਟੂ ਨੂੰ ਹੱਕ ਦਿਵਾਉਂਦਿਆਂ ਅੰਤ ਸੁਖਦੇਵ ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪੈਂਦੇ ਹਨ।

* * * * *

# ਸਮੁੰਦਰੋਂ ਪਾਰ

ਕਪੂਰ ਸਿੰਘ ਘੁੰਮਣ

ਪਾਤਰ :

| | | |
|---|---|---|
| ਹਰਦੇਵ ਬਾਜਵਾ | : | ਮਿਡਲਸੈਕਸ ਵਿੱਚ ਰਹਿੰਦਾ ਪੰਜਾਬੀ ਗੱਭਰੂ |
| ਬਲਵੰਤ ਢਿੱਲੋਂ | : | ਹਰਦੇਵ ਦਾ ਦੋਸਤ |
| ਹਕੂਮਤ ਰਾਏ | : | ਹਰਦੇਵ ਦਾ ਗੁਆਂਢੀ ਦੋਸਤ |
| ਸੁਖਦੇਵ ਬਾਜਵਾ | : | ਹਰਦੇਵ ਦਾ ਛੋਟਾ ਭਰਾ |
| ਸ਼ਰਨਜੀਤ | : | ਹਰਦੇਵ ਦੀ ਪੰਜਾਬਣ ਪਤਨੀ |
| ਮਰਸੀ | : | ਹਰਦੇਵ ਦੀ ਅੰਗਰੇਜ਼ ਪਤਨੀ |
| ਨੀਟੂ | : | ਹਰਦੇਵ ਦਾ ਪੁੱਤਰ |

ਥਾਂ – ਮਿਡਲਸੈਕਸ (ਇੰਗਲੈਂਡ)

ਸਮਾਂ – ਸ਼ਾਮ ਦੇ ਚਾਰ ਵਜੇ (ਵਰਤਮਾਨ)

(ਪਰਦਾ ਉੱਠਦਾ ਹੈ)

ਮਿਡਲਸੈਕਸ (ਇੰਗਲੈਂਡ) ਵਿੱਚ ਦੋ ਕਮਰਿਆਂ ਦੇ ਇੱਕ ਸੈੱਟ ਦਾ ਮੂਹਰਲਾ ਕਮਰਾ ਨਜ਼ਰ ਆਉਂਦਾ ਹੈ। ਇੱਕ ਦਰਵਾਜ਼ਾ ਸੱਜੇ ਹੱਥ ਬਾਹਰ ਵੱਲ ਨੂੰ ਖੁੱਲ੍ਹਦਾ ਹੈ ਅਤੇ ਦੋ ਸਾਮ੍ਹਣੀ ਕੰਧ ਵੱਲ। ਸਾਮ੍ਹਣੇ ਮੈਂਟਲ ਪੀਸ 'ਤੇ ਤਿੰਨ ਤਸਵੀਰਾਂ ਪਈਆਂ ਨਜ਼ਰ ਆਉਂਦੀਆਂ ਹਨ। ਦੋ ਤਸਵੀਰਾਂ ਇੱਕੋ ਨੌਜਵਾਨ ਦੀਆਂ ਹਨ। ਇੱਕ ਵਿੱਚ ਦਾੜ੍ਹੀ ਤੇ ਪਗੜੀ ਹੈ। ਦੂਜੀ ਵਿੱਚ ਅੰਗਰੇਜ਼ੀ ਫ਼ੈਸ਼ਨ ਦੀ ਹਜਾਮਤ ਹੈ। ਇਹਨਾਂ ਦੋਂਹਾਂ ਤਸਵੀਰਾਂ ਦੇ ਵਿਚਕਾਰ ਇੱਕ ਅੰਗਰੇਜ਼ ਕੁੜੀ ਦੀ ਆਇਲ-ਪੇਂਟਿੰਗ ਹੈ। ਇਸ ਦੇ ਵਾਲ਼ ਪੱਛ ਨਾਲ਼ ਸਿਰ ਤੋਂ ਕੋਈ ਛੇ ਇੰਚ ਉੱਪਰ ਤੱਕ ਸੈੱਟ ਕੀਤੇ ਹੋਏ ਹਨ। ਚਿਹਰੇ ਦੇ ਨਕਸ਼ ਕਾਫ਼ੀ ਤਿੱਖੇ ਲੱਗਦੇ ਹਨ।

ਕਮਰੇ ਵਿੱਚ ਦੋ ਬੁੱਕ-ਰੈਕ ਹਨ। ਇੱਕ ਮੇਜ਼ ਉੱਪਰ ਲੈਂਪ ਹੈ। ਪਾਸਿਆਂ 'ਤੇ ਚਾਰ ਕੁਰਸੀਆਂ, ਇੱਕ ਸੈਂਟਰ-ਟੇਬਲ, ਦੁਆਲੇ ਚਾਰ ਅਰਾਮ-ਕੁਰਸੀਆਂ ਪਈਆਂ ਹਨ ਤੇ ਦੀਵਾਰਾਂ ਉੱਤੇ ਕੁਝ ਤਸਵੀਰਾਂ ਹਨ। ਫੁੱਲਦਾਨ ਅਤੇ ਕੁਝ ਸਜਾਵਟੀ ਚੀਜ਼ਾਂ ਵੀ ਸਜੀਆਂ ਹੋਈਆਂ ਹਨ।

ਪਾਸਿਆਂ ਵਾਲ਼ੀਆਂ ਦੀਵਾਰਾਂ ਦੀਆਂ ਖਿੜਕੀਆਂ ਉੱਪਰ ਪਰਦੇ ਲਟਕ ਰਹੇ ਹਨ। ਇੱਕ ਸਿੱਖ ਨੌਜਵਾਨ ਬਾਹਰਲੇ ਦਰਵਾਜ਼ੇ 'ਤੇ ਦਸਤਕ ਦੇ ਕੇ, ਜਵਾਬ ਉਡੀਕਿਆਂ ਬਗ਼ੈਰ ਹੀ ਅੰਦਰ ਜਾਂਦਾ ਹੈ। ਉਹ ਦੇਵ ਨੂੰ ਅਵਾਜ਼ ਦੇਂਦਾ ਹੈ।

ਨੌਜਵਾਨ : ਬਾਜਵਾ, ਮਿਸਟਰ ਬਾਜਵਾ.....!

ਬਾਜਵਾ : (ਅੰਦਰੋਂ ਹੀ) ਕੌਣ, ਢਿੱਲੋਂ ?

ਢਿੱਲੋਂ : ਹਾਂ, ਜਲਦੀ ਆ, ਤੈਨੂੰ ਇੱਕ ਅਜੀਬ ਖ਼ਬਰ ਦੱਸਾਂ।
(ਢਿੱਲੋਂ ਤਸਵੀਰਾਂ ਕੋਲ਼ ਜਾ ਖਲੋਂਦਾ ਹੈ ਅਤੇ ਗ਼ੌਰ ਨਾਲ਼ ਉਹਨਾਂ ਨੂੰ ਵੇਖਦਾ ਹੈ। ਬਾਜਵਾ ਨਕਟਾਈ ਬੰਨ੍ਹਦਾ ਆਉਂਦਾ ਹੈ।)

ਬਾਜਵਾ : ਦੱਸ, ਕੀ ਗੱਲ ਏ ?

ਢਿੱਲੋਂ : ਸੁਣ ਕੇ ਤੈਨੂੰ ਸ਼ਾਇਦ ਇਤਬਾਰ ਨਾ ਆਵੇ ਪਰ ਹਕੀਕਤ ਕਈ ਵਾਰੀ ਇਤਬਾਰ ਦੇ ਬੈਰੀਅਰ ਤੋੜ ਦਿਆ ਕਰਦੀ ਏ।

ਬਾਜਵਾ : ਮਰਸੀ ਬਾਰੇ ਕੋਈ ਐਸੀ-ਵੈਸੀ ਗੱਲ ਏ ?

ਢਿੱਲੋਂ : ਮਰਸੀ ਬਾਰੇ ਨਹੀਂ, ਸ਼ਰਨਜੀਤ ਬਾਰੇ।

ਬਾਜਵਾ : (ਹੱਸਦਾ ਹੋਇਆ) ਸ਼ਰਨਜੀਤ ? ਉਹਨੂੰ ਮੈਂ ਸੱਤ ਸਮੁੰਦਰੋਂ ਪਾਰ ਧਰਮ-ਕਰਮ ਦੀ ਚੱਕੀ ਵਿੱਚ ਇਸਤਰੀ ਦਾ ਦਲੀਆ ਕਰਨ ਵਾਲੇ ਸਮਾਜ ਦੀ ਸ਼ਰਨ ਵਿੱਚ ਛੱਡ ਕੇ ਸੁਰਖ਼ਰੂ ਹੋ ਗਿਆ ਹਾਂ। ਇੰਗਲੈਂਡ ਦੀਆਂ ਅਜ਼ਾਦ ਫ਼ਿਜ਼ਾਵਾਂ ਨੇ ਮੈਨੂੰ ਮਰਸੀ ਬਖ਼ਸ਼ੀ ਹੋਈ ਏ। ਹੁਣ ਸ਼ਰਨਜੀਤ ਦਾ ਪਰਛਾਂਵਾਂ ਮੇਰੇ 'ਤੇ ਸੁਪਨੇ ਵਿੱਚ ਵੀ ਨਹੀਂ ਪੈ ਸਕੇਗਾ।

ਢਿੱਲੋਂ : ਜਦੋਂ ਅਸਲੀਅਤ ਦੀ ਤਾਬ ਨਾ ਝੱਲੀ ਜਾ ਸਕੇ, ਅਸੀਂ ਅੱਖਾਂ ਮੀਚ ਕੇ ਉਸ ਨੂੰ ਸੁਫਨੇ ਜਾਂ ਪਰਛਾਂਵੇਂ ਵਿੱਚ ਬਦਲਣ ਦਾ ਤਰਲਾ ਕਰਦੇ ਹਾਂ ਪਰ ਅਸਲੀਅਤ ਤਾਂ ਅਸਲੀਅਤ ਈ ਰਹਿੰਦੀ ਏ।

ਬਾਜਵਾ : ਤੇਰਾ ਮਤਲਬ ਏ, ਸ਼ਰਨਜੀਤ ਮੇਰੇ ਪਿੱਛੇ ਏਥੇ ਇੰਗਲੈਂਡ ਵਿੱਚ ਵੀ ਪਹੁੰਚ ਸਕਦੀ ਏ ?

ਢਿੱਲੋਂ : ਪਹੁੰਚ ਸਕਦੀ ਨਹੀਂ, ਪਹੁੰਚ ਚੁੱਕੀ ਏ ਤੇ ਜੇ ਤੂੰ ਚੰਨ 'ਤੇ ਵੀ ਪਹੁੰਚ ਗਿਆ ਹੁੰਦਾ ਤਾਂ ਵੀ ਸ਼ਾਇਦ ਉਹ ਜਾ ਫੜਦੀ।

ਬਾਜਵਾ : ਮੂਰਖ ਏਂ। ਜੇ ਪੰਜਾਬ ਵਿੱਚ ਕੋਲ਼ ਰਹਿੰਦਿਆਂ ਉਹ ਮੇਰੇ ਹਿਰਦੇ ਤੱਕ ਨਾ ਪਹੁੰਚ ਸਕੀ ਤਾਂ ਹੋਰ ਕਿਤੇ ਜਾ ਕੇ ਕੀ ਕਰ ਲਵੇਗੀ ?

ਢਿੱਲੋਂ : ਜਦ ਤੱਕ ਸਵਾਸ, ਤਦ ਤੱਕ ਆਸ।

ਬਾਜਵਾ : ਸ਼ਾਇਦ ਤੂੰ ਆਖਿਐਂ, ਉਹ ਏਥੇ ਪਹੁੰਚ ਗਈ ਏ।

ਢਿੱਲੋਂ : ਸ਼ਾਇਦ ਨਹੀਂ,ਵਾਕਈ ਪਹੁੰਚ ਚੁੱਕੀ ਏ। ਤੂੰ ਉਹਦੇ ਸੁਆਗਤ ਦੀ ਤਿਆਰੀ ਕਰ।
(ਬਾਜਵਾ ਜ਼ਰਾ ਸੋਚ ਕੇ ਢਿੱਲੋਂ ਵੱਲ ਵੇਖਦਾ ਹੈ, ਉਹ ਮੁਸਕਰਾਉਂਦਾ ਹੈ, ਬਾਜਵਾ ਵੀ ਮੁਸਕਰਾ ਪੈਂਦਾ ਹੈ ਤੇ ਫੇਰ ਠਹਾਕਾ ਮਾਰ ਕੇ ਹੱਸਦਾ ਹੈ।)

ਬਾਜਵਾ : ਤੂੰ ਤੇ ਮੇਰਾ ਤਰਾਹ ਈ ਕੱਢ ਦਿੱਤਾ ਸੀ, ਯਾਰ! ਹਾਂ ਦੱਸ, ਕਿਹੜੀ ਅਜੀਬ ਖ਼ਬਰ ਦੱਸਣ ਆਇਐਂ ?

ਢਿੱਲੋਂ : ਦੱਸ ਤਾਂ ਦਿੱਤੀ ਏ।

ਬਾਜਵਾ : (ਗੰਭੀਰ ਹੋ ਕੇ) ਮਰਸੀ ਮੈਨੂੰ ਉਡੀਕ ਰਹੀ ਹੋਵੇਗੀ, ਮਜ਼ਾਕ ਛੱਡ ਤੇ ਚੱਲ, ਦੱਸ।

ਢਿੱਲੋਂ : ਮਜ਼ਾਕ ? ਕੌਣ ਭੜੂਆ ਮਜ਼ਾਕ ਕਰ ਰਿਹੈ ?

ਬਾਜਵਾ : ਤਾਂ ਉਹ ਕਮਬਖ਼ਤ ਸੱਚ-ਮੁੱਚ ਨਹੀਂ ਟਲ਼ੀ ?

ਢਿੱਲੋਂ : ਅਨਪੜ੍ਹ ਤੇ ਗਵਾਰ ਔਰਤਾਂ ਵੀ ਆਪਣੇ ਪਤੀਆਂ ਕੋਲ਼ ਏਥੇ ਆ ਜਾਂਦੀਆਂ ਨੇ ਫੇਰ ਸ਼ਰਨਜੀਤ ਤਾਂ ਚੰਗੀ ਪੜ੍ਹੀ-ਲਿਖੀ ਕੁੜੀ ਏ।

ਬਾਜਵਾ : ਡੈਮ ਹਰ ! ਮੈਂ ਉਹਨੂੰ ਆਪਣੀ ਪਤਨੀ ਨਹੀਂ ਸਮਝਦਾ।

ਢਿੱਲੋਂ : ਸਮਝਣ ਨਾ ਸਮਝਣ ਨਾਲ਼ ਕੀ ਫ਼ਰਕ ਪੈਂਦਾ ਏ ? ਤੂੰ ਤਲਾਕ ਦਿੱਤੈਂ, ਉਸ ਨੂੰ ?

ਬਾਜਵਾ : ਜਦ ਮੈਂ ਉਹਦਾ ਰਾਹ ਈ ਛੱਡ ਦਿੱਤਾ, ਦੇਸ ਛੱਡ ਦਿੱਤਾ, ਤਲਾਕ ਪਿੱਛੇ ਰਹਿ ਗਿਆ ?

ਢਿੱਲੋਂ : ਕਨੂੰਨੀ ਤੌਰ 'ਤੇ ਉਹ ਤੇਰੀ ਪਤਨੀ ਏ। ਪਹਿਲੀ ਪਤਨੀ ਦੇ ਹੁੰਦਿਆਂ ਤੂੰ ਮਰਸੀ ਨਾਲ਼ ਵੀ ਮੈਰਿਜ ਕਰ ਲਈ। ਇਹ ਮੈਰਿਜ ਭਾਰਤ ਵਿੱਚ ਵੀ ਨਾਜਾਇਜ਼ ਏ ਤੇ ਇੰਗਲੈਂਡ ਵਿੱਚ ਵੀ। ਏਸ ਮੈਰਿਜ ਤੋਂ ਪਹਿਲਾਂ ਮੈਂ ਤੈਨੂੰ ਰੋਕਿਆ, ਵਰਜਿਆ ਸੀ। ਤੂੰ ਟਲ਼ਿਆ ਨਾ ਤੇ ਕਈ ਮਹੀਨੇ ਇਸ ਗੱਲੋਂ ਮੇਰੇ ਨਾਲ਼ ਮੂੰਹ ਸੁਜਾਈ ਰੱਖਿਆ। ਜੇ ਤੂੰ ਮੇਰੀ ਗੱਲ ਮੰਨ ਜਾਂਦਾ ਤਾਂ ਅੱਜ ਤੇਰੇ ਗਲ਼ ਵਿੱਚ ਗਲ਼ਾਵਾਂ ਨਾ ਪੈਂਦਾ।

ਬਾਜਵਾ : ਸ਼ਰਨਜੀਤ ਨੂੰ ਤੂੰ ਆਪ ਵੇਖਿਐ,ਕਿਤੇ ?

ਢਿੱਲੋਂ : ਸ਼ਾਇਦ ਉਹ ਸਾਡੇ ਖਲੋਤਿਆਂ ਈ ਏਥੇ ਆ ਜਾਵੇ।

ਬਾਜਵਾ : (ਬੁੱਲ੍ਹ ਟੁਕਦਾ ਹੋਇਆ) ਓਸ ਬਦਤਮੀਜ਼ ਦੀ ਏਨੀ ਹਿੰਮਤ ? ਏਨੀ ਜੁਰਅਤ ? ਮੈਥੋਂ ਚੋਰੀ ਉਹਨੇ ਪਾਸਪੋਰਟ ਬਣਵਾ ਲਿਆ। ਮੈਨੂੰ ਦੱਸਿਆਂ ਬਗ਼ੈਰ ਉਹ ਇੰਗਲੈਂਡ ਵਿੱਚ ਆ ਗਈ, ਮਿਡਲਸੈਕਸ ਪਹੁੰਚ

ਗਈ। ਪੰਜਾਬ ਵਿੱਚ ਮੈਨੂੰ ਉਹਨੇ ਸੁੱਖ ਦਾ ਸਾਹ ਨਾ ਲੈਣ ਦਿੱਤਾ ਤੇ ਹੁਣ ਏਥੇ ਮੇਰੇ ਜੀਵਨ ਨੂੰ ਝਰੀਟਣ-ਝੁਲਸਣ ਆ ਗਈ। ਮੈਂ ਮਾਂ ਦਾ ਪੁੱਤ ਨਹੀਂ ਜੇ ਉਹਨੂੰ.....

ਢਿੱਲੋਂ : (ਬਾਜਵਾ ਦੇ ਮੂੰਹ ਅੱਗੇ ਹੱਥ ਦੇ ਕੇ ਓਸ ਨੂੰ ਚੁੱਪ ਕਰਾਉਂਦਿਆਂ) ਜੱਟਪੁਣਾ ਏਥੇ ਨਹੀਂ ਚੱਲੇਗਾ, ਦੋਸਤ! ਸ਼ਰਨਜੀਤ ਨੇ ਅਦਾਲਤ ਦਾ ਦਰਵਾਜ਼ਾ ਖੜਕਾਇਆ ਤਾਂ ਤੇਰੀ ਧੌਣ ਵੇਲਣੇ ਵਿੱਚ ਹੋਵੇਗੀ। ਤੇਰੇ ਨਾਲ਼ ਮਰਸੀ ਵੀ ਪੀੜੀ ਜਾਏਗੀ।

ਬਾਜਵਾ : ਸ਼ਰਨਜੀਤ ਮੇਰੀ ਪਤਨੀ ਬਣ ਕੇ ਤਾਂ ਨਾ ਰਹਿ ਸਕੇਗੀ।

ਢਿੱਲੋਂ : ਮਰਸੀ ਨਾਲ਼ ਤੇਰੀ ਮੈਰਿਜ ਨਾਜਾਇਜ਼ ਕਰਾਰ ਦਿੱਤੀ ਜਾਵੇਗੀ। ਪਤਨੀ ਤੇਰੀ ਸ਼ਰਨਜੀਤ ਹੀ ਰਹੇਗੀ ਭਾਵੇਂ ਤੂੰ ਵਲਾਇਤ ਵਿੱਚ ਹੋਵੇਂ ਜਾਂ ਪੰਜਾਬ ਵਿੱਚ, ਜੇਲ੍ਹ ਵਿੱਚ ਹੋਵੇਂ ਜਾਂ ਬਾਹਰ।

ਬਾਜਵਾ : ਡੈਮ ਇੱਟ !

ਢਿੱਲੋਂ : ਹੁਣ ਤੈਨੂੰ ਚਾਹੀਦੈ, ਮਰਸੀ ਅੱਗੇ ਆਪਣਾ ਕਸੂਰ ਮੰਨ ਲਵੇਂ, ਉਸ ਤੋਂ ਤਲਾਕ ਲੈ ਲਵੇਂ ਤੇ ਸ਼ਰਨਜੀਤ ਨੂੰ ਉਹਦਾ ਹੱਕ ਦੇਵੇਂ।

ਬਾਜਵਾ : (ਵਿਅੰਗ ਨਾਲ਼) ਸ਼ਰਨਜੀਤ ਨੂੰ ਉਹਦਾ ਹੱਕ ਜ਼ਰੂਰ ਮਿਲੇਗਾ ਤੇ ਮੇਰਾ ਹੱਕ ?.....ਮੇਰਾ......ਮਰਸੀ ਦਾ......ਸਾਡਾ ਕੋਈ ਹੱਕ ਨਹੀਂ।

ਢਿੱਲੋਂ : ਕਿਸੇ ਦਾ ਹੱਕ ਖੋਹ ਕੇ ਜਮਾਇਆ ਹੋਇਆ ਹੱਕ ਨਾ ਹੀ ਕਨੂੰਨ ਪ੍ਰਵਾਨ ਕਰਦੈ ਤੇ ਨਾ ਹੀ ਸਦਾਚਾਰ।

ਬਾਜਵਾ : ਮੇਰੀ ਮਰਜ਼ੀ ਦੇ ਖ਼ਿਲਾਫ਼ ਠੋਸਿਆ ਕੋਈ ਹੱਕ ਮੈਨੂੰ ਪ੍ਰਵਾਨ ਨਹੀਂ।

ਢਿੱਲੋਂ : ਤੇ ਹੱਕ ਕਿਸੇ ਦੀ ਮਰਜ਼ੀ ਨੂੰ ਪ੍ਰਵਾਨ ਨਹੀਂ ਕਰਦਾ।

ਬਾਜਵਾ : (ਤਿਲਮਿਲਾ ਕੇ) ਮੈਂ ਨਹੀਂ ਚਾਹੁੰਦਾ, ਸ਼ਰਨਜੀਤ ਨੂੰ ! ਉਹਦੀ ਸ਼ਕਲ ਨਹੀਂ ਦੇਖ ਸਕਦਾ, ਮੈਂ। ਉਹ ਧੱਕੇ ਨਾਲ਼ ਕਿਵੇਂ ਮੇਰੇ ਕੋਲ਼ ਰਹਿ ਸਕਦੀ ਏ ?

ਢਿੱਲੋਂ : ਤੂੰ ਉਹਦੇ ਨਾਲ਼ ਸ਼ਾਦੀ ਕਿਉਂ ਕਰਵਾਈ ?

ਬਾਜਵਾ : ਮਜਬੂਰੀ ਸੀ।

ਢਿੱਲੋਂ : ਹੁਣ ਉਹਨੂੰ ਨਾਲ਼ ਰੱਖਣਾ ਵੀ ਮਜਬੂਰੀ ਸਹੀ।

ਬਾਜਵਾ : ਇੰਵ ਨਹੀਂ ਹੋਵੇਗਾ।

ਢਿੱਲੋਂ : ਹੋ ਚੁੱਕਾ, ਅਣਹੋਇਆ ਨਹੀਂ ਹੋ ਸਕਦਾ।

ਬਾਜਵਾ : ਠੀਕ, ਪਰ ਟੁੱਟਿਆ ਵੀ ਜੁੜ ਨਹੀਂ ਸਕਦਾ।

ਢਿੱਲੋਂ : ਜੇ ਟੁੱਟਿਆ ਹੋਵੇ ਨਾ ?

ਬਾਜਵਾ : ਮੈਂ ਤੋੜ ਚੁੱਕਾਂ।

ਢਿੱਲੋਂ : ਇਹ ਕੋਈ ਦਲੀਲ ਨਹੀਂ।

ਬਾਜਵਾ : ਦਲੀਲਾਂ ਅੱਗੇ ਝੁਕਣਾ ਮੈਂ ਨਹੀਂ ਸਿੱਖਿਆ। ਮੈਂ ਤਾਂ ਉਸ ਰਾਹ ਜਾਣੈ, ਜੋ ਮੈਨੂੰ ਪਸੰਦ ਏ।

ਢਿੱਲੋਂ : ਜੇ ਤੂੰ ਸ਼ਰਾਫ਼ਤ, ਸਦਾਚਾਰ ਤੇ ਕਨੂੰਨ ਦੀਆਂ ਕੰਧਾਂ ਟੱਪਣ 'ਤੇ ਹੀ ਤੁਲਿਆ ਹੋਇਐਂ ਤਾਂ ਮੈਨੂੰ ਅਫ਼ਸੋਸ ਏ ਪਰ ਯਾਦ ਰੱਖੀਂ, ਕਨੂੰਨ ਦੀਆਂ ਬਾਂਹਵਾਂ ਬਹੁਤ ਲੰਮੀਆਂ ਹੁੰਦੀਐਂ..........

ਬਾਜਵਾ : ਕੋਈ ਕਨੂੰਨ, ਕੋਈ ਪਾਬੰਦੀ, ਹਿਰਦੇ ਨੂੰ ਅਜੇ ਤੱਕ ਬੰਨ੍ਹ ਨਹੀਂ ਸਕੀ।

ਢਿੱਲੋਂ : ਤਾਂ ਸ਼ਰਨਜੀਤ ਨਾਲ਼ ਤੇਰਾ ਸਮਝੌਤਾ ਨਹੀਂ ਹੋ ਸਕਦਾ ?

ਬਾਜਵਾ : ਬਿਲਕੁਲ ਨਹੀਂ। ਜੇ ਉਹ ਕੋਸ਼ਸ਼ ਕਰੇਗੀ ਤਾਂ ਜਾਨ ਤੋਂ ਹੱਥ ਧੋ ਬੈਠੇਗੀ, ਮੇਰੇ ਵੱਲੋਂ ਕਹਿ ਦੇ, ਉਹਨੂੰ।

ਢਿੱਲੋਂ : ਜਲਦਬਾਜ਼ੀ ਤੋਂ ਕੰਮ ਨਾ ਲੈ, ਦੋ-ਚਾਰ ਦਿਨ ਸੋਚ ਲੈ।

ਬਾਜਵਾ : ਚੰਗੀ ਤਰ੍ਹਾਂ ਸੋਚ ਲਿਐ। ਮੈਨੂੰ ਕੈਦ ਹੋਣਾ ਮਨਜ਼ੂਰ ਏ, ਕਤਲ ਕਰਨਾ ਮਨਜ਼ੂਰ ਏ ਪਰ ਸ਼ਰਨਜੀਤ ਦੀ

ਸ਼ਕਲ ਵੇਖਣੀ ਮਨਜ਼ੂਰ ਨਹੀਂ।

(ਮੇਜ਼ ਦੀ ਦਰਾਜ਼ ਵਿੱਚੋਂ ਪਸਤੌਲ ਕੱਢ ਕੇ ਜੇਬ ਵਿੱਚ ਪਾ ਲੈਂਦਾ ਹੈ।)

ਢਿੱਲੋਂ : ਤੇ ਤੇਰਾ ਭਰਾ, ਸੁਖ ?

ਬਾਜਵਾ : ਸੁਖ, ਕੀ ?

ਢਿੱਲੋਂ : ਓਹਦੀ ਵੀ ਸ਼ਕਲ ਵੇਖੇਂਗਾ ਜਾਂ ਨਹੀਂ ?

ਬਾਜਵਾ : ਸੁਖ ਨਾਲ਼ ਆਇਐ, ਸ਼ਰਨਜੀਤ ਦੇ ?

ਢਿੱਲੋਂ : ਹਾਂ। ਤੇਰਾ ਬੱਚਾ ਨੀਟੂ ਵੀ ਨਾਲ਼ ਆਉਣਾ ਸੀ ?

ਬਾਜਵਾ : ਤੂੰ ਮੈਨੂੰ ਹੁਣ ਤੱਕ ਦੱਸਿਆ ਕਿਉਂ ਨਹੀਂ ?

ਢਿੱਲੋਂ : ਮੈਂ ਸੋਚਿਆ, ਪਤਨੀ ਦੇ ਨਾਂ ਤੋਂ ਈ ਭੁੜਕ ਪਿਐਂ ਬਾਜਵਾ, ਸ਼ਾਇਦ ਇਹ ਸੁਣ ਕੇ ਉਹ ਕੱਪੜਿਆਂ ਤੋਂ ਬਾਹਰ ਹੋ ਜਾਵੇਗਾ ਕਿ ਉਹਦੀ ਪਤਨੀ ਛੋਟੇ ਦਿਓਰ ਨੂੰ ਨਾਲ਼ ਲੈ ਕੇ ਆਈ ਏ।

ਬਾਜਵਾ : ਸੁਖ ਕਿਉਂ ਆਇਐ, ਓਸ ਚੰਦਰੀ ਨਾਲ਼ ?

ਢਿੱਲੋਂ : ਇਹ ਤਾਂ ਓਸੇ ਤੋਂ ਪੁੱਛ ਲੈ।

ਬਾਜਵਾ : ਇਹਨਾਂ ਲੋਕਾਂ ਮੈਨੂੰ ਜਿਊਂਣ ਨਹੀਂ ਦੇਣਾ।

ਢਿੱਲੋਂ : ਤੇਰੇ ਬਗ਼ੈਰ ਉਹ ਨਹੀਂ ਜੀਅ ਸਕਦੇ, ਉਹਨਾਂ ਦੇ ਨਾਲ਼ ਤੂੰ ਜਾ ਨਹੀਂ ਸਕਦਾ, ਮਸਲਾ ਨਿਹਾਇਤ ਗੁੰਝਲਦਾਰ ਏ।

ਬਾਜਵਾ : (ਹੌਕਾ ਭਰ ਕੇ) ਇਹ ਗੱਲ ਤੂੰ ਠੀਕ ਆਖੀ ਏ।

ਢਿੱਲੋਂ : ਫੇਰ ਸੁਖ ਵੀ ਤੈਨੂੰ ਮਿਲੇ ਜਾਂ ਨਾ ? ਤੇ ਨੀਟੂ ?....ਜਵਾਬ ਨਹੀਓਂ ਦਿੱਤਾ।

ਬਾਜਵਾ : ਅਜੇ ਮੈਨੂੰ ਕੋਈ ਨਾ ਮਿਲ਼ੇ। ਜੇ ਮੈਂ ਮਨ ਬਣਾ ਲਿਆ ਤਾਂ ਤੈਨੂੰ ਦੱਸ ਦਿਆਂਗਾ।

ਢਿੱਲੋਂ : ਤੈਨੂੰ ਹੁਣੇ ਫ਼ੈਸਲਾ ਕਰਨਾ ਪਵੇਗਾ, ਪੰਜ ਮਿੰਟਾਂ ਵਿੱਚ.......

(ਢਿੱਲੋਂ ਜਾਂਦਾ ਹੈ। ਬਾਜਵਾ ਸੋਚੀਂ ਡੁੱਬ ਜਾਂਦਾ ਹੈ। ਸਿਰ ਪਟਕਦਾ ਹੈ। ਜੇਬ ਵਿੱਚੋਂ ਪਸਤੌਲ ਕੱਢ ਕੇ ਮੱਥੇ 'ਤੇ ਰੱਖਦਾ ਹੈ। ਹਕੂਮਤ ਰਾਏ ਅਛੋਪਲ਼ੇ ਜਿਹੇ ਅੰਦਰ ਆਉਂਦਾ ਹੈ ਤੇ ਝਪਟਾ ਮਾਰ ਕੇ ਪਸਤੌਲ ਉਹਦੇ ਹੱਥੋਂ ਡੇਗ ਦੇਂਦਾ ਹੈ।)

ਰਾਏ : ਈਡੀਅਟ ! ਇਹ ਕੀ ਕਰਨ ਲੱਗਾ ਸੈਂ ?

(ਬਾਜਵਾ ਪਸਤੌਲ ਫੜਨ ਲੱਗਦਾ ਹੈ। ਰਾਏ ਉਸ ਤੋਂ ਪਹਿਲਾਂ ਉੱਠ ਕੇ ਮੇਜ਼ ਦੀ ਦਰਾਜ਼ ਵਿੱਚ ਪਸਤੌਲ ਰੱਖ ਦੇਂਦਾ ਹੈ ਤੇ ਅੱਗੇ ਆਪ ਖਲੋ ਜਾਂਦਾ ਹੈ)।

ਬਾਜਵਾ : ਮੈਂ ਇੱਕ ਅਜੀਬ ਘੁੰਮਣ-ਘੇਰੀ ਵਿੱਚ ਫਸ ਗਿਆਂ। ਮੌਤ ਬਿਨਾਂ ਕੋਈ ਚਾਰਾ ਨਹੀਂ ਰਹਿ ਗਿਆ।

ਰਾਏ : ਕੀ ਹੋਇਐ ?

ਬਾਜਵਾ : ਸ਼ਾਮ ਨੂੰ ਦੱਸਾਂਗਾ। ਜੇ ਜ਼ਿੰਦਗੀ ਨੇ ਸਾਥ ਦਿੱਤਾ। ਫ਼ਿਲਹਾਲ ਏਨੀ ਮਿਹਰਬਾਨੀ ਕਰੀਂ ਕਿ ਕੋਈ ਅਜਨਬੀ ਮੇਰੇ ਬਾਰੇ ਪੁੱਛਣ ਆਵੇ ਤਾਂ ਦੱਸੀਂ ਨਾ। ਇਹ ਵੀ ਨਾ ਦੱਸੀਂ ਕਿ ਮੈਂ ਏਥੇ ਰਹਿਨਾ ਵਾਂ।

ਰਾਏ : ਅੱਛਾ ?

ਬਾਜਵਾ : ਸੱਚ, ਆਖ ਦੇਈਂ, ਮੈਂ ਨਹੀਂ ਰਹਿੰਦਾ, ਪਤਾ ਨਹੀਂ ਕਿੱਥੇ ਰਹਿਨਾ ਵਾਂ।

ਰਾਏ : ਭਾਰਤ ਤੋਂ ਆਇਐ, ਕੋਈ ?

ਬਾਜਵਾ : ਹਾਂ।

ਰਾਏ : ਫੇਰ ਤਾਂ ਏਸ ਹੱਦ ਤੱਕ ਬਦਸਲੂਕੀ ਵਾਜਬ ਨਹੀਂ।

ਬਾਜਵਾ : ਵਾਜਬ-ਨਾਵਾਜਬ ਦੇ ਚੱਕਰ ਵਿੱਚ ਨਾ ਪਓ, ਮੇਰੀ ਜ਼ਿੰਦਗੀ-ਮੌਤ ਦਾ ਸਵਾਲ ਏ।

ਰਾਏ : ਅੱਛਾ, ਐਸੀ ਕੋਈ ਗੱਲ ਏ ?

(ਬਾਜਵਾ ਬਾਹਰ ਨੂੰ ਜਾਣ ਲੱਗਦਾ ਹੈ ਫਿਰ ਵਾਪਸ ਆ ਜਾਂਦਾ ਹੈ।)

ਬਾਜਵਾ : ਹਾਂ ਸੱਚ, ਮਰਸੀ ਨੂੰ ਟਾਈਮ ਦੇ ਕੇ ਮੈਂ ਪਹੁੰਚ ਨਹੀਂ ਸਕਿਆ, ਸ਼ਾਇਦ ਉਹ ਏਥੇ ਆ ਜਾਵੇ। ਉਸ ਨੂੰ ਆਖਣਾ, ਮੈਂ ਮੈਟਰੋ ਹੋਟਲ ਵਿੱਚ ਉਡੀਕ ਰਿਹਾਂ।

ਰਾਏ : ਓ. ਕੇ.!

(ਬਾਜਵਾ ਫੇਰ ਮੇਜ਼ ਵੱਲ ਵਧਦਾ ਹੈ। ਰਾਏ ਝੱਟ ਦਰਾਜ਼ ਅੱਗੇ ਖਲੋ ਜਾਂਦਾ ਹੈ)। (ਰਾਏ ਬੁੱਕ-ਰੈਕ ਵਿੱਚੋਂ ਕਿਤਾਬਾਂ ਫਰੋਲ਼ਦਾ ਹੈ। ਇੱਕ ਕਿਤਾਬ ਲੈ ਕੇ ਬਾਹਰ ਵੱਲ ਵਧਦਾ ਹੈ ਤਾਂ ਦਰਵਾਜ਼ੇ 'ਤੇ ਦਸਤਕ ਹੁੰਦੀ ਹੈ।)

ਰਾਏ : ਯੱਸ! ਕਮ ਇਨ।

ਸੁਖ : (ਅੰਦਰ ਆ ਕੇ) ਮਾਫ਼ ਕਰਨਾ ਭਾਈ ਸਾਹਿਬ, ਤੁਸੀਂ ਪੰਜਾਬੀ ਓ ?

ਰਾਏ : ਹਾਂ, ਮੇਰਾ ਨਾਂ ਹਕੂਮਤ ਰਾਏ ਹੈ।

ਸੁਖ : ਹਰਦੇਵ ਸਿੰਘ ਬਾਜਵਾ ਏਥੇ ਈ ਰਹਿੰਦੇ ਨੇ ?

ਰਾਏ : ਤੁਸੀਂ ਉਹਨਾਂ ਦੇ ਕੌਣ ਓ ?

ਸੁਖ : ਮੈਂ ਉਹਨਾਂ ਦਾ ਛੋਟਾ ਭਰਾ, ਸੁਖਦੇਵ ਬਾਜਵਾ। ਪੰਜਾਬ ਤੋਂ ਆਇਆਂ।

ਰਾਏ : ਓਹ ! ਬਹੁਤ ਖ਼ੁਸ਼ੀ ਹੋਈ ਏ, ਮਿਲ਼ ਕੇ।

ਸੁਖ : ਮੇਰੇ ਨਾਲ਼ ਹੋਰ ਵੀ ਸਾਥ ਹੈ।

ਰਾਏ : ਅੱਛਾ ! (ਦਰਵਾਜ਼ੇ ਵੱਲ ਵਧ ਕੇ) ਬਾਹਰ ਕਿਉਂ ਖੜ੍ਹੇ ਓ, ਭੈਣ ਜੀ ? ਅੰਦਰ ਆ ਜਾਓ, ਤੁਹਾਡਾ ਆਪਣਾ ਈ ਘਰ ਏ।

(ਸ਼ਰਨਜੀਤ ਅੰਦਰ ਆਉਂਦੀ ਹੈ, ਉਸ ਦੀ ਉਂਗਲ਼ ਫੜੀ ਤਿੰਨ ਸਾਲ ਦਾ ਬੱਚਾ ਨੀਟੂ ਵੀ ਆਉਂਦਾ ਹੈ। ਉਹ ਸਤਿ ਸ੍ਰੀ ਅਕਾਲ ਕਰਦੇ ਹਨ। )

ਸੁਖ : ਸਾਨੂੰ ਭਰਾ ਜੀ ਦੇ ਘਰ ਦਾ ਪਤਾ ਦੱਸੋ।

ਰਾਏ : (ਸਾਮ੍ਹਣੇ ਮੈਂਟਲਪੀਸ ਤੇ ਪਈ ਤਸਵੀਰ ਵੱਲ ਇਸ਼ਾਰਾ ਕਰਕੇ) ਇਹ ਈ ਏ ਨਾ, ਭਰਾ ਤੁਹਾਡਾ ? ਉਹਨਾਂ ਦਾ ਘਰ ਇਹ ਈ ਏ। ਤੁਸੀਂ ਬੈਠੋ, ਭੈਣ ਜੀ ! (ਨੀਟੂ ਨੂੰ) ਗੱਲ ਸੁਣੋ ਬਿੱਟੂ ਜੀ (ਨੀਟੂ ਕੋਲ਼ ਆਉਂਦਾ ਹੈ) ਕੀ ਨਾਂ ਏ, ਤੁਹਾਡਾ ?

ਨੀਟੂ : ਨੀਟੂ ਬਾਜਵਾ।

ਰਾਏ : ਉਹ ਵੈਰੀ ਗੁੱਡ ! ਬਹੁਤ ਅੱਛੇ। ਮੈਂ ਹੁਣ ਤੁਹਾਡੇ ਵਾਸਤੇ ਟਾਫ਼ੀਆਂ ਲਿਆਉਨਾਂ, ਜਾਵਾਂ ?

ਨੀਟੂ : ਮੈਂ ਵੀ ਜਾਵਾਂਗਾ, ਅੰਕਲ!

ਰਾਏ : ਬਹੁਤ ਅੱਛੇ, ਬਹੁਤ ਅੱਛੇ, ਆ ਜਾਓ, ਆ ਜਾਓ (ਸ਼ਰਨਜੀਤ ਨੂੰ) ਜੇ ਤੁਸੀਂ ਮਾਈਂਡ ਨਾ ਕਰੋ ਤਾਂ ਮੈਂ ਲੈ ਜਾਵਾਂ ਨੀਟੂ ਨੂੰ ? ਨਾਲ਼ ਦਾ ਸੈੱਟ ਮੇਰਾ ਏ। ਤੁਹਾਡੇ ਵਾਸਤੇ ਵੀ ਕੁਝ ਖਾਣ-ਪੀਣ ਦਾ ਪ੍ਰਬੰਧ ਕਰਨਾ ਹੋਵੇਗਾ......

ਸ਼ਰਨ : ਅਸੀਂ ਚਾਹ ਹੁਣੇ ਪੀਤੀ ਏ, ਢਿੱਲੋਂ ਵੀਰ ਕੋਲ਼ੋਂ।

ਰਾਏ : ਫਿਰ ਡਿਨਰ ਮੇਰੇ ਵੱਲ ਹੋਵੇਗਾ, ਮੈਂ ਹੁਣੇ ਆਇਆ।

(ਨੀਟੂ ਨੂੰ ਉਂਗਲ਼ ਲਾ ਕੇ ਬਾਹਰ ਵੱਲ ਟੁਰਦਾ ਹੈ।)

ਸੁਖ : ਪਰ, ਭਰਾ ਜੀ ?

ਰਾਏ : ਆ ਜਾਣਗੇ, ਆ ਜਾਣਗੇ। ਘਰੋਂ ਜਾਣ ਲੱਗਿਆਂ ਉਹਨਾਂ ਕਿਹਾ ਸੀ, ਕਿਸੇ ਅਜਨਬੀ ਨੂੰ ਮੇਰਾ ਪਤਾ ਨਾ ਦੱਸਣਾ ਪਰ ਤੁਸੀਂ ਤਾਂ ਉਹਨਾਂ ਦੇ ਆਪਣੇ ਭਰਾ ਹੋਏ। ਤੁਹਾਡਾ ਆਪਣਾ ਘਰ ਏ। ਤੁਸੀਂ ਅਰਾਮ ਨਾਲ਼ ਬੈਠੋ। ਮੈਂ ਹਰਦੇਵ ਨੂੰ ਵੀ ਇਨਤਜ਼ਾਮ ਕਰ ਦੇਨਾਂ।

(ਨੀਟੂ ਨੂੰ ਲੈ ਕੇ ਚਲਾ ਜਾਂਦਾ ਹੈ)

ਸੁਖ : (ਮਰਸੀ ਦੀ ਤਸਵੀਰ ਫੜ ਕੇ) ਤਾਂ ਇਹੀ ਏ, ਉਹ ਡੈਣ, ਜਿਨ੍ਹੇ ਭਰਾ ਦੀ ਮੱਤ ਮਾਰ ਦਿੱਤੀ ਏ !

ਸ਼ਰਨ : (ਤਸਵੀਰ ਵੱਲ ਗਹੁ ਨਾਲ਼ ਵੇਖ ਕੇ) ਇਹ ਤਾਂ ਵਿਚਾਰੀ ਬੜੀ ਮਸੂਮ ਤੇ ਸਾਊ ਜਾਪਦੀ ਏ।

ਸੁਖ : ਔਰਤ ਹਮੇਸ਼ਾਂ ਔਰਤ ਦਾ ਪੱਖ ਕਰੇਗੀ।

ਸ਼ਰਨ : ਏਸ ਵਾਸਤੇ ਕਿ ਮਰਦ ਨੇ ਕਦੇ ਔਰਤ ਨੂੰ ਸਮਝਣਾ ਈ ਨਹੀਂ।

ਸੁਖ : ਔਰਤ ਨੂੰ ਔਰਤ ਨਹੀਂ ਸਮਝ ਸਕਦੀ, ਮਰਦ ਕੀ ਸਮਝੇਗਾ।

ਸ਼ਰਨ : ਔਰਤ ਵਫ਼ਾ ਏ, ਮੁਹੱਬਤ ਏ, ਕੁਰਬਾਨੀ ਏ।

ਸੁਖ : ਪੂਰਬ ਵਿੱਚ ਇੰਞ ਹੋਵੇਗਾ, ਏਥੇ ਨਹੀਂ।

ਸ਼ਰਨ : ਔਰਤ, ਔਰਤ ਏ, ਭਾਵੇਂ ਉਹ ਪੂਰਬ ਵਿੱਚ ਹੋਵੇ, ਭਾਵੇਂ ਪੱਛਮ ਵਿੱਚ।

ਸੁਖ : ਜੇ ਮਰਸੀ ਸੱਚ-ਮੁੱਚ ਮਸੂਮ ਤੇ ਸਾਊ ਨਿਕਲ਼ ਪਵੇ ਤਾਂ ਉਸ ਨੂੰ ਕੋਈ ਸਜ਼ਾ ਨਹੀਂ ਮਿਲਣੀ ਚਾਹੀਦੀ।

ਸ਼ਰਨ : ਨਹੀਂ ਮਿਲਣੀ ਚਾਹੀਦੀ।

ਸੁਖ : ਏਨੀਆਂ ਮੰਜ਼ਲਾਂ ਮਾਰ ਕੇ ਏਸੇ ਵਾਸਤੇ ਤੁਸੀਂ ਇੰਗਲੈਂਡ ਆਏ ਓ ਕਿ ਭਰਾ ਨੂੰ ਮਰਸੀ ਦੀ ਝੋਲੀ ਵਿੱਚ ਰਹਿਣ ਦਿੱਤਾ ਜਾਵੇ ? ਏਨੇ ਜਫ਼ਰ ਜਾਲਣ ਦੀ ਕੀ ਲੋੜ ਸੀ ? ਤੁਸੀਂ ਪੰਜਾਬ ਵਿੱਚ ਈ ਕਿਉਂ ਨਾ ਬੈਠੇ ਰਹੇ ? ਓਥੇ ਤਾਂ ਤੁਹਾਡੇ ਹੰਝੂ ਠੱਲ੍ਹੇ ਨਹੀਂ ਸਨ ਜਾਂਦੇ !

ਸ਼ਰਨ : ਉੱਥੇ ਮੈਨੂੰ ਛੁੱਟੜ ਹੋਣ ਦਾ ਮਿਹਣਾ ਸੀ। ਲੋਕੀਂ ਮੇਰੇ ਵੱਲ ਇਸ ਤਰ੍ਹਾਂ ਉਂਗਲਾਂ ਕਰਦੇ ਸਨ, ਜਿਵੇਂ ਮੈਂ ਕੋਈ ਘੋਰ ਅਪਰਾਧ ਕੀਤੈ। ਮੈਂ ਉਹਨਾਂ ਨੂੰ ਕਿਵੇਂ ਦੱਸਦੀ, ਮੈਂ ਨਿਰਦੋਸ਼ ਆਂ। ਸਮੁੰਦਰੋਂ ਪਾਰ ਆ ਕੇ ਮੈਨੂੰ ਇਹ ਚਿੰਤਾ ਨਹੀਂ ਰਹੀ। ਮੇਰੇ ਬੱਚੇ ਨੂੰ ਬਾਪ ਮਿਲ਼ ਜਾਏ, ਚੰਗੀ ਗੱਲ ਏ। ਪਤੀ ਮਿਲਣ ਦੀ ਪੂਰੀ ਆਸ ਮੈਂ ਹਿਰਦੇ ਵਿੱਚ ਰੱਖੀਓ ਨਹੀਂ।

ਸੁਖ : (ਕੁਝ ਗਰਮੀ ਵਿੱਚ) ਇੰਞ ਨਾ ਆਖੋ, ਭਰਜਾਈ ਜੀ ! ਇਹ ਸੌਦਾ ਮੈਨੂੰ ਮਨਜ਼ੂਰ ਨਹੀਂ ਜੇ। ਤੁਹਾਡੇ ਪੈਰਾਂ ਦੀ ਸਹੁੰ ਖਾ ਕੇ ਆਖਨਾਂ ਜੇ ਭਰਾ ਦੇ ਘਰ ਤੁਹਾਨੂੰ ਆਦਰ ਨਾਲ ਵਸਾਇਆ ਨਾ ਤਾਂ ਮੈਂ ਮਨੁੱਖ ਜਾਤੀ 'ਤੇ ਕਲੰਕ ਹੋਵਾਂਗਾ।

ਸ਼ਰਨ : ਆਦਰ-ਸਤਿਕਾਰ ਖ਼ਰੀਦਿਆ ਨਹੀਂ ਜਾ ਸਕਦਾ, ਵੀਰ ! ਨਾ ਈ ਇਹ ਦਬਕਿਆਂ, ਤਾਕਤਾਂ ਦੇ ਜ਼ੋਰ ਮਿਲ਼ ਸਕਦੈ।

ਸੁਖ : ਨਿਰਾਦਰ ਕਰਨ ਵਾਲ਼ੀ ਅੱਖ ਕੱਢੀ ਜਾ ਸਕਦੀ ਏ, ਹੱਥ ਤੋੜਿਆ ਜਾ ਸਕਦੈ, ਜ਼ਬਾਨ ਕੱਟੀ ਜਾ ਸਕਦੀ ਏ, ਮੇਰੀ ਮਾਂ ਵਰਗੀ ਭਰਜਾਈ ਦਾ ਨਿਰਾਦਰ ਕੋਈ ਕਰ ਕੇ ਤਾਂ ਵੇਖੇ !

ਸ਼ਰਨ : ਮੇਰਾ ਆਦਰ ਕਿਹੜੀ ਗੱਲ ਵਿੱਚ ਏ ਤੇ ਨਿਰਾਦਰ ਕਿਹੜੀ ਵਿੱਚ, ਤੈਨੂੰ ਕੀ ਪਤੈ ?

ਸੁਖ : ਮੈਨੂੰ ਸਭ ਪਤੈ ਪਰ ਤੁਸੀਂ ਆਪਣੀ ਵਕਾਲਤ ਆਪ ਨਾ ਕਰੋ, ਭਰਜਾਈ ਜੀ ! ਭਰਾ ਨਾਲ਼, ਮਰਸੀ ਨਾਲ਼, ਮੈਨੂੰ ਗੱਲ ਕਰਨ ਦਿਓ।

ਸ਼ਰਨ : ਤੂੰ ਕਾਹਲ਼ ਵਿੱਚ ਕੰਮ ਚੌੜ ਕਰ ਬੈਠੇਂਗਾ।

ਸੁਖ : ਉਹਦੀ ਸਜ਼ਾ ਮੈਨੂੰ ਮਿਲ਼ੇ, ਤੁਹਾਨੂੰ ਨਹੀਂ।

ਸ਼ਰਨ : ਤੈਨੂੰ ਸਜ਼ਾ ਕਿਉਂ ਮਿਲ਼ੇ, ਵੀਰ ? ਤੂੰ ਕੀ ਗੁਨਾਹ ਕੀਤੈ ?

ਸੁਖ : ਤੇ ਤੁਸਾਂ ਕੀ ਗੁਨਾਹ ਕੀਤੈ ?

ਸ਼ਰਨ : ਇਹੋ ਪਤਾ ਕਰਨ ਤਾਂ ਸਮੁੰਦਰੋਂ ਪਾਰ ਆਈ ਆਂ।

(ਦੋਵੇਂ ਚੁੱਪ ਕਰ ਜਾਂਦੇ ਹਨ, ਜਿਵੇਂ ਡੂੰਘੀ ਸੋਚ 'ਚ ਡੁੱਬ ਗਏ ਹੋਣ )।

(ਬਲਵੰਤ ਢਿੱਲੋਂ ਕਾਹਲ਼ ਨਾਲ਼ ਅੰਦਰੋਂ ਆਉਂਦਾ ਹੈ )।

ਢਿੱਲੋਂ : ਤੁਸੀਂ ਏਥੇ ਪਹੁੰਚ ਗਏ ? ਮੈਂ ਹਰਦੇਵ ਨੂੰ ਮਿਲ਼ ਕੇ ਗਿਆਂ, ਤੁਹਾਡੇ ਆਉਣ ਬਾਰੇ ਸੁਣ ਕੇ ਉਹਦੇ ਸੱਤੀਂ ਕੱਪੜੀਂ ਅੱਗ ਲੱਗ ਗਈ। ਓਹ ਕਹਿੰਦੈ, ਮੈਂ ਸ਼ਰਨਜੀਤ ਨੂੰ ਏਸ ਕਮਰੇ ਵਿੱਚ ਵੇਖ ਲਿਆ ਤਾਂ ਸ਼ੂਟ ਕਰ ਦਿਆਂਗਾ।

ਸੁਖ : ਆਉਣ ਦੇ ਸੂ, ਦੇਖ ਲੇਂਗੇ ਕਿਤਨੀ ਹਿੰਮਤ ਬਾਜ਼ੂਏ—ਕਾਤਲ ਮੇਂ ਹੈ।

ਸ਼ਰਨ : ਮੈਨੂੰ ਪਹਿਲਾਂ ਈ ਸ਼ੱਕ ਸੀ, ਉਹ ਮੇਰੇ ਨਾਲ਼ ਅੱਖਾਂ ਨਹੀਂ ਮੇਲ਼ ਸਕਣਗੇ। ਉਹਨਾਂ ਦੀ ਸ਼ਰਾਫ਼ਤ ਦਾ ਝੁੰਗਲ਼ਮਾਟਾ ਪਾਟ ਜੁ ਜਾਣਾ ਹੋਇਆ ਤੇ ਫੇਰ ਮੈਂ ਵੀ ਪਾਣੀ ਰਿੜਕ ਕੇ ਕੀ ਲੈਣੈਂ ? ਨੀਟੂ ਬਾਰੇ ਤੁਸੀਂ ਪੁੱਛ ਲੈਣਾ, ਉਹ ਝੋਲ਼ੀ ਪਾਂਦੇ ਨੇ ਜਾਂ ਨਹੀਂ। ਜੀਅ ਤਾਂ ਮੇਰਾ ਨਹੀਂ ਕਰਦਾ, ਇਹਨੂੰ ਇਸ ਤਰ੍ਹਾਂ ਦੇ ਪਿਤਾ ਦਾ ਸਾਇਆ ਮਿਲ਼ੇ, ਪਰ...ਪਰ.....ਪਰ ਮਜਬੂਰੀ ਏ, ਇਹ ਉਹਨਾਂ ਦੀ ਅਮਾਨਤ ਏ, ਅੱਜ ਵੀ ਏ ਤੇ ਕੱਲ੍ਹ ਵੀ।

ਸੁਖ : ਜੇ ਮਾਂ ਗੁਆ ਕੇ ਬਾਪ ਮਿਲ਼ਿਆ ਤਾਂ ਕੀ ਮਿਲ਼ਿਆ ?

ਸ਼ਰਨ : ਜਿਸ ਦੀ ਤਕਦੀਰ ਹੀ ਮਾੜੀ ਹੋਵੇ, ਕੋਈ ਕੀ ਕਰੇਗਾ ?

ਸੁਖ : ਤੁਸੀਂ ਦਿਲ ਤਗੜਾ ਰੱਖੋ, ਤਕਦੀਰ ਦੀ ਸੰਘੀ ਮਰੋੜ ਕੇ ਮੈਂ ਤਗੜੀ ਕਰ ਲਵਾਂਗਾ ।

ਢਿੱਲੋਂ : ਦੋ-ਚਾਰ ਦਿਨ ਸੋਚ-ਵਿਚਾਰ ਲੈਣਾ ਠੀਕ ਰਹੇਗਾ।

ਸੁਖ : ਗ਼ਲਤ ਰਹੇਗਾ। ਤੱਤੇ ਤਾਅ ਜੋ ਕੰਮ ਹੋ ਜਾਏ, ਸੋ ਠੀਕ ਹੁੰਦਾ ਏ। ਠੰਢੇ ਦੁੱਧ ਫੂਕਾਂ ਮਾਰ ਕੇ ਕੱਖ ਨਹੀਂ ਪੱਲੇ ਪੈਣਾ।

ਢਿੱਲੋਂ : ਜੇ ਗ਼ੁੱਸੇ 'ਚ ਅੰਨ੍ਹੇ-ਬੋਲ਼ੇ ਨੇ ਆਉਂਦਿਆਂਸਾਰ ਸ਼ਰਨਜੀਤ ਭੈਣ ਜੀ ਨੂੰ ਸੱਚ-ਮੁੱਚ ਸ਼ੂਟ ਕਰ ਦਿੱਤਾ ?

ਸੁਖ : ਇਹਦਾ ਇਲਾਜ ਬੜਾ ਸੌਖਾ ਏ। ਭਰਜਾਈ ਅੰਦਰੋਂ ਮਰਸੀ ਵਾਲ਼ੇ ਕੱਪੜੇ ਪਾ ਲਵੇ ਤੇ ਇਹ ਤਸਵੀਰ ਸਾਮ੍ਹਣੇ ਰੱਖ ਕੇ ਵਾਲ਼ ਵੀ ਇੰਞ ਈ ਬਣਾ ਲਵੇ। ਪਿੱਠ ਕਰਕੇ ਬੈਠੀ ਰਹੇ।

ਢਿੱਲੋਂ : (ਖ਼ੁਸ਼ ਹੋ ਕੇ) ਗੱਲ ਤਾਂ ਵਜ਼ਨਦਾਰ ਏ। ਇੰਞ ਕਰ ਸਕੋਗੇ, ਭੈਣ ਜੀ ?

ਸੁਖ : ਪੜ੍ਹਦੇ ਸਮੇਂ ਬੜੇ ਡਰਾਮੇ-ਡਰੂਮੇ ਖੇਡਦੀ ਰਹੀ ਏ। ਇਹਨੇ ਝੈਂਟ ਨਹੀਂ ਲਾਉਣਾ।

ਢਿੱਲੋਂ : ਫੇਰ ਵੇਲ਼ਾ ਕਿਹੜਾ ਵੇਖਦੇ ਓ, ਭੈਣ ਜੀ ! ਫੜੋ ਤਸਵੀਰ ਤੇ ਚੱਲੋ ਨਾਲ਼ ਦੇ ਕਮਰੇ ਵਿੱਚ।

ਸ਼ਰਨ : ਇਸ ਦਾ ਕੀ ਫ਼ਾਇਦਾ ?

(ਕੁਝ ਸੋਚਦੀ ਹੈ)।

ਸੁਖ : ਸੋਚਣ-ਸਾਚਣ ਦਾ ਵੇਲ਼ਾ ਨਹੀਂ, ਭਰਜਾਈ ਜੀ ! ਤੁਸੀਂ ਡਰਾਮਾ ਈ ਸਮਝ ਲਵੋ। ਮੇਰੇ ਆਖੇ ਲੱਗ ਜਾਓ, ਤੁਹਾਨੂੰ ਮੇਰੀ ਸਹੁੰ।

ਸ਼ਰਨ : ਚੰਗਾ, ਤੇਰੀ ਮਰਜ਼ੀ ਏ.......

(ਸ਼ਰਨਜੀਤ ਤਸਵੀਰ ਚੁੱਕ ਕੇ ਅੰਦਰ ਚਲੀ ਜਾਂਦੀ ਹੈ।)

ਢਿੱਲੋਂ : ਆਹ ਤਾਂ ਕਮਾਲ ਕਰ ਦਿੱਤੀ ਆ, ਸੁਖ ! ਸੱਚ, ਨੀਟੂ ਕਿੱਥੇ ਵੇ ?

ਸੁਖ : ਹਕੂਮਤ ਰਾਏ ਹੁਰੀਂ ਨਾਲ਼ ਲੈ ਗਏ ਨੇ।

ਢਿੱਲੋਂ : ਬੜਾ ਨੇਕ ਆਦਮੀ ਏ ਰਾਏ। ਉਹ ਵੀ ਸਾਡਾ ਸਾਥ ਦੇਵੇਗਾ।

ਸੁਖ : ਸਾਥ ਤਾਂ ਦੇ ਰਿਹੈ, ਭਲਾ ਲੋਕ।

ਢਿੱਲੋਂ : ਹੁਣ ਸੋਚੋ ਕਰਨਾ ਕੀ ਹੈ ?

ਸੁਖ : ਸੋਚਣ ਵਾਲ਼ੀ ਕਿਹੜੀ ਗੱਲ ਏ ? ਅਸਲੀ ਘਰ ਵਾਲ਼ੀ ਸਾਂਭ ਲਵੇ ਤੇ ਨਕਲੀ ਤਿੱਤਰ ਹੋ ਜਾਏ। ਭਰਾ ਮੰਨ ਜਾਏ ਤਾਂ ਵਾਹ ਭਲਾ, ਨਹੀਂ ਤੇ ਫੇਰ ਪੇਂਡੂਆਂ ਵਾਲ਼ੇ ਦੋ ਹੱਥ ਕਰ ਲਵਾਂਗੇ।

ਢਿੱਲੋਂ : ਮਾਮਲਾ ਏਨਾ ਸਿੱਧਾ ਨਹੀਂ, ਠਰ੍ਹੰਮੇ ਤੋਂ ਕੰਮ ਲੈਣਾ ਚਾਹੀਦੈ।

ਸੁਖ : ਮੈਂ ਤੇ ਸਿੱਧੀ ਗੱਲ ਜਾਣਨਾਂ ਪਈ ਤੁਸੀਂ ਜ਼ੁੰਮੇਵਾਰੀ ਲੈ ਲਵੋ, ਭਰਜਾਈ ਨੂੰ ਉਹਦੇ ਘਰ ਵਸਾਉਣ ਦੀ। ਫੇਰ ਮੈਂ ਨਹੀਂ ਉਚਰਦਾ। ਜੇ ਤੁਹਾਥੋਂ ਇਹ ਪੁੱਗਦਾ ਨਹੀਂ ਤਾਂ ਮੈਨੂੰ ਮੱਤਾਂ ਨਾ ਦਿਓ।

ਢਿੱਲੋਂ : ਪਰ ਗੱਲ ਕਿਵੇਂ ਕਰੇਂਗਾ, ਚੰਨ ?

ਸੁਖ : ਮੈਂ ਪਾਧਾ ਪੁੱਛਣ ਨਹੀਂ ਚੱਲਿਆ, ਨਾ ਮੈਨੂੰ ਕੋਈ ਵਲ-ਛਲ ਆਉਂਦੈ। ਜਿਹੜੀਆਂ ਢਾਈ ਜਮਾਤਾਂ ਪੜ੍ਹੀਆਂ ਹੋਈਆਂ, ਉਹਨਾਂ ਵਾਲ਼ੀ ਅਕਲ ਵਰਤ ਲਵਾਂਗਾ।

ਢਿੱਲੋਂ : ਇੱਥੇ ਜੋਤਰੇ-ਗੋਡੀ ਦਾ ਕੰਮ ਤਾਂ ਹੈ ਨਹੀਂ, ਵੀਰਾ ! ਨੀਤੀ ਵਰਤਣੀ ਪਵੇਗੀ।

ਸੁਖ : ਉਹ ਕੀ ਹੁੰਦੀ ਏ।

ਢਿੱਲੋਂ : ਜਿਵੇਂ ਭਰਜਾਈ ਦਾ ਭੇਸ ਬਦਲਵਾਇਆ ਈ, ਇਹ ਨੀਤੀ ਏ। ਇਸੇ ਤਰ੍ਹਾਂ ਦੀ ਹੋਰ ਕੋਈ ਜੁਗਤ ਸੋਚੀ ਜਾਏ ਤਾਂ ਠੀਕ ਏ ?

ਸੁਖ : ਮਰਸੀ ਨੂੰ ਕਿਉਂ ਨਾ ਦਾਬਾ-ਦੂਬਾ ਮਾਰ ਕੇ ਯਰਕਾ ਲਿਆ ਜਾਵੇ ?

ਢਿੱਲੋਂ : ਹੈ ਤਾਂ ਠੀਕ ਪਰ ਸਾਨੂੰ ਉਹਦੇ ਨਾਲ਼ ਹਮਦਰਦੀ ਹੋਣੀ ਚਾਹੀਦੀ ਏ, ਦੁਸ਼ਮਣੀ ਨਹੀਂ। ਉਸ ਵਿਚਾਰੀ ਦਾ ਕੀ ਕਸੂਰ ਏ ?.....

(ਬਾਹਰ ਵੱਲ ਹੈਰਾਨੀ ਨਾਲ਼ ਵੇਖਦਾ ਹੈ।)

ਮਰਸੀ ਆ ਗਈ ਏ। ਅਜਿਹੀ ਗੱਲ ਨਾ ਕਰਨੀ ਜੋ ਉਹਦਾ ਦਿਲ ਦੁਖਾਵੇ। (ਮਰਸੀ ਅੰਦਰ ਆਉਂਦੀ ਹੈ, ਹੈਲੋ-ਹੈਲੋ ਕਰਦਿਆਂ ਦੋਹਾਂ ਨੂੰ ਵਿਸ਼ ਕਰਦੀ ਹੈ)।

ਢਿੱਲੋਂ : (ਜਾਣ-ਪਛਾਣ ਕਰਾਉਂਦਿਆਂ) ਮਿਸਟਰ ਸੁਖਦੇਵ ਬਾਜਵਾ, ਹਰਦੇਵ ਦਾ ਬਰਦਰ।

ਮਰਸੀ : ਓਹ ! ਰੀਅਲੀ ? (ਹੱਥ ਮਿਲ਼ਾ ਕੇ) ਮਿਲ਼ ਕਰ ਬਹੁਤ ਖ਼ੁਸ਼ੀ ਹੋਆ, ਮਿਸਟਰ ਸੁਖਦੇਵ ਬਾਜਵਾ।

ਸੁਖ : ਥੈਂਕ ਯੂ, ਪਰ ਤੁਹਾਨੂੰ ਪੰਜਾਬੀ ਵੀ ਆਉਂਦੀ ਏ ?

ਮਰਸੀ : ਥੋੜਾ-ਥੋੜਾ। ਆਪ ਕਾ ਬਰਦਰ ਇਧਰ ਹੈ ?

ਢਿੱਲੋਂ : ਨਹੀਂ।

ਮਰਸੀ : ਕਿੱਧਰ ਗਿਆ ?

ਢਿੱਲੋਂ : ਸ਼ਾਇਦ ਮਿਸਟਰ ਰਾਏ ਨੂੰ ਪਤਾ ਹੋਵੇ। ਮੈਂ ਹੁਣੇ ਪੁੱਛ ਕੇ ਦੱਸਨਾਂ।

ਮਰਸੀ : ਪਲੀਜ਼ !

ਢਿੱਲੋਂ : ਮੈਂ ਹੁਣੇ ਆਇਆ।

(ਜਾਂਦਾ ਹੈ।)

ਮਰਸੀ : ਆਪ ਲੋਗ ਇੰਗਲੈਂਡ ਕਬ ਆਇਆ ?

ਸੁਖ : ਅਜੇ ਪਹੁੰਚੇ ਈ ਆਂ। ਭਰਾ ਨਾਲ਼ ਮੇਲ਼ ਨਹੀਂ ਹੋਇਆ।

ਮਰਸੀ : ਆਪ ਲੋਗ ਕਿਆ ਖਾਏਗਾ ?

ਸੁਖ : ਖਾ-ਪੀ ਕੇ ਨਿਸ਼ਾ ਹੋ ਗਈ ਏ, ਮੇਮ ਸਾਹਬ। ਤੁਸੀਂ ਇਹ ਦੱਸੋ ਭਲਾ, ਮੇਰੇ ਬਰਦਰ ਨਾਲ਼ ਤੁਸਾਂ ਮੈਰਿਜ ਕੀਤੀ ਏ ?

ਮਰਸੀ : ਟੁਮਾਰਾ ਆਈਡੀਆ ਠੀਕ। ਹਮ ਉਸ ਕਾ ਬੀਵੀ।

ਸੁਖ : ਪਰ ਉਹਦੀ ਤਾਂ ਪਹਿਲੀ ਪੰਜਾਬਣ ਬੀਵੀ ਵੀ ਹੈ, ਤੁਹਾਨੂੰ ਪਤੈ ?

ਮਰਸੀ : ਵੋਹ ਬੋਲਟਾ, ਟਲਾਕ ਹੋ ਗਿਆ।

ਸੁਖ : ਉਹ ਝੂਠ ਮਾਰਦੈ। ਤਲਾਕ ਕੋਈ ਨਹੀਂ ਹੋਇਆ।

ਮਰਸੀ : (ਚਿੰਤਾ ਵਿੱਚ) ਟੋ ਉਸ ਬੀਵੀ ਕਾ ਕਿਆ ਹੁਆ ?

ਸੁਖ : ਏਧਰ ਆਇਆ ਏ।

ਮਰਸੀ : ਕਿਧਰ ?

ਸੁਖ : ਦੂਸਰੇ ਕਮਰੇ ਵਿੱਚ।

ਮਰਸੀ : ਉਧਰ ਕਿਆ ਕਰਟਾ ?

ਸੁਖ : ਮੇਕ-ਅੱਪ, ਮਰਸੀ ਬਣਨ ਦਾ, ਆਪਣੇ ਹਸਬੈਂਡ ਨੂੰ ਮਿਲਣ ਦੀ ਤਿਆਰੀ।
(ਮਰਸੀ ਡੂੰਘੀ ਸੋਚ ਵਿੱਚ ਡੁੱਬ ਜਾਂਦੀ ਹੈ। ਅੰਦਰਵਾਰ ਝਾਤੀ ਮਾਰਦੀ ਹੈ)।

ਮਰਸੀ : (ਦੁਖੀ ਹੋ ਕੇ) ਆਈ ਸੀ.....!
(ਬਲਵੰਤ ਢਿੱਲੋਂ ਆਉਂਦਾ ਹੈ।)

ਢਿੱਲੋਂ : ਹਰਦੇਵ ਮੈਟਰੋ ਵਿੱਚ ਆਪ ਕਾ ਵੇਟ ਕਰਤਾ।

ਮਰਸੀ : ਯਿਹ ਬੋਲਟਾ, ਬਰਦਰ (ਹਰਦੇਵ) ਪਹਿਲੇ ਮੈਰਿਡ ਹੈ।

ਢਿੱਲੋਂ : ਠੀਕ ਏ ਤੇ ਉਸ ਦਾ ਇੱਕ ਲੜਕਾ ਵੀ ਹੈ।

ਮਰਸੀ : ਕਿਆ ਬੋਲਾ ? ਲੜਕਾ ?

ਢਿੱਲੋਂ : ਯੱਸ, ਮੈਡਮ, ਤਿੰਨ ਸਾਲ ਦਾ ਲੜਕਾ।

ਮਰਸੀ : (ਪੀੜਿਤ ਹੋ ਕੇ) ਓ ਗੌਡ ! ਹਮਾਰਾ ਸਾਥ ਕੈਸਾ ਸ਼ੇਮਫੁਲ ਢੋਕਾ ਹੁਆ। ਆਪ ਪੰਜਾਬੀ ਲੋਕ ਕਾ ਬਰਾਡਰੀ, ਯਿਹ ਹੋਟਾ! ਆਪ ਔਰਟ ਕੋ ਘਰ ਮੇਂ ਭੀ ਐਸਾ ਡੀਸੀਵ ਕਰਟਾ ਔਰ ਦੂਸਰਾ ਮੁਲਕ ਮੇਂ ਜਾ ਕਰ ਭੀ ਡੀਸੀਵ ਕਰਟਾ ? ਸ਼ਰਮ ਕਾ ਬਾਟ, ਸ਼ੇਮ ! ਸ਼ੇਮ !

ਢਿੱਲੋਂ : ਹਰਦੇਵ ਨੇ ਸੱਚ-ਮੁੱਚ ਬੜੀ ਕੋਝੀ ਤੇ ਸ਼ਰਮਨਾਕ ਕਰਤੂਤ ਕੀਤੀ ਏ। ਜੇ ਸਾਨੂੰ ਪਹਿਲਾਂ ਪਤਾ ਹੁੰਦਾ ਤਾਂ ਅਸੀਂ......

ਮਰਸੀ : ਆਪ ਲੋਗ ਸਭ ਜਾਣਟਾ, ਸਭ ਡੋਕੇਬਾਜ਼ ਹੈਂ। ਤੁਮ ਲੋਗੋਂ ਕਾ ਟ੍ਰਸਟ ਕਰਨੇ ਵਾਲ਼ਾ ਈਡੀਅਟ ਹੈ। ਟੁਮ ਲੋਗ ਖੇਲ-ਟਮਾਸ਼ਾ ਸਮਝਦਾ। ਵੈਲਯੂਜ਼ ਸੇ ਖੇਲਟਾ, ਸੈਂਟੀਮੈਂਟਸ ਸੇ ਖੇਲਟਾ, ਲਾਈਫ਼ ਸੇ ਖੇਲਟਾ। ਟੁਮ ਲੋਗ ਆਗ ਸੇ ਖੇਲਟਾ। ਜਿਧਰ ਜਾਟਾ, ਆਗ ਲਗਾਟਾ। ਹਮਾਰਾ ਲਾਈਫ਼ ਕੋ ਆਗ ਲਗਾ ਡੀਆ। ਹਮ ਜਲ ਕਰ ਮਰ ਜਾਏਗਾ, ਲੇਕਿਨ ਅਪਨਾ ਸਭ ਲੋਗ ਕੋ ਬਟਾਏਗਾ, ਕੋਈ ਕਿਸੀ ਪੰਜਾਬੀ ਕਾ, ਇੰਡੀਅਨ ਕਾ, ਟ੍ਰਸਟ ਨਹੀਂ ਕਰੇਗਾ, ਕਭੀ ਨਹੀਂ ਕਰੇਗਾ.....(ਚਲੀ ਜਾਂਦੀ ਹੈ।)

ਸੁਖ : ਤਿੱਤਰ ਹੋ ਗਈ ? ਮਾਰ ਲਿਆ ਮੋਰਚਾ।

ਢਿੱਲੋਂ : ਮੇਰੀ ਤਾਂ ਸ਼ਰਮ ਨਾਲ਼ ਗਰਦਨ ਝੁਕ ਗਈ ਏ।

ਸੁਖ : ਸ਼ਰਮ ? ਸ਼ਰਮ—ਹਯਾ ਤਾਂ ਔਰਤ ਦਾ ਗਹਿਣਾ ਹੁੰਦੈ, ਮਰਦ ਕੋਲ਼ ਇਹਦਾ ਕੀ ਕੰਮ ? ਪਰ ਅਸ਼ਕੇ ਮਰਸੀ ਦੇ ! ਬੜਾ ਜਿਗਰ ਵਿਖਾਇਆ ਸੂ। ਗੱਲ ਭੁੰਜੇ ਨਹੀਂ ਸੂ ਪੈਣ ਦਿੱਤੀ ਤੇ ਰਸਤਾ ਸਾਫ਼ ਕਰ ਗਈ ਏ। ਭਰਜਾਈ, ਛੇਤੀ ਆ ਕੇ ਮੂੰਹ ਮਿੱਠਾ ਕਰਵਾ। ਹੁਣ ਸ਼ਰਨਜੀਤ ਵੀ ਤੂੰ ਤੇ ਮਰਸੀ ਵੀ ਤੂੰ।

ਢਿੱਲੋਂ : ਪਹਿਲਾਂ ਆਪਣੇ ਭਰਾ ਤੋਂ ਵੀ ਪੁੱਛ ਲੈ।

ਸੁਖ : ਹੁਣ ਭਰਾ ਤੋਂ ਪੁੱਛਣ ਵਾਸਤੇ ਬਾਕੀ ਕੀ ਰਹਿ ਗਿਐ ?

ਢਿੱਲੋਂ : ਜੇ ਉਹ ਮਰਸੀ ਦੇ ਇਸ ਤਰ੍ਹਾਂ ਜਾਣ ਤੋਂ ਹੋਰ ਵੀ ਚਿੜ੍ਹ ਗਿਆ ?

ਸੁਖ : ਲਾਂਗੇ ਵਾਲ਼ੀ ਧੋਤੀ ਵਾਂਗ ਆਪੇ ਸਹਿ ਲਵੇਗਾ।

ਢਿੱਲੋਂ : ਤਾਂ ਤੂੰ ਆਪਣੇ ਭਰਾ ਨੂੰ ਜਾਣਦਾ ਨਹੀਂ।

ਸੁਖ : ਤੁਸੀਂ ਫਿਰ ਮੇਰੇ ਭਰਾ ਦੇ ਭਰਾ ਨੂੰ ਨਹੀਂ ਜਾਣਦੇ, ਭਰਾ ਜੀ !

ਢਿੱਲੋਂ : ਇਹ ਤਾਂ ਦੱਸ, ਤੇਰਾ ਭਰਾ ਸ਼ਰਨਜੀਤ ਨੂੰ ਨਫ਼ਰਤ ਕਿਉਂ ਕਰਦੈ ?

ਸੁਖ : ਏਸ ਵਾਸਤੇ ਕਿ ਉਹ ਸੱਚ ਬੋਲਦੀ ਏ।

ਢਿੱਲੋਂ : ਸੱਚ ਤਾਂ ਮਾੜਾ ਨਹੀਂ ਹੁੰਦਾ।

ਸੁਖ : ਵੇਖਿਆ ਜੇ, ਸੱਚ ਦਾ ਕਾਰਾ ? ਮਰਸੀ ਨੂੰ ਸੱਚ ਜਾਣ ਕੇ ਕਿੰਨੀ ਤਕਲੀਫ਼ ਹੋਈ ਏ ? ਏਸੇ ਤਰ੍ਹਾਂ ਭਰਜਾਈ ਦਾ ਸੱਚ ਬੋਲਿਆ ਭਰਾ ਨੂੰ ਹਜ਼ਮ ਨਾ ਹੋ ਸਕਿਆ। ਉਸ ਨੇ ਨੌਕਰੀ ਛੱਡੀ, ਜਾਇਦਾਦ ਵੇਚੀ ਤੇ ਸਮੁੰਦਰੋਂ ਪਾਰ ਆ ਗਿਆ, ਸੱਚੋਂ ਡਰਦਾ ਮਾਰਾ ਪਰ ਸੱਚ ਨੇ ਉਹਦਾ ਪਿੱਛਾ ਨਹੀਂ ਛੱਡਿਆ।

ਢਿੱਲੋਂ : ਫੇਰ ਵੀ, ਗੱਲ ਕੀ ਹੋਈ ਸੀ ?

ਸੁਖ : ਭਰਾ ਦੀ ਚਾਲ ਕੁਝ ਸਾਊਆਂ ਵਾਲ਼ੀ ਨਾ ਵੇਖ ਕੇ ਭਰਜਾਈ ਨੇ ਉਸ ਨੂੰ ਸਮਝਾਉਣਾ ਚਾਹਿਆ। ਭਰਾ ਉਲਟਾ ਭਰਜਾਈ ਨੂੰ ਭੰਡਣ ਲੱਗ ਪਿਆ। ਅਖੇ, ਵਿਆਹ ਤੋਂ ਪਹਿਲਾਂ ਇਹਦੇ ਨਾਲ਼ ਕੋਈ ਹਾਦਸਾ ਹੋਇਐ ਪਰ ਮੇਰੇ ਮੰਨਣ ਵਿੱਚ ਨਹੀਂ ਆਉਂਦਾ। ਭਰਜਾਈ 'ਤੇ ਸ਼ੱਕ ਕਰਨਾ ਇੰਵ ਲੱਗਦੈ, ਜਿਵੇਂ ਮੈਂ ਆਪਣੀ ਮਾਂ ਦਾ ਪੁੱਤਰ ਹੋਣ 'ਤੇ ਸ਼ੱਕ ਕਰਾਂ।

ਢਿੱਲੋਂ : ਕੀ ਪਤਾ, ਮਰਸੀ ਨਾਲ਼ ਵੀ ਵਿਆਹ ਤੋਂ ਪਹਿਲਾਂ ਕਿੰਨੇ ਹਾਦਸੇ ਹੋਏ ਹੋਣ !

ਸੁਖ : ਪਰ ਮਰਸੀ ਸਮੁੰਦਰੋਂ ਪਾਰ ਜੰਮੀ-ਪਲ਼ੀ ਸੀ। ਉਹਦੇ ਵਾਸਤੇ ਹਾਦਸੇ ਦੀ ਕੋਈ ਵੁਕਅਤ ਨਹੀਂ ਰਹਿ ਜਾਂਦੀ।

ਢਿੱਲੋਂ : ਸਮੁੰਦਰ ਤੋਂ ਪਾਰ ਵੀ ਉਹੀ ਮਨੁੱਖ ਨੇ, ਉਹੀ ਦਿਲ ਤੇ ਉਹੀ ਦਰਦ। ਮਨੁੱਖੀ ਰਿਸ਼ਤੇ ਤੇ ਕਦਰਾਂ—ਕੀਮਤਾਂ ਸਾਰੇ ਸੰਸਾਰ ਵਿੱਚ ਇਕਸਾਰ ਹੋਣ ਤਾਂ ਕਿੰਨਾ ਚੰਗਾ ਹੋਵੇ, ਕੋਈ ਪੰਜਾਬੀ ਨਾ ਹੋਵੇ, ਅਫ਼ਰੀਕੀ ਨਾ ਹੋਵੇ। ਸਾਰੇ ਕੇਵਲ ਮਨੁੱਖ ਹੋਣ। ਮਰਸੀ ਦਾ ਦੁੱਖ ਸ਼ਰਨਜੀਤ ਦਾ ਦੁੱਖ ਹੋਵੇ ਤੇ ਸ਼ਰਨਜੀਤ ਦੀ ਖ਼ੁਸ਼ੀ ਮਰਸੀ ਦੀ।

(ਹਰਦੇਵ ਬਾਜਵਾ ਕਾਫ਼ੀ ਪਰੇਸ਼ਾਨੀ ਵਿੱਚ ਆਉਂਦਾ ਹੈ। ਸੁਖ ਨੂੰ ਵੇਖ ਕੇ ਧਿਆਨ ਵਲ਼ਾ ਲੈਂਦਾ ਹੈ ਤੇ ਢਿੱਲੋਂ ਕੋਲ਼ ਜਾ ਖਲੋਂਦਾ ਹੈ।)

ਬਾਜਵਾ : ਏਥੇ ਮਰਸੀ ਤਾਂ ਨਹੀਂ ਆਈ ?

ਸੁਖ : ਅੰਦਰ ਈ ਏ (ਹਰਦੇਵ ਉਸ ਵੱਲ ਵੇਖਦਾ ਹੈ) ਸਤਿ ਸ੍ਰੀ ਅਕਾਲ !

ਬਾਜਵਾ : (ਢਿੱਲੋਂ ਨੂੰ) ਇਹੀ ਸੀ ਤੇਰੀ ਦੋਸਤੀ ? ਮੇਰੀ ਨਿੱਕੀ ਜਿਹੀ ਗੱਲ ਵੀ ਤੂੰ ਰੱਖੀ ਨਾ ?

ਢਿੱਲੋਂ : ਮੇਰੇ ਘਰ ਪਹੁੰਚਣ ਤੋਂ ਪਹਿਲਾਂ ਈ ਸੁਖ ਤੇ ਸ਼ਰਨਜੀਤ ਏਥੇ ਆ ਗਏ।

ਬਾਜਵਾ : ਮੈਂ ਸਫ਼ਾਈ ਨਹੀਂ ਮੰਗ ਰਿਹਾ। ਤੂੰ ਮੇਰੀ ਮਦਦ ਨਹੀਂ ਕੀਤੀ, ਮੇਰੇ ਲਈ ਇਹੋ ਕਾਫ਼ੀ ਏ। ਤੇਰਾ ਸ਼ੁਕਰੀਆ।

ਢਿੱਲੋਂ : ਏਸ ਵੇਲ਼ੇ ਦੋਂਹਾਂ ਭਰਾਵਾਂ ਵਿੱਚ ਮੈਂ ਨਹੀਂ ਆਉਂਦਾ। ਫੇਰ ਗੱਲ ਕਰਾਂਗਾ।

(ਢਿੱਲੋਂ ਜਾਂਦਾ ਹੈ)।

ਸੁਖ : ਸਤਿ ਸ੍ਰੀ ਅਕਾਲ ! ਭਰਾ ਜੀ.....ਸੱਤ ਸਮੁੰਦਰ ਪਾਰ ਕਰਕੇ ਤੁਹਾਨੂੰ ਮਿਲਣ ਵਾਸਤੇ ਆਇਆਂ। ਤੁਹਾਡਾ ਨਹੀਂ ਜੀਅ ਓਦਰਿਆ, ਸਾਡੇ ਬਗ਼ੈਰ ? ਮੇਰੇ ਤਾਂ ਡੌਲ਼ੇ ਕੰਬ ਰਹੇ ਹਨ, ਹਿਰਦਾ ਫੜਕ ਰਿਹੈ, ਪੈਰਾਂ 'ਤੇ ਖਲੋਤਾ ਨਹੀਂ ਜਾ ਰਿਹਾ ਤੇ ਤੁਹਾਨੂੰ ਕੁਝ ਨਹੀਂ ਹੋਇਆ ? ਇੱਕ ਵਾਰੀ ਗਲ਼ੇ ਨਹੀਂ ਮਿਲੋਂਗੇ ? ਇੱਕੋ ਵਾਰ !

ਬਾਜਵਾ : (ਉਹਦੇ ਨਾਲ ਅੱਖਾਂ ਮੇਲ਼ਿਆਂ ਬਗ਼ੈਰ) ਸ਼ਰਨਜੀਤ ਕਿੱਥੇ ਵੇ ?

ਸੁਖ : ਤੁਸੀਂ ਉਹਨੂੰ ਪੂਰੇ ਆਦਰ ਨਾਲ ਉਹਦਾ ਹੱਕ ਦੇਣ ਲਈ ਤਿਆਰ ਓ ?

ਬਾਜਵਾ : ਮੈਂ ਉਹਦੀ ਸ਼ਕਲ ਨਹੀਂ ਵੇਖਣੀ। ਜੇ ਉਹ ਕਿਤੇ ਮੇਰੇ ਸਾਮ੍ਹਣੇ ਆ ਗਈ, ਤਾਂ ਅਨਰਥ ਹੋ ਜਾਏਗਾ।

ਸੁਖ : ਉਸ ਨੇ ਅਜਿਹਾ ਗੁਨਾਹ ਤਾਂ ਕੋਈ ਨਹੀਂ ਸੀ ਕੀਤਾ ਜਿਸ ਦੀ ਸਜ਼ਾ ਭਾਰਤ ਵਿੱਚ ਵੀ ਦਿੱਤੀ ਪਰ ਹੁਣ ਸਮੁੰਦਰੋਂ ਪਾਰ ਆ ਕੇ ਵੀ। ਤੁਹਾਨੂੰ ਚਾਹੀਦੈ, ਬੀਤੀ 'ਤੇ ਮਿੱਟੀ ਪਾਓ।

ਬਾਜਵਾ : ਸਮੁੰਦਰੋਂ ਪਾਰ ਆ ਕੇ ਦਿਲ ਦਾ ਪੱਥਰ ਤੇ ਨਹੀਂ ਬਣ ਜਾਂਦਾ।

ਸੁਖ : ਜੇ ਤੁਹਾਡਾ ਦਿਲ, ਦਿਲ ਹੁੰਦਾ ਤਾਂ ਮਾਂ-ਜਾਏ ਵੀਰ ਵਾਸਤੇ ਪੰਘਰਦਾ ਨਾ ? ਆਪਣੀਆਂ ਆਂਦਰਾਂ ਲਈ ਧੂਹ ਨਾ ਪੈਂਦ , ਇਹਦੇ ਵਿੱਚ ? ਆਪਣੇ ਬੱਚੇ ਤੇ ਪਤਨੀ ਦੀ ਖ਼ਬਰ ਸੁਣ ਕੇ ਬੇਕਾਬੂ ਨਾ ਹੋ ਜਾਂਦਾ, ਇਹ ?

ਬਾਜਵਾ : ਸਮੁੰਦਰੋਂ ਪਾਰ ਆ ਕੇ ਮੈਂ ਕਿੰਨਾ ਰੋਇਆਂ, ਕਿਸੇ ਨੂੰ ਕੀ ਪਤੈ ? ਸੱਤਾਂ ਸਮੁੰਦਰਾਂ ਜਿੰਨਾਂ ਪਾਣੀ ਮੇਰੀਆਂ ਅੱਖਾਂ ਵਿੱਚੋਂ ਚੋਇਐ। ਦੇਵਤਾ ਹੋਣ ਦਾ ਦਾਅਵਾ ਨਹੀਂ ਕਰਦਾ ਪਰ ਮੈਂ ਆਪਣੇ ਸਾਰੇ ਗੁਨਾਹ ਸ਼ਰਨਜੀਤ ਦੀ ਝੋਲ਼ੀ ਵਿੱਚ ਰੱਖ ਕੇ ਉਸ ਤੋਂ ਮਾਫ਼ੀ ਮੰਗ ਲਈ ਸੀ ਤੇ ਸ਼ਰਨਜੀਤ ਨੇ ਮੇਰੀ ਕਸਮ ਖਾ ਕੇ ਆਖ ਦਿੱਤਾ ਸੀ, ਉਹ ਬੇਦਾਗ਼ ਏ, ਪਵਿੱਤਰ ਏ....

ਸੁਖ : ਭਰਜਾਈ ਝੂਠੀ ਕਸਮ ਨਹੀਂ ਖਾ ਸਕਦੀ।

ਬਾਜਵਾ : ਪਰ ਜਦੋਂ ਮੈਨੂੰ ਪਤਾ ਲੱਗਾ, ਉਸ ਨੇ ਮੇਰੇ ਅੱਗੇ ਝੂਠ ਮਾਰਿਐ, ਮੇਰਾ ਕਾਲ਼ਜਾ ਪਾਟ ਗਿਆ। ਮੇਰੇ ਲਈ ਜਿਊਂਣਾ ਮੁਸ਼ਕਲ ਹੋ ਗਿਆ। ਮੈਂ ਇਸ ਵਿਸ਼ਵਾਸਘਾਤ ਤੋਂ ਤ੍ਰਹਿ ਕੇ ਸਮੁੰਦਰੋਂ ਪਾਰ ਦੌੜ ਆਇਆ।

ਸੁਖ : ਕੋਰਾ ਝੂਠ।

ਬਾਜਵਾ : ਏਥੇ ਆ ਕੇ ਵੀ ਸ਼ਾਇਦ ਜ਼ਿੰਦਾ ਨਾ ਰਹਿੰਦਾ। ਜੇ ਮਰਸੀ ਨਾ ਮਿਲ਼ਦੀ। ਮਰਸੀ ਨੇ ਮੈਨੂੰ ਜ਼ਿੰਦਗੀ ਦਿੱਤੀ ਏ। ਨੇਕੀ, ਵਫ਼ਾ ਵਿੱਚ ਮੇਰਾ ਵਿਸ਼ਵਾਸ ਬਹਾਲ ਕੀਤੈ। ਮੈਂ ਆਪਣੀ ਜਾਨ ਦੇ ਸਕਨਾਂ, ਮਰਸੀ ਨਾਲ਼ ਬੇਵਫ਼ਾਈ ਨਹੀਂ ਕਰ ਸਕਦਾ, ਨਹੀਂ ਕਰ ਸਕਦਾ।

ਸੁਖ : ਮੈਂ ਵੀ ਪੰਜਾਬ ਤੋਂ ਚੱਲਣ ਲੱਗਿਆਂ ਕਸਮ ਖਾਧੀ ਸੀ, ਆਪਣੀ ਭਰਜਾਈ ਦਾ ਸੁਹਾਗ ਉਹਨੂੰ ਲੈ ਕੇ ਦਿਆਂਗਾ। ਸਮੁੰਦਰੋਂ ਪਾਰ ਦੇ ਰਿਵਾਜ ਨਾਲ ਮਰਸੀ ਦਾ ਸੁਹਾਗ ਹੋਰ ਬਣ ਸਕਦੈ, ਸ਼ਰਨਜੀਤ ਦਾ ਨਹੀਂ ਤੇ ਹੁਣ ਸ਼ਰਨਜੀਤ ਮੇਰੀ ਭਰਜਾਈ, ਛੁੱਟੜ ਵਾਪਸ ਨਹੀਂ ਜਾਵੇਗੀ। ਜੇ ਉਹ ਗਈ ਤਾਂ ਮੇਰੀ ਲਾਸ਼ ਤੋਂ ਲੰਘ ਕੇ ਜਾਵੇਗੀ।

ਬਾਜਵਾ : ਤੂੰ ਮੇਰਾ ਭਰਾ ਏਂ ਜਾਂ ਦੁਸ਼ਮਣ ? ਸਮੁੰਦਰੋਂ ਪਾਰ ਮੇਰੀ ਜ਼ਿੰਦਗੀ ਵਿੱਚ ਜ਼ਹਿਰ ਘੋਲਣ ਆਇਐਂ ?

ਸੁਖ : ਜਿਹੜਾ ਸੁੱਖ ਛੱਜੂ ਦੇ ਚੁਬਾਰੇ ਹੁੰਦੈ, ਉਹ ਸਮੁੰਦਰਾਂ ਤੋਂ ਪਾਰ ਨਹੀਂ ਹੁੰਦਾ।

ਬਾਜਵਾ : ਮੇਰੇ ਰਾਹਵਾਂ ਵਿੱਚ ਇਸ ਤਰ੍ਹਾਂ ਅੰਗਿਆਰੇ ਨਾ ਵਿਛਾ। ਸ਼ਰਨਜੀਤ ਨੂੰ ਲੈ ਕੇ ਵਾਪਸ ਚਲਾ ਜਾ, ਸੁਖ।

ਸੁਖ : ਜੇ ਮੈਂ ਨਾ ਜਾਵਾਂ ?

ਬਾਜਵਾ : ਸ਼ਰਨਜੀਤ ਨੂੰ, ਤੈਨੂੰ ਜਾਂ ਮੈਨੂੰ, ਤਿੰਨਾਂ ਵਿੱਚੋਂ ਕਿਸੇ ਨੂੰ ਆਪਣੀ ਜਾਨ ਦੇਣੀ ਪਵੇਗੀ।

ਸੁਖ : ਜੇ ਮੇਰੀ ਜਾਨ ਬਦਲੇ ਮੇਰੀ ਭਰਜਾਈ ਨੂੰ ਸੁਹਾਗ ਮਿਲ਼ ਸਕਦੈ ਤਾਂ ਹਾਜ਼ਰ ਆਂ। ਕੱਢ ਪਸਤੌਲ! ਸੁਣਿਐ ਤੇਰੇ ਕੋਲ਼ ਪਸਤੌਲ ਏ। ਉਹ ਹੋਰ ਕਿਹੜੇ ਸ਼ੁੱਭ ਵੇਲ਼ੇ ਵਾਸਤੇ ਰੱਖਿਆ ਹੋਇਆ ਈ ?
(ਹਰਦੇਵ ਪਰੇਸ਼ਾਨੀ ਵਿੱਚ ਬੁੱਲ੍ਹ ਟੁੱਕਦਾ ਹੈ। ਸੁਖ ਦਰਾਜ਼ ਫਰੋਲ਼ਦਾ ਹੈ ਤੇ ਪਸਤੌਲ ਕੱਢ ਕੇ ਹਰਦੇਵ ਨੂੰ ਫੜਾ ਦੇਂਦਾ ਹੈ।)

ਸੁਖ : ਲੈ, ਫੜ! (ਹਰਦੇਵ ਦਾ ਹੱਥ ਕੰਬਦਾ ਹੈ)

ਸੁਖ : (ਸੀਨਾ ਤਾਣ ਕੇ) ਮਾਰ ਗੋਲ਼ੀ ! ਆਪਣੀ ਰਾਹ ਦੀ ਕੰਧ ਨੂੰ ਢਾਹ ਦੇ.......!

(ਹਰਦੇਵ ਦਾ ਹੱਥ ਕੰਬਦਾ ਹੈ। ਉਹ ਪਸਤੌਲ ਸੁੱਟ ਕੇ ਰੋਣ ਲੱਗ ਪੈਂਦਾ ਹੈ। ਸੁਖ ਅੱਗੇ ਵਧ ਕੇ ਉਸ ਨੂੰ ਗਲ਼ਵੱਕੜੀ ਪਾ ਲੈਂਦਾ ਹੈ। ਮਰਸੀ ਦੀ ਡ੍ਰੈੱਸ ਵਿੱਚ ਸ਼ਰਨਜੀਤ ਦਰਵਾਜ਼ੇ ਵਿੱਚ ਖਲੋ ਜਾਂਦੀ ਹੈ। ਹਰਦੇਵ ਵੱਲ ਪਿੱਠ ਕਰ ਲੈਂਦੀ ਹੈ। ਰਾਏ ਨੀਟੂ ਨੂੰ ਲੈ ਆਉਂਦਾ ਹੈ)।

ਰਾਏ : ਨੀਟੂ, ਦੇਖ ਤੇਰੇ ਡੈਡੀ !

(ਹਰਦੇਵ ਪਿਆਰ-ਮੁਗਧ ਨੀਟੂ ਵੱਲ ਦੇਖਦਾ ਹੈ। ਨੀਟੂ ਜਾ ਕੇ ਸੁਖ ਨੂੰ ਜੱਫੀ ਪਾ ਲੈਂਦਾ ਹੈ।)

ਨੀਟੂ : ਅੰਕਲ ਜੀ, ਮੈਂ ਬਹੁਤ ਟਾਫ਼ੀਆਂ ਖਾਧੀਆਂ।

ਸੁਖ : ਡੈਡੀ ਨੂੰ ਮਿਲ਼, ਬੇਟੇ! ਇਹ ਤੇਰੇ ਡੈਡੀ ਨੇ।

(ਨੀਟੂ ਨੀਝ ਨਾਲ਼ ਵੇਖਦਾ ਹੈ, ਹਰਦੇਵ ਬਾਂਹਵਾਂ ਪਸਾਰਦਾ ਹੈ। ਨੀਟੂ ਉਸ ਦੇ ਕੁੱਛੜ ਚਲਾ ਜਾਂਦਾ ਹੈ। ਉਹ ਹਿੱਕ ਨਾਲ਼ ਲਾ ਕੇ ਪਿਆਰ ਕਰਦਾ ਹੈ )।

ਰਾਏ : ਕਮਾਲ ਦੀ ਡਬਲ ਐਕਟਿੰਗ ਏ, ਮੇਰੇ ਦੋਸਤ! ਇੱਕ ਵਾਈਫ਼ ਇੰਡੀਆ ਵਿੱਚ, ਇੱਕ ਸਮੁੰਦਰੋਂ ਪਾਰ।

(ਹਰਦੇਵ ਬੁੱਲ੍ਹ ਟੁੱਕ ਕੇ ਦਰਵਾਜ਼ੇ ਵਿੱਚ ਖੜੀ ਔਰਤ ਵੱਲ ਇਸ਼ਾਰਾ ਕਰਦਾ ਹੈ ਜੋ ਉਹਦੇ ਖ਼ਿਆਲ ਵਿੱਚ ਮਰਸੀ ਹੈ)।

ਰਾਏ : ਸੌਰੀ, ਵੈਰੀ ਸੌਰੀ !

(ਚਲਾ ਜਾਂਦਾ ਹੈ।)

ਸੁਖ : (ਹਰਦੇਵ ਤੋਂ ਨੀਟੂ ਨੂੰ ਲੈ, ਅੰਦਰਲੇ ਦਰਵਾਜ਼ੇ ਵੱਲ ਜਾਂਦਾ ਹੋਇਆ)

ਮੰਮੀ ਨੂੰ ਵੀ ਮਿਲੋ, ਨੀਟੂ ਰਾਜੇ ! ਇਹ ਤੁਹਾਡੇ ਮੰਮੀ।

(ਸ਼ਰਨਜੀਤ ਨੂੰ ਫੜਾ ਦੇਂਦਾ ਹੈ। ਨੀਟੂ ਗ਼ੌਰ ਨਾਲ਼ ਉਸ ਦੇ ਮੂੰਹ ਵੱਲ ਵੇਖ ਕੇ ਗਲ਼ ਨੂੰ ਲਿਪਟ ਜਾਂਦਾ ਹੈ। ਉਹ ਚੁੰਮਦੀ ਹੈ। ਹਰਦੇਵ ਬਹੁਤ ਹੈਰਾਨ ਹੁੰਦਾ ਹੈ ਤੇ ਪਰੇਸ਼ਾਨ ਵੀ। ਸੁਖ ਮੁਸਕਰਾਉਂਦਾ ਹੋਇਆ ਨੀਟੂ ਨੂੰ ਲੈ ਕੇ ਪਿਛਲੇ ਕਮਰੇ ਵਿੱਚ ਚਲਾ ਜਾਂਦਾ ਹੈ)।

ਬਾਜਵਾ : ਮਰਸੀ ਡਾਰਲਿੰਗ ! ਪਲੀਜ਼ ਮਿਸਅੰਡਰਸਟੈਂਡ ਨਾ ਕਰਨਾ, ਮੈਂ ਤੁਹਾਨੂੰ ਸਭ ਕੁਝ ਠੀਕ ਦੱਸ ਦਿਆਂਗਾ।

(ਸ਼ਰਨਜੀਤ ਚੁੱਪ ਰਹਿੰਦੀ ਹੈ)।

ਡੀਅਰ ਮਰਸੀ ! ਮਰਸੀ ਡੀਅਰ....!!

ਸ਼ਰਨ : ਬੱਸ ਕਰੋ, ਬੱਸ ਕਰੋ। ਮੈਂ ਮਰਸੀ ਨਹੀਂ, ਸ਼ਰਨਜੀਤ ਆਂ!

ਬਾਜਵਾ : (ਗ਼ੁੱਸੇ ਵਿੱਚ) ਮਰਸੀ ਦੇ ਭੇਸ ਵਿੱਚ ?

ਸ਼ਰਨ : ਇਸ ਵਾਸਤੇ ਕਿ ਅੰਤਿਮ ਵਾਰ ਤੁਹਾਡੇ ਨਾਲ਼ ਦੋ ਗੱਲਾਂ ਕਰ ਸਕਾਂ। ਸਮੁੰਦਰੋਂ ਪਾਰ ਮੈਂ ਏਸ ਲਈ ਨਹੀਂ ਆਈ ਕਿ ਧੱਕੇ-ਧੋੜੇ ਨਾਲ਼ ਤੁਹਾਡੀ ਸਾਥਣ ਬਣ ਜਾਵਾਂ। ਮੈਨੂੰ ਪਤੈ, ਤੁਸੀਂ ਮੇਰੇ ਪਰਛਾਂਵੇਂ ਤੋਂ ਵੀ ਕੰਨੀ ਕਤਰਾਉਂਦੇ ਹੋ ਤੇ ਮੇਰੇ ਵਿੱਚ ਗ਼ੈਰਤ ਏ। ਗ਼ੈਰਤ ਨਾ ਹੁੰਦੀ ਤਾਂ ਮੈਂ ਕਦੇ ਦੀ ਮਰ-ਮੁੱਕ ਜਾਂਦੀ ਜਾਂ ਹੋਰ ਕਿਸੇ ਦੀ ਕੰਨੀ ਫੜ ਲੈਂਦੀ। ਆਪਣੇ ਕਿਸੇ ਗੁਨਾਹ ਦੀ ਮਾਫ਼ੀ ਮੰਗਣ ਮੈਂ ਨਹੀਂ ਆਈ। ਮੈਨੂੰ ਇਹ ਵੀ ਗਿਲਾ ਨਹੀਂ ਕਿ ਮੇਰੇ ਨਾਲ਼ ਕੋਈ ਵਧੀਕੀ ਹੋਈ ਏ। ਮੈਂ ਜ਼ਿੰਦਗੀ ਦੀ ਰਾਹ 'ਤੇ ਭਟਕ ਨਹੀਂ ਰਹੀ। ਮੈਨੂੰ ਆਪਣੀ ਸੇਧ ਦਾ ਪਤੈ।

ਬਾਜਵਾ : (ਤਲਖ਼ੀ ਨਾਲ਼) ਮੇਰਾ-ਤੇਰਾ ਜਦੋਂ ਵਾਸਤਾ ਈ ਕੋਈ ਨਹੀਂ, ਮੈਨੂੰ ਲੈਕਚਰ ਦੇਣ ਦਾ ਕੀ ਮਤਲਬ ?

ਸ਼ਰਨ : ਮੈਂ ਸਿਰਫ਼ ਇਹ ਪੁੱਛਣਾ ਚਾਹੁੰਨੀ ਆਂ, ਔਰਤ ਨੂੰ ਤੁਸੀਂ ਕੀ ਸਮਝਦੇ ਓ ? ਸ਼ਾਦੀ ਦਾ ਕੀ ਮਤਲਬ ਹੁੰਦੈ ?

ਬਾਜਵਾ : (ਕੜਕ ਕੇ) ਖੇਹ ਤੇ ਸਵਾਹ !

(ਸੁਖ ਦਰਵਾਜ਼ੇ ਵਿੱਚ ਆ ਜਾਂਦਾ ਹੈ।)

ਸ਼ਰਨ : ਫੇਰ ਮੇਰੇ ਮੱਥੇ 'ਤੇ ਇਹ ਖੇਹ-ਸਵਾਹ ਕਿਉਂ ਥੱਪੀ, ਤੁਸਾਂ ? ਮੇਰਾ ਗੁਨਾਹ ਕੀ ਏ ? ਮੇਰਾ ਕਸੂਰ ਇਹੋ ਏ ਨਾ ਕਿ ਮੇਰਾ ਚਲਣ ਸੁੱਚਾ ਤੇ ਪਵਿੱਤਰ ਏ ? ਤੇ ਤੁਹਾਨੂੰ ਪੁੱਠੇ ਰਾਹੋਂ ਰੋਕਣ ਦੀ ਕੋਸ਼ਸ਼ ਕੀਤੀ। ਆਪਣੇ ਖੋਖਲੇ ਚਾਲ-ਚਲਣ ਨੂੰ ਮੇਰੇ ਨਾਲ਼ ਸਾਂਵਾਂ ਕਰਨ ਲਈ ਤੁਸਾਂ ਮੇਰਾ ਮੂੰਹ ਵਲੂੰਧਰ ਕੇ ਝਰੀਟਾਂ ਪਾਣ ਦਾ ਕੋਝਾ ਯਤਨ ਕੀਤਾ। ਆਪਣੀਆਂ ਜ਼ਹਿਰੀ ਨਹੁੰਦਰਾਂ ਨਾਲ ਮੇਰਾ ਹਿਰਦਾ ਪੱਛਿਆ। ਆਪਣੇ ਗ਼ਲੀਜ਼ ਬੋਲਾਂ ਨਾਲ਼ ਮੇਰੀ ਸ਼ਖ਼ਸੀਅਤ ਨੂੰ ਲਬੇੜ ਦਿੱਤਾ। ਮੈਨੂੰ ਲੋਕਾਂ ਸਾਮ੍ਹਣੇ ਕੱਖੋਂ ਹੌਲ਼ਿਆਂ ਕਰ ਦਿੱਤਾ।

ਬਾਜਵਾ : ਬੰਦ ਕਰ, ਇਹ ਟਰ-ਟਰ, ਨਹੀਂ ਤੇ.....!
(ਪਸਤੌਲ ਤਾਣਦਾ ਹੈ )।

ਸ਼ਰਨ : ਤੇ ਜਦੋਂ ਲੋਕਾਂ ਨੇ ਏਸ ਜ਼ਹਿਰ ਦੀਆਂ ਕੁਰਲੀਆਂ ਮੇਰੇ ਮੂੰਹ 'ਤੇ ਮਾਰਨੀਆਂ ਸ਼ੁਰੂ ਕਰ ਦਿੱਤੀਆਂ, ਮੈਂ ਤੁਹਾਡੇ ਕੋਲੋਂ ਸਬੂਤ ਮੰਗਿਆ। ਤੁਸਾਂ ਘਰ ਛੱਡ ਦਿੱਤਾ, ਇਨਸਾਨੀਅਤ ਛੱਡ ਦਿੱਤੀ। ਸਮੁੰਦਰੋਂ ਪਾਰ ਤੁਸੀਂ ਏਸ ਵਾਸਤੇ ਨਹੀਂ ਸੀ ਦੌੜੇ ਕਿ ਮੈਂ ਕੋਈ ਬੇਵਫ਼ਾਈ ਕੀਤੀ ਏ ਸਗੋਂ ਏਸ ਵਾਸਤੇ ਦੌੜੇ ਸੀ ਕਿ ਆਪਣੇ ਗੁਨਾਹਾਂ 'ਤੇ ਪੜਦਾ ਪਾ ਸਕੋ। ਜੇ ਮੈਂ ਗੁਨਾਹਗਾਰ ਸਾਂ ਤਾਂ ਅੱਜ ਆਪਣੇ ਭਰਾ ਦੇ ਸਾਮ੍ਹਣੇ ਦੱਸੋ, ਮੈਂ ਕੀ ਗੁਨਾਹ ਕੀਤਾ ਸੀ ? ਸਬੂਤ ਦਿਓ, ਮੇਰੇ ਗੁਨਾਹ ਦਾ।
(ਸੁਖ ਅੰਦਰ ਆ ਜਾਂਦਾ ਹੈ। ਹਰਦੇਵ ਦੋ ਕਦਮ ਅੱਗੇ ਵਧਦਾ ਹੈ)।

ਬਾਜਵਾ : ਜਾਨ ਲੁੜੀਂਦੀ ਆ ਤਾਂ ਹੋਰ ਇੱਕ ਲਫ਼ਜ਼ ਨਾ ਬੋਲੀਂ, ਨਿਕਲ਼ ਜਾ ਏਥੋਂ (ਕੜਕ ਕੇ) ਨਿਕਲ਼ ਜਾ!

ਸ਼ਰਨ : ਮੈਂ ਬੇਇੱਜ਼ਤ ਹੋਣ ਵਾਸਤੇ ਨਹੀਂ ਏਡੀ ਦੂਰ ਆਈ। ਬੇਇੱਜ਼ਤੀ ਦਾ ਦਾਗ ਮੈਂ ਮੱਥੇ ਤੋਂ ਧੋਣ ਆਈ ਆਂ। ਮੌਤ ਜਾਂ ਇੱਜ਼ਤ ਕੁਝ ਵੀ ਮਨਜ਼ੂਰ ਏ।

ਬਾਜਵਾ : ਤਾਂ ਮੌਤ ਮਿਲ਼ੇਗੀ।
(ਸੁਖ ਸ਼ਰਨਜੀਤ ਦੇ ਅੱਗੇ ਖਲੋ ਜਾਂਦਾ ਹੈ, ਹੌਲ਼ੀ-ਹੌਲ਼ੀ ਹਰਦੇਵ ਵਧਦਾ ਹੈ।)

ਸੁਖ : ਮੇਰੀ ਮੌਤ ਤੋਂ ਪਹਿਲਾਂ ਮੇਰੀ ਭਰਜਾਈ ਨਹੀਂ ਮਰੇਗੀ।

ਬਾਜਵਾ : ਹਟ ਜਾ ਅੱਗੋਂ।

ਸੁਖ : ਭਰਜਾਈ ਦੇ ਗੁਨਾਹ ਦਾ ਸਬੂਤ ਦਿਓ.....(ਪਸਤੌਲ ਖੋਹਣ ਲਈ ਝਪਟਦਾ ਹੈ) ਜੇ ਉਸ ਬੇਗੁਨਾਹ ਨੂੰ ਤੁਸੀਂ ਗੁਨਾਹਗਾਰ ਬਣਾਈ ਰੱਖਿਐ ਤਾਂ ਤੁਸੀਂ ਭਰਾ ਨਹੀਂ, ਇਨਸਾਨ ਨਹੀਂ।

ਸ਼ਰਨ : ਪਸ਼ੂਆਂ ਨੂੰ ਵੀ ਆਪਣੇ ਬੱਚਿਆਂ ਨਾਲ਼ ਪਿਆਰ ਹੁੰਦੈ....

ਬਾਜਵਾ : ਹਟ ਜਾ ਸੁਖ, ਮੈਂ ਸ਼ੂਟ ਕਰ ਦਿਆਂਗਾ, ਹਟ ਜਾ, ਹਟ ਜਾ.....!
(ਦੋਵੇਂ ਝਪਟਦੇ ਹਨ। ਪਸਤੌਲ ਚੱਲ ਜਾਂਦਾ ਹੈ। ਗੋਲ਼ੀ ਸੁਖਦੇਵ ਦੇ ਮੱਥੇ ਵਿੱਚ ਲੱਗਦੀ ਹੈ। ਉਹ ਡਿਗ ਪੈਂਦਾ ਹੈ। ਨੀਟੂ ਰੋਂਦਾ ਆਉਂਦਾ ਹੈ। ਸ਼ਰਨਜੀਤ ਅਤਿਅੰਤ ਘਬਰਾਹਟ ਤੇ ਦੁੱਖ ਵਿੱਚ ਸੁਖ ਦੀ ਲੋਥ ਨੂੰ ਲਿਪਟ ਕੇ ਰੋਣ ਲੱਗ ਪੈਂਦੀ ਹੈ। ਹਰਦੇਵ ਧਾਹ ਮਾਰ ਕੇ ਸੁਖ ਦੀ ਲੋਥ ਨੂੰ ਲਿਪਟ ਜਾਂਦਾ ਹੈ।)

(ਪਰਦਾ)

### ਸ਼ਬਦ - ਅਰਥ :

**ਸੁਰਖ਼ਰੂ** – ਫ਼ਾਰਗ, ਕਿਸੇ ਜ਼ੁੰਮੇਵਾਰੀ ਨੂੰ ਭੁਗਤਾ ਕੇ ਮੁਕਤ ਹੋ ਜਾਣਾ। **ਫ਼ਿਜ਼ਾਵਾਂ** – ਮਾਹੌਲ, ਵਾਤਾਵਰਨ। **ਵਾਕਈ** – ਅਸਲ ਵਿੱਚ। **ਗਵਾਰ** – ਅਗਿਆਨੀ, ਮੂਰਖ। **ਜੁਰਅਤ** – ਹਿੰਮਤ, ਤਾਕਤ। **ਜਫ਼ਰ ਜਾਲਣਾ**- ਮੁਸ਼ਕਲਾਂ ਦਾ ਸਾਮ੍ਹਣਾ ਕਰਨਾ। **ਛੁੱਟੜ** - ਉਹ ਇਸਤਰੀ ਜਿਸ ਨੂੰ ਪਤੀ ਨੇ ਛੱਡਿਆ ਹੋਵੇ। **ਬਾਜ਼ੂਏ** - ਬਾਂਹਵਾਂ ਵਿੱਚ। **ਸ਼ੇਮਫੁਲ** - ਸ਼ਰਮਨਾਕ। **ਵੈਲਯੂਜ਼** - ਕਦਰਾਂ-ਕੀਮਤਾਂ। **ਗੈਰਤ** – ਸ਼ਰਮ, ਅਣਖ। **ਗ਼ਲੀਜ਼** – ਮੈਲ਼ਾ, ਗੰਦਾ।

## ਪਾਠ - ਅਭਿਆਸ

(1) ਹੇਠਾਂ ਦਿੱਤੀ ਵਾਰਤਾਲਾਪ ਨੂੰ ਧਿਆਨ ਨਾਲ ਪੜ੍ਹ ਕੇ ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ।

ੳ. "ਉਹਨੂੰ ਮੈਂ ਸੱਤ ਸਮੁੰਦਰੋਂ ਪਾਰ ਧਰਮ-ਕਰਮ ਦੀ ਚੱਕੀ ਵਿੱਚ ਇਸਤਰੀ ਦਾ ਦਲ਼ੀਆ ਕਰਨ ਵਾਲੇ ਸਮਾਜ ਦੀ ਸ਼ਰਨ ਵਿੱਚ ਛੱਡ ਕੇ ਸੁਰਖ਼ਰੂ ਹੋ ਗਿਆ ਹਾਂ। ਇੰਗਲੈਂਡ ਦੀਆਂ ਅਜ਼ਾਦ ਫ਼ਿਜ਼ਾਵਾਂ ਨੇ ਮੈਨੂੰ ਮਰਸੀ ਬਖ਼ਸ਼ੀ ਹੋਈ ਏ। ਹੁਣ ਸ਼ਰਨਜੀਤ ਦਾ ਪਰਛਾਂਵਾਂ ਮੇਰੇ 'ਤੇ ਸੁਪਨੇ ਵਿੱਚ ਵੀ ਨਹੀਂ ਪੈ ਸਕੇਗਾ।"

1. ਹਰਦੇਵ ਬਾਜਵਾ, ਸ਼ਰਨਜੀਤ ਨੂੰ ਕਿਹੋ-ਜਿਹੇ ਸਮਾਜ ਵਿੱਚ ਛੱਡ ਕੇ ਗਿਆ ਸੀ ?
2. ਇਹਨਾਂ ਸਤਰਾਂ ਅਨੁਸਾਰ 'ਮਰਸੀ' ਕੌਣ ਸੀ ?
3. ਹਰਦੇਵ ਬਾਜਵਾ ਸ਼ਰਨਜੀਤ ਬਾਰੇ ਕੀ ਸੋਚਦਾ ਹੈ ?

ਅ. "ਮੈਨੂੰ ਪਹਿਲਾਂ ਈ ਸ਼ੱਕ ਸੀ। ਉਹ ਮੇਰੇ ਨਾਲ ਅੱਖਾਂ ਨਹੀਂ ਮੇਲ ਸਕਣਗੇ। ਉਹਨਾਂ ਦੀ ਸ਼ਰਾਫ਼ਤ ਦਾ ਝੁੰਗਲ਼ਮਾਟਾ ਪਾਟ ਜੁ ਜਾਣਾ ਹੋਇਆ ਤੇ ਫੇਰ ਮੈਂ ਵੀ ਪਾਣੀ ਰਿੜਕ ਕੇ ਕੀ ਲੈਣੈ ? ਨੀਟੂ ਬਾਰੇ ਤੁਸੀਂ ਪੁੱਛ ਲੈਣਾ, ਉਹ ਝੋਲੀ ਪਾਂਦੇ ਨੇ ਜਾਂ ਨਹੀਂ। ਜੀਅ ਤਾਂ ਮੇਰਾ ਨਹੀਂ ਕਰਦਾ, ਇਹਨੂੰ ਇਸ ਤਰ੍ਹਾਂ ਦੇ ਪਿਤਾ ਦਾ ਸਾਇਆ ਮਿਲੇ ਪਰ...ਪਰ......ਪਰ ਮਜਬੂਰੀ ਏ, ਇਹ ਉਹਨਾਂ ਦੀ ਅਮਾਨਤ ਏ, ਅੱਜ ਵੀ ਏ ਤੇ ਕੱਲ੍ਹ ਵੀ।"

1. ਇਹ ਸ਼ਬਦ ਕਿਸ ਨੇ, ਕਿਸ ਨੂੰ ਅਤੇ ਕਦੋਂ ਕਹੇ ?
2. ਸ਼ਰਨਜੀਤ ਨੂੰ ਬਾਜਵੇ 'ਤੇ ਕੀ ਸ਼ੱਕ ਸੀ ?
3. ਸ਼ਰਨਜੀਤ ਨੀਟੂ ਬਾਰੇ ਕੀ ਸੋਚਦੀ ਹੈ ?

ੲ. "ਓ ਗੌਡ! ਹਮਾਰਾ ਸਾਥ ਕੈਸਾ ਸ਼ੇਮਫੁਲ ਧੋਕਾ ਹੂਆ। ਆਪ ਪੰਜਾਬੀ ਲੋਕ ਕਾ ਬਰਾਡਰੀ ਯਿਹ ਹੋਟਾ ! ਆਪ ਔਰਟ ਕੋ ਘਰ ਮੇਂ ਭੀ ਐਸਾ ਡੀਸੀਵ ਕਰਟਾ ਔਰ ਦੂਸਰਾ ਮੁਲਕ ਮੇਂ ਜਾ ਕਰ ਭੀ ਡੀਸੀਵ ਕਰਟਾ ? ਸ਼ਰਮ ਕਾ ਬਾਟ, ਸ਼ੇਮ ! ਸ਼ੇਮ !"

1. ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ ?
2. ਮਰਸੀ ਆਪਣੇ ਨਾਲ ਹੋਏ ਕਿਸ ਧੋਖੇ ਦੀ ਗੱਲ ਕਰਦੀ ਹੈ ?
3. ਮਰਸੀ 'ਸ਼ਰਮ ਕਾ ਬਾਟ, ਸ਼ੇਮ ! ਸ਼ੇਮ !' ਕਿਉਂ ਕਹਿੰਦੀ ਹੈ ?

ਸ. "ਮੈਂ ਵੀ ਪੰਜਾਬ ਤੋਂ ਚੱਲਣ ਲੱਗਿਆਂ ਕਸਮ ਖਾਧੀ ਸੀ, ਆਪਣੀ ਭਰਜਾਈ ਦਾ ਸੁਹਾਗ ਉਹਨੂੰ ਲੈ ਕੇ ਦਿਆਂਗਾ। ਸਮੁੰਦਰੋਂ ਪਾਰ ਦੇ ਰਿਵਾਜ ਨਾਲ ਮਰਸੀ ਦਾ ਸੁਹਾਗ ਹੋਰ ਬਣ ਸਕਦੈ, ਸ਼ਰਨਜੀਤ ਦਾ ਨਹੀਂ ਤੇ ਹੁਣ ਸ਼ਰਨਜੀਤ ਮੇਰੀ ਭਰਜਾਈ, ਛੁੱਟੜ ਵਾਪਸ ਨਹੀਂ ਜਾਵੇਗੀ। ਜੇ ਉਹ ਗਈ ਤਾਂ ਮੇਰੀ ਲਾਸ਼ ਤੋਂ ਲੰਘ ਕੇ ਜਾਵੇਗੀ।"

1. ਸੁਖਦੇਵ ਬਾਜਵਾ ਨੇ ਕਿਹੜੀ ਕਸਮ ਖਾਧੀ ਸੀ ?
2. ਇਸ ਵਾਰਤਾਲਾਪ ਵਿੱਚ ਸੁਖਦੇਵ ਬਾਜਵਾ, ਮਰਸੀ ਬਾਰੇ ਕੀ ਕਹਿੰਦਾ ਹੈ ?
3. ਸੁਖਦੇਵ ਬਾਜਵਾ ਦਾ ਸ਼ਰਨਜੀਤ ਨਾਲ ਕੀ ਰਿਸ਼ਤਾ ਸੀ ?

(ਹ) ਹੇਠ ਲਿਖੇ ਪਾਤਰਾਂ ਦਾ ਪਾਤਰ-ਚਿਤਰਨ ਕਰੋ।

(1) ਹਰਦੇਵ ਬਾਜਵਾ (2) ਸ਼ਰਨਜੀਤ (3) ਮਰਸੀ (4) ਬਲਵੰਤ ਢਿੱਲੋਂ (5) ਸੁਖਦੇਵ ਬਾਜਵਾ।

* * * * *

# ਡਾ. ਹਰਚਰਨ ਸਿੰਘ
## (1914-2006)

### ਲੇਖਕ ਬਾਰੇ :

ਡਾ. ਹਰਚਰਨ ਸਿੰਘ ਦਾ ਜਨਮ ਚੱਕ ਨੰਬਰ 576,ਜ਼ਿਲ੍ਹਾ ਸ਼ੇਖੂਪੁਰਾ (ਪਾਕਿਸਤਾਨ ਵਿੱਚ) ਸ. ਕਿਰਪਾ ਸਿੰਘ ਅਤੇ ਮਾਤਾ ਸ੍ਰੀਮਤੀ ਰੱਖੀ ਦੇ ਘਰ 10 ਦਸੰਬਰ, 1914 ਈ: ਨੂੰ ਹੋਇਆ। ਉਹ ਇਤਿਹਾਸ ਅਤੇ ਪੰਜਾਬੀ ਦੀ ਐੱਮ.ਏ. ਅਤੇ ਪੀ-ਐੱਚ. ਡੀ. (ਪੰਜਾਬੀ) ਸਨ। ਉਹਨਾਂ ਦਾ ਕਿੱਤਾ ਅਧਿਆਪਨ ਰਿਹਾ ਹੈ। ਉਹ ਲਾਹੌਰ ਤੇ ਨਵੀਂ ਦਿੱਲੀ ਗਿਆਨੀ ਤੇ ਬੁੱਧੀਮਾਨੀ ਪੜ੍ਹਾਉਂਦੇ ਰਹੇ। ਦਿੱਲੀ ਯੂਨੀਵਰਸਿਟੀ ਵਿੱਚ ਰੀਡਰ ਰਹੇ। ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ ਵਿੱਚ ਪੰਜਾਬੀ ਵਿਭਾਗ ਦੇ ਮੁਖੀ ਅਤੇ ਪ੍ਰੋਫ਼ੈਸਰ ਰਹੇ ਤੇ ਨਾਟਕ-ਵਿਭਾਗ ਦੇ ਇਨਚਾਰਜ ਵੀ ਰਹੇ।

ਉਹਨਾਂ ਦੀਆਂ ਮੁੱਖ ਰਚਨਾਵਾਂ : 'ਕਮਲਾ ਕੁਮਾਰੀ', 'ਰਾਜਾ ਪੋਰਸ','ਜੀਵਨ ਲੀਲਾ', 'ਖੇਡਣ ਦੇ ਦਿਨ ਚਾਰ', 'ਪੰਜ ਗੀਟੜਾ', 'ਦੂਰ-ਦੁਰਾਡੇ ਸ਼ਹਿਰੋਂ', 'ਤੇਰਾ ਘਰ ਸੋ ਮੇਰਾ ਘਰ', 'ਮੁੜਕੇ ਦੀ ਖ਼ੁਸ਼ਬੂ','ਸ਼ੋਭਾ ਸ਼ਕਤੀ', 'ਰੱਤਾ ਸਾਲੂ', ਕੱਲ੍ਹ ਅੱਜ ਤੇ ਭਲਕ', 'ਹਿੰਦ ਦੀ ਚਾਦਰ', 'ਦੇਖ ਕਬੀਰਾ ਰੋਇਆ', 'ਮਸੀਹਾ ਸੂਲੀ ਤੇ ਮੁਸਕਰਾਇਆ', 'ਪੰਜਾਬ ਦੀ ਇੱਕੋ ਮਰਦ ਰਾਣੀ ਜਿੰਦਾਂ', 'ਜੀਵਨ ਲੀਲਾ', 'ਸਾਂਝਾ ਰਾਜ', 'ਪੰਜ ਗੀਟੜਾ', 'ਸਪਤ-ਰਿਸ਼ੀ', 'ਕਾਇਆ ਕਲਪ', 'ਪੱਛਮ ਦਾ ਮਾਇਆ ਜਾਲ' ਆਦਿ ਹਨ।

ਉਹਨਾਂ ਨੂੰ ਭਾਸ਼ਾ ਵਿਭਾਗ, ਪੰਜਾਬ ਵੱਲੋਂ 'ਸ਼੍ਰੋਮਣੀ ਪੰਜਾਬੀ ਸਾਹਿਤਕਾਰ' ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਗਿਆ। 'ਕੱਲ੍ਹ-ਅੱਜ ਤੇ ਭਲਕ' ਨੂੰ ਸਾਹਿਤ ਅਕਾਦਮੀ, ਦਿੱਲੀ ਵੱਲੋਂ ਪੁਰਸਕਾਰ ਮਿਲਿਆ। ਇਹਨਾਂ ਨੂੰ 'ਇਆਪਾ' ਕਨੇਡਾ ਅਤੇ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਵੱਲੋਂ 'ਕਰਤਾਰ ਸਿੰਘ ਧਾਲੀਵਾਲ' ਸਰਬ-ਸ੍ਰੇਸ਼ਟ ਸਾਹਿਤਕਾਰ ਪੁਰਸਕਾਰ ਨਾਲ ਵੀ ਸਨਮਾਨਿਤ ਕੀਤਾ ਗਿਆ।

12 ਅਪ੍ਰੈਲ, 2006 ਨੂੰ ਉਹਨਾਂ ਦਾ ਦਿਹਾਂਤ ਹੋ ਗਿਆ। ਇਸ ਪੁਸਤਕ ਵਿੱਚ ਇਹਨਾਂ ਦਾ ਇਕਾਂਗੀ 'ਜ਼ਫ਼ਰਨਾਮਾ' ਸ਼ਾਮਲ ਕੀਤਾ ਗਿਆ ਹੈ।

### ਇਕਾਂਗੀ ਬਾਰੇ :

'ਜ਼ਫ਼ਰਨਾਮਾ' ਇੱਕ ਇਤਿਹਾਸਿਕ ਇਕਾਂਗੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ 1705 ਈ: ਵਿੱਚ ਪਿੰਡ ਦੀਨਾ ਕਾਂਗੜ (ਮਾਲਵਾ) ਤੋਂ ਫ਼ਾਰਸੀ ਕਵਿਤਾ ਵਿੱਚ ਇੱਕ ਖ਼ਤ ਲਿਖ ਕੇ ਭਾਈ ਦਇਆ ਸਿੰਘ ਹੱਥ ਔਰੰਗਜ਼ੇਬ ਨੂੰ ਭੇਜਿਆ ਸੀ। ਇਸ ਖ਼ਤ ਨੂੰ 'ਜ਼ਫਰਨਾਮਾ' ਕਿਹਾ ਜਾਂਦਾ ਹੈ।

ਇਸ ਜ਼ਫ਼ਰਨਾਮੇ ਨੂੰ ਪੜ੍ਹ ਕੇ ਔਰੰਗਜ਼ੇਬ ਦੀ ਜ਼ਮੀਰ ਝੰਜੋੜੀ ਗਈ। ਉਸ ਨੂੰ ਇਸ ਖ਼ਤ ਤੋਂ ਅਹਿਸਾਸ ਹੋਇਆ ਕਿ ਵਜ਼ੀਰ ਖ਼ਾਨ ਨੇ ਪਵਿੱਤਰ ਕੁਰਾਨ ਦੀਆਂ ਝੂਠੀਆਂ ਕਸਮਾਂ ਖਾ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਅਨੰਦਪੁਰ ਸਾਹਿਬ ਵਿੱਚੋਂ ਧੋਖੇ ਨਾਲ ਕਢਵਾ ਦਿੱਤਾ, ਉਹਨਾਂ ਦੇ ਵੱਡੇ ਦੋਵੇਂ ਸਾਹਿਬਜ਼ਾਦੇ ਜੰਗ ਵਿੱਚ ਸ਼ਹੀਦ ਹੋ ਗਏ ਅਤੇ ਛੋਟਿਆਂ ਦੋਹਾਂ ਨੂੰ ਨੀਂਹਾਂ ਵਿੱਚ ਚਿਣਵਾ ਦਿੱਤਾ ਗਿਆ।

ਇਸ ਚਿੱਠੀ ਦਾ ਔਰੰਗਜ਼ੇਬ ਦੇ ਮਨ 'ਤੇ ਡੂੰਘਾ ਅਸਰ ਪਿਆ। ਉਸ ਦੇ ਮਨ ਵਿੱਚ ਪਛਤਾਵਾ ਭਰ ਜਾਂਦਾ ਹੈ ਅਤੇ ਡਰ ਕਾਰਨ ਬੜੇ ਭਿਆਨਕ ਸੁਪਨੇ ਆਉਂਦੇ ਹਨ। ਇਸ ਵਿੱਚ ਦੋ ਅਵਾਜ਼ਾਂ ਬੋਲਦੀਆਂ ਹਨ। ਇੱਕ ਬਾਹਰਮੁਖੀ ਅਤੇ ਦੂਸਰੀ ਉਹਦੇ ਹੀ ਅੰਦਰ ਦੀ ਸੱਚੀ ਅਵਾਜ਼। ਦੋਹਾਂ ਅਵਾਜ਼ਾਂ ਵਿੱਚ ਘਿਰਿਆ ਔਰੰਗਜ਼ੇਬ ਦੁਖੀ ਅਤੇ ਪਰੇਸ਼ਾਨ ਹੈ।

ਇਹ ਇਕਾਂਗੀ 1966 ਈ: ਵਿੱਚ ਲਿਖਿਆ ਗਿਆ। ਚੰਡੀਗੜ੍ਹ ਵਿੱਚ ਹੋਏ ਇਕਾਂਗੀ–ਮੁਕਾਬਲਿਆਂ ਵਿੱਚ ਇਹ ਇਕਾਂਗੀ ਖੇਡਿਆ ਗਿਆ ਅਤੇ ਪਹਿਲੇ ਦਰਜੇ 'ਤੇ ਰਿਹਾ। ਡਾ: ਹਰਚਰਨ ਸਿੰਘ ਨੂੰ ਰੰਗ-ਮੰਚ ਦੀ ਬੇਹੱਦ ਸੂਝ ਸੀ ਅਤੇ ਡੂੰਘਾ ਅਨੁਭਵ ਪ੍ਰਾਪਤ ਸੀ। ਉਹ ਨਾਟਕ ਲਿਖਦੇ ਹੀ ਨਹੀਂ, ਖੇਡਦੇ ਵੀ ਰਹੇ ਇਸ ਲਈ ਉਹਨਾਂ ਨੂੰ ਨਿਰਮਾਤਾ, ਨਿਰਦੇਸ਼ਕ ਅਤੇ ਅਭਿਨੇਤਾ ਹੋਣ ਦਾ ਮਾਣ ਹਾਸਲ ਹੈ।

* * * * *

# ਜ਼ਫ਼ਰਨਾਮਾ

**ਡਾ. ਹਰਚਰਨ ਸਿੰਘ**

ਪਾਤਰ :

ਔਰੰਗਜ਼ੇਬ- ਸ਼ਹਿਨਸ਼ਾਹ
ਜ਼ੀਨਤ-ਉਨ-ਨਿਸਾ - ਔਰੰਗਜ਼ੇਬ ਦੀ ਪੁੱਤਰੀ
ਬੇਗਮ ਉਦੈਪੁਰੀ - ਔਰੰਗਜ਼ੇਬ ਦੀ ਪਤਨੀ
ਅਸਦ ਖ਼ਾਨ
ਸ਼ਾਹੀ ਹਕੀਮ

ਸਮਾਂ : ਸੰਨ 1706 ਈ:
ਸਥਾਨ : ਅਹਿਮਦ ਨਗਰ (ਦੱਖਣ)
ਵਕਤ : ਸਵੇਰਸਾਰ

## ਦ੍ਰਿਸ਼ :

ਮੁਗ਼ਲ ਸ਼ਹਿਨਸ਼ਾਹ ਔਰੰਗਜ਼ੇਬ ਦਾ ਵਿਸ਼ਾਲ ਪਰ ਸਾਦਾ ਨਿੱਜੀ ਕਮਰਾ। ਕਮਰੇ ਵਿਚਕਾਰ ਆਲਮਗੀਰ ਦਾ ਬਿਸਤਰਾ, ਆਸ-ਪਾਸ ਕੁਝ ਕਿਤਾਬਾਂ, ਸੋਹਣੀ ਜਿਲਦ ਵਾਲਾ ਕੁਰਾਨ ਸ਼ਰੀਫ਼, ਲਿਖਣ ਦਾ ਸਮਾਨ, ਢਾਲ ਆਦਿ ਚੀਜ਼ਾਂ ਪਈਆਂ ਹਨ।

ਪਰਦਾ ਉੱਠਣ ਸਮੇਂ ਹਨੇਰੀ-ਝੱਖੜ ਦੀ ਸਾਂ-ਸਾਂ ਸੁਣਾਈ ਦੇਂਦੀ ਹੈ। ਹਵਾ ਨਾਲ਼ ਦੋਹਾਂ ਦੀਵਿਆਂ ਦੀਆਂ ਲਾਟਾਂ ਟਿਮਟਿਮਾ ਰਹੀਆਂ ਹਨ।

ਔਰੰਗਜ਼ੇਬ—ਮਧਰਾ ਕੱਦ, ਕਮਜ਼ੋਰ, ਲੰਮਾ ਨੱਕ, ਸੁਰਖ਼ ਗੋਰਾ ਰੰਗ, ਗੋਲ਼ ਸਫ਼ੈਦ ਦਾੜ੍ਹੀ, ਕੁਤਰੀਆਂ ਹੋਈਆਂ ਲਬਾਂ, ਤੇਜ਼ ਭਖਦੀਆਂ ਅੱਖਾਂ, ਉਮਰ ਦੇ ਭਾਰ ਨਾਲ ਝੁਕਿਆ ਹੋਇਆ ਲੱਕ, ਗਲ਼ ਸਫ਼ੈਦ ਮਲਮਲ ਦਾ ਮੁਗ਼ਲ ਢੰਗ ਦਾ ਚੋਗਾ ਜਿਸ ਦੀਆਂ ਤਣੀਆਂ ਸੱਜੇ ਮੋਢੇ ਹੇਠ ਬੰਨ੍ਹੀਆਂ ਹੋਈਆਂ, ਸੋਨੇ ਦੀਆਂ ਤਾਰਾਂ ਨਾਲ਼ ਮੜ੍ਹੀ ਹੋਈ ਪਗੜੀ, ਸਿਲਕ ਦੇ ਕਮਰਬੰਦ ਵਿੱਚ ਟੁੰਗਿਆ ਹੋਇਆ ਖੰਜਰ, ਘਬਰਾਹਟ ਤੇ ਅਕਹਿ ਡਰ ਦੀ ਹਾਲਤ ਵਿੱਚ ਖੜ੍ਹਾ ਹੈ। ਉਸ ਦਾ ਖੱਬਾ ਹੱਥ ਖੰਜਰ ਉੱਤੇ ਹੈ। ਸੱਜਾ ਹੱਥ ਸੋਟੀ ਸਮੇਤ ਕੰਬ ਰਿਹਾ ਹੈ।

ਔਰੰਗਜ਼ੇਬ : ਹਰ ਗੱਲ ਮੇਰੀ ਮਰਜ਼ੀ ਦੇ ਖ਼ਿਲਾਫ਼ ਹੋ ਰਹੀ ਹੈ। ਕੁਦਰਤ ਵੀ ਕਹਿਰਵਾਨ ਹੋ ਗਈ ਹੈ। ਇਸ ਤਰ੍ਹਾਂ ਲੱਗਦਾ ਹੈ ਕਿ ਖ਼ੁਦਾ ਨੇ ਮੈਨੂੰ ਭੁਲਾ ਦਿੱਤਾ ਹੈ।
(ਇਕਦਮ ਸ਼ੋਖ਼ ਸਾਜ਼ਾਂ ਸਮੇਤ ਨੱਚਣ ਦੀ ਅਵਾਜ਼ ਸੁਣਾਈ ਦੇਂਦੀ ਹੈ)

ਔਰੰਗਜ਼ੇਬ : (ਅਤਿ ਹੈਰਾਨੀ ਤੇ ਗ਼ੁੱਸੇ ਨਾਲ਼) ਸ਼ਾਹੀ ਮਹੱਲ ਵਿੱਚ ਨਾਚ ? ਕਿਆ ਇਹਨਾਂ ਨੇ ਮੈਨੂੰ ਮੋਇਆ ਖ਼ਿਆਲ ਕਰ ਲਿਆ ਹੈ ? ਬੰਦ ਕਰੋ, ਇਹ ਨਾਚ ਔਰ ਸਾਜ਼ !

ਅਵਾਜ਼ : ਬੁੱਢੇ ਬਿਮਾਰ ਬਾਦਸ਼ਾਹ, ਤੂੰ ਜ਼ਿੰਦਗੀ ਦੀ ਤੋਰ ਨੂੰ ਰੋਕਣ ਦੇ ਕਾਬਲ ਨਹੀਂ।
(ਰਾਗ ਦੀਆਂ ਉੱਚੀਆਂ ਧੁਨਾਂ ਸੁਣਾਈ ਦਿੰਦੀਆਂ ਹਨ।)

ਔਰੰਗਜ਼ੇਬ : (ਤਿਲਮਿਲਾ ਕੇ) ਇਹ ਕਿਆ ਬਦਤਮੀਜ਼ੀ ਹੈ ? ਫ਼ੌਰਨ ਬੰਦ ਕਰੋ, ਇਹ ਰੰਗ ਔਰ ਰਾਗ। ਸ਼ਾਹੀ ਮਹੱਲ ਔਰ ਦਰਬਾਰ ਵਿੱਚ ਇਸ ਦੀ ਸਖ਼ਤ ਮਨਾਹੀ ਹੈ।

ਅਵਾਜ਼ : ਔਰੰਗਜ਼ੇਬ! ਜ਼ਿੰਦਗੀ ਖ਼ੁਦ ਇੱਕ ਰੰਗ-ਤਮਾਸ਼ਾ ਹੈ ਜਿਸ ਤੋਂ ਤੂੰ ਮਹਿਰੂਮ ਰਿਹਾ ਹੈਂ। ਇਸੇ ਵਾਸਤੇ ਤੇਰੀ ਜ਼ਿੰਦਗੀ ਰੰਗਹੀਣ ਅਤੇ ਤੂੰ ਸਖ਼ਤ ਮਿਜ਼ਾਜ ਹੈਂ।

ਔਰੰਗਜ਼ੇਬ : (ਪੋਲੇ ਹੱਥਾਂ ਨਾਲ਼ ਤਾਲ਼ੀ ਵਜਾ ਕੇ) ਚੋਬਦਾਰ ਹੈ ! ਕੋਈ ਨਹੀਂ ਸੁਣ ਰਿਹਾ ?
(ਘਟੀਆਪਣ ਦਾ ਅਹਿਸਾਸ ਅਨੁਭਵ ਕਰਦਾ ਹੋਇਆ) ਕਿਆ ਗ਼ਮ 'ਤੇ ਬਿਮਾਰੀ ਨੇ ਮੈਨੂੰ ਇਤਨਾ ਕਮਜ਼ੋਰ ਕਰ ਦਿੱਤਾ ਹੈ ?
(ਸ਼ੇਅਰ ਦੇ ਪੜ੍ਹਨ ਪਿੱਛੋਂ ਦਾਦ ਵਿੱਚ ਬਹੁਤ ਸਾਰੇ ਨਸ਼ਈ ਬੰਦਿਆਂ ਦੇ ਉੱਚੀ ਹੱਸਣ ਦੀ ਅਵਾਜ਼ ਸੁਣਾਈ ਦਿੰਦੀ ਹੈ।)

ਔਰੰਗਜ਼ੇਬ : ਇਤਨਾ ਕੁਫ਼ਰ ? ਕੌਣ ਨੇ ਇਹ ਲੋਕ ਜੋ ਮੌਤ ਤੋਂ ਐਨੇ ਬੇਖ਼ਬਰ ਹਨ ?

ਅਵਾਜ਼ : ਅਦਨਾ ਸਾ ਇਨਸਾਨ ! ਤੂੰ ਨਹੀਂ ਪਛਾਣਦਾ ਕਿ ਇਹ ਖ਼ੁਸ਼ੀ ਦੇ ਕਹਿਕਹੇ ਕੌਣ ਮਾਰ ਰਹੇ ਹਨ ?

ਔਰੰਗਜ਼ੇਬ : ਨਹੀਂ, ਕੌਣ ਹਨ, ਇਹ ਸ਼ਖ਼ਸ ?

ਅਵਾਜ਼ : ਇਹ ਹਨ, ਤੇਰੇ ਅਹਿਲਕਾਰ, ਫ਼ੌਜਦਾਰ, ਸੂਬੇਦਾਰ, ਉਮਰਾ ਔਰ ਉਲਿਮਾ ਜੋ ਤੇਰੀ ਮੌਤ ਦੀਆਂ ਘੜੀਆਂ ਉਡੀਕ ਰਹੇ ਹਨ। ਉਹ ਸ਼ੇਅਰੋ-ਸ਼ਾਇਰੀ ਨਾਲ਼ ਤੈਨੂੰ ਚਿੜਾ ਰਹੇ ਹਨ ਕਿਉਂਕਿ ਤੂੰ ਸਾਰੀ ਉਮਰ ਇਹਨਾਂ ਨੂੰ ਕੁਫ਼ਰ ਦੇ ਠੇਕੇਦਾਰ ਕਹਿੰਦਾ ਰਿਹਾ ਹੈਂ। ਸ਼ਰਾਬ ਦੇ ਨਸ਼ੇ ਵਿੱਚ ਉਹ ਤੇਰੀ ਕਮਜ਼ੋਰੀ ਦਾ ਮਜ਼ਾਕ ਉਡਾ ਰਹੇ ਹਨ।

ਔਰੰਗਜ਼ੇਬ : ਇਹਨਾਂ ਦੀ ਇਤਨੀ ਜੁਰਅਤ ? ਇਹਨਾਂ ਨੂੰ ਇਲਮ ਨਹੀਂ ਕਿ ਸ਼ਰਾਬਨੋਸ਼ੀ ਦੀ ਕਰੜੀ ਸਜ਼ਾ ਹੈ। ਮੈਂ ਸਭ ਦੀ ਗਰਿਫ਼ਤਾਰੀ ਦਾ ਹੁਕਮ ਦਿੰਦਾ ਹਾਂ।

ਅਵਾਜ਼ : (ਉੱਚੀ ਹਾਸੇ ਪਿੱਛੋਂ) ਇਹ ਤਾਂ ਅੱਗੇ ਹੀ ਬਾਗ਼ੀ ਤੇ ਆਕੀ ਹਨ, ਤੇਰੇ ਸਖ਼ਤ ਵਰਤਾਅ ਕਾਰਨ।
(ਫ਼ੌਜੀ ਬਿਗਲ ਅਤੇ ਰੌਲ਼ੇ-ਗੌਲ਼ੇ ਦੀ ਅਵਾਜ਼ ਸੁਣਾਈ ਦੇਂਦੀ ਹੈ।)

ਔਰੰਗਜ਼ੇਬ : (ਡਰ ਨਾਲ਼ ਕੰਬਦਾ ਹੋਇਆ) ਇਹ ਖ਼ਤਰਨਾਕ ਸ਼ੋਰ ਕੈਸਾ ਹੈ ?

ਅਵਾਜ਼ : ਮੁਗ਼ਲ ਤਖ਼ਤੋ-ਤਾਜ ਲਈ ਤੇਰੇ ਬੇਟਿਆਂ ਵਿੱਚ ਖ਼ਾਨਾ-ਜੰਗੀ ਸ਼ੁਰੂ ਹੈ।

ਔਰੰਗਜ਼ੇਬ : (ਅਤਿ ਦੁੱਖ ਤੇ ਘਬਰਾਹਟ ਨਾਲ਼) ਯਾ ਖ਼ੁਦਾ ! ਇਸੇ ਗੱਲ ਤੋਂ ਮੈਂ ਡਰਦਾ ਸਾਂ। ਮੈਂ ਹਰਗਿਜ਼ ਕੁਸ਼ਤੋ-ਖ਼ੂਨ ਨਹੀਂ ਹੋਣ ਦਿਆਂਗਾ।

ਅਵਾਜ਼ : ਬੁੱਢੇ ਬਾਦਸ਼ਾਹ ! ਭੁੱਲ ਗਿਆ ਹੈਂ ? ਤੂੰ ਵੀ ਆਪਣੇ ਬਾਪ ਸ਼ਾਹਜਹਾਨ ਦੀ ਮੌਤ ਦੀ ਇੰਤਜ਼ਾਰ ਨਹੀਂ ਸੀ ਕੀਤੀ।

ਔਰੰਗਜ਼ੇਬ : ਮੈਂ ਗ਼ਲਤੀ 'ਤੇ ਸਾਂ ! ਹਕੂਮਤ ਦੀ ਹਵਸ ਨੇ ਮੈਨੂੰ ਅੰਨ੍ਹਾ ਕੀਤਾ ਹੋਇਆ ਸੀ।

ਅਵਾਜ਼ : ਤੇਰੇ ਬੇਟੇ ਤੇਰੀ ਗ਼ਲਤੀ ਦੁਹਰਾਉਣਗੇ। ਹੁਣ ਤੇਰੀਆਂ ਨਸੀਹਤਾਂ ਨਹੀਂ, ਤੇਰੇ ਅਮਲ ਉਹਨਾਂ ਦੇ ਕਦਮਾਂ ਦੀ ਰਹਿਬਰੀ ਕਰਨਗੇ।

ਔਰੰਗਜ਼ੇਬ : ਓ ਗੁਮਰਾਹ ਸ਼ਹਿਜ਼ਾਦਿਓ, ਮੇਰੀ ਗ਼ਲਤੀ ਹਰਗਿਜ਼ ਨਾ ਦੁਹਰਾਇਓ। ਹਮੇਸ਼ਾਂ ਲਈ ਮੈਂ ਮਨ ਤੇ ਰੂਹ ਦਾ ਚੈਨ ਗਵਾ ਬੈਠਾ ਹਾਂ।

ਅਵਾਜ਼ : ਤੂੰ ਪੰਜਾਹ ਸਾਲ ਪਰਜਾ ਦੇ ਮਨ ਦਾ ਚੈਨ ਖੋਹਿਆ ਹੈ, ਹੁਣ ਤੇਰੇ ਅਮਨ ਦੀ ਕੌਣ ਪਰਵਾਹ ਕਰਦਾ ਹੈ ?
(ਦੂਰੋਂ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਸੁਣਾਈ ਦੇਂਦੇ ਹਨ)।

ਔਰੰਗਜ਼ੇਬ : ਹੈਂ ! ਇਹ ਕੈਸੇ ਖ਼ੌਫ਼ਨਾਕ ਨਾਹਰੇ ਹਨ !

ਅਵਾਜ਼ : ਔਰੰਗਜ਼ੇਬ, ਇਹ ਜਿੱਤ ਦੇ ਜੈਕਾਰੇ ਹਨ। ਪੰਜਾਬ ਵਿੱਚ ਸਿੰਘ-ਸੂਰਮੇ ਫੇਰ ਗੁਰੂ ਦੇ ਝੰਡੇ ਥੱਲੇ 'ਕੱਠੇ ਹੋ ਗਏ ਹਨ। ਖਿਦਰਾਣੇ ਦੀ ਢਾਬ ਲਾਗੇ ਮੁਗ਼ਲ ਫ਼ੌਜਾਂ ਨੂੰ ਸ਼ਿਕਸਤ ਦੇ ਚੁੱਕੇ ਹਨ।
(ਬਜਰੰਗ ਬਲੀ, ਹਰ-ਹਰ ਮਹਾਂਦੇਵ ਦੇ ਨਾਹਰੇ ਸੁਣਾਈ ਦੇਂਦੇ ਹਨ)।

ਔਰੰਗਜ਼ੇਬ : ਓਹ ! ਇਹ ਬੜੇ ਹੀ ਅਜੀਬ ਨਾਹਰੇ ਹਨ ?

ਅਵਾਜ਼ : ਸਤਨਾਮੀ ਸਾਧੂ ਵੀ ਜ਼ੋਰ-ਜ਼ੁਲਮ ਵਿਰੁੱਧ ਅਵਾਜ਼ ਬੁਲੰਦ ਕਰ ਰਹੇ ਹਨ। ਲੋਕਾਂ ਨੂੰ ਜਗਾ ਰਹੇ ਹਨ।

ਔਰੰਗਜ਼ੇਬ : (ਹੋਰ ਡਰ ਕੇ) ਹੈਂ ! ਆਹ ਨਾਹਰੇ ਤਾਂ ਬਿਲਕੁਲ ਨਜ਼ਦੀਕ ਸੁਣਾਈ ਦੇਂਦੇ ਹਨ।

ਅਵਾਜ਼ : ਮਹਾਰਾਸ਼ਟਰ ਦਾ ਬੱਚਾ-ਬੱਚਾ ਮੁਗ਼ਲਾਂ ਨੂੰ ਦੱਖਣ ਵਿੱਚੋਂ ਕੱਢਣ ਲਈ ਉੱਠ ਖੜ੍ਹਾ ਹੋਇਆ ਹੈ।

ਔਰੰਗਜ਼ੇਬ : ਦਿੱਲੀ ਤੋਂ ਭਾਰੀ ਫ਼ੌਜ ਮੰਗਵਾ ਕੇ ਇਹਨਾਂ ਦੀ ਬਗ਼ਾਵਤ ਨੂੰ ਕੁਚਲ ਦਿਆਂਗਾ।

ਅਵਾਜ਼ : ਸ਼ਮਾਲੀ ਹਿੰਦੁਸਤਾਨ ਵਿੱਚ ਤਾਂ ਅੱਗੇ ਹੀ ਕਈ ਸੂਬੇਦਾਰ ਹਕੂਮਤ ਦਾ ਜੂਲ਼ਾ ਲਾਹ ਦੇਣ ਦੀਆਂ ਗੋਂਦਾਂ ਗੁੰਦ ਰਹੇ ਨੇ।

ਔਰੰਗਜ਼ੇਬ : ਜਿਊਂਦੇ-ਜੀਅ ਮੈਂ ਮੁਗ਼ਲ ਹਕੂਮਤ ਨੂੰ ਹਰਗਿਜ਼ ਕਮਜ਼ੋਰ ਨਹੀਂ ਹੋਣ ਦਿਆਂਗਾ।

ਅਵਾਜ਼ : ਮੁਗ਼ਲ ਸਲਤਨਤ ਤਾਂ ਅੱਗੇ ਹੀ ਤੇਰੇ ਵਾਂਗ ਬੁੱਢੀ ਤੇ ਜਰਜਰੀ ਹੋ ਚੁੱਕੀ ਹੈ। ਤੂੰ ਹੀ ਉਸ ਦੀਆਂ ਜੜ੍ਹਾਂ ਖੋਖਲ਼ੀਆਂ ਕਰਨ ਦਾ ਜ਼ੁੰਮੇਵਾਰ ਹੈਂ।

ਔਰੰਗਜ਼ੇਬ : ਹਰਗਿਜ਼ ਨਹੀਂ। ਪੂਰੇ ਅਠਤਾਲ਼ੀ ਸਾਲ ਮੈਂ ਇਸ ਨੂੰ ਮਜ਼ਬੂਤ ਬਣਾਉਣ ਲਈ ਦਿਨ-ਰਾਤ ਇੱਕ ਕੀਤਾ ਹੈ। ਕਦੇ ਫ਼ਰਜ਼ ਤੋਂ ਕੁਤਾਹੀ ਨਹੀਂ ਕੀਤੀ। ਰੱਬ ਗਵਾਹ ਹੈ, ਮੈਂ ਮਿਹਨਤ, ਦਿਆਨਤਦਾਰੀ ਤੇ ਸਚਾਈ ਨਾਲ਼ ਆਪਣਾ ਫ਼ਰਜ਼ ਨਿਭਾਇਆ ਹੈ।

ਅਵਾਜ਼ : ਤੂੰ ਖ਼ੁਸ਼ਾਮਦੀ ਲੋਕਾਂ ਤੋਂ 'ਆਲਮਗੀਰ ਜ਼ਿੰਦਾਬਾਦ' ਦੇ ਨਾਹਰੇ ਸੁਣ-ਸੁਣ ਖ਼ੁਸ਼ਫ਼ਹਿਮੀ ਵਿੱਚ ਰਿਹਾ ਹੈਂ। ਔਰੰਗਜ਼ੇਬ ! ਕੀ ਤੂੰ ਜਾਣਦਾ ਹੈਂ, ਹਕੂਮਤ ਦੀਆਂ ਨੀਂਹਾਂ ਕੌਣ ਪੱਕੀਆਂ ਕਰਦਾ ਹੈ ?

ਔਰੰਗਜ਼ੇਬ : ਹੁਕਮਰਾਨ ਦੇ ਮਜ਼ਬੂਤ ਹੱਥ ਔਰ ਪੁਖ਼ਤਾ ਇਰਾਦਾ।

ਅਵਾਜ਼ : ਨਹੀਂ ! ਤੂੰ ਭੁਲੇਖੇ ਵਿੱਚ ਰਿਹਾ ਹੈਂ। ਅਸ਼ੋਕ ਤੇ ਅਕਬਰ ਵਾਂਗ ਲੋਕਾਂ ਦੇ ਦਿਲਾਂ ਨੂੰ ਜਿੱਤਣ ਨਾਲ਼ ਰਾਜ ਦੀਆਂ ਨੀਂਹਾਂ ਪੱਕੀਆਂ ਹੁੰਦੀਆਂ ਹਨ। ਸਿੱਖ, ਮਰਾਠੇ, ਰਾਜਪੂਤ, ਸੰਤ, ਸਾਧੂ, ਸ਼ੀਆ, ਸੂਫ਼ੀ, ਕੁੱਲ ਹਿੰਦੂ ਜਾਤੀ ਤੇਰੀ ਹਕੂਮਤ ਤੋਂ ਦੁਖੀ ਹੈ।

ਔਰੰਗਜ਼ੇਬ : ਮੈਂ ਦੀਨ—ਈਮਾਨ ਨਾਲ਼ ਅਵਾਮ ਦੀ ਬਿਹਤਰੀ ਲਈ ਹਰ ਮੁਮਕਿਨ ਕੋਸ਼ਸ਼ ਕੀਤੀ ਹੈ।

ਅਵਾਜ਼ : ਸਿਰਫ਼ ਮੁੱਠੀ ਭਰ ਲੋਕਾਂ ਦੀ ਬਿਹਤਰੀ ਨੂੰ ਸਾਮ੍ਹਣੇ ਰੱਖਿਆ ਹੈ।

(ਔਰੰਗਜ਼ੇਬ ਮਾਨਸਿਕ ਧੱਕੇ ਨਾਲ਼ ਡਿਗਣ ਲੱਗਦਾ ਹੈ ਪਰ ਜ਼ੀਨਤ ਉਸ ਨੂੰ ਹੱਥਾਂ 'ਤੇ ਬੋਚਦੀ ਹੈ)।

ਜ਼ੀਨਤ : ਅੱਬਾ ਜਾਨ ! ਅੱਬਾ ਜਾਨ !!

ਔਰੰਗਜ਼ੇਬ : (ਇਕਦਮ ਆਪਣੇ—ਆਪ ਨੂੰ ਛੁਡਾ ਕੇ) ਮੈਨੂੰ ਨਾ ਮਾਰੋ ! ਦੁੱਖ ਔਰ ਗ਼ਮ ਨਾਲ਼ ਮੈਂ ਅੱਗੇ ਹੀ ਮਰਿਆ ਹੋਇਆ ਹਾਂ!

ਜ਼ੀਨਤ : (ਝੂਣ ਕੇ ਜਗਾਉਂਦੀ ਹੋਈ) ਅੱਬਾ ਜਾਨ ! ਮੈਂ ਹਾਂ, ਆਪ ਦੀ ਬੇਟੀ ਜ਼ੀਨਤ !

ਔਰੰਗਜ਼ੇਬ : ਮੈਨੂੰ ਮਾਰਨ ਦਾ ਤੈਨੂੰ ਕੀ ਫ਼ਾਇਦਾ ਹੋਵੇਗਾ ?

ਜ਼ੀਨਤ : ਅੱਬਾ ! ਹੋਸ਼ ਵਿੱਚ ਆਓ ! ਆਪ ਦੀ ਪਿਆਰੀ ਬੇਟੀ ਜ਼ੀਨਤ ਤੋਂ ਬਿਨਾਂ ਹੋਰ ਕੋਈ ਨਹੀਂ ਇੱਥੇ !

ਔਰੰਗਜ਼ੇਬ : (ਅੱਧ-ਹੋਸ਼ੀ ਵਿੱਚ) ਠੀਕ ਹੈ, ਤੂੰ ਕੋਈ ਬੇਟਾ ਹੈਂ ਜੋ ਮੇਰੇ ਖ਼ੂਨ ਦੀ ਪਿਆਸੀ ਹੋਵੇਂਗੀ !

ਜ਼ੀਨਤ : ਅੱਬਾ ! ਹਰ ਬੇਟੀ ਬਾਪ ਦਾ ਭਲਾ ਚਾਹੁੰਦੀ ਹੈ।

ਔਰੰਗਜ਼ੇਬ : (ਹੋਸ਼ ਵਿੱਚ ਆ ਕੇ) ਕੌਣ ? ਬੇਟੀ ਜ਼ੀਨਤ ? (ਸ਼ੱਕ ਨਾਲ਼ ਆਲ਼ੇ-ਦੁਆਲ਼ੇ ਦੇਖ ਕੇ) ਤੂੰ ਬਿਨਾਂ ਇਜਾਜ਼ਤ ਅੰਦਰ ਕਿਉਂ ਆਈ ਹੈਂ ?

ਜ਼ੀਨਤ : ਅੱਬਾ ਜਾਨ, ਤੁਹਾਡੀਆਂ ਚੀਕਾਂ ਸੁਣ ਕੇ ਮੈਂ ਰਹਿ ਨਾ ਸਕੀ।

ਔਰੰਗਜ਼ੇਬ : (ਕੁਝ ਯਾਦ ਕਰਦਾ ਹੋਇਆ) ਮੇਰੀਆਂ ਚੀਖ਼ਾਂ ?

ਜ਼ੀਨਤ : ਅੱਬਾ ਜਾਨ ! ਮੈਦਾਨੇ-ਜੰਗ ਵਿੱਚ ਵੀ ਤੁਸੀਂ ਨਮਾਜ਼ ਦਾ ਵਕਤ ਨਹੀਂ ਸੀ ਖੁੰਝਾਇਆ।

ਔਰੰਗਜ਼ੇਬ : ਕਿਆ ਫ਼ਜਰ ਦੀ ਨਮਾਜ਼ ਦਾ ਵਕਤ ਹੋ ਚੁੱਕਾ ਹੈ ? (ਯਾਦ ਕਰਕੇ—ਉਫ਼ ! ਬੇਟੀ ਜ਼ੀਨਤ, ਅੱਜ ਮੈਨੂੰ

ਨਿਹਾਇਤ ਖ਼ੌਫ਼ਨਾਕ ਖ਼ਾਬ ਆਇਆ ਹੈ। ਐਸੀ ਡਰਾਉਣੀ ਰਾਤ ! ਤੋਬਾ-ਤੋਬਾ! ਸਾਰੀ ਰਾਤ ਇੱਕ ਪਲ ਨਹੀਂ ਸੌਂ ਸਕਿਆ। ਯਾ ਮੇਰੇ ਮੌਲਾ ! ਰਹਿਮ ਕਰ !

ਜ਼ੀਨਤ : ਅੱਬਾ ਜਾਨ, ਤੁਸੀਂ ਜ਼ਿਆਦਾ ਫ਼ਿਕਰਮੰਦ ਰਹਿੰਦੇ ਹੋ। ਸੁਫਨਾ ਕਿਆ ਸੀ ?

ਔਰੰਗਜ਼ੇਬ : ਬੇਟੀ ਦੱਸਣ ਵਾਲੀ ਗੱਲ ਨਹੀਂ। ਪਹਿਲਾਂ ਮੈਨੂੰ ਮਸਜਦ ਤੱਕ ਲੈ ਚੱਲ। ਮੈਂ ਅਬਾਦਤ ਕਰ ਆਵਾਂ ਮਤੇ ਮੇਰੇ ਮਨ ਨੂੰ ਚੈਨ ਆਵੇ !

ਜ਼ੀਨਤ : (ਦਿਲੀ ਹਮਦਰਦੀ ਨਾਲ਼ ਹੱਥ ਫੜ ਕੇ) ਚੱਲੋ, ਅੱਬਾ ਜਾਨ!

ਔਰੰਗਜ਼ੇਬ : ਬੇਟੀ, ਹੋਰ ਵੀ ਕਿਸੇ ਨੂੰ ਮੇਰੀ ਹਾਲਤ ਦਾ ਪਤਾ ਲੱਗਾ ਹੈ ?

ਜ਼ੀਨਤ : (ਡਰਦੀ ਹੋਈ) ਅੰਮੀ ਬੇਗਮ ਨੇ ਹੀ ਮੈਨੂੰ ਜਗਾਇਆ ਸੀ। ਉਹਨਾਂ ਨੇ ਤਾਂ ਸ਼ਾਹੀ ਹਕੀਮ ਨੂੰ ਵੀ ਬੁਲਾ ਭੇਜਿਆ ਹੈ, ਸ਼ਾਇਦ......

ਔਰੰਗਜ਼ੇਬ : ਬੇਗਮ ਮੇਰੀ ਆਦਤ ਤੋਂ ਵਾਕਫ਼ ਹੈ, ਉਸ ਨੇ ਕਿਉਂ ਹਕੀਮ ਨੂੰ ਬੁਲਾਇਆ ?

ਜ਼ੀਨਤ : ਅੱਬਾ ਜਾਨ ! ਆਪ ਦੀ ਹਾਲਤ ਦੇਖ ਕੇ ਕੰਧਾਂ ਵੀ ਕੰਬ ਰਹੀਆਂ ਸਨ।

ਔਰੰਗਜ਼ੇਬ : ਮੈਂ ਖ਼ੁਦ ਵੀ ਜ਼ਿੰਦਗੀ ਵਿੱਚ ਇਤਨਾ ਕਦੇ ਨਹੀਂ ਡਰਿਆ। ਮੇਰਾ ਸਾਰਾ ਵਜੂਦ ਕੰਬ ਗਿਆ ਹੈ। ਛੇਤੀ ਚੱਲ !

(ਉਹਨਾਂ ਦੇ ਜਾਣ ਪਿੱਛੋਂ ਬਜ਼ੁਰਗ ਬੇਗਮ ਉਦੈਪੁਰੀ (ਔਰੰਗਜ਼ੇਬ ਦੀ ਇਤਾਲਵੀ ਤੀਜੀ ਬੀਵੀ, ਸ਼ਹਿਜ਼ਾਦਾ ਕਾਮਬਖ਼ਸ਼ ਦੀ ਮਾਂ, ਜਿਸ ਨੂੰ ਔਰੰਗਜ਼ੇਬ ਸਭ ਤੋਂ ਵੱਧ ਚਾਹੁੰਦਾ ਸੀ ਤੇ ਜਿਸ ਨੇ ਪਿਛਲੀ ਉਮਰ ਵਿੱਚ ਉਸ ਦੀ ਬਹੁਤ ਸੇਵਾ ਕੀਤੀ ਸੀ। ਡਰਦੀ-ਡਰਦੀ ਅੰਦਰ ਦਾਖ਼ਲ ਹੁੰਦੀ ਹੈ)।

ਬੇਗਮ ਊਦੈਪੁਰੀ : ਹਕੀਮ ਸਾਹਿਬ ! ਅੰਦਰ ਆ ਜਾਓ !

ਸ਼ਾਹੀ ਹਕੀਮ : (ਝੁਕ ਕੇ ਸਲਾਮ ਕਰਦਾ ਹੋਇਆ) ਆਦਾਬ ਅਰਜ਼ ਬੇਗਮ! ਸਾਹਿਬਾ ! (ਆਲ਼ੇ-ਦੁਆਲ਼ੇ ਦੇਖ ਕੇ) ਜਹਾਨਪਨਾਹ ਨਜ਼ਰ ਨਹੀਂ ਆ ਰਹੇ।

ਬੇਗਮ : ਨਮਾਜ਼ ਤੋਂ ਵਾਪਸ ਨਹੀਂ ਆਏ।

ਸ਼ਾਹੀ ਹਕੀਮ : ਬੇਗਮ ਸਾਹਿਬਾ, ਜ਼ਰਾ ਗ਼ੌਰ ਨਾਲ ਦੇਖੋ, ਸਭ ਚੀਜ਼ਾਂ ਖਿੰਡਰੀਆਂ ਹੋਈਆਂ ਹਨ।

ਬੇਗਮ : (ਕੁਝ ਚੁੱਕ ਕੇ) ਆਹ ਤਸਬੀਹ ਵੀ ਡਿਗੀ ਪਈ ਹੈ।

ਹਕੀਮ : ਸਾਫ਼ ਜ਼ਾਹਰ ਹੈ ! ਹਜ਼ੂਰ ਦੇ ਮਨ ਦੀ ਹਾਲਤ ਗ਼ੈਰਮਾਮੂਲੀ ਤੌਰ 'ਤੇ ਖ਼ਰਾਬ ਹੈ।

ਬੇਗਮ : ਖ਼ਾਨ ਬਹਾਦਰ ! ਆਪ ਵੀ ਆ ਗਏ ? ਤਸ਼ਰੀਫ਼ ਲੈ ਆਓ, ਅੰਦਰ।

ਅਸਦ ਖ਼ਾਨ : (ਝੁਕ ਕੇ) ਸਲਾਮ ! ਬੇਗਮ ਸਾਹਿਬਾ !

ਸ਼ਾਹੀ ਹਕੀਮ : ਆਦਾਬ ਅਰਜ਼, ਖ਼ਾਨ ਬਹਾਦਰ !

ਅਸਦ ਖ਼ਾਨ : (ਉਸ ਨੂੰ ਸਿਰ ਨਾਲ਼ ਜਵਾਬ ਦੇ ਕੇ) ਕਿਆ ਹੁਕਮ ਹੈ, ਬੇਗਮ ਸਾਹਿਬਾ ?

ਬੇਗਮ : ਜਹਾਨ ਪਨਾਹ ਅੱਜ ਨਿਹਾਇਤ ਪਰੇਸ਼ਾਨ ਹੈਂ। ਹਜ਼ੂਰ ਦੀ ਅਵਾਜ਼ ਸੁਣ ਕੇ ਮੈਂ ਬੇਟੀ ਜ਼ੀਨਤ ਨੂੰ ਜਗਾਇਆ। ਪਹਿਲਾਂ ਤਾਂ ਅਸੀਂ ਬਹੁਤ ਡਰੀਆਂ ਅਖੀਰ ਮੁਸ਼ਕਲ ਨਾਲ਼ ਬੇਟੀ ਨੂੰ ਕਮਰੇ ਅੰਦਰ ਜਾਣ ਲਈ ਮਜਬੂਰ ਕੀਤਾ।

ਅਸਦ ਖ਼ਾਨ : ਬੜੀ ਚਿੰਤਾ ਦੀ ਬਾਤ ਹੈ। ਜਹਾਨਪਨਾਹ ਤਾਂ ਨਿਹਾਇਤ ਪੁਖ਼ਤਾ ਇਰਾਦੇ ਦੇ ਮਾਲਕ ਹਨ। ਖ਼ੁਦਾਪ੍ਰਸਤ ਹੋਣ ਕਰਕੇ ਆਪ ਔਖੇ ਤੋਂ ਔਖੇ ਵਕਤ ਸਾਬਤ-ਕਦਮ ਰਹਿੰਦੇ ਹਨ।

ਸ਼ਾਹੀ ਹਕੀਮ : ਇਹ ਹੀ ਮੈਂ ਸੋਚ ਰਿਹਾ ਹਾਂ—ਐਨੇ ਮੁਸਤਕਿਲ-ਮਿਜਾਜ਼ ਕਮ ਇਨਸਾਨ ਹੈਂ।

(ਹਕੀਮ ਇਕਦਮ ਇਸ਼ਾਰਾ ਕਰਦਾ ਹੈ। ਸਾਰੇ ਸਹਿਮ ਜਾਂਦੇ ਹਨ ਅਤੇ ਅਦਬ ਨਾਲ਼ ਝੁਕਦੇ ਹਨ)।

ਔਰੰਗਜ਼ੇਬ : (ਸ਼ੱਕੀ ਨਜ਼ਰ ਨਾਲ਼ ਵੇਖਦਾ ਹੋਇਆ) ਕਿਆ ਸਾਜ਼ਸ਼ ਹੋ ਰਹੀ ਹੈ ?

ਬੇਗਮ : (ਡਰਦੀ ਹੋਈ) ਕੋਈ ਸਾਜ਼ਸ਼ ਨਹੀਂ, ਆਕਾ ! ਹਜ਼ੂਰ ਦੀ ਸਿਹਤ ਦੇ ਫ਼ਿਕਰ ਵਿੱਚ ਖੜ੍ਹੇ ਹਾਂ।

ਔਰੰਗਜ਼ੇਬ : (ਮੁਸਕਰਾਂਉਂਦਾ ਹੋਇਆ) ਤੂੰ ਕਿਤੇ ਕਾਮਬਖ਼ਸ਼ ਨੂੰ ਇਤਲਾਹ ਤਾਂ ਨਹੀਂ ਭੇਜ ਦਿੱਤੀ ?

ਬੇਗਮ : (ਕੰਨਾਂ ਨੂੰ ਹੱਥ ਲਾ ਕੇ) ਹਜ਼ੂਰ ਦੇ ਹੁਕਮ ਤੋਂ ਬਿਨਾਂ ਮੈਂ ਕਦੇ ਐਸਾ ਕਦਮ ਨਹੀਂ ਪੁੱਟ ਸਕਦੀ।

ਔਰੰਗਜ਼ੇਬ : ਅਸਦ ਖ਼ਾਨ ਨੂੰ ਕਿਸ ਨੇ ਬੇਵਕਤ ਤਕਲੀਫ਼ ਦਿੱਤੀ ਹੈ ?

ਅਸਦ ਖ਼ਾਨ : (ਝੁਕਦਾ ਹੋਇਆ) ਬੇਟੀ ਜ਼ੀਨਤ ਦਾ ਪੈਗ਼ਾਮ ਗਿਆ ਸੀ ਕਿ ਜਹਾਨਪਨਾਹ ਦੀ ਤਬੀਅਤ ਸਖ਼ਤ ਨਾਸਾਜ਼ ਹੈ।

ਔਰੰਗਜ਼ੇਬ : (ਜ਼ੀਨਤ ਵੱਲ ਪਿਆਰ ਨਾਲ਼ ਦੇਖਦਾ ਹੋਇਆ) ਮੇਰੀ ਬੇਟੀ ਨੂੰ ਜ਼ਰੂਰਤ ਤੋਂ ਜ਼ਿਆਦਾ ਮੇਰੀ ਫ਼ਿਕਰ ਰਹਿੰਦੀ ਹੈ। ਪਿਛਲੇ ਤੀਹ ਸਾਲਾਂ ਤੋਂ ਇਹ ਮੇਰੀ ਖ਼ਿਦਮਤ ਕਰ ਰਹੀ ਹੈ। ਖ਼ੁਦਾ ਹਰ ਬਸ਼ਰ ਨੂੰ ਐਸੀ ਨੇਕਬਖ਼ਤ ਬੇਟੀ ਦੇ।

ਬੇਗਮ : ਜਹਾਨਪਨਾਹ ਦੀ ਖ਼ਿਦਮਤ ਤੋਂ ਬਿਨਾਂ ਮੇਰੀ ਵੀ ਜ਼ਿੰਦਗੀ ਦਾ ਕੋਈ ਮਕਸਦ ਨਹੀਂ।

ਔਰੰਗਜ਼ੇਬ : (ਮੁਸਕਰਾਂਉਂਦਾ ਹੋਇਆ) ਬੇਗਮ ਊਦੈਪੁਰੀ ! ਤੂੰ ਆਪਣੀ ਜਗ੍ਹਾ ਹੈਂ, ਬੇਟੀ ਆਪਣੀ ਜਗ੍ਹਾ ਹੈ।

ਅਸਦ ਖ਼ਾਨ : (ਆਪਣੇ-ਆਪ ਨੂੰ ਫ਼ਾਲਤੂ ਸਮਝਦਾ ਹੋਇਆ) ਖ਼ਾਦਮ ਨੂੰ ਕਿਆ ਹੁਕਮ ਹੈ ?

ਔਰੰਗਜ਼ੇਬ : ਬੇਟੀ, ਖ਼ਾਨ ਬਹਾਦਰ ਨੂੰ ਤੂੰ ਬੜੀ ਤਕਲੀਫ਼ ਦਿੱਤੀ ਹੈ। ਜ਼ਰਾ ਠਹਿਰੋ, ਮੈਂ ਕੁਝ ਜ਼ਰੂਰੀ ਬਾਤ ਕਰਨੀ ਹੈ।

ਹਕੀਮ : ਜਹਾਨਪਨਾਹ ! ਹਜ਼ੂਰ ਦੇ ਚਿਹਰੇ ਤੇ ਅੱਖਾਂ ਦੀ ਅਲਾਮਤ ਚਿੰਤਾ ਭਰੀ ਹੈ। ਅਰਾਮ ਦੀ ਸਖ਼ਤ ਜ਼ਰੂਰਤ ਹੈ।

ਔਰੰਗਜ਼ੇਬ : ਤਿੰਨ ਘੰਟਿਆਂ ਤੋਂ ਜ਼ਿਆਦਾ ਮੈਂ ਕਈ ਸਾਲਾਂ ਤੋਂ ਨਹੀਂ ਸੁੱਤਾ ਪਰ ਅੱਜ ਤਾਂ ਨੀਂਦ ਹੀ ਹਰਾਮ ਹੋ ਗਈ ਹੈ।

ਹਕੀਮ : ਇਸ ਹਾਲਤ ਵਿੱਚ ਨੀਂਦ ਅਜ਼ਹਦ ਜ਼ਰੂਰੀ ਹੈ ਕਿਉਂਕਿ ਇਸ ਦਾ ਜ਼ਿਹਨ ਨਾਲ਼ ਤਅੱਲੁਕ ਹੈ।

ਔਰੰਗਜ਼ੇਬ : ਨੀਂਦ ਲਿਆਉਣ ਵਾਲੀ ਕੋਈ ਅੱਛੀ ਦਵਾ ਹੈ, ਤੇਰੇ ਪਾਸ ?

ਹਕੀਮ : ਨਿਹਾਇਤ ਅੱਛੀ, ਜਹਾਨਪਨਾਹ।

ਔਰੰਗਜ਼ੇਬ : (ਮੁਸਕਰਾਂਉਂਦਾ ਹੋਇਆ) ਹਮੇਸ਼ਾਂ ਦੀ ਨੀਂਦ ਸੁਲਾਉਣ ਵਾਲੀ ਤਾਂ ਨਹੀਂ ?

ਹਕੀਮ : ਜਹਾਨਪਨਾਹ ਦੇ ਇਕਬਾਲ ਨਾਲ਼ ਸਾਰਾ ਹਿੰਦੁਸਤਾਨ ਸੁੱਖ ਦਾ ਸਾਹ ਲੈ ਰਿਹਾ ਹੈ।

ਔਰੰਗਜ਼ੇਬ : ਤੇਰੀਆਂ ਗੱਲਾਂ ਵਾਂਗ ਤੇਰੀ ਦਵਾ ਵੀ ਝੂਠੀ ਹੀ ਹੋਵੇਗੀ। ਦਿਖਾ ਕਿਹੜੀ ਦਵਾ ਹੈ ?

ਹਕੀਮ : ਜਹਾਨਪਨਾਹ ਦੀ ਜ਼ਿਹਨੀ ਪਰੇਸ਼ਾਨੀ ਲਈ ਬਹੁਤ ਮੁਫ਼ੀਦ ਰਹੇਗੀ।

ਔਰੰਗਜ਼ੇਬ : (ਚੰਗੀ ਤਰ੍ਹਾਂ ਦੇਖ ਕੇ) ਇਸ ਨੂੰ ਪਹਿਲਾਂ ਮੇਰੇ ਸਾਮ੍ਹਣੇ ਚੱਖ ਕੇ ਦਿਖਾ।

ਹਕੀਮ : ਸੌ ਵਾਰੀ, ਜਹਾਨਪਨਾਹ! ਇਹ ਤਾਂ ਜ਼ਿਹਨੀ ਕੁੱਵਤ ਲਈ ਅਕਸੀਰ ਹੈ। ਹਜ਼ੂਰ ਦੇ ਦਿਮਾਗ਼ ਨੂੰ ਘੜੀ-ਪਲ ਵਿੱਚ ਅਰਾਮ ਮਹਿਸੂਸ ਹੋਣ ਲੱਗ ਜਾਵੇਗਾ।

ਔਰੰਗਜ਼ੇਬ : ਬੇਟੀ ! ਆਹ ਦਵਾ ਰੱਖ ਲੈ। ਮੈਂ ਠਹਿਰ ਕੇ ਖਾਵਾਂਗਾ। ਤਸ਼ਰੀਫ਼ ਲਿਜਾ ਸਕਦੇ ਹੋ।

ਹਕੀਮ : (ਝੁਕ ਕੇ) ਜੋ ਹੁਕਮ, ਜਹਾਨਪਨਾਹ !

ਔਰੰਗਜ਼ੇਬ : (ਬੇਗਮ ਨੂੰ) ਆਪ ਦੀ ਸਿਹਤ ਵੀ ਠੀਕ ਨਹੀਂ, ਜਾਓ ਅਰਾਮ ਕਰੋ।

ਬੇਗਮ : (ਅਪਮਾਨ ਅਨੁਭਵ ਕਰਦੀ ਹੋਈ) ਜੋ ਹੁਕਮ, ਜਹਾਨਪਨਾਹ।

ਔਰੰਗਜ਼ੇਬ : ਬੇਟੀ ਜ਼ੀਨਤ ! ਥੋੜ੍ਹਾ ਜਿਹਾ ਗਰਮ ਪਾਣੀ ਮੰਗਵਾ।

ਜ਼ੀਨਤ : (ਉਸ ਦਾ ਭਾਵ ਸਮਝਦੀ ਹੋਈ) ਅੱਬਾ ਜਾਨ, ਮੈਂ ਆਪ ਲੈ ਕੇ ਆਉਂਦੀ ਹਾਂ।
(ਔਰੰਗਜ਼ੇਬ ਕੁਝ ਚਿਰ ਦਰਵਾਜ਼ੇ ਵੱਲ ਦੇਖਦਾ ਰਹਿੰਦਾ ਹੈ।)

ਔਰੰਗਜ਼ੇਬ : ਅਸਦ ਖ਼ਾਨ ! ਤੂੰ ਮੇਰਾ ਆਹਲਾ ਅਹਿਲਕਾਰ ਹੀ ਨਹੀਂ, ਦਿਲੀ ਦੋਸਤ ਵੀ ਹੈਂ। ਬੇਸ਼ੱਕ ਕਈ ਰਾਜ਼ ਮੈਂ

ਤੇਰੇ ਪਾਸੋਂ ਵੀ ਲੁਕਾ ਕੇ ਰੱਖਦਾ ਹਾਂ ਪਰ ਅੱਜ ਆਪਣੇ ਦਿਲ ਦਾ ਭੇਤ ਤੇਰੇ ਸਾਮ੍ਹਣੇ ਜ਼ਾਹਰ ਕਰਦਾ ਹਾਂ।

ਅਸਦ ਖ਼ਾਨ : ਹਜ਼ੂਰ ਦੀ ਜ਼ੱਰਾਨਵਾਜ਼ੀ ਹੈ।

ਔਰੰਗਜ਼ੇਬ : ਮੈਂ ਆਪਣੀ ਕਮਜ਼ੋਰੀ ਕਿਸੇ ਸਾਮ੍ਹਣੇ ਜ਼ਾਹਰ ਨਹੀਂ ਕਰਨੀ ਚਾਹੁੰਦਾ। ਤੇਰੇ ਉੱਤੇ ਮੈਨੂੰ ਮੁਕੰਮਲ ਭਰੋਸਾ ਹੈ। ਤੂੰ ਮੈਨੂੰ ਜ਼ਰੂਰ ਸਹੀ ਮਸ਼ਵਰਾ ਦੇਵੇਂਗਾ।

ਅਸਦ ਖ਼ਾਨ : ਜਹਾਨਪਨਾਹ, ਜਲਦੀ ਆਪਣੇ ਦਿਮਾਗ਼ ਦਾ ਭਾਰ ਹੌਲ਼ਾ ਕਰੋ।

ਔਰੰਗਜ਼ੇਬ : ਦੋਸਤ ! ਸੱਚ ਤਾਂ ਇਹ ਹੈ ਕਿ ਜ਼ਿੰਦਗੀ ਭਰ ਮੈਂ ਇਤਨਾ ਪਰੇਸ਼ਾਨ ਨਹੀਂ ਹੋਇਆ ਜਿਤਨਾ ਇੱਕ ਰਾਤ ਵਿੱਚ। ਨਾ ਹੀ ਅੱਜ ਤੱਕ ਕਿਸੇ ਨੇ ਮੇਰੀ ਜ਼ਮੀਰ ਨੂੰ ਇਤਨਾ ਝੰਜੋੜਿਆ ਹੈ।

ਅਸਦ ਖ਼ਾਨ : (ਉਤਸੁਕਤਾ ਨਾਲ਼) ਹਜ਼ੂਰ ! ਕੱਲ੍ਹ ਅਜਿਹਾ ਕਿਹੜਾ ਵਾਕਿਆ ਹੋਇਆ ਹੈ ?

ਔਰੰਗਜ਼ੇਬ : ਕੱਲ੍ਹ ਪੰਜਾਬ ਤੋਂ ਦਯਾ ਸਿੰਘ ਨਾਂ ਦਾ ਇੱਕ ਸਿੱਖ ਆਪਣੇ ਪੀਰ ਗੋਬਿੰਦ ਸਿੰਘ ਦਾ ਖ਼ਤ ਲੈ ਕੇ ਮਿਲ਼ਿਆ ਹੈ।

ਅਸਦ ਖ਼ਾਨ : ਇਹ ਤਾਂ ਮੈਂ ਵੀ ਸੁਣਿਆ ਹੈ।

ਔਰੰਗਜ਼ੇਬ : (ਸ਼ੱਕ ਨਾਲ਼) ਕਿਆ ਤੂੰ ਉਸ ਖ਼ਤ ਦੇ ਮਜ਼ਮੂਨ ਬਾਰੇ ਵੀ ਕੁਛ ਸੁਣਿਆ ਹੈ ?

ਅਸਦ ਖ਼ਾਨ : (ਡਰ ਕੇ) ਨਹੀਂ, ਜਹਾਨਪਨਾਹ ! ਬੱਸ, ਇਹੋ ਸੁਣਿਆ ਸੀ ਕਿ ਉਸ ਸਿੰਘ ਨੂੰ ਕਈ ਮਹੀਨੇ ਇੰਤਜ਼ਾਰ ਕਰਨੀ ਪਈ, ਮੁਲਾਕਾਤ ਲਈ।

ਔਰੰਗਜ਼ੇਬ : ਕਿਉਂਕਿ ਉਹ ਆਪਣੇ ਹੱਥਾਂ ਨਾਲ਼ ਖ਼ਤ ਮੈਨੂੰ ਦੇਣਾ ਚਾਹੁੰਦਾ ਸੀ।

ਅਸਦ ਖ਼ਾਨ : ਫੇਰ ਤਾਂ ਹਜ਼ੂਰ ਖ਼ਾਸ ਪੈਗ਼ਾਮ ਹੋਵੇਗਾ।

ਔਰੰਗਜ਼ੇਬ : ਹਾਂ, ਖ਼ਾਸ ਉਲ ਖ਼ਾਸ—ਇੱਕ ਜ਼ਫ਼ਰਨਾਮਾ।

ਅਸਦ ਖ਼ਾਨ : ਜਹਾਨ ਪਨਾਹ ! ਉਸ ਖ਼ਤ ਵਿੱਚ ਐਸੀ ਕਿਹੜੀ ਗੱਲ ਹੈ ਜੋ ਹਜ਼ੂਰ ਦੇ ਦਿਮਾਗ਼ ਨੂੰ ਇਤਨਾ ਪਰੇਸ਼ਾਨ ਕਰ ਰਹੀ ਹੈ ?

ਔਰੰਗਜ਼ੇਬ : ਉਸ ਵਿੱਚ ਸਿੱਖਾਂ ਦੇ ਪੀਰ ਨੇ ਐਸੀ ਬੇਬਾਕੀ ਨਾਲ਼ ਮੈਨੂੰ ਲਾਹਨਤਾਂ ਪਾਈਆਂ ਹਨ ਕਿ ਮੇਰੀ ਜ਼ਮੀਰ ਥਰਥਰਾ ਗਈ ਹੈ, ਮੇਰਾ ਵਜੂਦ ਪਿੰਜਿਆ ਗਿਆ ਹੈ। ਪਤਾ ਨਹੀਂ ਉਸ ਦਾ ਜ਼ਿਹਨ ਉੱਤੇ ਕਿਆ ਅਸਰ ਹੋਇਆ, ਸਾਰੀ ਰਾਤ ਇੱਕ ਪਲ ਨੀਂਦ ਨਹੀਂ ਆਈ। ਸਵੇਰਸਾਰ ਜ਼ਰਾ ਅੱਖ ਲੱਗੀ ਤਾਂ ਐਸਾ ਖ਼ੌਫ਼ਨਾਕ ਖ਼ਾਬ ਆਇਆ ਜੋ ਬਿਆਨੋਂ ਬਾਹਰ ਹੈ।

ਅਸਦ ਖ਼ਾਨ : ਅੱਲਾਹ ਦੇ ਆਸ਼ਕਾਂ ਨੂੰ ਕਿਸੇ ਦਾ ਡਰ-ਭੈ ਨਹੀਂ ਹੁੰਦਾ। ਖਰੀਆਂ-ਖਰੀਆਂ ਲਿਖ ਦਿੱਤੀਆਂ ਹੋਣਗੀਆਂ, ਜੋ ਹਜ਼ੂਰ ਦੀ ਜ਼ਮੀਰ ਨੂੰ ਟੁੰਬ ਰਹੀਆਂ ਹਨ।

ਔਰੰਗਜ਼ੇਬ : ਦੋਸਤ ! ਸੱਚ ਜਾਣ, ਅੱਜ ਤੱਕ ਕਿਸੇ ਨੇ ਮੇਰੇ ਅਕੀਦੇ ਔਰ ਅਮਲਾਂ ਦੀ ਐਸੀ ਨਿਖੇਧੀ ਨਹੀਂ ਕੀਤੀ। ਉਸ ਦੇ ਜ਼ਫ਼ਰਨਾਮੇ ਨੇ ਮੇਰੇ ਇਨਸਾਨੀ ਜਜ਼ਬੇ ਨੂੰ ਹਲੂਣ ਦਿੱਤਾ ਹੈ।

ਅਸਦ ਖ਼ਾਨ : ਇਹ ਤਾਂ ਸਭ ਮੰਨਦੇ ਹਨ ਕਿ ਉਹ ਅਜ਼ਮਤ ਵਾਲ਼ਾ ਪੀਰ ਹੈ। ਹਜ਼ੂਰ ਨੂੰ ਯਾਦ ਹੋਵੇਗਾ ਕਿ ਫ਼ੌਜਦਾਰ ਸੈਦ ਖ਼ਾਂ ਤੇ ਰਮਜ਼ਾਨ ਖ਼ਾਂ ਉਸ ਪੀਰ ਨਾਲ਼ ਜਾ ਰਲ਼ੇ ਸਨ। ਜਹਾਨ ਪਨਾਹ ! ਮੈਂ ਸਮਝ ਨਹੀਂ ਸਕਿਆ ਇਸ ਵਿੱਚ ਦਿਲ 'ਤੇ ਲਾਉਣ ਵਾਲ਼ੀ ਕਿਹੜੀ ਗੱਲ ਹੈ ?

ਔਰੰਗਜ਼ੇਬ : ਵਜ਼ੀਰ ਖ਼ਾਂ ਨੇ ਮੇਰੇ ਨਾਂ 'ਤੇ ਪਹਿਲਾਂ ਕੁਰਾਨ ਸ਼ਰੀਫ਼ ਦੀਆਂ ਕਸਮਾਂ ਖਾਧੀਆਂ, ਫੇਰ ਉਸ ਪੀਰ ਨੂੰ ਅਨੰਦਪੁਰ ਛੱਡਣ ਲਈ ਮਜਬੂਰ ਕੀਤਾ, ਪਿੱਛੋਂ ਧੋਖੇ ਨਾਲ਼ ਹਮਲਾ ਕਰ ਦਿੱਤਾ, ਔਰ ਲੜਾਈ ਵਿੱਚ ਉਸ ਦੇ ਬੇਟੇ ਮਾਰੇ ਗਏ।

ਅਸਦ ਖ਼ਾਨ : (ਦਿਲੋਂ ਦੁੱਖ ਮਹਿਸੂਸ ਕਰਕੇ) ਬਹੁਤ ਬੁਰੀ ਖ਼ਬਰ ਹੈ। ਫ਼ਕੀਰਾਂ ਦੀ ਬਦਦੁਆ ਤੋਂ ਖ਼ੁਦਾ ਬਚਾਏ।

ਔਰੰਗਜ਼ੇਬ : (ਅੰਤਰੀਵ ਡਰ ਅਧੀਨ) ਬੇਸ਼ੱਕ ਮੈਂ ਉਸ ਦੇ ਬਾਪ ਤੇਗ਼ ਬਹਾਦਰ ਦੇ ਕਤਲ ਦਾ ਹੁਕਮ ਦਿੱਤਾ ਸੀ, ਮਗਰ ਉਹ ਮੁਲਕੀ ਮਾਮਲਾ ਸੀ ਪਰ ਵਜ਼ੀਰ ਖ਼ਾਨ ਨੇ ਮੇਰਾ ਨਾਂ ਬਦਨਾਮ ਕੀਤਾ ਹੈ ਔਰ ਇਸਲਾਮ ਦੀ ਤੌਹੀਨ ਕੀਤੀ ਹੈ, ਦੱਸ ਉਸ ਨੂੰ ਕਿਆ ਸਜ਼ਾ ਦਿੱਤੀ ਜਾਵੇ ?

ਅਸਦ ਖ਼ਾਨ : ਡੂੰਘੀ ਸੋਚ ਵਾਲੀ ਬਾਤ ਹੈ, ਜਹਾਨਪਨਾਹ ! ਅੱਗੇ ਗੋਲਕੁੰਡਾ ਤੇ ਬੀਜਾਪੁਰ ਫ਼ਤਿਹ ਕਰਕੇ ਅਸੀਂ ਮਰਾਠਿਆਂ ਦਾ ਰਸਤਾ ਸਾਫ਼ ਕਰ ਦਿੱਤਾ ਹੈ। ਇਸ ਵਕਤ ਮੁਲਕ ਦੀ ਹਾਲਤ ਬਹੁਤ ਨਾਜ਼ਕ ਹੈ। ਆਖ਼ਰ ਪੰਜਾਬ ਵਿੱਚ ਵਜ਼ੀਰ ਖ਼ਾਨ ਨੇ ਸਿੱਖਾਂ ਨੂੰ ਕਾਬੂ ਵਿੱਚ ਰੱਖਿਆ ਹੋਇਆ ਹੈ।

ਔਰੰਗਜ਼ੇਬ : ਸਭ ਪਹਿਲੂ ਮੈਂ ਅੱਛੀ ਤਰ੍ਹਾਂ ਸੋਚੇ ਹਨ। ਮੈਨੂੰ ਕੋਈ ਠੀਕ ਰਾਹ ਨਜ਼ਰ ਨਹੀਂ ਆਉਂਦਾ।

ਅਸਦ ਖ਼ਾਨ : ਮੇਰਾ ਖ਼ਿਆਲ ਹੈ ਕਿ ਗੁਰੂ ਨੂੰ ਬਾਇੱਜ਼ਤ ਇੱਥੇ ਬੁਲਾਇਆ ਜਾਏ, ਉਹਨਾਂ ਦੀ ਤਸੱਲੀ ਕਰਕੇ ਸੁਲਾਹ ਕਰ ਲਈ ਜਾਏ।

ਔਰੰਗਜ਼ੇਬ : ਅੱਗੇ ਦੋ ਦਫ਼ਾ ਮੈਂ ਪੈਗ਼ਾਮ ਭੇਜ ਚੁੱਕਾ ਹਾਂ। ਹੁਣ ਉਹ ਪੀਰ ਕਿਸੇ ਹਾਲਤ ਵਿੱਚ ਸਾਡੀ ਕਿਸੇ ਗੱਲ 'ਤੇ ਯਕੀਨ ਨਹੀਂ ਕਰੇਗਾ।

ਅਸਦ ਖ਼ਾਨ : ਉਸ ਨੇ ਜ਼ਫ਼ਰਨਾਮੇ ਦੇ ਅਖੀਰ 'ਤੇ ਕਿਆ ਲਿਖਿਆ ਹੈ ?

ਔਰੰਗਜ਼ੇਬ : ਮੈਨੂੰ ਮਾਲਵੇ ਦੇ ਕਾਂਗੜ ਨਗਰ ਵਿੱਚ ਮਿਲਣ ਦਾ ਪੈਗ਼ਾਮ ਘੱਲਿਆ ਹੈ।

ਅਸਦ ਖ਼ਾਨ : ਇਸ ਵਕਤ ਦੱਖਣ ਵਿੱਚ ਸਾਡੀ ਹਾਲਤ ਇਤਨੀ ਖ਼ਰਾਬ ਹੈ ਕਿ ਹਜ਼ੂਰ ਇੱਕ ਦਿਨ ਲਈ ਵੀ ਐਧਰ-ਓਧਰ ਨਹੀਂ ਜਾ ਸਕਦੇ।

ਔਰੰਗਜ਼ੇਬ : ਤਾਂ ਫਿਰ ਕਿਆ ਢੰਗ ਵਰਤਿਆ ਜਾਵੇ !

ਅਸਦ ਖ਼ਾਨ : ਹਜ਼ੂਰ, ਆਪਣੇ ਹੱਥੀਂ ਖ਼ਤ ਲਿਖ ਕੇ ਇਤਬਾਰਯੋਗ ਕਾਸਦ ਹੱਥ ਭੇਜੋ।

ਔਰੰਗਜ਼ੇਬ : (ਜਿਵੇਂ ਕੋਈ ਗੱਲ ਜਚ ਗਈ ਹੁੰਦੀ ਹੈ) ਮੇਰਾ ਵੀ ਇਹੋ ਖ਼ਿਆਲ ਹੈ। ਖ਼ਾਸ ਕਾਸਦ ਨੂੰ ਭੇਜ ਕੇ ਗੁਰੂ ਨੂੰ ਸੁਲ੍ਹਾ-ਸਫ਼ਾਈ ਲਈ ਇੱਥੇ ਬੁਲਾਂਦਾ ਹਾਂ। ਉਹਨਾਂ ਦੀ ਹਿਫ਼ਾਜ਼ਤ ਦਾ ਖ਼ਾਤਰ-ਖ਼ਵਾਹ ਇੰਤਜ਼ਾਮ ਕਰਦਾ ਹਾਂ। ਜਾਓ, ਮੀਰ ਮੁਨਸ਼ੀ ਔਰ ਦਯਾ ਸਿੰਘ ਨੂੰ ਦਰਬਾਰੇ-ਖ਼ਾਸ ਵਿੱਚ ਹਾਜ਼ਰ ਕਰੋ। ਮੈਂ ਤਿਆਰ ਹੋ ਕੇ ਜਲਦੀ ਆਉਂਦਾ ਹਾਂ।

ਅਸਦ ਖ਼ਾਨ : ਜੋ ਹੁਕਮ, ਜਹਾਨਪਨਾਹ !

ਔਰੰਗਜ਼ੇਬ : ਦੇਖੋ, ਕਿਸੇ ਨਾਲ਼ ਬਾਤ ਨਹੀਂ ਕਰਨੀ !

ਅਸਦ ਖ਼ਾਨ : ਹਰਗਿਜ਼ ਨਹੀਂ, ਜਹਾਨਪਨਾਹ।

(ਸਿਰ ਝੁਕਾ ਕੇ ਜਾਂਦਾ ਹੈ। ਔਰੰਗਜ਼ੇਬ ਬੇਚੈਨ ਕਮਰੇ ਅੰਦਰ ਘੁੰਮਦਾ ਹੈ। ਫੇਰ ਮਾਲਾ ਫੇਰਨ ਲੱਗ ਜਾਂਦਾ ਹੈ। ਜਦੋਂ ਮਨ ਨੂੰ ਫਿਰ ਵੀ ਟਿਕਾਅ ਨਹੀਂ ਮਿਲ਼ਦਾ ਤਾਂ ਜ਼ਫ਼ਰਨਾਮਾ ਲੈ ਕੇ ਉੱਚੀ-ਉੱਚੀ ਪੜ੍ਹਦਾ ਹੈ।)

ਅਵਾਜ਼ : ਐ ਖ਼ੁਦਾ, ਤੂੰ ਅਲੌਕਿਕ ਤਾਕਤ ਦਾ ਸਿਖਰ, ਹਮੇਸ਼ਾਂ ਰਹਿਣ ਵਾਲਾ, ਮਿਹਰਬਾਨ ਹੈਂ। ਤੂੰ ਖ਼ੁਸ਼ੀਆਂ ਦੇਣ ਵਾਲ਼ਾ, ਰਾਜ਼ਕ, ਮੁਕਤੀ-ਦਾਤਾ ਔਰ ਰਹਿਮ ਕਰਨ ਵਾਲ਼ਾ ਹੈਂ। ਮੈਂ ਹੁਣ ਤੇਰੀ ਕੁਰਾਨ ਦੀ ਕਸਮ ਦਾ ਕਿਆ ਇਤਬਾਰ ਕਰਾਂ ? ਵਰਨਾ ਤੂੰ ਹੀ ਦੱਸ, ਮੇਰਾ ਲੜਾਈ-ਝਿੜਾਈ ਨਾਲ਼ ਕਿਆ ਵਾਸਤਾ ਹੈ ? ਮੈਨੂੰ ਇਹ ਪਤਾ ਨਹੀਂ ਸੀ ਕਿ ਇਕਰਾਰ ਤੋੜਨ ਵਾਲਾ ਔਰੰਗਜ਼ੇਬ ਧਨ-ਦੌਲਤ ਦਾ ਮੁਰੀਦ ਹੈ, ਧਰਮ-ਇਮਾਨ ਨੂੰ ਪਰੇ ਸੁੱਟ ਦੇਣ ਵਾਲਾ ਹੈ ਔਰੰਗਜ਼ੇਬ, ਨਾ ਤੂੰ ਦੀਨ-ਇਮਾਨ ਉੱਤੇ ਕਾਇਮ ਹੈਂ, ਨਾ ਹੀ ਤੂੰ ਸ਼ਰ੍ਹਾ-ਸ਼ਰੀਅਤ ਦਾ ਪਾਬੰਦ ਹੈਂ। ਨਾ ਤੈਨੂੰ ਰੱਬ ਦੀ ਪਛਾਣ ਹੈ ਅਤੇ ਨਾ ਹੀ ਤੇਰਾ ਹਜ਼ਰਤ ਮੁਹੰਮਦ ਉੱਤੇ ਯਕੀਨ ਹੈ। ਕੀ ਹੋਇਆ ਜੇ ਮੇਰੇ ਚਾਰ ਬੇਟੇ ਮਾਰੇ ਗਏ ਹਨ। ਅਜੇ ਤਾਂ ਕੁੰਡਲੀਦਾਰ ਖ਼ਾਲਸਾ ਬਾਕੀ ਹੈ।

(ਜ਼ੀਨਤ ਬੇਟੀ ਨੂੰ ਆਉਂਦੀ ਦੇਖ ਕੇ ਇਕਦਮ ਚੁੱਪ ਹੋ ਜਾਂਦਾ ਹੈ ਅਤੇ ਜ਼ਫ਼ਰਨਾਮਾ ਲੁਕਾ ਲੈਂਦਾ ਹੈ।)

ਜ਼ੀਨਤ : ਅੱਬਾ ਜਾਨ, ਮੈਂ ਕਈ ਸਾਲਾਂ ਤੋਂ ਆਪ ਦੀ ਦਿਲੋਂ ਖ਼ਿਦਮਤ ਕਰ ਰਹੀ ਹਾਂ ਪਰ ਅਫ਼ਸੋਸ ਮੈਂ ਆਪ ਦਾ ਯਕੀਨ ਹਾਸਲ ਨਹੀਂ ਕਰ ਸਕੀ।

ਔਰੰਗਜ਼ੇਬ : ਬੇਟੀ ! ਤੂੰ ਗ਼ਲਤ ਸਮਝ ਰਹੀ ਹੈਂ। ਮੈਨੂੰ ਆਪਣੇ ਆਪ 'ਤੇ ਵੀ ਯਕੀਨ ਨਹੀਂ ਰਿਹਾ।

ਜ਼ੀਨਤ : ਅੱਬਾ ਜਾਨ ! ਆਪ ਮੇਰੇ ਪਾਸੋਂ ਕੋਈ ਭੇਦ ਛੁਪਾ ਰਹੇ ਹੋ ਜੋ ਆਪ ਦੇ ਮਨ ਨੂੰ ਪਰੇਸ਼ਾਨ ਕਰ ਰਿਹਾ ਹੈ।

ਔਰੰਗਜ਼ੇਬ : ਬੇਟੀ ! ਤੂੰ ਇਹਨਾਂ ਬਾਤਾਂ ਵਿੱਚ ਨਾ ਹੀ ਪਵੇਂ ਤਾਂ ਅੱਛਾ ਹੈ !

ਜ਼ੀਨਤ : ਜਹਾਨਪਨਾਹ, ਹੋਰ ਕਿਸੇ ਚੀਜ਼ ਦੀ ਜ਼ਰੂਰਤ ਹੈ ਤਾਂ ਫ਼ਰਮਾਓ!

ਔਰੰਗਜ਼ੇਬ : ਬੇਟੀ ! ਠਹਿਰ ਤੂੰ ਨਰਾਜ਼ ਹੋ ਗਈ ਹੈਂ। ਸਾਰੀ ਦੁਨੀਆ ਹੀ ਮੇਰੇ ਕੋਲੋਂ ਤੰਗ ਹੈ।

ਜ਼ੀਨਤ : ਅੱਬਾ ਜਾਨ, ਮੈਨੂੰ ਦੁੱਖ ਹੈ ਕਿ ਤੁਸੀਂ ਮੇਰੇ ਉੱਤੇ ਇਤਬਾਰ ਨਹੀਂ ਕਰ ਰਹੇ।

ਔਰੰਗਜ਼ੇਬ : ਬੇਟੀ ! ਸੱਚ ਜਾਣਨਾ ਚਾਹੁੰਦੀ ਹੈਂ ?

ਜ਼ੀਨਤ : ਤੁਹਾਡੀ ਭਲਾਈ ਖ਼ਾਤਰ, ਅੱਬਾ ਜਾਨ !

ਔਰੰਗਜ਼ੇਬ : ਇਹ ਭੇਦ ਦੱਸਦਿਆਂ ਮੈਨੂੰ ਡਰ ਲੱਗ ਰਿਹਾ ਹੈ। ਮੇਰੀ ਬੇਟੀ ਮੈਨੂੰ ਨਿਹਾਇਤ ਘਟੀਆ ਇਨਸਾਨ ਖ਼ਿਆਲ ਕਰਨ ਲੱਗ ਜਾਏਗੀ। ਅੱਗੇ ਉਹ ਮੇਰੀਆਂ ਬੁਰੀਆਂ ਆਦਤਾਂ ਤੋਂ ਅੱਛੀ ਤਰ੍ਹਾਂ ਵਾਕਫ਼ ਹੈ।

ਜ਼ੀਨਤ : ਅੱਬਾ ਜਾਨ ! ਇਹ ਕਿਸੇ ਹਾਲਤ ਵਿੱਚ ਨਹੀਂ ਹੋ ਸਕਦਾ। ਮੈਂ ਸਮਝਦੀ ਹਾਂ, ਆਪ ਵਿੱਚ ਆਹਲਾ ਇਨਸਾਨ ਵਾਲ਼ੀਆਂ ਬਹੁਤ ਖ਼ੂਬੀਆਂ ਹਨ। ਕਮੀਆਂ ਕਿਸ ਇਨਸਾਨ ਵਿੱਚ ਨਹੀਂ ਹੁੰਦੀਆਂ। ਮੈਂ ਫ਼ੌਰਨ ਜਾਣਨਾ ਚਾਹੁੰਦੀ ਹਾਂ, ਕਿਹੜਾ ਭੇਤ ਰਾਤ ਦਾ ਤੁਹਾਡੇ ਦਿਮਾਗ ਨੂੰ ਪਰੇਸ਼ਾਨ ਕਰ ਰਿਹਾ ਹੈ।

ਔਰੰਗਜ਼ੇਬ : ਬੇਟੀ ! ਗੁਰੂ ਗੋਬਿੰਦ ਸਿੰਘ ਦਾ ਪੰਜਾਬ ਤੋਂ ਆਹ ਦੂਜਾ ਖ਼ਤ ਆਇਆ ਹੈ।

ਜ਼ੀਨਤ : ਤੁਸੀਂ ਪਹਿਲਾ ਵੀ ਮੇਰੇ ਪਾਸੋਂ ਛੁਪਾਈ ਰੱਖਿਆ ਹੈ।

ਔਰੰਗਜ਼ੇਬ : ਕਿਉਂਕਿ ਤੂੰ ਤੇ ਮੁਅੱਜ਼ਮ ਹਮੇਸ਼ਾਂ ਗੁਰੂ ਦੇ ਹੱਕ ਵਿੱਚ ਬੋਲਦੇ ਰਹੇ ਹੋ, ਸ਼ਾਇਦ ਨੰਦ ਲਾਲ ਗੋਯਾ ਦੇ ਅਸਰ ਕਰਕੇ।

ਜ਼ੀਨਤ : ਇਸ ਖ਼ਤ ਵਿੱਚ ਐਸੀ ਕਿਹੜੀ ਬਾਤ ਹੈ ਜੋ ਮੇਰੇ ਅੱਬਾ ਦੀ ਜ਼ਮੀਰ ਨੂੰ ਹਲੂਣ ਗਈ ਹੈ ?

ਔਰੰਗਜ਼ੇਬ : ਉਸ ਪੀਰ ਨਾਲ਼ ਮੇਰੇ ਹੱਥੋਂ ਸਖ਼ਤ ਧੋਖਾ ਹੋਇਆ ਹੈ। ਬਾਬਰ ਨੇ ਬਾਬਾ ਨਾਨਕ ਅੱਗੇ ਸਿਰ ਝੁਕਾਇਆ ਸੀ ਪਰ ਮੈਂ ਉਸ ਗੁਰੂ ਘਰ ਨਾਲ਼ ਮੱਥਾ ਲਾਇਆ ਹੈ।

ਜ਼ੀਨਤ : ਗੁਰੂ ਤੇਗ਼ ਬਹਾਦਰ ਦੀ ਸ਼ਹੀਦੀ ਵੱਲ ਇਸ਼ਾਰਾ ਕਰ ਰਹੇ ਹੋ ?

ਔਰੰਗਜ਼ੇਬ : ਨਹੀਂ। ਇਸ ਖ਼ਤ ਦਾ ਨਾਂ ਹੈ 'ਜ਼ਫ਼ਰਨਾਮਾ'। ਯਕੀਨਨ ਗੁਰੂ ਦੀ ਫ਼ਤਿਔਰ ਮੇਰੀ ਸ਼ਿਕਸਤ ਹੋਈ ਹੈ।

ਜ਼ੀਨਤ : (ਕਾਹਲ਼ੀ ਪੈ ਕੇ) ਮੈਨੂੰ ਕੁਝ ਸਮਝ ਨਹੀਂ ਆਈ, ਅੱਬਾ ਜਾਨ !

ਔਰੰਗਜ਼ੇਬ : ਵਜ਼ੀਰ ਖ਼ਾਂ ਨੇ ਮੇਰੇ ਨਾਂ 'ਤੇ ਝੂਠੀਆਂ ਕਸਮਾਂ ਖਾ ਕੇ ਗੁਰੂ ਨੂੰ ਅਨੰਦਪੁਰ ਤੋਂ ਕਢਵਾਇਆ, ਪਿੱਛੋਂ ਧੋਖੇ ਨਾਲ਼ ਹਮਲਾ ਕਰ ਦਿੱਤਾ।

ਜ਼ੀਨਤ : ਅੱਬਾ ਜਾਨ ! ਇਹ ਹਥਿਆਰ ਤਾਂ ਤੁਸੀਂ ਰੋਜ਼ ਮਰਾਠਿਆਂ ਦੇ ਖ਼ਿਲਾਫ਼ ਇਸਤੇਮਾਲ ਕਰਦੇ ਹੋ।

ਔਰੰਗਜ਼ੇਬ : ਪਰ ਮੈਂ ਮੁਕੱਦਮ ਕੁਰਾਨ ਦੀ ਕਸਮ ਕਦੇ ਨਹੀਂ ਖਾਧੀ।

ਜ਼ੀਨਤ : ਅੱਬਾ! ਤੁਸੀਂ ਅਸਲ ਗੱਲ ਅਜੇ ਵੀ ਛੁਪਾ ਰਹੇ ਹੋ, ਤੁਹਾਡਾ ਚਿਹਰਾ ਸਾਫ਼ ਦੱਸਦਾ ਹੈ।

ਔਰੰਗਜ਼ੇਬ : ਗੁਰੂ ਦੇ ਵੱਡੇ ਦੋ ਬੇਟੇ ਲੜਦੇ ਹੋਏ ਮਾਰੇ ਗਏ।

ਜ਼ੀਨਤ : ਛੋਟੇ ਤਾਂ ਸਹੀ-ਸਲਾਮਤ ਹਨ ?

ਔਰੰਗਜ਼ੇਬ : ਇਹ ਗੱਲ ਮੇਰੇ ਪਾਸੋਂ ਨਾ ਪੁੱਛ।

ਜ਼ੀਨਤ : ਅੱਬਾ, ਜਲਦੀ ਮਨ ਦਾ ਭਾਰ ਹੌਲ਼ਾ ਕਰੋ।

ਔਰੰਗਜ਼ੇਬ : ਵਜ਼ੀਰ ਖ਼ਾਂ ਨੇ ਗੁਰੂ ਦੇ ਦੋਵੇਂ ਛੋਟੇ ਬੇਟੇ ਜਿਉਂਦੇ ਨੀਹਾਂ ਵਿੱਚ ਚਿਣਨਾ ਕੇ ਮਰਵਾ ਦਿੱਤੇ ਹਨ।

ਜ਼ੀਨਤ : (ਚੀਕ ਮਾਰ ਕੇ ਬੇਹੋਸ਼ੀ ਵਿੱਚ) ਅੱਬਾ! ਇਹ ਤਾਂ ਜ਼ੁਲਮ ਦੀ ਇੰਤਹਾ ਹੈ। ਖ਼ੁਦਾ ਤੁਹਾਨੂੰ ਕਦੇ ਮੁਆਫ਼ ਨਹੀਂ ਕਰੇਗਾ।

ਔਰੰਗਜ਼ੇਬ : ਬੇਟੀ ! ਇਸੇ ਵਾਸਤੇ ਮੈਂ ਇਹ ਖ਼ਬਰ ਦੱਸਣ ਤੋਂ ਘਬਰਾਉਂਦਾ ਸਾਂ। ਤੂੰ ਤੇ ਮੁਅੱਜ਼ਮ ਹਮੇਸ਼ਾਂ ਮੈਨੂੰ ਇਸ ਰਾਹ ਤੋਂ ਰੋਕਦੇ ਰਹੇ ਹੋ ਪਰ ਮੈਨੂੰ ਗ਼ਲਤ ਖ਼ਬਰਾਂ ਪੁੱਜਦੀਆਂ ਰਹੀਆਂ।

ਜ਼ੀਨਤ : (ਰੋਂਦੀ ਹੋਈ) ਅੱਬਾ ! ਜਦੋਂ ਤੁਹਾਡਾ ਬਾਗ਼ੀ ਬੇਟਾ ਅਕਬਰ ਫ਼ੌਤ ਹੋਇਆ ਸੀ ਤਾਂ ਤੁਸੀਂ ਕਿੰਨਾ ਰੋਏ ਸੀ। ਜਿਸ ਵਕਤ ਤੁਹਾਡੀ ਬਾਗ਼ੀ ਸ਼ਾਇਰ ਬੇਟੀ ਜ਼ੇਬ-ਉਨ-ਨਿਸਾ ਚੱਲ ਵੱਸੀ ਤਾਂ ਤੁਸੀਂ ਜ਼ਾਰੋ-ਜ਼ਾਰ ਰੋਏ ਸੀ ਪਰ ਅੱਜ ਮਸੂਮ ਬੱਚਿਆਂ ਦੀ ਸ਼ਹੀਦੀ 'ਤੇ ਤੁਸੀਂ ਚੁੱਪ ਖੜ੍ਹੇ ਹੋ।

ਔਰੰਗਜ਼ੇਬ : ਬੇਟੀ, ਅੱਜ ਮੇਰੀ ਰੂਹ ਰੋ ਰਹੀ ਹੈ। ਮੇਰਾ ਰੋਮ-ਰੋਮ ਕੰਬ ਰਿਹਾ ਹੈ। ਸਾਰੀ ਰਾਤ ਮੈਂ ਸੂਲੀ 'ਤੇ ਟੰਗਿਆ ਰਿਹਾ ਹਾਂ। ਸੱਤ ਔਰ ਨੌਂ ਸਾਲਾਂ ਦੇ ਬੱਚਿਆਂ ਉੱਤੇ ਜ਼ੁਲਮ ਕਰਨ ਦੀ ਇਸਲਾਮ ਹਰਗਿਜ਼ ਇਜਾਜ਼ਤ ਨਹੀਂ ਦੇਂਦਾ। ਮਗਰ ਮੈਂ ਮਜਬੂਰ ਹਾਂ।

ਜ਼ੀਨਤ : ਤੁਸੀਂ ਵਜ਼ੀਰ ਖ਼ਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇ ਕੇ ਸਿੱਖਾਂ ਦਾ ਦਿਲ ਠੰਢਾ ਕਰ ਸਕਦੇ ਹੋ।

ਔਰੰਗਜ਼ੇਬ : ਬੇਟੀ, ਬੱਸ ਇਹੋ ਗ਼ਮ ਹੈ ਕਿ ਮੈਂ ਇਸ ਵਕਤ ਉਸ ਨੂੰ ਸਜ਼ਾ ਨਹੀਂ ਦੇ ਸਕਦਾ। ਰੱਬ ਹੀ ਉਸ ਨੂੰ ਸਜ਼ਾ ਦੇਵੇਗਾ।

ਜ਼ੀਨਤ : (ਗੁੱਸੇ ਦੇ ਪਾਗਲਪਣ ਵਿੱਚ) ਸਜ਼ਾ ਵੀ ਨਹੀਂ ਦੇ ਸਕਦੇ ? ਫੇਰ ਅੱਬਾ ਤੁਹਾਡੇ ਇਸ਼ਾਰੇ 'ਤੇ ਹੀ ਇਹ ਗੁਨਾਹ ਹੋਇਆ ਹੈ। ਭਰਾਵਾਂ ਨੂੰ ਕਤਲ ਕਰਨ ਨਾਲੋਂ ਵੀ ਕਿੰਨਾ ਭਾਰੀ ਹੈ, ਇਹ ਗੁਨਾਹ। ਅੱਬਾ, ਤੁਹਾਡੀ ਰੂਹ ਨੂੰ ਕਦੀ ਚੈਨ ਨਹੀਂ ਆਏਗਾ।

ਔਰੰਗਜ਼ੇਬ : ਬੇਟੀ! ਮੇਰੀ ਬਾਤ ਤਾਂ ਸੁਣ, ਮੈਂ ਠੀਕ ਹੀ ਭਾਰੀ ਗੁਨਾਹਗਾਰ ਹਾਂ। ਇਹ ਰੂਹਾਨੀ ਗ਼ਮ ਮੈਨੂੰ ਜਲਦੀ ਖ਼ਤਮ ਕਰ ਦੇਵੇਗਾ। ਮੈਂ ਇਸ ਦੀ ਤਲਾਫ਼ੀ ਚਾਹੁੰਦਾ ਹੋਇਆ ਵੀ ਬੇਵੱਸ ਹਾਂ।

ਜ਼ੀਨਤ : ਅੱਬਾ! ਤੂੰ ਮੁਸਲਮਾਨ ਹੁੰਦਾ ਹੋਇਆ ਵੀ ਰੱਬ ਨੂੰ ਨਹੀਂ ਪਛਾਣ ਸਕਿਆ। ਤੂੰ ਰੱਬ ਤੋਂ ਡਰਦਾ ਜ਼ਰੂਰ ਹੈਂ ਮਗਰ ਉਸ ਨੂੰ ਪਿਆਰ ਨਹੀਂ ਕਰਦਾ ਇਸ ਕਰਕੇ ਉਸ ਦੀ ਖ਼ਲਕ ਨੂੰ ਤੂੰ ਸਾਰੀ ਉਮਰ ਦੁਖੀ ਕੀਤਾ ਹੈ। ਖ਼ੁਦਾ ਰਹਿਮ ਕਰੇ !

ਔਰੰਗਜ਼ੇਬ : ਬੇਟੀ! ਮੈਂ ਸਭ ਕੁਛ ਸਮਝਦਾ ਹਾਂ। ਲੋਕੀਂ ਮੈਨੂੰ ਇਨਸਾਨ ਵੀ ਖ਼ਿਆਲ ਨਹੀਂ ਕਰਨਗੇ। ਮੈਂ ਅਣਗਿਣਤ ਲੜਾਈਆਂ ਜਿੱਤ ਕੇ ਵੀ ਜ਼ਿੰਦਗੀ ਦੀ ਬਾਜ਼ੀ ਹਾਰ ਕੇ ਜਾ ਰਿਹਾ ਹਾਂ। ਮੈਂ ਖ਼ਾਲੀ ਹੱਥ ਇਸ ਦੁਨੀਆ ਵਿੱਚ ਆਇਆ ਸਾਂ, ਗੁਨਾਹਾਂ ਦੇ ਭਾਰ ਨਾਲ ਲੱਦਿਆ ਜਾਵਾਂਗਾ। ਬੇਟੀ ਜ਼ੀਨਤ ! ਤੂੰ ਮੇਰੀ ਆਖ਼ਰੀ ਉਮਰ ਦਾ ਸਹਾਰਾ ਹੈਂ। ਠਹਿਰ ! ਬੁਝ ਰਹੇ ਦੀਵੇ ਨੂੰ ਫੂਕ ਨਾ ਮਾਰ। ਮੇਰੀਆਂ ਯਾਦਾਂ ਕੌੜੀਆਂ ਜ਼ਹਿਰ ਹਨ। ਮੈਂ ਆਪਣੇ ਬੇਟਿਆਂ ਦੇ ਨਾਂ ਵਸੀਅਤ ਲਿਖਣੀ ਚਾਹੁੰਦਾ ਹਾਂ। ਬੇਟੀ ਜ਼ੀਨਤ, ਮੇਰੀ ਮਦਦ ਕਰ! (ਦੀਵੇ ਟਿਮਟਿਮਾਉਂਦੇ ਹਨ। ਔਰੰਗਜ਼ੇਬ 'ਜ਼ੀਨਤ ਬੇਟੀ', 'ਜ਼ੀਨਤ ਬੇਟੀ' ਕਹਿੰਦਾ ਹੋਇਆ ਕਮਰੇ ਤੋਂ ਬਾਹਰ ਲੜਖੜਾਉਂਦਾ ਚਲਾ ਜਾਂਦਾ ਹੈ।)

(ਪਰਦਾ)

## ਸ਼ਬਦ - ਅਰਥ :

**ਆਲਮਗੀਰ** - ਦੁਨੀਆ ਨੂੰ ਕਾਬੂ ਰੱਖਣ ਵਾਲਾ, ਔਰੰਗਜ਼ੇਬ ਦਾ ਇੱਕ ਖ਼ਿਤਾਬ। **ਉਮਰਾ** - ਅਮੀਰ ਲੋਕ। **ਉਲਮਾ** - ਵਿਦਵਾਨ, ਪੰਡਤ। **ਕੁਫ਼ਰ** - ਝੂਠ। **ਸ਼ਰਾਬਨੋਸ਼ੀ** - ਸ਼ਰਾਬ ਪੀਣਾ। **ਕੁਸ਼ਤੋ-ਖ਼ੂਨ** - ਕਤਲ। **ਰਹਿਬਰੀ** - ਅਗਵਾਈ। **ਸ਼ਿਕਸਤ** - ਹਾਰ। **ਸ਼ੁਮਾਲੀ** - ਉੱਤਰੀ। **ਸਲਤਨਤ** - ਰਾਜ। **ਇਬਾਦਤ** - ਬੰਦਗੀ। **ਪੁਖ਼ਤਾ** - ਪੱਕਾ। **ਮੁਸਤਕਿਲ** - ਪੱਕਾ, ਦ੍ਰਿੜ੍ਹ। **ਤੁਅੱਲਕ** - ਸੰਬੰਧ। **ਖ਼ਾਦਮ** - ਖ਼ਿਦਮਤ ਕਰਨ ਵਾਲਾ। **ਕੁੱਵਤ** - ਸ਼ਕਤੀ। **ਜ਼ੱਰਾਨਵਾਜ਼ੀ** - ਬਖ਼ਸ਼ਸ਼। **ਕਾਸਦ** - ਸੁਨੇਹਾ ਪੁਚਾਉਣ ਵਾਲਾ। **ਖ਼ਲਕਤ** - ਪਰਜਾ।

## ਪਾਠ-ਅਭਿਆਸ

(1) ਹੇਠ ਲਿਖੀ ਵਾਰਤਾਲਾਪ ਨੂੰ ਧਿਆਨ ਨਾਲ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :

ੳ. "ਨਹੀਂ! ਤੂੰ ਭੁਲੇਖੇ ਵਿੱਚ ਰਿਹਾ ਹੈਂ। ਅਸ਼ੋਕ ਤੇ ਅਕਬਰ ਵਾਂਗ ਲੋਕਾਂ ਦੇ ਦਿਲਾਂ ਨੂੰ ਜਿੱਤਣ ਨਾਲ਼ ਰਾਜ ਦੀਆਂ ਨੀਹਾਂ ਪੱਕੀਆਂ ਹੁੰਦੀਆਂ ਹਨ। ਸਿੱਖ, ਮਰਾਠੇ, ਰਾਜਪੂਤ, ਸੰਤ, ਸਾਧੂ, ਸ਼ੀਆ, ਸੂਫ਼ੀ, ਕੁੱਲ ਹਿੰਦੂ ਜਾਤੀ ਤੇਰੀ ਹਕੂਮਤ ਤੋਂ ਦੁਖੀ ਹੈ।"

1. ਰਾਜ ਦੀਆਂ ਨੀਹਾਂ ਕਿਵੇਂ ਪੱਕੀਆਂ ਹੁੰਦੀਆਂ ਹਨ ?
2. ਅਸ਼ੋਕ ਤੇ ਅਕਬਰ ਨੇ ਆਪਣੇ ਰਾਜ ਦੀਆਂ ਨੀਹਾਂ ਕਿਵੇਂ ਪੱਕੀਆਂ ਕੀਤੀਆਂ ਸਨ ?
3. ਔਰੰਗਜ਼ੇਬ ਦੀ ਹਕੂਮਤ ਤੋਂ ਦੁਖੀ ਕਿਹੜੇ ਲੋਕਾਂ ਦਾ ਜ਼ਿਕਰ ਕੀਤਾ ਗਿਆ ਹੈ ?

ਅ. "ਮੇਰਾ ਵੀ ਇਹੋ ਖ਼ਿਆਲ ਹੈ। ਖ਼ਾਸ ਕਾਸਦ ਨੂੰ ਭੇਜ ਕੇ ਗੁਰੂ ਨੂੰ ਸੁਲ੍ਹਾ-ਸਫ਼ਾਈ ਲਈ ਇੱਥੇ ਬੁਲਾਉਂਦਾ ਹਾਂ। ਉਹਨਾਂ ਦੀ ਹਿਫ਼ਾਜ਼ਤ ਦਾ ਖ਼ਾਤਰ-ਖ਼ਵਾਹ ਇੰਤਜ਼ਾਮ ਕਰਦਾ ਹਾਂ। ਜਾਓ, ਮੀਰ ਮੁਨਸ਼ੀ ਔਰ ਦਯਾ ਸਿੰਘ ਨੂੰ ਦਰਬਾਰੇ-ਖ਼ਾਸ ਵਿੱਚ ਹਾਜ਼ਰ ਕਰੋ। ਮੈਂ ਤਿਆਰ ਹੋ ਕੇ ਜਲਦੀ ਆਉਂਦਾ ਹਾਂ।"

1. ਇਹ ਸ਼ਬਦ ਕੌਣ, ਕਿਸ ਨੂੰ ਆਖਦਾ ਹੈ ?
2. ਔਰੰਗਜ਼ੇਬ ਕਾਸਦ ਨੂੰ ਕਿਹੜਾ ਕੰਮ ਕਰਨ ਲਈ ਬੁਲਾਉਂਦਾ ਹੈ ?
3. ਦਰਬਾਰੇ-ਖ਼ਾਸ ਵਿੱਚ ਕਿਨ੍ਹਾਂ ਨੂੰ ਹਾਜ਼ਰ ਹੋਣ ਲਈ ਕਿਹਾ ਗਿਆ ਹੈ ?

ੲ. "ਬੇਸ਼ੱਕ ਮੈਂ ਉਸ ਦੇ ਬਾਪ ਤੇਗ਼ ਬਹਾਦਰ ਦੇ ਕਤਲ ਦਾ ਹੁਕਮ ਦਿੱਤਾ ਸੀ ਮਗਰ ਉਹ ਮੁਲਕੀ ਮਾਮਲਾ ਸੀ ਪਰ ਵਜ਼ੀਰ ਖ਼ਾਨ ਨੇ ਮੇਰਾ ਨਾਂ ਬਦਨਾਮ ਕੀਤਾ ਹੈ ਔਰ ਇਸਲਾਮ ਦੀ ਤੌਹੀਨ ਕੀਤੀ ਹੈ। ਦੱਸ, ਉਸ ਨੂੰ ਕਿਆ ਸਜ਼ਾ ਦਿੱਤੀ ਜਾਵੇ ?"

1. ਇਹ ਸ਼ਬਦ ਕੌਣ, ਕਿਸ ਨੂੰ ਕਹਿੰਦਾ ਹੈ ?
2. ਇਹਨਾਂ ਸਤਰਾਂ ਵਿਚਲੇ ਸ਼ਬਦ 'ਉਸ ਦੇ ਬਾਪ' ਕਿਸ ਸ਼ਖ਼ਸੀਅਤ ਵੱਲ ਇਸ਼ਾਰਾ ਕਰਦੇ ਹਨ ?
3. ਵਜ਼ੀਰ ਖ਼ਾਨ ਨੇ ਔਰੰਗਜ਼ੇਬ ਦਾ ਨਾਂ ਕਿਵੇਂ ਬਦਨਾਮ ਕੀਤਾ ?

(2) ਹੇਠ ਲਿਖੇ ਪਾਤਰਾਂ ਦਾ ਪਾਤਰ-ਚਿਤਰਨ ਕਰੋ।

(ੳ) ਔਰੰਗਜ਼ੇਬ
(ਅ) ਜ਼ੀਨਤ-ਉਨ-ਨਿਸਾ
(ੲ) ਬੇਗਮ ਉਦੈਪੁਰੀ
(ਸ) ਅਸਦ ਖ਼ਾਨ
(ਹ) ਸ਼ਾਹੀ ਹਕੀਮ

* * * * *

# ਸੰਤ ਸਿੰਘ ਸੇਖੋਂ
(1908-1997)

## ਲੇਖਕ ਬਾਰੇ :

ਸੰਤ ਸਿੰਘ ਸੇਖੋਂ ਦਾ ਜਨਮ ਚੱਕ ਨੰਬਰ 70, ਝੰਗ ਬਰਾਂਚ, ਜ਼ਿਲ੍ਹਾ ਲਾਇਲਪੁਰ (ਪਾਕਿਸਤਾਨ) ਵਿੱਚ ਮਾਤਾ ਪ੍ਰੇਮ ਕੌਰ ਅਤੇ ਪਿਤਾ ਸ੍ਰੀ ਹੁਕਮ ਸਿੰਘ ਦੇ ਘਰ 31 ਮਈ, 1908 ਈ: ਵਿੱਚ ਹੋਇਆ। ਉਹਨਾਂ ਨੇ ਅੰਗਰੇਜ਼ੀ ਅਤੇ ਅਰਥ-ਸ਼ਾਸਤਰ ਵਿੱਚ ਐੱਮ. ਏ. ਕੀਤੀ। ਉਹਨਾਂ ਦਾ ਦਾਦਕਾ ਪਿੰਡ ਦਾਖਾ, ਜ਼ਿਲ੍ਹਾ ਲੁਧਿਆਣਾ ਹੈ। ਕਾਲਜਾਂ ਵਿੱਚ ਪ੍ਰੋਫ਼ੈਸਰ ਦੀ ਨੌਕਰੀ ਕਰਨ ਤੋਂ ਬਿਨਾਂ ਉਹ 'ਮਾਤਾ ਗੁਜਰੀ ਕਾਲਜ ਫ਼ਤਿਹਗੜ੍ਹ ਸਾਹਿਬ', 'ਖ਼ਾਲਸਾ ਕਾਲਜ ਪਟਿਆਲਾ' ਅਤੇ 'ਗੁਰੂ ਗੋਬਿੰਦ ਸਿੰਘ ਰੀਪਬਲਿਕ ਕਾਲਜ ਜੰਡਿਆਲਾ' ਦੇ ਪ੍ਰਿੰਸੀਪਲ ਰਹੇ।

ਉਹਨਾਂ ਦੇ ਪ੍ਰਮੁੱਖ ਕਹਾਣੀ-ਸੰਗ੍ਰਹਿ : 'ਸਮਾਚਾਰ', 'ਕਾਮੇ ਤੇ ਯੋਧੇ', 'ਅੱਧੀ ਵਾਟ', 'ਤੀਜਾ ਪਹਿਰ', 'ਬਾਰਾਂ ਦਰੀ' ਆਦਿ ਹਨ। ਸੇਖੋਂ ਦੇ ਪ੍ਰਮੁੱਖ ਨਾਟਕ : 'ਕਲਾਕਾਰ', 'ਨਾਰਕੀ', 'ਮੋਇਆਂ ਸਾਰ ਨ ਕਾਈ', 'ਭੂ-ਦਾਨ', 'ਵਾਰਿਸ', 'ਮਿੱਤਰ-ਪਿਆਰਾ', 'ਦਮਯੰਤੀ' ਆਦਿ ਹਨ। ਉਹਨਾਂ ਦੇ ਲਗ-ਪਗ ਦਸ ਇਕਾਂਗੀ-ਸੰਗ੍ਰਹਿ : 'ਛੇ ਘਰ', 'ਤਪਿਆ ਕਿਉਂ ਖਪਿਆ', 'ਨਾਟ-ਸੁਨੇਹੇ' ਆਦਿ ਹਨ। ਉਹਨਾਂ ਦਾ ਪ੍ਰਸਿੱਧ ਨਾਵਲ 'ਲਹੂ-ਮਿੱਟੀ' ਹੈ। ਉਹਨਾਂ ਨੇ ਅੰਗਰੇਜ਼ੀ ਵਿੱਚ ਪੰਜਾਬੀ ਸਾਹਿਤ ਦਾ ਇਤਿਹਾਸ ਲਿਖਿਆ।

ਉਹਨਾਂ ਨੇ ਆਪਣੀਆਂ ਰਚਨਾਵਾਂ ਵਿੱਚ ਸਮਾਜਵਾਦੀ ਪੱਖ ਅਪਣਾਇਆ। ਸੇਖੋਂ ਨੇ ਬੌਧਿਕ ਚਿੰਤਨ ਪੱਖੋਂ ਨਵੇਂ ਦਿਸਹੱਦੇ ਕਾਇਮ ਕੀਤੇ ਅਤੇ ਮਾਰਕਸਵਾਦੀ ਦ੍ਰਿਸ਼ਟੀ ਨੂੰ ਅਪਣਾਇਆ ਜਿਸ ਕਾਰਨ ਆਪ ਦੀਆਂ ਰਚਨਾਵਾਂ ਵਿੱਚ ਇਤਿਹਾਸਿਕ, ਰਾਜਨੀਤਿਕ ਅਤੇ ਸੱਭਿਆਚਾਰਿਕ ਦ੍ਰਿਸ਼ਟੀ ਅਗਰਗਾਮੀ ਹੈ। ਉਹਨਾਂ ਦੇ ਨਾਟਕ ਕਿਸੇ ਗੰਭੀਰ ਖ਼ਿਆਲ ਦੇ ਧੁਰੇ ਦੁਆਲੇ ਘੁੰਮਦੇ ਹਨ। ਸੇਖੋਂ ਦੇ ਨਾਟਕ ਖੇਡੇ ਘੱਟ, ਪੜ੍ਹੇ ਬਹੁਤੇ ਜਾਂਦੇ ਹਨ। ਨਾਟਕ 'ਮਿੱਤਰ ਪਿਆਰਾ' ਨੂੰ 'ਸਾਹਿਤ ਅਕਾਦਮੀ' (ਦਿੱਲੀ) ਵੱਲੋਂ ਪੁਰਸਕ੍ਰਿਤ ਕੀਤਾ ਗਿਆ। ਭਾਰਤ ਸਰਕਾਰ ਨੇ ਆਪ ਦੀਆਂ ਸਾਹਿਤਿਕ ਸੇਵਾਵਾਂ ਕਾਰਨ ਆਪ ਨੂੰ 'ਪਦਮ ਸ਼੍ਰੀ' ਦੀ ਉਪਾਧੀ ਨਾਲ਼ ਅਲੰਕ੍ਰਿਤ ਕੀਤਾ।

ਸੰਤ ਸਿੰਘ ਸੇਖੋਂ ਨਾਟਕਕਾਰ, ਕਹਾਣੀਕਾਰ ਅਤੇ ਆਲੋਚਕ ਸਨ। ਉਹਨਾਂ ਦੀ ਪੁਸਤਕ 'ਸਾਹਿਤਾਰਥ' ਪੰਜਾਬੀ ਆਲੋਚਨਾ ਵਿੱਚ ਇੱਕ ਮੀਲ-ਪੱਥਰ ਹੈ। 7 ਅਕਤੂਬਰ, 1997 ਈ: ਵਿੱਚ ਆਪ ਦਾ ਦਿਹਾਂਤ ਹੋ ਗਿਆ।

ਹਥਲੀ ਪੁਸਤਕ ਵਿੱਚ ਇਹਨਾਂ ਦਾ ਇਕਾਂਗੀ 'ਦੂਜਾ ਵਿਆਹ' ਸ਼ਾਮਲ ਕੀਤਾ ਗਿਆ ਹੈ।

## ਇਕਾਂਗੀ ਬਾਰੇ :

ਇਸ ਇਕਾਂਗੀ ਵਿੱਚ ਜਗੀਰਦਾਰੀ ਪ੍ਰਥਾ ਦੇ ਸਮੇਂ ਤੋਂ ਪ੍ਰਚਲਿਤ ਦੂਜੇ ਵਿਆਹ ਦੀ ਸਮੱਸਿਆ ਨੂੰ ਬਹੁਤ ਹੀ ਭਾਵਪੂਰਤ ਢੰਗ ਨਾਲ਼ ਪੇਸ਼ ਕੀਤਾ ਗਿਆ ਹੈ। ਇਕਾਂਗੀ ਵਿੱਚ ਨਿਹਾਲ ਕੌਰ ਆਪਣੀ ਨੂੰਹ ਮਨਜੀਤ ਨੂੰ ਹਰ ਵਕਤ ਤਾਹਨੇ, ਮਿਹਣੇ ਦਿੰਦੀ ਹੈ ਅਤੇ ਪੁੱਤਰ ਦੇ ਦੂਜੇ ਵਿਆਹ ਦੇ ਡਰਾਵੇ ਦਿੰਦੀ ਰਹਿੰਦੀ ਹੈ। ਜਦੋਂ ਉਸ ਨੂੰ ਪਤਾ ਲੱਗਦਾ ਹੈ ਕਿ ਉਸ ਦਾ ਜਵਾਈ ਦੂਜਾ ਵਿਆਹ ਕਰਵਾਉਣ ਜਾ ਰਿਹਾ ਹੈ ਤਾਂ ਉਸ ਦੀ ਮਾਨਸਿਕ ਅਵਸਥਾ ਵੇਖਣ ਵਾਲ਼ੀ ਹੁੰਦੀ ਹੈ।

ਇਕਾਂਗੀ ਵਿੱਚ ਨੂੰਹ-ਪੁੱਤਰ ਦੇ ਰੂਪ ਵਿੱਚ ਮਨਜੀਤ ਅਤੇ ਸੁਖਦੇਵ ਦਾ ਵਿਹਾਰ ਸਹੀ ਸੇਧ ਦੇਣ ਵਾਲ਼ਾ ਹੈ। ਮਨਜੀਤ ਆਪਣੀ ਸੱਸ ਨਾਲ਼ ਬਹੁਤ ਹੀ ਨਿਮਰਤਾ ਨਾਲ਼ ਪੇਸ਼ ਆਉਂਦੀ ਹੈ। ਉਸ ਦਾ ਇਸਤਰੀ-ਸਭਾ ਦੀ ਮੈਂਬਰ ਦੇ ਰੂਪ ਵਿੱਚ ਕਾਰਜਸ਼ੀਲ ਹੋਣਾ ਔਰਤ ਜਾਤੀ ਦਾ ਆਪਣੇ ਹੱਕਾਂ ਪ੍ਰਤਿ ਚੇਤੰਨ ਹੋਣ ਦਾ ਪ੍ਰਤੀਕ ਹੈ। ਮਨਜੀਤ ਆਪਣੀ ਨਣਾਨ ਦੇ ਪਤੀ ਵੱਲੋਂ ਦੂਜਾ ਵਿਆਹ ਕਰਵਾਉਣ ਦੀ ਖ਼ਬਰ ਸੁਣ ਕੇ ਢੇਰੀ ਨਹੀਂ ਢਾਹੁੰਦੀ ਸਗੋਂ ਇਸਤਰੀ-ਸਭਾ ਰਾਹੀਂ ਇਸ ਮਸਲੇ ਨੂੰ ਹੱਲ ਕਰਨ ਦੀ ਗੱਲ ਕਰਦੀ ਹੈ।

ਇਸ ਇਕਾਂਗੀ ਵਿੱਚ ਸੰਤ ਸਿੰਘ ਸੇਖੋਂ ਨੇ ਭਾਰਤੀ ਸੱਭਿਆਚਾਰ ਦਾ ਸਹੀ ਅਤੇ ਪ੍ਰਭਾਵਸ਼ਾਲੀ ਚਿੱਤਰ ਪੇਸ਼ ਕੀਤਾ ਹੈ। ਨਿਹਾਲ ਕੌਰ ਵੱਲੋਂ ਆਪਣੇ ਪੁੱਤਰ ਦਾ ਦੂਜਾ ਵਿਆਹ ਕਰਨ ਦੀ ਗੱਲ ਵਾਰ-ਵਾਰ ਕਰਨ ਦਾ ਸੰਬੰਧ ਮਨੁੱਖੀ ਮਾਨਸਿਕਤਾ ਨਾਲ਼ ਵੀ ਜੁੜਿਆ ਹੋਇਆ ਹੈ ਕਿਉਂਕਿ ਉਸ ਦੇ ਆਪਣੇ ਪਤੀ ਨੇ ਇੱਕ ਵਾਰ ਸੰਤਾਨ-ਪ੍ਰਾਪਤੀ ਲਈ ਦੂਜਾ ਕਰਵਾ ਲਿਆ ਸੀ।

* * * * *

# ਦੂਜਾ ਵਿਆਹ

**ਸੰਤ ਸਿੰਘ ਸੇਖੋਂ**

ਪਾਤਰ :

| | | |
|---|---|---|
| ਨਿਹਾਲ ਕੌਰ | : | ਸੁਖਦੇਵ ਦੀ ਮਾਂ |
| ਮਨਜੀਤ | : | ਸੁਖਦੇਵ ਦੀ ਵਹੁਟੀ |
| ਸੁਖਦੇਵ | | |

(ਮਨਜੀਤ ਚੁੱਲ੍ਹੇ-ਚੌਂਕੇ ਵਿੱਚ ਦੁਪਹਿਰ ਦੀ ਰੋਟੀ ਦਾ ਆਹਰ-ਪਾਹਰ ਕਰਦੀ ਇੱਕ ਥਾਂ ਤੋਂ ਦੂਜੀ, ਦੂਜੀ ਤੋਂ ਤੀਜੀ ਥਾਂ ਘੁੰਮਦੀ ਫਿਰਦੀ ਹੈ। ਥੋੜ੍ਹੀ ਵਿੱਥ ਉੱਤੇ ਇੱਕ ਨੁੱਕਰ ਵਿੱਚ ਚਰਖਾ ਡਾਹੀ ਨਿਹਾਲ ਕੌਰ ਕੱਤ ਰਹੀ ਹੈ)।

ਨਿਹਾਲ ਕੌਰ : ਰੋਜ਼ ਕੁਰਲਾਉਨੀਆਂ ਬਈ ਰੋਟੀ-ਟੁੱਕ ਵੇਲ਼ੇ ਸਿਰ ਕਰ ਲਿਆ ਕਰ ਪਰ ਏਸ ਬਹੂ ਦੇ ਦੀਦੇ ਨੀ ਵੜਦੀ। ਦੇਖ ਤਾਂ ਸਹੀ, ਕਿੱਡੀ ਧੁੱਪ ਚੜ੍ਹ ਆਈ ਐ, ਇਹ ਅਜੇ ਸਬਜ਼ੀ ਚੀਰਦੀ ਫਿਰਦੀ ਐ।

ਮਨਜੀਤ : ਕੋਈ ਨਹੀਂ, ਮਾਂ ਜੀ। ਐਡਾ ਕਵੇਲ਼ਾ ਨਹੀਂ ਹੋਇਆ। ਵੇਲ਼ਾ ਈ ਐ, ਦਸ ਈ ਵੱਜੇ ਨੇ, ਅਜੇ। ਮੈਂ ਗਿਆਰਾਂ ਵਜੇ ਨੂੰ ਰੋਟੀ-ਟੁੱਕ ਐਨ ਤਿਆਰ ਕਰ ਦਊਂ। ਬਾਪੂ ਜੀ ਤਾਂ ਬਾਰਾਂ ਵਜੇ ਤੋਂ ਪਹਿਲਾਂ ਨਹੀਂ ਰੋਟੀ ਖਾਂਦੇ।

ਨਿਹਾਲ ਕੌਰ : ਵਜੇ ਦੇਖ-ਦੇਖ ਈ ਪੈਰ ਧਰਦੀ ਐ। ਦਸ ਨੀ ਵੱਜੇ ਹਾਲੇ, ਧੁੱਪ ਤਾਂ ਦੇਖ, ਕਿੱਥੇ ਆ ਚੱਲੀ ਐ !

ਮਨਜੀਤ : ਰੁੱਤ ਬਦਲ ਰਹੀ ਐ, ਮਾਂ ਜੀ ! ਸੂਰਜ ਹੁਣ ਛੇਤੀ ਚੜ੍ਹ ਜਾਂਦਾ ਏ।

ਨਿਹਾਲ ਕੌਰ : ਘੜੀ ਦੇ ਗਿਆ, ਵਜੇ ਦੇਖਣ ਨੂੰ ! ਪਤਾ ਨਹੀਂ ਕੀ ਸਿਰ ਪਾ ਲਿਆ, ਮੁੰਡੇ ਦੇ। ਅਸੀਂ ਤਾਂ ਉਮਰਾਂ ਨੰਘਾ ਲਈਆਂ, ਕਦੇ ਘੜੀ-ਘੁੜੀ ਨਾ ਦੇਖੀ ਤੇ ਨਾ ਸਾਨੂੰ ਇਹ ਦੇਖਣੀ ਆਉਂਦੀ ਐ। ਧੁੱਪ ਦੇ ਹਿਸਾਬ ਸਾਰੇ ਕੰਮ ਵੇਲ਼ੇ ਸਿਰ ਕਰ ਲਈਦੇ ਸੀ। ਇਹ ਹੁਣ ਘੜੀ ਦੀਆਂ ਬੁਕੀਨਾਂ ਘੜੀ ਦੇਖੇ ਬਿਨਾਂ ਮੰਜੇ ਤੋਂ ਨਹੀਂ ਉੱਠਦੀਆਂ।

ਮਨਜੀਤ : (ਹੱਸ ਕੇ) ਤੁਸੀਂ ਵੀ ਘੜੀ ਦੇਖਣੀ ਸਿੱਖ ਲਓ, ਮਾਂ ਜੀ !

ਨਿਹਾਲ ਕੌਰ : ਹਾਂ, ਹੁਣ ਸਿਖਾਵੇਂਗੀ ਮੈਨੂੰ ਘੜੀ ਦੇਖਣ ! ਹੋਰ ਵੀ ਬਹੁਤ ਕੁਛ ਸਿਖਾਵੇਂਗੀ !

ਮਨਜੀਤ : (ਗੱਲ ਨੂੰ ਹਾਸੇ ਵਿੱਚ ਪਾਉਣ ਲਈ) ਹੋਰ ਹੁਣ ਤੁਹਾਨੂੰ ਕੀ ਸਿੱਖਣ ਦੀ ਲੋੜ ਐ, ਮਾਂ ਜੀ ? ਸੁੱਖ ਨਾਲ਼ ਸਾਰਾ ਟੱਬਰ ਤੁਹਾਡੇ ਅਨੁਸਾਰ ਚੱਲਦੈ, ਇੱਕ ਮੈਂ ਹੀ ਜ਼ਰਾ ਮੱਤ ਦੀ ਹੌਲ਼ੀ ਆਂ।

ਨਿਹਾਲ ਕੌਰ : ਅਨੁਸਾਰ ਚੱਲਦੈ ਟੱਬਰ ! ਤੈਨੂੰ ਬੁਰਾ ਲੱਗਦਾ ਇ ਬਈ ਮੁੰਡਾ ਮੇਰੇ ਕਹਿਣੇ ਵਿੱਚ ਕਿਉਂ ਐਂ। ਸਿਖਾ ਲਈਂ ਹੁਣ ਆ ਜਾਊਗਾ, ਤਾਂ !

ਮਨਜੀਤ : ਮੈਂ ਕੀ ਸਿਖਾਉਣੈਂ, ਮਾਂ ਜੀ ? ਮੈਨੂੰ ਕੋਈ ਦੁੱਖ ਐ, ਤੁਹਾਡੇ ਰਾਜ ਵਿੱਚ ? ਤੇ ਫੇਰ ਮੈਂ ਕੌਣ ਆਂ, ਸਿਖਾਉਣ ਵਾਲੀ ਉਹਨਾਂ ਏਨੇ ਪੜ੍ਹਿਆਂ-ਲਿਖਿਆਂ ਨੂੰ ? ਉਹਨਾਂ ਤੋਂ ਤਾਂ ਦੁਨੀਆ ਸਿੱਖਦੀ ਐ।

ਨਿਹਾਲ ਕੌਰ : ਟਿੱਲ ਤਾਂ ਬਥੇਰਾ ਲਾਉਨੀ ਐਂ। ਮੇਰਾ ਪੁੱਤ ਐ, ਨਹੀਂ ਸਿੱਟਦਾ, ਮੇਰੀ ਗੱਲ। ਤੇਰੇ ਵੱਲੋਂ ਤਾਂ ਕੋਈ ਕਸਰ ਨਹੀਂ !

ਮਨਜੀਤ : ਕਿਉਂ, ਮੈਂ ਕੀ ਕਰਦੀ ਆਂ, ਮਾਂ ਜੀ ? ਮੈਂ ਕੋਈ ਤੁਹਾਡੀ ਗੱਲ ਸਿੱਟਦੀ ਆਂ, ਬਈ ਉਹਨਾਂ ਨੂੰ ਸੁੱਟਣ ਲਈ ਆਖਾਂ ?

ਨਿਹਾਲ ਕੌਰ : ਆਖ ਲਈਂ, ਆਜੂਗਾ ਪਰਸੋਂ ਨੂੰ। ਤਿੰਨਾਂ-ਚਹੁੰ ਦਿਨਾਂ ਦੀ ਬਥੇਰੇ ਅਛਨੇ-ਪਛਨੇ ਕਰਦੀ ਐਂ। ਸੋਹਣੀ ਬਣਕੇ ਦਿਖਾਵੇਂਗੀ, ਉਹਨੂੰ।

ਮਨਜੀਤ : ਮਾਂ ਜੀ, ਇਹ ਭਲਾ ਕੀ ਗੱਲ ਕੀਤੀ, ਤੁਸੀਂ ? ਉਹਨਾਂ ਨੂੰ ਨਾ ਸੋਹਣੀ ਬਣਕੇ ਦਿਖਾਵਾਂ ਤਾਂ ਹੋਰ ਕੀਹਨੂੰ ਦਿਖਾਵਾਂ ?

ਨਿਹਾਲ ਕੌਰ : ਚੰਗਾ, ਜਵਾਬੋਂ ਨੀ ਤੂੰ ਖੁੰਝਦੀ ! ਜਵਾਬ ਹਰੇਕ ਗੱਲ ਦਾ ਤੁਰਤ ਦੇਣ ਜਾਣਦੀ ਐਂ । ਗੋਭੀ ਦੇਖ ਕਿੱਡੀ-ਕਿੱਡੀ ਕੱਟੀ ਐ ! ਡੰਗਰਾਂ ਨੇ ਖਾਣੀ ਐ, ਇਹ ?

ਮਨਜੀਤ : ਨਹੀਂ, ਮਾਂ ਜੀ ! ਬਾਪੂ ਜੀ ਬਹੁਤੀ ਛੋਟੀ ਕੱਟੀ ਹੋਈ ਪਸੰਦ ਨਹੀਂ ਕਰਦੇ।

ਨਿਹਾਲ ਕੌਰ : ਬਾਪੂ ਜੀ, ਬਾਪੂ ਜੀ ਐਹ ਕਹਿੰਦੇ ਨੇ, ਬਾਪੂ ਜੀ, ਔਹ ਕਹਿੰਦੇ ਨੇ। ਬਾਪੂ ਜੀ ਕੀ ਕਹੇ ਹੁਣ, ਸਿਆਣਾ ਆਦਮੀ ? ਵੱਡੀ ਕੱਟ ਦਿੰਨੀ ਐਂ ਤਾਂ ਉਹ ਵੱਡੀ-ਵੱਡੀ ਖਾ ਲੈਂਦਾ ਏ। ਸਾਡੇ ਸਮੇਂ ਤਾਂ ਬਾਪੂ ਜੀ ਵੀ ਬਥੇਰਾ ਚੜ੍ਹਦੇ ਤੋਂ ਚੜ੍ਹਦਾ ਸੀ। ਸਾਡੇ ਕੋਲੋਂ ਤਾਂ ਕਿਤੇ ਸਬਜ਼ੀ-ਭਾਜੀ ਵਿੱਚ ਕੋਈ ਨੁਕਸ ਰਹਿ ਜਾਂਦਾ ਸੀ ਤਾਂ ਥਾਲ਼ ਮੱਥੇ ਵਿੱਚ ਮਾਰਦੇ ਸੀ। ਅੱਜ-ਕੱਲ੍ਹ ਦੀਆਂ ਨੂੰਹਾਂ ਤਾਂ ਸਹੁਰਿਆਂ ਨੂੰ ਵੀ ਡਰਾ ਲੈਂਦੀਆਂ ਨੇ।

ਮਨਜੀਤ : ਮੈਂ ਕਾਹਨੂੰ ਕਿਸੇ ਨੂੰ ਡਰਾਉਣੈ, ਮਾਂ ਜੀ ? ਮੈਂ ਤਾਂ ਤੁਹਾਡੀ ਸਭ ਦੀ ਸੇਵਕ ਆਂ।

ਨਿਹਾਲ ਕੌਰ : ਤਾਂ ਹੀ ਸਭ ਕੰਮ ਫੁਰਤੀ ਨਾਲ ਕਰ ਦਿੰਨੀ ਐਂ। ਬੱਡੀ ਸੇਵਕ, ਹੁਣ ਬਹੁਤੀ-ਬਹੁਤੀ ਅੱਗ ਬਾਲ਼ ਕੇ ਕਰ ਲਵੇਂਗੀ ਸਬਜ਼ੀ ਤਿਆਰ ਤੇ ਉਹ ਭਲਾਮਾਣਸ ਵੀ ਖਾ ਜਾਊ, ਅੱਧ-ਰਿੱਝੀ।

ਮਨਜੀਤ : ਨਹੀਂ, ਮਾਂ ਜੀ, ਬਾਪੂ ਜੀ ਭਾਜੀ ਬਹੁਤ ਰਿੱਝੀ ਪਸੰਦ ਨਹੀਂ ਕਰਦੇ, ਖੜ੍ਹਵੀਂ ਖਾ ਕੇ ਖ਼ੁਸ਼ ਨੇ।

ਨਿਹਾਲ ਕੌਰ : ਚੰਗਾ ! ਹੋਰ ਮੱਤਾਂ ਨਾ ਦੇਹ ਮੈਨੂੰ। ਦਿਨ ਵੱਲ ਦੇਖ ਜ਼ਰਾ! (ਆਪਣੇ ਗਲੋਟਿਆਂ ਵੱਲ ਦੇਖ ਕੇ) ਮੈਂ ਤਿੰਨ ਗਲੋਟੇ ਲਾਹ ਲਏ ਨੇ, ਸਵੇਰ ਦੇ। ਚੌਥਾ ਭਰਿਆ ਹੋਇਐ। ਇਹਦੇ ਕੋਲੋਂ ਹਾਰ-ਸ਼ਿੰਗਾਰ ਈ ਮਸਾਂ ਪੂਰਾ ਹੋਇਐ।

ਮਨਜੀਤ : ਮਾਂ ਜੀ, ਮੈਂ ਜ਼ਰਾ ਪੜ੍ਹਨ ਬੈਠ ਗਈ ਸੀ। ਨ੍ਹਾਉਣ-ਧੋਣ 'ਤੇ ਤਾਂ ਮੈਂ ਪੰਦਰਾਂ ਮਿੰਟ ਵੀ ਨਹੀਂ ਲਾਏ।

ਨਿਹਾਲ ਕੌਰ : ਪੜ੍ਹਨ ਬੈਠ ਗਈ ਸੀ ! ਇਹ ਵੀ ਕੰਮ ਸੀ, ਮੇਰਾ ! ਪੜ੍ਹਾ ਦਿੱਤੀ ਐ ਮਾਂ ਨੇ, ਚਾਰ ਅੱਖਰ ਤੇ ਦਿਖਾਉਂਦੀ ਐ, ਸਭ ਨੂੰ ਵਿਦਵਾਨ ਬਣ ਕੇ। ਇੱਕ ਗੁਆਂਢਣ ਮਿਲ਼ ਗਈ ਐ, ਓਹੀ-ਜਿਹੀ ਇਹਨੂੰ।

ਮਨਜੀਤ : (ਚੁੱਲ੍ਹੇ ਤੇ ਸਬਜ਼ੀ ਰੱਖਦੀ ਹੋਈ ਖੜ੍ਹੀ ਹੋ ਕੇ) ਰੱਬ ਦਾ ਵਾਸਤਾ, ਮਾਂ ਜੀ! ਗੁਆਂਢਣ ਵਿਚਾਰੀ ਨੂੰ ਨਾ ਕੁਛ ਕਹੋ।

ਨਿਹਾਲ ਕੌਰ : ਕਿਉਂ ਨਾ ਕਹਾਂ ? ਉਹੀ ਤਾਂ ਤੈਨੂੰ ਪੁੱਠੀਆਂ ਮੱਤਾਂ ਦਿੰਦੀ ਐ।

ਮਨਜੀਤ : (ਕੁਝ ਖਿਝ ਕੇ) ਕੀ ਪੁੱਠੀਆਂ ਮੱਤਾਂ ਦਿੰਦੀ ਐ, ਮੈਨੂੰ ?

ਨਿਹਾਲ ਕੌਰ : ਬਣਾ ਲਈ ਐ ਸਭਾ, ਮਾਂ ਵਾਲ਼ੀ। ਜੱਗ ਜਿੱਤ ਲਉਗੀਆਂ ਇਹ ਸਭਾਵਾਂ ਬਣਾ ਕੇ। ਰਾਤ ਬੈਠੀ ਰਹੀ ਐ, ਅੱਧੀ ਰਾਤ ਤੱਕ, ਉਹਦੇ ਕੋਲ਼। ਹੋਰ ਮਿਲ਼ ਗਈਆਂ ਨੇ ਬਥੇਰੀਆਂ ਉਹਦੀ ਚੌਕੀ ਭਰਨ ਨੂੰ। ਅਖੇ ਮੀਟਣ ਹੁੰਦੀ ਐ, ਸਾਡੀ!

ਮਨਜੀਤ : ਅੱਧੀ ਰਾਤ ਕਿਹੜੀ, ਮਾਂ ਜੀ ? ਪੰਦਰਾਂ ਮਿੰਟ ਲਈ ਗਈ ਸੀ, ਉਹ ਵੀ ਤੁਹਾਥੋਂ ਪੁੱਛ ਕੇ।

ਨਿਹਾਲ ਕੌਰ : ਹਾਂ, ਮੈਥੋਂ ਪੁੱਛ ਕੇ! ਮੇਰੇ ਪੁੱਛਣ ਨੂੰ ਬਹੁਤ ਉਡੀਕਦੀ ਐਂ, ਤੂੰ ! ਕਹਿ ਗਈ ਹੋਵੇਂਗੀ, ਜਾਂਦੀ-ਜਾਂਦੀ। ਮੈਨੂੰ ਪੁੱਛਿਆ ਸੀ, ਸਭਾ ਦੀ ਮੰਬਰ ਬਣਨ ਲੱਗੀ ਨੇ ? ਹੋਰ ਨਵਾਂ ਢੰਗ ਕੱਢਿਐ ਏਹਨਾਂ ਨੇ ਖ਼ਸਮਾਂ ਨੂੰ ਵੱਸ ਕਰਨ ਦਾ। ਇਉਂ ਤੂੰ ਮੇਰੇ ਮੁੰਡੇ ਦੇ ਲੈਕ ਬਣ ਜਾਵੇਂਗੀ, ਸਭਾ ਦੀ ਮੈਂਬਰ ਬਣ ਕੇ ?

ਮਨਜੀਤ : ਲਾਇਕ ਨੂੰ ਮੇਰੇ ਵਿੱਚ ਕੀ ਨੁਕਸ ਐ, ਮਾਂ ਜੀ ? ਮੈਂ ਅੰਨ੍ਹੀ ਆਂ, ਕਾਣੀ ਆਂ, ਗੁੰਗੀ ਆਂ, ਬੋਲ਼ੀ ਆਂ ?

ਨਿਹਾਲ ਕੌਰ : ਗੁੰਗੀ ਤੈਨੂੰ ਕੌਣ ਬਣਾਉਂਦਾ ਐ ? ਬਥੇਰੀ ਚੱਲਦੀ ਐ, ਲੁਤਰ-ਲੁਤਰ ਜ਼ਬਾਨ। ਬਣਾ ਲੈ ਜਿਹੜੀਆਂ ਸਭਾਵਾਂ ਬਣਾਉਣੀਆਂ ਨੇ। ਕਰ ਲੈ ਮਨਸੂਬੇ, ਗੁਆਂਢਣ ਨਾਲ਼। ਮੇਰੇ ਮੁੰਡੇ ਦੇ ਲੈਕ ਨੀ ਬਣਨ ਲੱਗੀ, ਤੂੰ।

ਮਨਜੀਤ : ਮੁੰਡਾ ਤਾਂ ਬਥੇਰਾ ਚੰਗੈ, ਮਾਂ ਜੀ ! ਤੇਰੇ ਈ ਲਾਇਕ ਨਹੀਂ ਮੈਂ।

ਨਿਹਾਲ ਕੌਰ : ਚੱਲ ਏਵੇਂ ਸਈ, ਮੈਂ ਹੀ ਕਹਿੰਦੀ ਸਈ, ਮੁੰਡੇ ਨੂੰ ਵਿਆਹ ਕਰਾਉਣ ਨੂੰ, ਦੂਜਾ। ਮੇਰਾ ਕੀ ਵੱਗ ਨਾ ਛਿੜਨ ਦੇਵੇਂਗੀ ਤੂੰ ?

ਮਨਜੀਤ : ਗੱਲ ਤਾਂ ਹਾਹ ਇ। ਏਸੇ ਗੱਲੋਂ ਤਾਂ ਮੇਰੀ ਸਬਜ਼ੀ ਵਿੱਚ ਨੁਕਸ ਵਜ਼ੀਂਦੇ ਨੇ ! ਚੱਲੋ, ਮਾਂ ਜੀ, ਵਿਆਹ ਦੇਣਾ ਤੁਸੀਂ, ਮੁੰਡੇ ਨੂੰ ਦੂਜੇ ਥਾਉਂ, ਐਵੇਂ ਰੋਜ਼ ਦਾ ਕਲੇਸ਼ ਕਾਹਨੂੰ ਕਰਦੇ ਓ ? ਮੈਂ ਵੀ ਸਭਾ ਦਾ ਕੰਮ ਕਰਨ ਨੂੰ ਵਿਹਲੀ ਹੋ ਜਾਊਂਗੀ।

ਨਿਹਾਲ ਕੌਰ : ਵਿਹਲੀ ਤਾਂ ਤੂੰ ਹੋਣਾ ਚਾਹੁੰਨੀ ਐਂ, ਗੁਆਂਢਣ ਆਂਗੂੰ। ਉਹਦਾ ਤਾਂ ਲੁਕਿਆ ਫਿਰਦਾ ਇ ਦਰ-ਬਦਰ ਧੱਕੇ ਖਾਂਦਾ। ਅਖੇ ਜੀ, ਅਸੀਂ ਲੋਕਾਂ ਦੀ ਸੇਵਾ ਕਰਦੇ ਆਂ ਤੇ ਸਾਨੂੰ ਸਰਕਾਰ ਕਰਨ ਨਹੀਂ ਦਿੰਦੀ।

ਮਨਜੀਤ : ਆਹੋ, ਓਸ ਵਿਚਾਰੇ ਨੇ ਕੀ ਵਿਗਾੜਿਐ, ਕਿਸੇ ਦਾ ? ਲੋਕਾਂ ਦੇ ਭਲੇ ਦੀ ਗੱਲ ਈ ਕਰਦਾ ਸੀ, ਕੋਈ।

ਨਿਹਾਲ ਕੌਰ : ਏਸੇ ਗੱਲੋਂ ਤਾਂ ਮੈਂ ਡਰਦੀ ਆਂ। ਮੇਰੇ ਮੁੰਡੇ ਨੂੰ ਵੀ ਕਿਤੇ ਆਪਣੇ ਅਰਗਾ ਨਾ ਬਣਾ ਲਈਂ ! ਹੋਰ ਉਹਦੀ ਨੌਕਰੀ ਤੁੜਾਉਂਦੀ ਹੋਵੇਂ।

ਮਨਜੀਤ : ਤਾਂ ਹੀ ਤੁਸੀਂ ਦੂਜੀ ਨੋਂਹ ਲਿਆਉਣ ਨੂੰ ਤਾਂਘਦੇ ਓ ! ਕਿਸੇ ਥਾਣੇਦਾਰ ਦੀ ਧੀ ਲਿਆਇਓ, ਮਾਂ ਜੀ, ਜਿਹੜੀ ਨੌਕਰੀ ਨਾ ਟੁੱਟਣ ਦੇਵੇ।

ਨਿਹਾਲ ਕੌਰ : ਠਾਣੇਦਾਰ ਦੀਆਂ ਧੀਆਂ ਦਾ ਘਾਟਾ ਨਹੀਂ, ਮੇਰੇ ਮੁੰਡੇ ਨੂੰ।

ਮਨਜੀਤ : ਮੈਂ ਹੀ ਆਪਣੇ ਪਿਤਾ ਜੀ ਨੂੰ ਕਹਾ ਭੇਜਦੀ ਆਂ, ਥਾਣੇਦਾਰੀ ਵਿੱਚ, ਦਰਖ਼ਾਸਤ ਦੇ ਦੇਣ। ਤੁਸੀਂ ਉਹਨਾਂ ਨੂੰ ਥਾਣੇਦਾਰ ਬਣਵਾ ਦਿਓ।

ਨਿਹਾਲ ਕੌਰ : ਮਖੌਲ ਕਰਨ ਬਥੇਰੇ ਜਾਣਦੀ ਐਂ !

ਮਨਜੀਤ : ਧੁੱਪ ਆ ਗਈ ਐ, ਮਾਂ ਜੀ, ਤੁਹਾਡੇ ਚਰਖੇ ਨੂੰ। ਲਿਆਓ, ਮੈਂ ਤੁਹਾਡਾ ਚਰਖਾ ਛਾਂਵੇਂ ਕਰ ਦਿਆਂ। (ਚਰਖਾ ਚੁੱਕ ਕੇ ਛਾਂਵੇਂ ਕਰਦੀ ਹੈ। ਨਿਹਾਲ ਕੌਰ ਪੀੜ੍ਹੀ ਚੁੱਕ ਕੇ ਨਵੇਂ ਥਾਂਓਂ ਜਾ ਬੈਠਦੀ ਹੈ। ਮਨਜੀਤ ਗਲੋਟਿਆਂ, ਪੂਣੀਆਂ ਦਾ ਬੋਹੀਆ ਚੁੱਕ ਕੇ ਨਿਹਾਲ ਕੌਰ ਕੋਲ ਲਿਆ ਰੱਖਦੀ ਹੈ ਤੇ ਫਿਰ ਅੰਦਰ ਨੂੰ ਚਲੀ ਜਾਂਦੀ ਹੈ।)

ਨਿਹਾਲ ਕੌਰ : ਆਹ ਕੀ ਭਾਂਬੜ ਬਾਲ਼ ਗਈ ਐਂ ? ਮੱਠੀ ਕਰ ਆ ਕੇ, ਅੱਗ। ਧੁਆਂਖ ਜਾਊਗੀ, ਸਾਰੀ ਸਬਜ਼ੀ, ਨਹੀਂ ਤਾਂ !

ਮਨਜੀਤ : (ਅੰਦਰੋਂ ਹੀ) ਆਈ, ਮਾਂ ਜੀ, ਆਟਾ ਛਾਣ ਲਿਆਵਾਂ।

ਨਿਹਾਲ ਕੌਰ : ਬਾਹਰ ਆ ਕੇ ਛਾਣ ਲੈਂਦੀ, ਆਟਾ ! ਛਾਣਨੀ ਚੱਕਣੀ ਭਾਰੀ ਹੋਈ-ਹੋਈ ਐ, ਇਹਨੂੰ। (ਉੱਠਦੀ ਹੈ।) ਆਪ ਈ ਅੱਗ ਮੱਠੀ ਕਰ ਦਿਆਂ !

ਮਨਜੀਤ : (ਥਾਲ਼ੀ ਵਿੱਚ ਆਟਾ ਬਾਹਰ ਲਿਆ ਕੇ ਨਿਹਾਲ ਕੌਰ ਨੂੰ ਜੋ ਹੁਣ ਮੁੜ ਚਰਖੇ ਉੱਤੇ ਆ ਬੈਠੀ ਐ, ਦਿਖਾਉਂਦੀ ਹੋਈ) ਬਥੇਰਾ ਇ, ਮਾਂ ਜੀ, ਆਟਾ ?

ਨਿਹਾਲ ਕੌਰ : ਨੀ, ਐਨਾ ਆਟਾ ? ਕਿਹੜੀ ਦੱਖਣ-ਦੇਹਲ ਦੇਣੀ ਐਂ ਤੂੰ ?

ਮਨਜੀਤ : (ਹੱਸਦੀ ਹੋਈ) ਕਾਂ ਕੁਰਲਾਉਂਦੈ, ਮਾਂ ਜੀ, ਸਵੇਰ ਦਾ। ਖ਼ਬਰਾ, ਕੋਈ ਪਰਾਹੁਣਾ ਹੀ ਆ ਜਾਵੇ !

ਨਿਹਾਲ ਕੌਰ : ਮੇਰੇ ਪੁੱਤ ਨੇ ਤਾਂ ਅਜੇ ਪਰਸੋਂ ਨੂੰ ਆਊਣੈ ! ਹੋਰ ਕਿਹੜਾ ਇ ਤੇਰੇ ਪਰਾਹੁਣਾ ਆਊਣ ਵਾਲ਼ਾ ?

ਮਨਜੀਤ : ਖ਼ਬਰਾ, ਮੇਰਾ ਵੀਰ ਈ ਆ ਜਾਵੇ !

ਨਿਹਾਲ ਕੌਰ : ਤੇਰੇ ਵੀਰ ਨੇ ਕੀ ਕਰਨ ਆਉਣੈਂ ?

ਮਨਜੀਤ : (ਮਖੌਲ ਨਾਲ਼) ਭੈਣ ਨੂੰ ਮਿਲਣ। ਨਾਲ਼ੇ ਭਣੋਈਏ ਦੀ ਖ਼ਾਤਰਦਾਰੀ ਲਈ ਦੋ ਦਿਨ ਪਹਿਲੋਂ ਈ ਹਾਜ਼ਰ ਹੋਣਾ ਜੋਗ ਐ।

ਨਿਹਾਲ ਕੌਰ : ਐਡਾ ਤਾਬਿਆਦਾਰ ਭਣੋਈਏ ਦਾ, ਛੇਣੀਓਂ ਜਾ ਕੇ ਲੈ ਆਵੇ !

ਮਨਜੀਤ : ਲੁਦਿਹਾਣੇ ਤਾਂ ਜਾ ਈ ਮਿਲੂ, ਆਉਂਦਿਆਂ ਨੂੰ ! ਮੈਂ ਵੀ ਚਲੀ ਜਾਵਾਂ ਨਾਲ਼ ਲੁਦਿਹਾਣੇ, ਤੁਹਾਡੇ ਪੁੱਤ ਨੂੰ ਮਿਲਣ, ਮੂਹਰਿਉਂ ?

ਨਿਹਾਲ ਕੌਰ : ਆਹੋ ! ਲੁਦੇਹਾਣੇ ਜਾ ਕੇ ਮੂਹਰਿਓਂ ਮਿਲੋਂਗੇ ਤਾਂ ਹੀ ਸਿਖਾਓਗੇ ਕੁਛ।

ਮਨਜੀਤ : (ਮਖੌਲ ਨਾਲ਼) ਘਰ ਆਇਆਂ ਨੂੰ ਤਾਂ ਤੁਸੀਂ ਸਿਖਾਉਣ ਨੀ ਦੇਣਾ !

ਨਿਹਾਲ ਕੌਰ : ਗੁਆਂਢਣ ਨੂੰ ਵੀ ਲੈ ਜਾਈਂ, ਨਾਲ਼ !

ਮਨਜੀਤ : ਗੁਆਂਢਣ ਨਾਲ਼ ਤੁਹਾਨੂੰ ਕਾਹਦੀ ਜ਼ਿਦ ਹੋ ਗਈ, ਮਾਂ ਜੀ ? ਓਸ ਵਿਚਾਰੀ ਨੇ ਤੁਹਾਡਾ ਕੀ ਵਿਗਾੜਿਐ ?

ਨਿਹਾਲ ਕੌਰ : ਮੇਰਾ ਕੀ ਵਿਗਾੜ ਸਕਦੀ ਐ ? ਵਿਗਾੜੇ ਆਪਣੇ ਘਰਦਿਆਂ ਦਾ ਜਾਂ ਵਿਗਾੜੂ ਤੇਰੇ ਅਰਗੀਆਂ ਮਗਰ ਲੱਗਣ ਵਾਲ਼ੀਆਂ ਦਾ।

ਮਨਜੀਤ : ਚੰਗਾ, ਮਾਂ ਜੀ! ਜਿਵੇਂ ਤੁਹਾਡੀ ਮਰਜ਼ੀ। (ਚੌਂਕੇ ਵਿੱਚ ਜਾ ਕੇ ਆਟਾ ਗੁੰਨ੍ਹਣ ਲੱਗ ਜਾਂਦੀ ਹੈ)।

ਨਿਹਾਲ ਕੌਰ : ਨੀ, ਕੱਢ ਦਿੰਦੀ ਕੁਛ ਆਟਾ!

ਮਨਜੀਤ : ਮਾਂ ਜੀ, ਇੱਕ ਜਣੇ ਜੋਗਾ ਵਾਧੂ ਈ ਚੰਗਾ ਹੁੰਦਾ ਇ।

ਨਿਹਾਲ ਕੌਰ : ਆਉਣਾ ਹੋਊ ਕਿਸੇ ਨੇ ਤੇਰੇ ਪੇਕਿਆਂ ਤੋਂ, ਦੱਸਦੀ ਨੀ ਤੂੰ, ਬੜੀ ਮਿੰਨ੍ਹੀ ਐਂ!

ਮਨਜੀਤ : ਆਹੋ, ਮਾਂ ਜੀ, ਸੁਖਰਾਜ ਨੇ ਆਉਣੈ!

ਨਿਹਾਲ ਕੌਰ : ਨੀ, ਉਹ ਕੌਣ ਐਂ ? ਤੇਰੇ ਭਰਾ ਦਾ ਨਾਂਉਂ ਤਾਂ ਕੁਛ ਹੋਰ ਐ।

ਮਨਜੀਤ : ਮਾਂ ਜੀ, ਇਹ ਸਾਡੀ ਜ਼ਿਲ੍ਹੇ ਦੀ ਸਭਾ ਦੀ ਸਕੱਤਰ ਐ।

ਨਿਹਾਲ ਕੌਰ : ਇਹ ਕਿੱਥੋਂ ਦੀ ਐ ? ਗੁਆਂਢਣ ਅਰਗੀ ਤਾਂ ਨਹੀਂ ਕੋਈ ਛੁੱਟੜ ?

ਮਨਜੀਤ : ਮਾਂ ਜੀ, ਗੁਆਂਢਣ 'ਤੇ ਐਨੀ ਕਰੋਪੀ ਕਾਹਦੀ ਆਉਂਦੀ ਐ, ਤੁਹਾਨੂੰ ?

ਨਿਹਾਲ ਕੌਰ : ਆਵੇ ਨਾ ? ਤੇਰੇ ਅਰਗੀਆਂ ਨੂੰ ਵਿਗਾੜਦੀ ਐ। ਸਭਾ ਬਣਾਉਂਦੀਆਂ ਨੇ, ਇਹ। ਕੀ ਕਰੋਂਗੀਆਂ ਤੁਸੀਂ ਸਭਾ ਨਾਲ ? ਜ਼ਮੀਨਾਂ 'ਚੋਂ ਹਿੱਸੇ ਦਿਵਾਉਣਗੀਆਂ, ਇਹ! ਆਪਣੇ ਪਿਓ ਦੀ ਜ਼ਮੀਨ 'ਚੋਂ ਲਿਆ ਤਾਂ ਪਹਿਲਾਂ ਤੂੰ ਹੀ ਹਿੱਸਾ।

ਮਨਜੀਤ : ਫੇਰ ਤਾਂ ਨਹੀਂ ਤੂੰ ਆਪਣੇ ਪੁੱਤ ਦਾ ਦੂਜਾ ਵਿਆਹ ਕਰਾਵੇਂਗੀ, ਮਾਂ ਜੀ ?

ਨਿਹਾਲ ਕੌਰ : ਤਾਂ ਏਸੇ ਗੱਲ ਦੇ ਸਾਰੇ ਪੁਆੜੇ ਨੇ! ਮੇਰੇ ਮੁੰਡੇ ਦਾ ਵਿਆਹ ਰੋਕਣ ਨੂੰ ਇਸਤਰੀ ਸਭਾ ਬਣਾਈ ਐ।

ਮਨਜੀਤ : ਤੇਰੇ ਮੁੰਡੇ ਨੂੰ ਖ਼ਾਸ ਇਜਾਜ਼ਤ ਲੈ ਦਿਆਂਗੇ, ਮਾਂ ਜੀ, ਸਭਾ ਤੋਂ।

ਨਿਹਾਲ ਕੌਰ : ਤੇਰੀ ਸਭਾ ਦੀ ਇਜਾਜ਼ਤ ਨਾਲ਼ ਈ ਵਿਆਹ ਹੋਣੈ ਭਲਾ, ਮੇਰੇ ਮੁੰਡੇ ਨੇ !

ਮਨਜੀਤ : (ਆਟਾ ਗੁੰਨ੍ਹ ਕੇ, ਗਿੱਲਾ ਪੋਣਾ ਦੇ ਕੇ ਜਾਲ਼ੀ ਵਿੱਚ ਰੱਖਦੀ ਹੈ ਤੇ ਫਿਰ ਨਿਹਾਲ ਕੌਰ ਕੋਲ਼ ਆਉਂਦੀ ਹੈ।) ਇੱਕ ਗੱਲ ਦੀ ਹੋਰ ਮਨਜ਼ੂਰੀ ਦਿਓ, ਮਾਂ ਜੀ। ਆਉਣ ਆਲ਼ੇ ਪਰਾਹੁਣੇ ਲਈ ਕੋਈ ਮਿੱਠੀ ਚੀਜ਼ ਬਣਾ ਲਵਾਂ ?

ਨਿਹਾਲ ਕੌਰ : ਨੀ, ਆਉਣਾ ਕੀਹਨੇ ਐਂ, ਤੇਰੇ ? ਮੇਰੇ ਮੂੰਹੋਂ ਕੁਛ ਹੋਰ ਸੁਣਦੀ ਐਂ!

ਮਨਜੀਤ : ਲੱਗਦੇ ਨੇ, ਕਹਿ ਦੇਹ, ਮਾਂ ਜੀ ! ਕਾਹਨੂੰ ਰੱਖਦੀ ਐਂ, ਦਿਲ ਵਿੱਚ ?

ਨਿਹਾਲ ਕੌਰ : ਦੇਖਿਆ ! ਆਪੇ ਮੇਰੇ ਮੂੰਹ ਵਿੱਚ ਗੱਲ ਪਾਉਂਦੀ ਐ, ਫੇਰ ਕਹੂਗੀ ਗਾਲ੍ਹਾਂ ਕੱਢਦੀ ਐ। ਨੀ ਬੜੀ ਖੇਖਣਹਾਰੀ ਐਂ, ਤੂੰ !

ਮਨਜੀਤ : ਚੰਗਾ, ਮਾਂ ਜੀ, ਤੁਸੀਂ ਤਾਂ ਕਿਸੇ ਲੋਟ ਵੀ ਰਾਸ ਨਹੀਂ ਆਉਣਾ। (ਅੰਦਰ ਨੂੰ ਚਲੀ ਜਾਂਦੀ ਹੈ।)

ਨਿਹਾਲ ਕੌਰ : ਏਹ ਬਹੂ ਕਰਦੀ ਕੀ ਫਿਰਦੀ ਐ! (ਆਪਣੇ-ਆਪ ਨੂੰ) ਮੈਨੂੰ ਤਾਂ ਟਿੱਚ ਈ ਜਾਣਦੀ ਐ। ਇਹ ਸਮਝਦੀ ਹੈ, ਮੁੰਡਾ ਮੇਰੇ ਨਾਲ਼ ਰਾਜ਼ੀ ਐ ਤਾਂ ਮੈਨੂੰ ਕਿਸੇ ਦੀ ਕੀ ਪਰਵਾਹ ਇ! ਇਹਨੂੰ ਇਹ ਨੀ ਪਤਾ, ਮੁੰਡਾ ਦੂਜਾ ਵਿਆਹ ਕਰਾਉਣ ਤੋਂ ਮੈਂ ਈ ਰੋਕਿਆ ਹੋਇਐ। ਹੁਣ ਨੀ ਮੈਂ ਰੋਕਣਾ। ਇਹਦੇ ਜਿਹੜੀ ਕੁਥਾਉਂ ਬੁਰਕੀ ਪਈ ਐ।

ਮਨਜੀਤ : (ਅੰਦਰੋਂ ਹੀ) ਮਾਂ ਜੀ, ਖੰਡ ਤਾਂ ਮੁੱਕ ਚੱਲੀ! ਪਰਸੋਂ ਤੁਹਾਡੇ ਪੁੱਤ ਨੇ ਆਉਣਾ ਇ। ਬਾਪੂ ਜੀ ਤੋਂ ਹੋਰ ਮੰਗਾ ਲਓ।

ਨਿਹਾਲ ਕੌਰ : ਆਹੋ, ਮੁੱਕੂ ਨਾ ਤਾਂ ਹੋਰ ਕੀ ਹੋਊ ? ਜਦੋਂ ਕੁਣਕੇ ਕਰ-ਕਰ ਖੁਆਵੇਂਗੀ, ਸਭਾ ਵਾਲ਼ੀਆਂ ਨੂੰ!

ਮਨਜੀਤ : (ਅੰਦਰੋਂ ਹੀ) ਮਾਂ ਜੀ ! ਬੜੇ ਵੱਡੇ ਘਰ ਦੀ ਐ, ਇਹ ਸਾਡੀ ਸਕੱਤਰ। ਐਵੇਂ ਨਾ ਸਮਝ ਛੱਡੀਂ!

ਨਿਹਾਲ ਕੌਰ : ਹੋਣੀ ਐ, ਕੋਈ ਛੁੱਟੜ! ਵੱਡੇ ਅਫ਼ਸਰਾਂ ਦੀਆਂ ਬਹੂਆਂ ਤਾਂ ਏਸ ਸਭਾ ਦੀਆਂ ਮੰਬਰ ਈ ਬਣਨਗੀਆਂ। ਹੋਰ ਉਹਨਾਂ ਨੂੰ ਕੰਮ ਐਂ, ਕੋਈ !

ਮਨਜੀਤ : (ਅੰਦਰੋਂ ਥਾਲ਼ੀ ਵਿੱਚ ਖੰਡ ਤੇ ਘਿਓ ਲੈ ਕੇ ਬਾਹਰ ਆਉਂਦੀ ਹੈ)। ਤੁਹਾਨੂੰ ਤਾਂ ਸਭ ਕੋਈ ਛੁੱਟੜ ਈ

ਲੱਗਦੇ, ਮਾਂ ਜੀ ! ਕਿਉਂ ਵਿਚਾਰੀਆਂ ਭਲੇ ਘਰਾਂ ਦੀਆਂ ਨੂੰ ਬੋਲ-ਕਬੋਲ ਬੋਲਦੇ ਓ ? ਮੈਨੂੰ ਈ ਕਹਿ ਲਿਆ ਕਰੋ, ਜੋ ਕੁਛ ਕਹਿਣਾ ਹੁੰਦੈ !

ਨਿਹਾਲ ਕੌਰ : ਆਹੋ, ਤੇਰਾ ਤਾਂ ਛੁੱਟੜ ਹੋਣ ਨੂੰ ਜੀਅ ਕਰਦਾ ਈ ਐ!

ਮਨਜੀਤ : ਮੇਰਾ ਤਾਂ ਕੋਈ ਨਹੀਂ ਕਰਦਾ ਜੀਅ, ਤੁਸੀਂ ਆਪਣੇ ਪੁੱਤ ਦੇ ਦੂਜੇ ਵਿਆਹ ਦੇ ਡਰਾਵੇ ਦਿੰਦੇ ਰਹਿੰਨੇ ਓਂ। ਪਰ ਮਾਂ ਜੀ, ਮੈਂ ਮਗਰੋਂ ਨਹੀਂ ਲਹਿਣ ਵਾਲੀ, ਐਡੀ ਸੌਖੀ! ਤੁਸੀਂ ਕਰੋ ਸਹੀ, ਆਪਣੇ ਪੁੱਤ ਦਾ ਦੂਜਾ ਵਿਆਹ, ਮੈਂ ਤੁਹਾਡੇ ਦਰ 'ਤੇ ਸ਼ਹੀਦ ਹੋ ਕੇ ਨਾ ਮਰ ਜਾਵਾਂ ! ਮਰਨ-ਬਰਤ ਧਾਰ ਲਊਂ, ਗਾਂਧੀ ਵਾਂਗੂੰ!

ਨਿਹਾਲ ਕੌਰ : ਇਹ ਮਰਨ ਦੇ ਡਰਾਵੇ, ਤੂੰ ਖ਼ੁਸ਼ੀ ਦੇਹ !

ਮਨਜੀਤ : (ਚੌਂਕੇ ਵੱਲ ਨੂੰ ਜਾਂਦੀ ਹੋਈ) ਚੰਗਾ ਬਈ, ਫੇਰ ਤਾਂ ਭੁੱਖੇ ਮਰਨਾ ਈ ਪੈਣੈ, ਹੁਣ ਤਾਂ ਕੁਣਕੇ ਖਾ ਲਈਏ ਤੇ ਖੁਆ ਲਈਏ, ਸਹੇਲੀਆ ਨੂੰ।

ਨਿਹਾਲ ਕੌਰ : ਚੰਗਾ, ਕਰ ਲੈ ਮਨ ਦੀਆਂ ਮਰਜ਼ੀਆਂ। ਆ ਲੈਣ ਦੇ ਮੁੰਡੇ ਨੂੰ। ਮੈਂ ਹੀ ਨਰਮ ਟੱਕਰੀ ਆਂ, ਤੈਨੂੰ। ਹੋਰ ਜੱਟੀਆਂ ਵਰਗੀ ਹੋਵਾਂ ਤਾਂ ਖੰਡ-ਘਿਓ ਨੂੰ ਜਿੰਦੇ ਨਾ ਲਾ ਕੇ ਰੱਖਾਂ ?

ਮਨਜੀਤ : ਨਰਮ ਤਾਂ ਮਾਂ ਜੀ, ਤੁਸੀਂ ਬੜੇ ਓਂ! ਕੜਾਹ ਨਾਲੋਂ ਵੀ ਕੂਲ਼ੇ ਓਂ!

ਨਿਹਾਲ ਕੌਰ : ਚਬਰ-ਚਬਰ ਨਾ ਕਰੀ ਜਾ, ਐਵੇਂ ਮਖੌਲ ਈ ਜਾਣ ਲਿਐ, ਇਹਨੇ ਮੈਨੂੰ। ਆਉਣ ਦੇ, ਤੇਰੀ ਸਕੱਤਰ ਨੂੰ, ਖੁਆਊਂ ਉਹਨੂੰ ਕੜਾਹ ! ਗੁੱਤੋਂ ਫੜ ਕੇ ਬਾਹਰ ਨਾ ਕੱਢ ਦੇਵਾਂ, ਦੋਹਾਂ ਨੂੰ (ਬਾਹਰ ਟਾਂਗੇ ਦਾ ਖੜਾਕ ਸੁਣਾਈ ਦਿੰਦਾ ਹੈ।)

ਮਨਜੀਤ : (ਉੱਬਲਦੀ ਚਾਹ ਨੂੰ ਥੱਲੇ ਲਾਹ ਕੇ, ਨੱਸੀ ਜਾਂਦੀ ਹੈ) ਸਕੱਤਰ ਆ ਗਈ, ਮਾਂ ਜੀ! (ਸਟੇਜ ਦੇ ਪਿੱਛੇ ਚਲੀ ਜਾਂਦੀ ਹੈ)।

ਨਿਹਾਲ ਕੌਰ : ਨੀ, ਕਿੱਧਰ ਨੱਠ ਚੱਲੀ, ਹੁਣ ! ਵੇਖੋ ਤਾਂ ਸਹੀ, ਐਂ ਦਗੜ-ਦਗੜ ਫਿਰਦੀ ਐ, ਜਿਵੇਂ ਪੇਕਾ-ਘਰ ਹੁੰਦੈ। (ਆਪਣੇ-ਆਪ ਨੂੰ) ਠੀਕ ਈ ਕੋਈ ਤਕੜੇ ਘਰ ਦੀ ਹੋਣੀ ਐਂ, ਜਿਹੜੀ ਟਾਂਗੇ 'ਤੇ ਆਈ ਐ। ਗੁਆਂਢਣ ਅਰਗੀ ਕੰਗਾਲ ਨੇ ਕੀ ਟਾਂਗਾ ਕਰ ਲਿਜਾਣੈ ਪਰ ਨੌਂਹ-ਧੀ ਨੂੰ ਐਡਾ ਆਪਮੁਹਾਰਾ ਨਹੀਂ ਹੋਣਾ ਚਾਹੀਦਾ। ਇੱਕ ਇਹਦੇ ਸਹੁਰੇ ਨੇ ਵੀ ਇਹ ਮਸਤਾ ਦਿੱਤੀ, ਘੁੰਡ ਚਕਾ ਕੇ। ਹੁਣ ਇਹ ਕਿਸੇ ਤੋਂ ਵੀ ਪੱਲਾ ਨੀ ਕਰਦੀ। ਬੀਹੀ ਵਿੱਚ ਨੰਗੇ ਮੂੰਹ ਉਘਾੜ ਜਾ ਖੜ੍ਹਦੀ ਐ।

(ਸਟੇਜ ਦੇ ਪਿੱਛੋਂ ਸੁਖਦੇਵ ਸਿੰਘ ਤੇ ਮਨਜੀਤ ਆਉਂਦੇ ਹਨ, ਇੱਕ-ਦੂਜੇ ਦੇ ਹੱਥ ਦੀ ਕੰਘੀ ਪਾਈ। ਨਿਹਾਲ ਕੌਰ ਦੇਖ ਕੇ ਹੱਕੀ-ਬੱਕੀ ਰਹਿ ਜਾਂਦੀ ਹੈ)।

ਸੁਖਦੇਵ : ਮਾਂ ਜੀ, ਮੱਥਾ ਟੇਕਦਾਂ!

ਨਿਹਾਲ ਕੌਰ : ਜੁਗ-ਜੁਗ ਜੀਅ, ਪੁੱਤ, ਤੂੰ ਤਾਂ ਪਰਸੋਂ ਆਉਣਾ ਸੀ! ਅੱਜ ਕਿਵੇਂ ਆ ਗਿਆ ? ਊਂ ਤਾਂ ਚੰਗਾ ਹੋਇਆ। (ਅੱਗੋਂ ਵਧ ਕੇ ਸੁਖਦੇਵ ਦਾ ਸਿਰ ਆਪਣੀ ਹਿੱਕ ਨਾਲ ਲਾਉਂਦੀ ਹੈ)।

ਸੁਖਦੇਵ : ਤੈਨੂੰ ਕੀਹਨੇ ਕਿਹਾ ਸੀ, ਮਾਂ ਜੀ, ਬਈ ਮੈਂ ਪਰਸੋਂ ਆਉਣੈ ?

ਨਿਹਾਲ ਕੌਰ : ਬੇ ਭਾਈ ਮੁੰਡਿਆ, ਤੇਰੀ ਬਹੂ ਤਾਂ ਬੜੀ ਚਲਾਕ ਐ ! ਏਸੇ ਖੇਖਣਹਾਰੀ ਨੇ ਮੈਨੂੰ ਦੱਸਿਆ ਸੀ, ਬਈ ਸਤਾਈ ਤਰੀਕ ਨੂੰ ਆਉਣੈਂ।

(ਮਨਜੀਤ ਮੁਸਕਰਾਈ ਜਾ ਰਹੀ ਹੈ।)

ਸੁਖਦੇਵ : ਪਰ ਮੈਂ ਤਾਂ ਬਾਪੂ ਜੀ ਨੂੰ ਚਿੱਠੀ ਲਿਖੀ ਸੀ। ਉਹਦੇ ਵਿੱਚ ਭੀ ਪੰਝੀ ਤਰੀਕ ਹੀ ਲਿਖੀ ਸੀ।

ਮਨਜੀਤ : ਸੁਖਦੇਵ ਜੀ, ਬਾਪੂ ਜੀ ਨੇ ਤੇ ਮੈਨੂੰ ਵੀ ਦੱਸਿਆ ਤਾਂ ਪੰਝੀ ਤਾਰੀਖ਼ ਹੀ ਸੀ। ਦੋ ਕੁ ਦਿਨਾਂ ਬਾਅਦ ਇਹ ਸਤਾਈ ਕਹਿਣ ਲੱਗ ਪਏ ਤਾਂ ਮੈਂ ਸਮਝਿਆ ਹੁਣ ਇਹਨਾਂ ਨੂੰ ਏਸ ਭੁਲੇਖੇ ਵਿੱਚ ਹੀ ਰਹਿਣ ਦੇਈਏ। ਕਿਉਂ, ਚੰਗਾ ਨੀ ਹੋਇਆ, ਮਾਂ ਜੀ, ਦੋ ਦਿਨ ਪਹਿਲੋਂ ਆ ਗਏ, ਸੁਖਦੇਵ ਜੀ ?

ਨਿਹਾਲ ਕੌਰ : ਚੰਗਾ ਤਾਂ ਹੋਇਆ ਪਰ ਤੂੰ ਮੁੰਡੇ ਦਾ ਨਾਂਉਂ ਕਦੋਂ ਦੀ ਲੈਣ ਲੱਗ ਪਈ ?

ਮਨਜੀਤ : ਇਹਨਾਂ ਨੇ ਆਪ ਈ ਲਾਇਆ, ਮਾਂ ਜੀ। ਪਿਛਲੀ ਵਾਰੀ ਜਦੋਂ ਛਾਉਣੀ ਰਹੀ ਆਂ ਤਾਂ ਇਹਨਾਂ ਨੇ ਨਾਂਉਂ ਲੈਣ ਲਾ ਲਿਆ। ਹੁਣ, ਮਾਂ ਜੀ, ਤੁਹਾਡੇ ਸਾਮ੍ਹਣੇ ਲੈਣਾ ਤਾਂ ਨਹੀਂ ਸੀ ਪਰ ਮੂੰਹ 'ਤੇ ਚੜ੍ਹਿਆ ਹੋਇਆ ਕਿੱਥੇ ਲਹਿੰਦੈ ?

ਨਿਹਾਲ ਕੌਰ : ਕਿਉਂ, ਵੇ ਮੁੰਡਿਆ, ਕੀ ਕਹਿੰਦੀ ਐ ?

ਸੁਖਦੇਵ : ਨਾਂਉਂ ਲੈਣ ਵਿੱਚ ਕੀ ਔਗੁਣ ਐ, ਮਾਂ ਜੀ ? ਆਪਣੇ ਪਿੰਡ ਦੀ ਰੱਜੀ ਮਿੱਤੇ ਦਾ ਨਾਉਂ ਲੈਂਦੀ ਹੈ ਤੇ ਕੂੜੀ ਤਾਂ ਰਤਨੇ ਨੂੰ ਕਹਿੰਦੀ, ਬੋਲ੍ਹਾ ਇ।

ਨਿਹਾਲ ਕੌਰ : ਚੰਗੇ ਲੱਭ ਲਏ ਨੇ ਗਵਾਹ, ਨਜ਼ੀਰ ਦੇਣ ਨੂੰ।

ਸੁਖਦੇਵ : ਮਾਂ ਜੀ। ਆਦਮੀ ਨੂੰ ਘਰ ਦੀ ਤੀਵੀਂ ਸਰਦਾਰ ਜੀ ਕਹਿੰਦੀ ਬੁਰੀ ਲੱਗਦੀ ਐ, ਸਾਨੂੰ ਤਾਂ। ਦੁਨੀਆ ਦੇ ਕਹਿਣ ਦੇ ਤਾਂ ਕੁਝ ਅਰਥ ਹੋਏ। ਜੇ ਇਹ ਮੈਨੂੰ ਸਰਦਾਰ ਜੀ ਕਹੇ ਤਾਂ ਮੈਂ ਇਹਨੂੰ ਸਰਦਾਰਨੀ ਜੀ ਕਿਹਾ ਕਰਾਂ ? ਮੇਰਾ ਮਿੱਤਰ ਸੋਹਣ ਸਿੰਘ ਆਪਣੀ ਵਹੁਟੀ ਨੂੰ ਸਰਦਾਰਨੀ ਕਹਿੰਦੈ, ਸਾਨੂੰ ਤਾਂ ਹਾਸਾ ਆਉਂਦੈ।

ਮਨਜੀਤ : ਚੰਗਾ, ਮਾਂ ਜੀ। ਤੁਸੀਂ ਏਸ ਝਗੜੇ ਨੂੰ ਨਿਪਟਾਓ, ਮੈਂ ਕੜਾਹ ਬਣਾ ਲਵਾਂ। (ਅਹੁਲ ਕੇ ਚੌਂਕੇ ਵੱਲ ਨੂੰ ਜਾਂਦੀ ਹੈ)।

ਨਿਹਾਲ ਕੌਰ : ਚੰਗਾ ਭਾਈ, ਥੁਆਡੇ ਨਵੇਂ ਪੋਚ ਦੇ ਨਵੇਂ ਰਾਹ । ਮੈਂ ਵੀ ਹੁਣ ਤੇਰੇ ਬਾਪੂ ਜੀ ਦਾ ਨਾਉਂ ਈ ਲਿਆ ਕਰੂੰ।

ਮਨਜੀਤ : (ਚੌਂਕੇ ਵਿੱਚ) ਮਾਂ ਜੀ ਦੇਖਿਓ ਕਿਤੇ ਬਾਪੂ ਜੀ ਨੂੰ ਗੁੱਸੇ ਨਾ ਕਰ ਲਿਓ, ਹੋਰ ਕਿਤੇ......!

ਨਿਹਾਲ ਕੌਰ : ਹੋਰ ਕਿਤੇ ਕੀ, ਵਿਆਹ ਕਰਾ ਲਊ ਦੂਜਾ, ਉਹ ?

ਮਨਜੀਤ : ਸਾਨੂੰ ਕੀ ਪਤਾ, ਮਾਂ ਜੀ ? ਦੂਜੇ ਵਿਆਹ ਦਾ ਰਿਵਾਜ ਤਾਂ ਤੁਹਾਡੇ ਪਿੰਡ ਈ ਹੋਣੈ, ਸਾਡੇ ਪਿੰਡ ਤਾਂ ਕੋਈ ਦੂਜੇ ਵਿਆਹ ਦਾ ਨਾਂਉਂ ਨਹੀਂ ਲੈਂਦਾ।

ਨਿਹਾਲ ਕੌਰ : ਥੁਆਡੇ ਪਿੰਡ ਨਾਂਉਂ ਵੀ ਲੈਂਦੀਆਂ ਹੋਣਗੀਆਂ ਤੀਵੀਂਆਂ, ਆਪਣੇ ਆਦਮੀਆਂ ਦਾ ?

ਮਨਜੀਤ : ਤੁਹਾਡੇ ਪਿੰਡ ਨਹੀਂ ਲੈਂਦੀਆਂ ? ਹੁਣੇ ਤਾਂ ਗਿਣਾਈਆਂ ਨੇ ਦੋ ਸੁਖਦੇਵ ਜੀ ਨੇ।

ਨਿਹਾਲ ਕੌਰ : (ਤਪ ਕੇ) ਬੱਸ, ਨੀ ਬਹੂ ! ਮੂੰਹ ਸੰਭਾਲ੍ਹ ਕੇ ਬੋਲ। ਮੈਂ ਨੀ ਏਸ ਘਰ ਵਿੱਚ ਤੈਨੂੰ ਨਾਂਉਂ ਲੈਣ ਦੇਣਾ ਆਪਣੇ ਪੁੱਤ ਦਾ!

ਸੁਖਦੇਵ : ਮਾਂ ਜੀ, ਸਰਦਾਰ ਜੀ ਮੈਂ ਵੀ ਨਹੀਂ ਕਹਾਉਣਾ!

ਮਨਜੀਤ : ਚੰਗਾ, ਫੇਰ, ਮੈਂ ਮਾਂ ਜੀ ਦੇ ਪੁੱਤ ਜੀ ਕਹਿ ਦਿਆਂ ਕਰੂੰ।

ਨਿਹਾਲ ਕੌਰ : ਦੇਖ ਲੈ ! ਹੈ ਬੜਦੀ ਜ਼ਬਾਨ, ਮੂੰਹ 'ਚ ?

ਸੁਖਦੇਵ : ਪਰ ਮਾਂ ਜੀ ! ਹੋਰ ਕਹੇ ਵੀ ਕੀ ? ਜੇ ਕੋਈ ਮੁੰਡਾ-ਕੁੜੀ ਹੋਵੇ ਤਾਂ ਉਹਨਾਂ ਦਾ ਪਿਓ ਕਹਿ ਕੇ ਈ ਬੁਲਾ ਲਿਆ ਕਰੇ। ਹੁਣ ਤਾਂ ਤੇਰਾ ਪੁੱਤ ਕਹਿ ਕੇ ਈ ਬੁਲਾਉਣਾ ਪਊ!

ਨਿਹਾਲ ਕੌਰ : (ਗੁੱਸੇ ਨਾਲ਼) ਮੁੰਡਾ-ਕੁੜੀ ਹੋ ਚੁੱਕੇ ਇਹਦੇ, ਢਾਈ ਸਾਲ ਹੋਏ ਵਿਆਹ ਨੂੰ ਤੇ ਮੁੰਡਾ-ਕੁੜੀ ਹੁੰਦੇ ਨੂੰ!

ਮਨਜੀਤ : ਏਸੇ ਕਰਕੇ ਤਾਂ ਮਾਂ ਜੀ ਨੇ ਤੁਹਾਡਾ ਦੂਜੇ ਵਿਆਹ ਦਾ ਪ੍ਰਬੰਧ ਕਰ ਛੱਡਿਆ ਹੋਇਐ।

ਨਿਹਾਲ ਕੌਰ : ਪ੍ਰਬੰਧ ਕੀਤਾ ਤਾਂ ਨਹੀਂ ਪਰ ਕਰਨਾ ਪਊ, ਤੇਰੇ ਇਹਨਾਂ ਲੱਛਣਾਂ ਤੋਂ!

ਸੁਖਦੇਵ : ਹਾਂ,ਬੜੀ ਖ਼ੁਸ਼ੀ ਨਾਲ਼ ਕਰੋ ਪ੍ਰਬੰਧ, ਮਾਂ ਜੀ, ਮੇਰੇ ਦੂਜੇ ਵਿਆਹ ਦਾ! ਮਨਜੀਤ ਮੇਰੇ ਕੋਲ਼ ਛਾਉਣੀ ਰਿਹਾ ਕਰੂ ਤੇ ਤੁਹਾਡੀ ਦੂਜੀ ਨੋਂਹ ਤੁਹਾਡੀ ਸੇਵਾ ਕਰਿਆ ਕਰੂ।

ਨਿਹਾਲ ਕੌਰ : ਕਿਉਂ, ਮੇਰੀ ਸੇਵਾ ਕਿਉਂ ਕਰਿਆ ਕਰੂ, ਉਹ ਸੁੱਖੀਂ-ਸਾਂਦੀ ?

ਮਨਜੀਤ : ਨਹੀਂ ਜੀ, ਮਾਂ ਜੀ ਦੀ ਸੇਵਾ ਕਰਨ ਨੂੰ ਮੈਂ ਰਹੂੰ, ਏਥੇ। ਮਾਂ ਜੀ ਨੂੰ ਮੇਰੀ ਸੇਵਾ ਬਹੁਤ ਪਸੰਦ ਆਈ ਲੱਗਦੀ ਐ।

ਨਿਹਾਲ ਕੌਰ : (ਸੁਖਦੇਵ ਵੱਲ) ਵੇ ਆ ਪੁੱਤ, ਮੂੰਹ-ਹੱਥ ਧੋ ਤੇ ਕੱਪੜੇ ਬਦਲ, ਥੱਕਿਆ ਹੋਵੇਂਗਾ! ਇਹਨੇ ਕੇਹਾ ਵਿਆਹ ਵਿੱਚ ਬੀ ਦਾ ਲੇਖਾ ਪਾ ਦਿੱਤਾ।

ਮਨਜੀਤ : ਨਹੀਂ, ਮਾਂ ਜੀ, ਕੜਾਹ ਵਿੱਚ ਵਿਆਹ ਦਾ ਲੇਖਾ। ਕੜਾਹ ਤਾਂ ਤਿਆਰ ਹੋ ਗਿਆ, ਵਿਆਹ ਦੀ ਦੇਖੋ।

ਸੁਖਦੇਵ : ਆਓ, ਮਾਂ ਜੀ, ਕੋਈ ਹੋਰ ਗੱਲ ਕਰੀਏ!
(ਸੁਖਦੇਵ ਤੇ ਨਿਹਾਲ ਕੌਰ ਸਟੇਜ ਦੇ ਪਿੱਛੇ ਜਾਂਦੇ ਹਨ।)

ਮਨਜੀਤ : (ਉੱਚੀ) ਮੈਂ ਕਿਹਾ ਜੀ, ਸੁਖਦੇਵ ਜੀ ਕਹਾਂ ਤਾਂ ਮਾਂ ਜੀ ਗੁੱਸੇ ਹੁੰਦੇ ਨੇ, ਸਰਦਾਰ ਜੀ ਕਹਾਂ ਤਾਂ ਤੁਸੀਂ ਨੀ ਮੰਨਦੇ, ਮੈਂ ਹੁਣ ਕਹਾਂ ਕੀ ?

ਸੁਖਦੇਵ : ਕਿਉਂ, ਕੀ ਗੱਲ ਹੈ, ਮਨਜੀਤ ਜੀ ?

ਮਨਜੀਤ : ਪਾਣੀ ਗਰਮ ਐ, ਗ਼ੁਸਲਖ਼ਾਨੇ ਵਿੱਚ ਰੱਖਾਂ ਕਿ ਬਾਹਰ ਹੀ ਪਟੜਾ ਰੱਖ ਦਿਆਂ ?

ਸੁਖਦੇਵ : (ਅੰਦਰੋਂ ਬਾਹਰ ਆਉਂਦਾ ਹੋਇਆ) ਗ਼ੁਸਲਖ਼ਾਨੇ ਵਿੱਚ ਰੱਖੋ।

ਮਨਜੀਤ : ਜਾਓ ਤੁਸੀਂ ਚੌਂਕੇ ਵਿੱਚ ਇੱਕ ਮਿੰਟ ਖੜ੍ਹੋ ਹੋਵੋ, ਮੈਂ ਪਾਣੀ ਰੱਖ ਆਵਾਂ।
(ਮਨਜੀਤ ਪਾਣੀ ਦੀ ਬਾਲਟੀ ਚੁੱਕ ਕੇ ਸਟੇਜ ਪਿੱਛੇ ਜਾਂਦੀ ਹੈ)।

ਸੁਖਦੇਵ : ਮਾਂ ਜੀ, ਅੱਜ ਰਸੋਈ ਵਿੱਚੋਂ ਬੜੀਆਂ ਖ਼ੁਸ਼ਬੋਆਂ ਆਉਂਦੀਆ ਨੇ!

ਨਿਹਾਲ ਕੌਰ : (ਬਾਹਰ ਆਉਂਦੀ ਹੋਈ) ਕਿਉਂ ਨਾ ਆਉਣ ਖ਼ੁਸ਼ਬੋਆਂ, ਪੁੱਤ ? ਸਾਨੂੰ ਤਾਂ ਚੰਦ ਚੜ੍ਹ ਗਿਆ, ਤੇਰੇ ਆਏ 'ਤੇ।

ਸੁਖਦੇਵ : ਦਿਨੇ ਹੀ ਚੰਦ ਚੜ੍ਹ ਗਿਆ, ਮਾਂ ਜੀ ?

ਨਿਹਾਲ ਕੌਰ : ਆਹੋ, ਦਿਨੇ ਈ। ਥੋੜੇ ਨੀ ਬਾਰੇ ਆ ਹੁੰਦਾ ਗੱਲਾਂ ਵਿੱਚ, ਤੀਵੀਂ—ਖ਼ਸਮ ਦੇ।

ਸੁਖਦੇਵ : ਤੇ ਜੇ ਦੋ ਤੀਵੀਆਂ ਹੋ ਗਈਆਂ, ਫੇਰ ?

ਮਨਜੀਤ : (ਬਾਹਰ ਆਉਂਦੀ ਹੋਈ) ਚੱਲੋ ਜੀ, ਤੁਸੀਂ ਨ੍ਹਾ ਲਉ, ਜਲਦੀ-ਜਲਦੀ; ਰੋਟੀ ਤਿਆਰ ਹੈ। (ਨਿਹਾਲ ਕੌਰ ਨੂੰ) ਕਿਉਂ ਮਾਂ ਜੀ, ਆਟਾ ਬਹੁਤਾ ਤਾਂ ਨਹੀਂ ? ਠੀਕ ਕੁਰਲਾਂਦਾ ਸੀ ਕਾਂਉਂ ਕਿ ਨਹੀਂ ? ਹੁਣ ਤੁਸੀਂ ਚਰਖਾ ਚੁੱਕ ਦਿਓ ਤੇ ਰਸੋਈ ਵੱਲ ਜ਼ਰਾ ਧਿਆਨ ਦਿਉ। ਮੈਂ ਤੁਹਾਡੇ ਪੁੱਤ ਦਾ ਗ਼ੁਸਲ ਕਰਾ ਦੇਵਾਂ।

ਸੁਖਦੇਵ : ਮਨਜੀਤ ਜੀ, ਕਰੋ ਕੰਮ, ਤੁਸੀਂ। ਮੈਂ ਕਰ ਲਊਂ ਗ਼ੁਸਲ, ਆਪੇ। ਬਾਪੂ ਜੀ ਖੇਤੋਂ ਕਦ ਕੁ ਆਉਣਗੇ ?

ਮਨਜੀਤ : ਆਉਣ ਵਾਲ਼ੇ ਈ ਨੇ। ਉਹਨਾਂ ਨੂੰ ਤਾਂ ਤੁਹਾਡੇ ਆਉਣ ਦੀ ਉਡੀਕ ਅੱਜ ਹੈਗੀ।

ਸੁਖਦੇਵ : ਚੰਗਾ, ਮੈਂ ਨ੍ਹਾ ਕੇ ਆਪ ਹੀ ਜਾ ਮਿਲੂੰ, ਖੇਤ ਵਿੱਚ, ਜੇ ਉਹ ਨਾ ਆਏ। ਰੋਟੀ ਵੀ ਮੈਂ ਹੀ ਲੈ ਜਾਊਂ, ਉਹਨਾਂ ਦੀ। (ਸਟੇਜ ਪਿੱਛੇ ਗ਼ੁਸਲਖ਼ਾਨੇ ਵਿੱਚ ਚਲਾ ਜਾਂਦਾ ਹੈ)।

ਨਿਹਾਲ ਕੌਰ : ਆਹੋ, ਹੁਣ ਨੱਠ ਜਾਈਂ ਖੇਤ ਨੂੰ, ਸਾਡੇ ਕੋਲ਼ ਨਾ ਬੈਠੀਂ, ਭੋਰਾ ਚਿਰ।

ਮਨਜੀਤ : ਕੋਈ ਨੀ, ਮਾਂ ਜੀ, ਬਾਪੂ ਜੀ ਤਾਂ ਆਉਣ ਵਾਲ਼ੇ ਨੇ, ਉਹਨਾਂ ਦੀ ਰੋਟੀ ਦਾ ਵੀ ਵੇਲ਼ਾ ਹੋਇਆ ਹੋਇਐ। ਖ਼ਬਰਾ, ਹੱਟੀ 'ਤੇ ਅਟਕ ਗਏ ਹੋਣ, ਕਿਸੇ ਨਾਲ਼ ਗੱਲੀਂ ਪੈ ਗਏ ਹੋਣ।

ਨਿਹਾਲ ਕੌਰ : ਅੱਜ ਡਾਕੀਏ ਨੇ ਵੀ ਆਉਣੈ। ਬੀਬੀ ਦੀ ਚਿੱਠੀ ਨੀ ਆਈ, ਕਿੰਨੇ ਚਿਰ ਦੀ, ਸੁੱਖ ਹੋਵੇ!

ਮਨਜੀਤ : ਸੁੱਖ ਈ ਹੋਊ, ਮਾਂ ਜੀ, ਚਿੱਠੀ ਨਾ ਆਵੇ ਤਾਂ ਸੁੱਖ ਈ ਹੁੰਦੀ ਐ।

ਨਿਹਾਲ ਕੌਰ : ਆਹੋ ! ਸੁੱਖ ਈ ਹੁੰਦੀ ਐ। ਤੈਨੂੰ ਕੋਈ ਤੇਹ ਐ, ਮੇਰੀ ਧੀ ਦਾ, ਬਈ ਉਹਦੀ ਚਿੱਠੀ ਉਡੀਕੇਂ।

ਮਨਜੀਤ : ਤੇਹ ਤੋਂ ਬਿਨਾਂ ਈ ਮਾਂ ਜੀ, ਦੋ ਚਿੱਠੀਆਂ ਪਾ ਚੁੱਕੀ ਆਂ ? ਆਪਣੀ ਧੀ ਨੂੰ ਤਾਂ ਪੁੱਛਿਓ ਕਦੇ, ਕਿੰਨਾ ਪਿਆਰ ਕਰਦੀ ਆਂ, ਉਹਨੂੰ।

ਨਿਹਾਲ ਕੌਰ : ਨੀ, ਓਹੀ ਤੈਨੂੰ ਪਿਆਰ ਕਰਦੀ ਨੀ ਰੱਜਦੀ। ਤੂੰ ਕਿੱਥੋਂ ਪਿਆਰ ਕਰਨ ਵਾਲ਼ੀ, ਖੁਟਰੀ।

ਮਨਜੀਤ : ਚੰਗਾ, ਮਾਂ ਜੀ ਨਾ ਮੰਨੋ, ਤਕੜੇ ਦਾ ਸੱਤੀਂ-ਵੀਹੀਂ ਸੌ (ਜ਼ਰਾ ਕੁ ਅਟਕ ਕੇ) ਮੇਰਾ ਖ਼ਿਆਲ ਐ, ਮੈਂ ਚਟਣੀ ਵੀ ਰਗੜ ਲਵਾਂ, ਪੁਦੀਨੇ ਦੀ।

ਨਿਹਾਲ ਕੌਰ : ਨਹੀਂ, ਤੂੰ ਫੁਲਕੇ ਲਾਹ ਲੈ, ਮੈਂ ਚਟਣੀ ਰਗੜਦੀ ਆਂ, ਪੁਦੀਨਾ ਤੋੜ ਲਿਆਵਾਂ, ਹਵੇਲੀ 'ਚੋਂ। (ਨਿਹਾਲ ਕੌਰ ਸਟੇਜ ਪਿੱਛੇ ਚਲੀ ਜਾਂਦੀ ਹੈ ਤੇ ਮਨਜੀਤ ਫੁਲਕੇ ਲਾਹੁਣ ਲੱਗ ਜਾਂਦੀ ਹੈ)।

ਮਨਜੀਤ : ਸੁਖਦੇਵ ਜੀ, ਕਰ ਚੁੱਕੇ ਇਸ਼ਨਾਨ ? ਕੋਈ ਚੀਜ਼ ਤਾਂ ਨਹੀਂ ਚਾਹੀਦੀ ?

ਸੁਖਦੇਵ : (ਨ੍ਹਾ ਕੇ ਸਟੇਜ 'ਤੇ ਆਉਂਦਾ ਹੈ।) ਚਾਹੀਦਾ ਤਾਂ ਬਹੁਤ ਕੁਝ ਹੈ ਪਰ ਦੁਨੀਆ 'ਚ ਜਿੰਨਾ ਕੁਝ ਮਿਲੇ, ਉਹਦੇ ਨਾਲ ਹੀ ਗੁਜ਼ਾਰਾ ਕਰਨਾ ਪੈਂਦਾ ਏ।

ਮਨਜੀਤ : ਦੂਜੇ ਵਿਆਹ ਦੀ ਘਾਟ ਐ ਤਾਂ ਉਹ ਤਾਂ ਮਾਂ ਜੀ ਕਰਵਾ ਦੇਣ ਨੂੰ ਤਿਆਰ ਨੇ।

ਸੁਖਦੇਵ : (ਮੁਸਕਰਾ ਕੇ) ਮਾਂ ਜੀ ਵਿਚਾਰੀ ਦਾ ਵੀ ਕੀ ਇਹਦੇ ਵਿੱਚ ਕਸੂਰ ਐ, ਮਨਜੀਤ ਜੀ ? ਸਾਰੀ ਉਮਰ ਬਾਪੂ ਜੀ ਵੱਲੋਂ ਵਿਚਾਰੀ ਨੂੰ ਦੂਜਾ ਵਿਆਹ ਕਰਵਾ ਲੈਣ ਦੀਆਂ ਧਮਕੀਆਂ ਮਿਲਦੀਆਂ ਰਹੀਆਂ। ਸੋ, ਇਹਦੇ ਭਾਣੇ ਇਸਤਰੀ ਉੱਤੇ ਕਾਬੂ ਰੱਖਣ ਲਈ ਦੂਜੇ ਵਿਆਹ ਦੀ ਧਮਕੀ ਵੀ ਓਨੀ ਹੀ ਜ਼ਰੂਰੀ ਹੈ ਜਿਤਨੀ ਟਾਂਗੇ ਦੇ ਘੋੜੇ ਲਈ ਛਾਂਟ।

ਮਨਜੀਤ : ਤੇ ਕਦੇ-ਕਦੇ ਇਹ ਛਾਂਟ ਵੱਜ ਵੀ ਜਾਂਦੀ ਐ, ਕਿਸੇ ਹਮਾਤੜ ਦੇ।

ਸੁਖਦੇਵ : ਪਰ ਅਸਾਂ ਤਾਂ ਇਹ ਛਾਂਟ ਸੁੱਟ ਹੀ ਛੱਡੀ ਹੋਈ ਐ।

ਮਨਜੀਤ : ਤੁਹਾਡੀ ਸੁੱਟੀ ਮਾਂ ਜੀ ਨੇ ਚੁੱਕ ਲਈ ਜਾਪਦੀ ਐ ਪਰ ਬਾਪੂ ਜੀ ਐਡੇ ਸਖ਼ਤ ਹੁੰਦੇ ਸਨ, ਦੂਜੇ ਵਿਆਹ ਦਾ ਡਰਾਵਾ ਦੇਣ ਵਾਲੇ ?

ਸੁਖਦੇਵ : ਜਦੋਂ ਬਾਪੂ ਜੀ ਸਿਪਾਹੀ ਭਰਤੀ ਹੋਏ ਤਾਂ ਉਹਨਾਂ ਦਾ ਵਿਆਹ ਹੋਇਆ ਸੀ। ਸਰਦਾਰ ਬਣਨ ਵੇਲੇ ਤੱਕ ਇੱਕ ਮੁੰਡਾ ਤੇ ਇੱਕ ਕੁੜੀ, ਮੈਂ ਤੇ ਭੈਣ ਜੀ ਹੀ ਪੈਦਾ ਹੋਏ ਤੇ ਬਾਪੂ ਜੀ ਨੇ ਸ਼ਾਇਦ ਫ਼ੌਜੀ ਨੁਕਤੇ ਤੋਂ ਐਨੀ ਕੁ ਸੰਤਾਨ ਨੂੰ ਕਾਫ਼ੀ ਨਾ ਸਮਝਿਆ ਤੇ ਦੂਜਾ ਵਿਆਹ ਕਰਵਾ ਲਿਆ ਪਰ ਸਾਡੀ ਮਾਂ ਜੀ ਦੀ ਕਿਸਮਤ ਸਮਝੋ ਜਾਂ ਕੁਛ ਹੋਰ, ਸਾਡੀ ਮਤਰੇਈ ਦੇ ਕੋਈ ਸੰਤਾਨ ਨਾ ਹੋਈ ਤੇ ਉਹ ਪੰਜ ਕੁ ਸਾਲ ਬਾਅਦ ਹੀ ਬਿਮਾਰ ਹੋ ਕੇ ਮਰ ਗਈ। ਮਾਂ ਜੀ ਸ਼ਾਇਦ ਉਸ ਸੁਕਣੱਤ ਦਾ ਬਦਲਾ ਕਿਸੇ ਤੋਂ ਲੈਣਾ ਚਾਹੁੰਦੇ ਨੇ। ਉਹ ਪੰਜ ਸਾਲ ਮਾਂ ਜੀ ਦੇ ਬਹੁਤ ਕਲੇਸ਼ ਦੇ ਗੁਜ਼ਰੇ ਸਨ ਤੇ ਸ਼ਾਇਦ ਮਾਂ ਜੀ ਨੂੰ ਪੋਤਾ-ਪੋਤੀ ਨਾ ਹੋਣ ਦਾ ਵੀ ਰੋਸ ਹੈ, ਤੇਰੇ 'ਤੇ।

ਮਨਜੀਤ : (ਅਵਾਜ਼ ਦਿੰਦੀ ਹੈ) ਮਾਂ ਜੀ, ਆ ਜਾਓ। ਬਥੇਰਾ ਹੋ ਗਿਆ ਹੋਣਾ ਇੰ, ਪੁਦੀਨਾ।

ਨਿਹਾਲ ਕੌਰ : (ਸਟੇਜ 'ਤੇ ਆਉਂਦੀ ਹੋਈ) ਕੀ ਚੁਗਲੀਆਂ ਕਰਦੇ ਸੀ, ਮੇਰੀਆਂ ?

ਮਨਜੀਤ : ਨਹੀਂ, ਮਾਂ ਜੀ, ਤੁਹਾਡੀਆਂ ਚੁਗਲੀਆਂ ਨਹੀਂ ਸੀ ਕਰਦੇ, ਦੂਜੇ ਵਿਆਹ ਦੀਆਂ ਸਲਾਹਾਂ ਕਰਦੇ ਸੀ।

ਨਿਹਾਲ ਕੌਰ : ਗੱਲਾਂ ਆਉਂਦੀਆਂ ਨੇ, ਭੂਟ-ਭੂਟ। ਮੁੰਡਾ ਮੇਰਾ ਮੋਮ ਦੀ ਨੱਕ ਐ, ਜਿੱਧਰ ਮਰਜ਼ੀ ਐ, ਢਾਲ ਲੈ।

ਸੁਖਦੇਵ : ਨਹੀਂ, ਮਾਂ ਜੀ, ਮੈਂ ਹੀ ਕਹਿੰਦਾ ਸੀ ਕਿ ਮਾਂ ਜੀ ਦਾ ਉਲਾਂਭਾ ਲਾਹ ਦੇਈਏ, ਪੰਜ ਕੁ ਸਾਲ ਲਈ ਦੂਜਾ ਵਿਆਹ ਕਰਵਾ ਈ ਲਈਏ।

ਨਿਹਾਲ ਕੌਰ : (ਕੂੰਡੀ ਵਿੱਚ ਪੁਦਨਾ ਤੇ ਕੱਟ ਕੇ ਪਾਉਂਦੀ ਹੋਈ) ਮੈਂ ਸਮਝ ਗਈ ਤੇਰੀ ਗੱਲ, ਪੁੱਤ!

ਸੁਖਦੇਵ : ਪਰ ਜੇ ਪੰਜਾਂ ਸਾਲਾਂ ਬਾਅਦ ਉਹ ਨਾ ਮਰੀ ਤਾਂ ਫੇਰ ਕੀ ਕਰਾਂਗੇ ?

ਨਿਹਾਲ ਕੌਰ : ਸਮਝ ਗਈ ਮੈਂ, ਮੈਨੂੰ ਮੂਲੋਂ ਈ ਭੋਲ਼ੀ ਨਾ ਸਮਝ। ਮੇਰੀ ਗੱਲ ਈ ਮੇਰੇ ਪੇਸ਼ ਲਿਆਉਨੇ ਓਂ, ਤੁਸੀਂ ਪਰ ਮੈਂ ਤਾਂ ਬੇਗੁਨਾਹ ਸੀ ਤਾਂ ਰੱਬ ਨੇ ਮੇਰੀ ਸੁਣ ਲਈ।

ਸੁਖਦੇਵ : ਤੇ ਮਨਜੀਤ ਨੇ ਕੀ ਗੁਨਾਹ ਕੀਤੇ, ਮਾਂ ਜੀ! ਤੇ ਉਸ ਵਿਚਾਰੀ ਨੇ ਕੀ ਗੁਨਾਹ ਕੀਤੇ, ਜੀਹਨੂੰ ਵਿਆਹ ਕੇ ਲਿਆਈਏ ਤੇ ਪੰਜ ਸਾਲਾਂ ਬਾਅਦ ਮਾਰ ਦੇਈਏ ?

ਨਿਹਾਲ ਕੌਰ : ਵੇ, ਮੈਂ ਮਾਰੀ ਸੀ, ਉਹ ?

ਸੁਖਦੇਵ : ਉਹ ਤਾਂ ਨਹੀਂ ਸੀ ਤੂੰ ਮਾਰੀ, ਇਹ ਤਾਂ ਮਾਰਨੀ ਪਊ, ਨਾ!

ਨਿਹਾਲ ਕੌਰ : ਬੱਸ ਕਰ ਵੇ ਮੁੰਡਿਆ ! ਐਵੇਂ ਵਾਧੂ ਗੱਲਾਂ ਦੀ ਆਦਤ ਐ।

ਮਨਜੀਤ : ਲਓ, ਹੁਣ ਫੁਲਕੇ ਪੱਕ ਗਏ। ਤੁਸੀਂ ਮਾਂ-ਪੁੱਤ ਰੋਟੀ ਖਾਓ, ਬੈਠ ਕੇ। ਤੁਸੀਂ ਵੀ ਸੁਖਦੇਵ ਹੋਰਾਂ ਕੋਲ਼ ਈ ਚੱਲ ਬੈਠੋ, ਦੂਜੀ ਕੁਰਸੀ 'ਤੇ। ਮੈਂ ਸਟੂਲ ਰੱਖਦੀ ਆਂ ਤੇ ਤੁਹਾਨੂੰ ਰੋਟੀ ਪਾਉਨੀ ਆਂ।

ਨਿਹਾਲ ਕੌਰ : ਮੈਂ ਫੇਰ ਖਾ ਲਊਂ, ਤੂੰ ਮੁੰਡੇ ਨੂੰ ਖੁਆ ਪਹਿਲੋਂ, ਕੱਲ੍ਹ ਦਾ ਭੁੱਖਾ ਹੋਊ। ਗੱਡੀ ਵਿੱਚ ਕੋਈ ਰੋਟੀ ਦਾ ਹੱਜ ਹੁੰਦੈ ?

ਸੁਖਦੇਵ : ਮਾਂ ਜੀ, ਤੁਸੀਂ ਮੇਰੇ ਕੋਲ਼ ਆ ਜਾਓ। ਮਨਜੀਤ ਖਵਾਂਦੀ ਐ ਰੋਟੀਆਂ, ਆਪਾਂ ਦੋਹਾਂ ਨੂੰ।

ਨਿਹਾਲ ਕੌਰ : ਚੰਗਾ ਭਾਈ, ਮੈਂ ਤੇਰੇ ਕੋਲ਼ ਬੈਠ ਜਾਨੀ ਆਂ ਪਰ ਰੋਟੀ ਤੇਰੇ ਪਿਓ ਆਏ ਤੋਂ ਖਾਊਂ। (ਉੱਠ ਕੇ ਸੁਖਦੇਵ ਕੋਲ਼ ਕੁਰਸੀ 'ਤੇ ਆ ਬੈਠਦੀ ਐ। ਮਨਜੀਤ ਦੋਹਾਂ ਅੱਗੇ ਇੱਕ ਤਿਪਾਈ ਲਿਆ ਰੱਖਦੀ ਹੈ ਤੇ ਥਾਲ਼ੀ ਵਿੱਚ ਰੋਟੀ ਪਾ ਲਿਆਉਂਦੀ ਹੈ)।

ਸੁਖਦੇਵ : (ਕੜਾਹ ਵੱਲ ਦੇਖ ਕੇ) ਐਨਾ ਕੜਾਹ ਤਾਂ ਨਹੀਂ ਮੈਂ ਖਾਣਾ, ਮਨਜੀਤ ਜੀ, ਅੱਧਾ ਕਰ ਲਿਆਓ।

ਨਿਹਾਲ ਕੌਰ : ਵੇ ਪੁੱਤ, ਐਨਾ ਕੜਾਹ ਤਾਂ ਮੈਂ ਖਾ ਲੈਨੀ ਆਂ, ਤੂੰ ਅੱਧਾ ਕਰਾਉਨਾ ਇੰ।

ਸੁਖਦੇਵ : ਦੋ ਵਾਰੀ ਕਰਕੇ ਤਾਂ ਖਾ ਲਊਂ, ਮਾਂ ਜੀ, ਭਰੀ ਹੋਈ ਪਲੇਟ ਤੋਂ ਤਾਂ ਡਰ ਆਉਂਦੈ।

ਮਨਜੀਤ : ਖਾ ਲਓ, ਬਚਦਾ ਮੈਂ ਖਾ ਲਊਂ।

ਸੁਖਦੇਵ : ਤੇ ਆ, ਤੂੰ ਵੀ ਬੈਠ ਜਾ।

ਮਨਜੀਤ : ਨਹੀਂ, ਰਸੋਈ ਵਿੱਚ ਕਾਉਂ-ਕੁੱਤੇ ਪੈਣਗੇ। ਮੈਂ ਫੇਰ ਖਾ ਲਊਂ।

ਡਾਕੀਆ : (ਸਟੇਜ ਪਿੱਛੋਂ) ਬੇਬੇ ਜੀ, ਚਿੱਠੀ ਲੈ ਲਓ।

ਮਨਜੀਤ : (ਡਾਕੀਏ ਵੱਲ ਨੂੰ ਜਾਂਦੀ ਹੋਈ) ਲਿਆ ਭਾਈ (ਚਿੱਠੀ ਲੈ ਕੇ ਸੁਖਦੇਵ ਪਾਸ ਲਿਆ ਰੱਖਦੀ ਹੈ ਤੇ ਸੁਖਦੇਵ ਨੂੰ) ਤੁਸੀਂ ਰੋਟੀ ਖਾ ਲਓ, ਫੇਰ ਚਿੱਠੀਆਂ ਖੋਲ੍ਹਣਾ। ਹੋਰ ਫੁਲਕਾ ਲਿਆਵਾਂ ?

ਸੁਖਦੇਵ : (ਸਿਰ ਮਾਰ ਕੇ) ਨਹੀਂ, ਬੱਸ।

ਮਨਜੀਤ : (ਚਿੱਠੀਆਂ ਵਿੱਚੋਂ ਇੱਕ ਚੁੱਕ ਕੇ) ਆਹ ਤਾਂ ਬੀਬੀ ਜੀ ਦੀ ਚਿੱਠੀ ਐ। (ਪਾੜ ਲੈਂਦੀ ਹੈ ਤੇ ਛੇਤੀ-ਛੇਤੀ ਪੜ੍ਹ ਕੇ ਵਾਪਸ ਰੱਖ ਦੇਂਦੀ ਹੈ। ਸੁਖਦੇਵ ਜਦ ਰੋਟੀ ਖਾ ਲੈਂਦਾ ਹੈ ਤਾਂ ਚਿੱਠੀ ਚੁੱਕਦਾ ਹੈ।)

ਸੁਖਦੇਵ : (ਮਨਜੀਤ ਨੂੰ) ਕਿਉਂ, ਕੀ ਲਿਖਿਆ, ਭੈਣ ਜੀ ਨੇ ?

ਮਨਜੀਤ : (ਉਦਾਸ ਅਵਾਜ਼ ਵਿੱਚ) ਪੜ੍ਹ ਲਵੋ।

ਨਿਹਾਲ ਕੌਰ : ਸੁਣਾ ਪੁੱਤ, ਪੜ੍ਹ ਕੇ ਮੇਰੀ ਧੀ ਦੀ ਚਿੱਠੀ।

ਸੁਖਦੇਵ : ਕੀ ਸੁਣਾਵਾਂ, ਮਾਂ ਜੀ, ਭੈਣ ਜੀ ਤਾਂ ਬੜੇ ਦੁਖੀ ਨੇ।

ਨਿਹਾਲ ਕੌਰ : ਇਹ ਤਾਂ ਮੈਨੂੰ ਪਤਾ ਈ ਸੀ, ਪਰਾਹੁਣਾ ਨੀ ਸਾਡਾ ਕਿਸੇ ਕੰਮ ਦਾ। ਕੀ ਲਿਖਦੀ ਐ, ਬੀਬੀ ?

ਸੁਖਦੇਵ : ਲਿਖਦੀ ਐ, ਬਈ ਬਲਵੰਤ ਸਿੰਘ ਹੋਰੀਂ ਸ਼ਰਾਬ ਪੀਣ ਲੱਗ ਪਏ ਨੇ, ਅੱਧੀ-ਅੱਧੀ ਰਾਤ ਤੱਕ ਘਰ ਨਹੀਂ ਆਉਂਦੇ, ਭੈਣ ਜੀ ਅੱਗੋਂ ਕੁਝ ਬੋਲਦੇ ਨੇ ਤਾਂ ਮਾਰਨ ਪੈਂਦੇ ਨੇ ਤੇ ਆਖਦੇ ਨੇ, ਮੈਂ ਦੂਜਾ ਵਿਆਹ ਕਰਵਾ ਲੈਂਣੈ।

ਨਿਹਾਲ ਕੌਰ : (ਅੱਖਾਂ ਵਿੱਚ ਹੰਝੂ ਭਰ ਕੇ) ਕਿਉਂ, ਦੂਜਾ ਵਿਆਹ ਕਿਉਂ ਕਰਵਾ ਲੈਣਾ ਇੰ ? ਤੇ ਬੀਬੀ ਕਾਹਨੂੰ ਰੋਕਦੀ ਐ, ਸ਼ਰਾਬ ਤੋਂ ? ਪਿਆ ਹੋਵੇ, ਪੀ ਲਵੇ ਜਿੰਨੀ ਸ਼ਰਾਬ ਪੀ ਹੁੰਦੀ ਐ। ਉਹ ਐਵੇਂ ਮੁਫ਼ਤ ਦਾ ਆਪਣੀ ਜਾਨ ਨੂੰ ਕਲੇਸ਼ ਪਾਉਂਦੀ ਐ।

ਸੁਖਦੇਵ : ਪਰ ਵਿਆਹ ਤਾਂ ਉਹ ਇਸ ਕਰਕੇ ਕਰਾਉਣਾ ਚਾਹੁੰਦੇ ਨੇ ਕਿ ਭੈਣ ਜੀ ਦੇ ਮੁੰਡਾ ਕੋਈ ਨਹੀਂ।

ਨਿਹਾਲ ਕੌਰ : ਹੋ ਜੂ ਮੁੰਡਾ। ਮੇਰੀ ਧੀ ਕੋਈ ਬੁੜ੍ਹੀ ਹੋ ਗਈ, ਹੁਣੇ ? ਦੋ ਕੁੜੀਆਂ ਵੀ ਕੋਈ ਬਹੁਤੀਆਂ ਹੁੰਦੀਆਂ ਨੇ ? ਦੂਜੀ ਨੂੰ ਵੀ ਜੇ ਕੁੜੀਆਂ ਹੋਈਆਂ, ਫੇਰ ਕੀ ਕਰੂ ?

ਸੁਖਦੇਵ : ਫੇਰ ਤੀਜਾ ਵਿਆਹ ਕਰਾ ਲਊ ਪਰ ਆਪਾਂ ਨੂੰ ਤਾਂ ਹੁਣ ਦੂਜੇ ਦਾ ਈ ਦੁੱਖ ਐ ਨਾ ?

ਨਿਹਾਲ ਕੌਰ : (ਡੁਸਕ ਕੇ) ਨੀ ਬਹੂ, ਮੈਨੂੰ ਮਾਫ਼ ਕਰੀਂ ਮੈਂ ਤੇਰੇ ਨਾਲ਼ ਜਿਹੜੀਆਂ ਦੂਜੇ ਵਿਆਹ ਦੀਆਂ ਗੱਲਾਂ ਕੀਤੀਆਂ ਨੇ। ਮੈਂ ਭੁੱਲੀ। ਮੈਂ ਤਾਂ ਆਪ ਏਸ ਦੂਜੇ ਵਿਆਹ ਦਾ ਬਥੇਰਾ ਦੁੱਖ ਭੋਗ ਚੁੱਕੀ ਆਂ। ਮੇਰੀ ਧੀ 'ਤੇ ਇਹ ਹੋਣੀ ਕਿਹੜੇ ਪਾਪ ਦਾ ਫਲ਼ ਹੋ ਕੇ ਬੀਤਦੀ ਐ ? ਜਿਹੜੇ ਬਹੂ ਮੈਂ ਤੈਨੂੰ ਬੋਲ-ਕਬੋਲ ਕਹੇ ਨੇ, ਉਹਨਾਂ ਬੋਲਾਂ ਦੀ ਮੈ ਤੈਤੋਂ ਤੇ ਵਾਹਗੁਰੂ ਤੋਂ ਮਾਫ਼ੀ ਮੰਗਦੀ ਆਂ।

ਮਨਜੀਤ : ਕੋਈ ਨਹੀਂ, ਮਾਂ ਜੀ, ਰੋਵੋ ਨਾ। ਹੁਣ ਜ਼ਮਾਨਾ ਬਦਲ ਰਿਹੈ। ਇਸਤਰੀ ਦੀ ਜ਼ਾਤ ਹੁਣ ਐਨੀ ਬੇਵੱਸ ਨਹੀਂ। ਬੀਬੀ ਦੇ ਏਸ ਦੁੱਖ ਦਾ ਇਲਾਜ ਸਾਡੀ ਇਸਤਰੀ-ਸਭਾ ਕਰ ਲਊਗੀ।

ਨਿਹਾਲ ਕੌਰ : ਇਸਤਰੀ-ਸਭਾ ਕੀ 'ਲਾਜ ਕਰੂ ? ਦੱਸ ਨੀ ਬਹੂ, ਛੇਤੀ ਮੇਰੇ ਮਨ ਨੂੰ ਹੌਸਲਾ ਹੋਵੇ।

ਸੁਖਦੇਵ : ਇਹ ਇਸਤਰੀ ਸਭਾ ਕੀ ਹੈ, ਮਨਜੀਤ ਜੀ ?

ਮਨਜੀਤ : ਸਾਰੇ ਪੰਜਾਬ ਵਿੱਚ, ਸੁਖਦੇਵ ਜੀ, ਅਸਾਂ ਹੁਣ ਲੋਕ-ਇਸਤਰੀ ਸਭਾ ਬਣਾਈ ਹੈ। ਜ਼ਿਲ੍ਹੇ-ਜ਼ਿਲ੍ਹੇ, ਪਿੰਡ-ਪਿੰਡ ਵਿੱਚ ਉਹਦੀਆਂ ਸ਼ਾਖਾਂ ਬਣ ਰਹੀਆਂ ਨੇ ਤੇ ਪੰਜਾਬ ਦੀ ਇਸਤਰੀ ਆਪਣੇ ਦੁੱਖਾਂ ਦੀ ਨਿਵਿਰਤੀ ਤੇ ਹੱਕਾਂ ਦੀ ਰਾਖੀ ਲਈ ਜਥੇਬੰਦ ਹੋ ਰਹੀ ਹੈ। ਮੈਨੂੰ ਪਤਾ ਇ ਭੈਣ ਜੀ ਦੇ ਪਿੰਡ ਵੀ 'ਲੋਕ-ਇਸਤਰੀ ਸਭਾ' ਦੀ ਸ਼ਾਖ ਹੈ। ਓਥੋਂ ਦੀ ਪ੍ਰਬੰਧਕ ਸਤਵੰਤ ਕੌਰ ਤਾਂ ਬੜੀ ਧੜੱਲੇਦਾਰ ਇਸਤਰੀ ਐ। ਮੈਂ ਹੁਣੇ ਉਹਦੇ ਵੱਲ ਸੁਨੇਹਾ ਭੇਜਦੀ ਆਂ, ਗੁਆਂਢਣ ਦੇ ਹੱਥ। ਸਭਾ ਬਲਵੰਤ ਸਿੰਘ ਨੂੰ ਝਬਦੇ ਹੀ ਸਿੱਧੇ ਰਾਹ 'ਤੇ ਲਿਆ ਦੇਵੇਗੀ।

ਨਿਹਾਲ ਕੌਰ : ਧੰਨ ਨੀ, ਬਹੂ ਤੁਸੀਂ ਤੇ ਧੰਨ ਥੋਡੀ ਇਸਤਰੀ-ਸਭਾ, ਜੇ ਤੁਸੀਂ ਮੇਰੀ ਧੀ ਦਾ ਦੁੱਖ ਨਿਵਿਰਤ ਕਰ ਦੇਵੋ। ਮੈਂ ਤਾਂ ਗੁਆਂਢਣ ਤੋਂ ਵੀ ਜਾ ਕੇ ਆਪਣੀ ਭੁੱਲ ਬਖ਼ਸ਼ਾਊਂਗੀ ਜੀਹਨੂੰ ਮੈਂ ਇਸ ਸਭਾ ਬਾਰੇ ਐਨੇ ਬੋਲ-ਕਬੋਲ ਕਹੇ ਨੇ।

(ਸੁਖਦੇਵ ਸਿੰਘ ਦਾ ਪਿਤਾ ਗੁਰਦਿੱਤ ਸਿੰਘ ਅੰਦਰ ਆਉਂਦਾ ਹੈ)।

ਸੁਖਦੇਵ : ਔਹ ਬਾਪੂ ਜੀ ਵੀ ਆ ਗਏ (ਉੱਠ ਕੇ) ਬਾਪੂ ਜੀ, ਸਤਿ ਸ੍ਰੀ ਅਕਾਲ!

ਗੁਰਦਿੱਤ ਸਿੰਘ : ਸਤਿ ਸ੍ਰੀ ਅਕਾਲ! ਸੁਣਾ, ਸੁਖਦੇਵ, ਕਿੰਨਾ ਕੁ ਚਿਰ ਹੋ ਗਿਆ ਤੈਨੂੰ ਆਏ ਨੂੰ ?

ਸੁਖਦੇਵ : ਥੋੜ੍ਹਾ ਈ ਚਿਰ ਹੋਇਆ, ਬਾਪੂ ਜੀ। ਬੱਸ, ਆ ਕੇ ਨ੍ਹਾ ਕੇ ਰੋਟੀ ਖਾਣ ਲੱਗਾ ਸਾਂ।

ਗੁਰਦਿੱਤ ਸਿੰਘ : ਬਹਿ ਜਾ, ਖਾਹ ਤੂੰ ਰੋਟੀ।

ਮਨਜੀਤ : ਤੁਸੀਂ ਵੀ ਬੈਠੋ, ਬਾਪੂ ਜੀ, ਰੋਟੀ ਖਾਣ।

ਗੁਰਦਿੱਤ ਸਿੰਘ : ਮੈਂ ਵੀ ਖਾ ਲੈਨਾਂ। ਪਰ ਇਹ ਸੁਖਦੇਵ ਦੀ ਮਾਂ ਕਿਉਂ ਇਉਂ ਬੁੱਲ੍ਹ ਢਿੱਲੇ ਕਰੀ ਖੜ੍ਹੀ ਐ ? ਕੀ ਗੱਲ ਐ, ਸੁਖਦੇਵ ਦੀ ਮਾਂ ?

ਨਿਹਾਲ ਕੌਰ : (ਡੁਸਕਦੀ ਹੋਈ) ਆਹ ਬੀਬੀ ਦੀ ਚਿੱਠੀ ਆਈ ਐ।

ਗੁਰਦਿੱਤ ਸਿੰਘ : ਕਿਉਂ, ਸੁੱਖ ਤਾਂ ਹੈ ?

ਨਿਹਾਲ ਕੌਰ : ਉਂ ਤਾਂ ਸੁੱਖ-ਸਾਂਦ ਈ ਐ ਪਰ ਓਹੀ ਗੱਲ, ਪਰਾਹੁਣਾ ਕਿਸੇ ਕੰਮ ਦਾ ਨਹੀਂ।

ਗੁਰਦਿੱਤ ਸਿੰਘ : ਕੀ ਆਖਦੈ, ਪਰਾਹੁਣਾ ?

ਨਿਹਾਲ ਕੌਰ : ਆਹੀ, ਮੁੰਡੇ ਨੇ ਪੜ੍ਹ ਕੇ ਸੁਣਾਇਆ ਇ। ਬੀਬੀ ਬਚਾਰੀ ਦੁਖੀ ਐ।

ਗੁਰਦਿੱਤ ਸਿੰਘ : ਦੁਖੀ ਤਾਂ ਹੈ ਪਰ ਗੱਲ ਕੀ ਐ ? ਦੁਖੀ ਦਾ ਤਾਂ ਮੈਨੂੰ ਪਤਾ ਈ ਐ। ਜਗੀਰਦਾਰਾਂ ਦੇ ਘਰ ਧੀ ਨੂੰ ਵਿਆਹ ਕੇ ਤੂੰ ਸੁੱਖ ਦੀ ਆਸ ਰੱਖੀ ਹੋਣੀ ਐਂ ?

ਨਿਹਾਲ ਕੌਰ : ਤੁਸੀਂ ਤਾਂ ਬਥੇਰਾ ਕਹਿੰਦੇ ਸੀ, ਜਗੀਰਦਾਰਾਂ ਨਾਲ਼ ਆਪਣੀ ਨਿਭਣੀ ਨੀ। ਮੇਰੀ ਮੱਤ ਨੂੰ ਖ਼ਬਰ ਨੀ ਕੀ ਹੋ ਗਿਆ ਸੀ। ਕਿਸਮਤ ਧੀ ਦੀ।

ਗੁਰਦਿੱਤ ਸਿੰਘ : ਪਰ ਹੁਣ ਗੱਲ ਵੀ ਕੋਈ ?

ਸੁਖਦੇਵ ਸਿੰਘ : ਗੱਲ ਕੀ ਹੋਣੀ ਸੀ, ਬਾਪੂ ਜੀ ? ਬਲਵੰਤ ਸਿਹੁੰ ਕਹਿੰਦੇ ਮੈਂ ਵਿਆਹ ਹੋਰ ਕਰਵਾ ਲੈਣੈ।

ਗੁਰਦਿੱਤ ਸਿੰਘ : ਕਰਾ ਲਵੇ। ਕੱਲ੍ਹ ਕਰਾਉਂਦਾ ਅੱਜ ਕਰਾ ਲਵੇ। ਮੈਂ ਧੀ ਨੂੰ ਬੁਲਾ ਲਊਂ ਐਥੇ, ਆਪਣੇ ਕੋਲ਼। ਮੇਰੇ ਕੋਲ਼ ਧੀ ਦੀ ਉਮਰ ਲੰਘਾ ਦੇਣ ਜੋਗਾ ਬਥੇਰਾ ਇ, ਗੁਰੂ ਦਾ ਦਿੱਤਾ ਹੋਇਆ।

ਸੁਖਦੇਵ : ਕੋਈ ਨਹੀਂ, ਬਾਪੂ ਜੀ, ਵਿਆਹ ਕਰਾ ਲਊ ਉਹ ਦੂਜਾ ! ਮਖੌਲ ਈ ਐ, ਦੂਜਾ ਵਿਆਹ ! ਅਸੀਂ ਮਰ ਗਏ ! ਮੁਜ਼ਾਰਿਆਂ ਨਾਲੋਂ ਵੀ ਮਾੜੇ ਆਂ, ਅਸੀਂ ? ਮੁਜ਼ਾਰਿਆਂ ਤੋਂ ਤਾਂ ਪਹਿਲਾਂ ਖਹਿੜਾ ਛੁਡਾ ਲਵੇ।

ਮਨਜੀਤ : ਉਹਨਾਂ ਨਾਲ਼ ਕਿਹੜਾ ਸੁਰ ਨਾਲ਼ ਵਰਤਦੈ ? ਨਿੱਤ-ਦਿਹਾੜੀ ਦਾ ਵੈਰ ਚੁੱਕਿਆ ਹੋਇਐ। ਬੀਬੀ ਕਹਿੰਦੀ ਸੀ ਹਰ ਦਮ ਜਾਨ ਦਾ ਖ਼ਤਰਾ ਰਹਿੰਦਾ ਇ।

ਗੁਰਦਿੱਤ ਸਿੰਘ : ਖ਼ਤਰਿਆਂ ਨੂੰ ਕੀ ਸਮਝਦੇ ਨੇ, ਏਹੋ-ਜਿਹੇ। ਇਹਨਾਂ ਜਗੀਰਦਾਰਾਂ ਨਾਲ਼ ਤਾਂ ਸੰਬੰਧ ਪੌਣ ਵਾਲ਼ਾ ਪਰਲੇ ਦਰਜੇ ਦਾ ਅਹਿਮਕ ਹੁੰਦੈ।

(ਬਾਹਰ ਟਾਂਗੇ ਦਾ ਖੜਾਕ ਸੁਣਾਈ ਦੇਂਦਾ ਹੈ।)

ਮਨਜੀਤ : ਆਹ ਟਾਂਗਾ ਹੋਰ ਕੀਹਦਾ ਆ ਗਿਆ ? ਆਪਣੇ ਘਰ ਨੂੰ ਈ ਔਂਦੈ।

(ਟਾਂਗਾ ਦਰਵਾਜ਼ੇ ਵਿੱਚ ਆ ਕੇ ਖਲੋ ਗਿਆ ਹੈ ਤੇ ਉਸ ਵਿੱਚੋਂ ਉੱਤਰ ਕੇ ਸੁਖਦੇਵ ਕੌਰ, ਦੋ ਬੱਚੀਆਂ ਪੰਜ ਤੇ ਤਿੰਨ ਸਾਲ ਦੀਆਂ, ਨਾਲ਼ ਸਟੇਜ 'ਤੇ ਦਿਖਾਈ ਦਿੰਦੀ ਹੈ।)

ਸੁਖਦੇਵ : ਲਓ, ਔਹ ਬੀਬੀ ਆਪ ਆ ਗਈ।

ਮਨਜੀਤ : ਹੈਂ, ਬੀਬੀ ! ਆਪ (ਉੱਠ ਕੇ ਬੀਬੀ ਵੱਲ ਨੂੰ ਅਹੁਲਦੀ ਹੈ)। ਮੈਂ ਉਡੀਕਦੀ ਤਾਂ ਸੀ, ਬੀਬੀ ਨੂੰ ਪਰ ਏਸ ਚਿੱਠੀ ਨੇ ਸਭ ਕੁਝ ਭੁਲਾ ਦਿੱਤਾ ਸੀ। (ਨੱਸ ਕੇ ਜਾ ਕੇ ਸੁਖਦੇਵ ਕੌਰ ਨੂੰ ਜੱਫੀ ਪਾ ਲੈਂਦੀ ਹੈ।)

ਨਿਹਾਲ ਕੌਰ : (ਸੁਖਦੇਵ ਕੌਰ ਵੱਲ ਨੂੰ ਹੀ ਅਹੁਲਦੀ ਹੋਈ।) ਬੀਬੀ, ਸੁੱਖ ਨਾਲ਼ ਤਾਂ ਆਈ ਐਂ ? (ਛੋਟੀ ਬੱਚੀ ਨੂੰ ਗੋਦੀ ਵਿੱਚ ਲੈ ਲੈਂਦੀ ਹੈ)।

ਸੁਖਦੇਵ ਕੌਰ : ਸੁੱਖ ਨਾਲ਼ ਈ ਆਈ ਆਂ। ਮੇਰੀ ਚਿੱਠੀ ਦਾ ਫ਼ਿਕਰ ਨਾ ਕਰੋ ਬਹੁਤਾ। (ਮਨਜੀਤ ਦੀ ਜੱਫੀ ਛੱਡਦੀ ਹੋਈ) ਮੈਂ ਤਾਂ ਵੀਰ ਨੂੰ ਮਿਲਣ ਆਈ ਆਂ। (ਸੁਖਦੇਵ ਵੱਲ) ਤੂੰ ਵੀਰ, ਲਿਖਿਆ ਜੋ ਸੀ ਬਈ, ਮੈਂ ਛੇਤੀ ਮੁੜ ਜਾਣੈ। ਮੈਂ ਆਖਿਆ ਕਾਹਨੂੰ ਕੋਈ ਦਿਨ ਖੁੰਝਾਵਾਂ।

ਸੁਖਦੇਵ : ਬਹੁਤ ਚੰਗਾ ਕੀਤਾ, ਬੀਬੀ। ਸਤਿ ਸ੍ਰੀ ਅਕਾਲ। (ਵੱਡੀ ਬੱਚੀ ਨੂੰ ਪਿਆਰ ਦੇਂਦਾ ਹੈ)। ਸਤਿ ਸ੍ਰੀ ਅਕਾਲ, ਗੋਗੀ !

ਗੋਗੀ : (ਹੌਲ਼ੀ ਜਿਹੀ) ਸਤਿ ਸ੍ਰੀ ਅਕਾਲ, ਮਾਮਾ ਜੀ।

ਸੁਖਦੇਵ ਕੌਰ : ਬਾਪੂ ਜੀ, ਸਤਿ ਸ੍ਰੀ ਅਕਾਲ। (ਨਿਹਾਲ ਕੌਰ ਜੱਫੀ ਪਾ ਕੇ ਮਿਲ਼ਦੀ ਹੋਈ) ਤੁਸੀਂ ਚੁਪ-ਚਾਪ ਖੜ੍ਹੇ ਓਂ ?

ਗੁਰਦਿੱਤ ਸਿੰਘ : ਸਤਿ ਸ੍ਰੀ ਅਕਾਲ। ਪਰ ਆਹ ਚਿੱਠੀ ਕੀ ਕਹਿੰਦੀ ਐ ? ਤੇਰੀ ਈ ਚਿੱਠੀ ਐ, ਨਾ ? (ਚਿੱਠੀ ਉਸ ਨੂੰ ਫੜਾਉਂਦਾ ਹੈ)।

ਸੁਖਦੇਵ ਕੌਰ : ਚਿੱਠੀ ਤਾਂ ਮੇਰੀ ਈ ਐ ਪਰ ਕਿਹੜੀ ਐਡੀ ਫ਼ਿਕਰ ਵਾਲ਼ੀ ਗੱਲ ਐ, ਇਹਦੇ 'ਚ ? ਸ਼ਰਾਬ ਕੋਈ ਨਵੀਂ ਗੱਲ ਐ, ਉਹਨਾਂ ਲਈ ਕਿ ਸਾਡੇ ਘਰ ਦਾ ਕਲੇਸ਼ ਤੁਹਾਡੇ ਲਈ ਕੋਈ ਨਵੀਂ ਗੱਲ ਐ ?

ਮਨਜੀਤ : ਪਰ ਬੀਬੀ, ਇਹਦੇ 'ਚ ਤਾਂ ਕੁਝ ਹੋਰ ਵੀ ਲਿਖਿਆ ਹੋਇਆ ਇ ਬਈ ਬਲਵੰਤ ਸਿਹੁੰ ਹੋਰੀਂ ਦੂਜਾ ਵਿਆਹ ਕਰੌਂਦੇ ਨੇ।

ਸੁਖਦੇਵ ਕੌਰ : (ਚਿੱਠੀ ਨੂੰ ਖੋਲ੍ਹ ਕੇ ਦੇਖਦੀ ਹੋਈ) ਹੈਂ! ਦੂਜਾ ਵਿਆਹ ? ਇਹੀ-ਜਿਹੀ ਤਾਂ ਹਾਲੇ ਕੋਈ ਗੱਲ ਨਹੀਂ ਹੋਈ। ਕੱਲ੍ਹ ਨੂੰ ਹੋ ਜਾਵੇ ਤਾਂ ਕੋਈ ਚਰਜ ਵੀ ਨਹੀਂ। (ਚਿੱਠੀ ਪੜ੍ਹ ਕੇ) ਅੱਛਾ !

ਮਨਜੀਤ : ਕਿਉਂ ?

ਸੁਖਦੇਵ : ਇਹ ਗੱਲ ਉਹਨਾਂ ਨੇ ਆਪ ਵਧਾ ਦਿੱਤੀ। ਅੱਛਾ, ਡਰਾਵੇ ਦਿੰਦੇ ਨੇ ਦੂਜੇ ਵਿਆਹ ਦੇ, ਤੁਹਾਨੂੰ !

ਸੁਖਦੇਵ ਕੌਰ : ਉਹਨਾਂ ਨੇ ਆਪ ਲਿਖ ਦਿੱਤੀ ਇਹ ਗੱਲ ?

ਸੁਖਦੇਵ ਕੌਰ : ਤੇ ਹੋਰ ? (ਚਿੱਠੀ ਸੁਖਦੇਵ ਸਿੰਘ ਨੂੰ ਫੜਾਉਂਦੀ ਹੋਈ) ਤੁਸੀਂ ਉਹਨਾਂ ਦਾ ਵੱਖਰਾ ਦਸਖ਼ਤ ਨਹੀਂ ਪਛਾਣਿਆ ?

ਸੁਖਦੇਵ : (ਚਿੱਠੀ ਨੂੰ ਦੇਖਦਾ ਹੋਇਆ) ਵਾਹ, ਬਈ ਵਾਹ, ਸਾਡਾ ਤਾਂ ਚੰਗਾ ਮੌਜੂ ਬਣਾਇਆ ਪਰ ਮਾਂ ਜੀ ਦਾ ਮੌਜੂ ਨਹੀਂ ਬਣਿਆ। ਇਹਨਾਂ ਨੂੰ ਤਾਂ ਚੰਗੀ ਸੋਹਣੀ ਸਿੱਖਿਆ ਮਿਲਣੀ ਚਾਹੀਦੀ ਐ।

ਨਿਹਾਲ ਕੌਰ : ਮਿਲ਼ ਗਈ, ਵੇ ਪੁੱਤ, ਸਿੱਖਿਆ। ਹੁਣ ਮੇਰੇ ਮਗਰ ਇਹ ਗੱਲ ਨਾ ਪਾ ਦਿਓ।

ਸੁਖਦੇਵ ਕੌਰ : ਕੀ ਸਿੱਖਿਆ ਮਿਲ਼ ਗਈ, ਮਾਂ ਜੀ ਨੂੰ ?

ਸੁਖਦੇਵ : ਆਪੇ ਦੱਸ ਦੇਣਗੇ, ਤੈਨੂੰ।

ਮਨਜੀਤ : (ਸੁਖਦੇਵ ਕੌਰ ਨੂੰ ਜੱਫੀ ਪਾਉਂਦੀ ਹੋਈ) ਬੜੇ ਮੌਕੇ 'ਤੇ ਆਈ ਐਂ, ਬੀਬੀ ਤੂੰ । (ਜੱਫੀ ਛੱਡ ਕੇ) ਹੁਣ ਚੱਲ, ਮੂੰਹ-ਹੱਥ ਧੋ ਕੇ ਰੋਟੀ ਖਾਣ ਦੀ ਤਿਆਰੀ ਕਰ। (ਸੁਖਦੇਵ ਪਾਸੋਂ ਬੱਚੀ ਨੂੰ ਫੜ ਕੇ ਮੂੰਹ ਚੁੰਮਦੀ ਹੈ।)

(ਪਰਦਾ)

## ਸ਼ਬਦ-ਅਰਥ :

**ਟਿੱਲ ਲਾਉਣਾ** - ਜ਼ੋਰ ਲਾਉਣਾ। **ਗਲ਼ੋਟੇ** - ਸੂਤਰ ਦਾ ਮੁੱਢਾ, ਚਰਖ਼ੇ 'ਤੇ ਕੱਤ ਕੇ ਬਣਾਇਆ ਹੋਇਆ ਸੂਤ ਦਾ ਪਿੰਨਾ ਜੋ ਆਂਡੇ ਦੇ ਆਕਾਰ ਦਾ ਹੁੰਦਾ ਹੈ। **ਵਿਦਵਾਨ** - ਉਹ, ਜਿਸ ਨੇ ਵਿੱਦਿਆ ਪੜ੍ਹੀ ਹੋਵੇ। **ਮਨਸੂਬੇ** - ਮਨਸਾ, ਇਰਾਦਾ, ਸਕੀਮ। **ਕਲੇਸ਼** - ਕਲ਼ੇਸ, ਝਗੜਾ। **ਪੂਣੀਆਂ** - ਕੱਤਣ ਲਈ ਪੂਣ-ਸਲਾਈ 'ਤੇ ਵਲ੍ਹੇਟ ਕੇ ਤਿਆਰ ਕੀਤੀ ਹੋਈ ਪਿੰਜੀ ਰੂੰ। **ਤਾਬਿਆਦਾਰ** - ਆਗਿਆ ਵਿੱਚ ਰਹਿਣ ਵਾਲ਼ਾ। **ਛੁੱਟੜ** - ਛੱਡੀ ਜਾਂ ਤਿਆਗੀ ਹੋਈ ਤੀਵੀਂ। **ਇਜਾਜ਼ਤ** - ਆਗਿਆ, ਮਨਜ਼ੂਰੀ। **ਖੇਖਣਹਾਰੀ** - ਪਖੰਡ ਜਾਂ ਮਕਰ ਕਰਨ ਵਾਲ਼ੀ ਚਲਾਕ ਤੀਵੀਂ। **ਕੁਣਕੇ** - ਕੜਾਹ। **ਗੁਸਲ ਕਰਨਾ** - ਇਸ਼ਨਾਨ ਕਰਨਾ। **ਹਮਾਤੜ** - ਸਾਡੇ ਵਰਗਾ, ਸਿੱਧਾ-ਸਾਦਾ ਆਮ ਆਦਮੀ ਜੋ ਕਿਸੇ ਵਿਸ਼ੇਸ਼ਤਾ ਦਾ ਮਾਲਕ ਨਾ ਹੋਵੇ।

## ਪਾਠ - ਅਭਿਆਸ

(1) ਹੇਠ ਲਿਖੀ ਵਾਰਤਾਲਾਪ ਨੂੰ ਧਿਆਨ ਨਾਲ਼ ਪੜ੍ਹ ਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ।

ੳ. "ਮੇਰਾ ਤਾਂ ਕੋਈ ਨਹੀਂ ਕਰਦਾ ਜੀਅ, ਤੁਸੀਂ ਆਪਣੇ ਪੁੱਤਰ ਦੇ ਦੂਜੇ ਵਿਆਹ ਦੇ ਡਰਾਵੇ ਦਿੰਦੇ ਰਹਿੰਨੇ ਓਂ। ਪਰ ਮਾਂ ਜੀ, ਮੈਂ ਮਗਰੋਂ ਨਹੀਂ ਲਹਿਣ ਵਾਲ਼ੀ, ਐਡੀ ਸੌਖੀ। ਤੁਸੀਂ ਕਰੋ ਸਹੀ, ਆਪਣੇ ਪੁੱਤ ਦਾ ਦੂਜਾ ਵਿਆਹ, ਮੈਂ ਤੁਹਾਡੇ ਦਰ 'ਤੇ ਸ਼ਹੀਦ ਹੋ ਕੇ ਨਾ ਮਰ ਜਾਵਾਂ।"

1. ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ ?
2. ਮਨਜੀਤ ਦੀ ਸੱਸ ਉਸ ਨੂੰ ਕਿਸ ਗੱਲ ਦਾ ਡਰਾਵਾ ਦਿੰਦੀ ਹੈ ?
3. ਸੱਸ ਵੱਲੋਂ ਦਿੱਤੇ ਡਰਾਵੇ ਦੇ ਸੰਬੰਧ ਵਿੱਚ ਮਨਜੀਤ ਕੀ ਆਖਦੀ ਹੈ ?

ਅ. "ਜਦੋਂ ਬਾਪੂ ਜੀ ਸਿਪਾਹੀ ਭਰਤੀ ਹੋਏ ਤਾਂ ਉਹਨਾਂ ਦਾ ਵਿਆਹ ਹੋਇਆ ਸੀ। ਸਰਦਾਰ ਬਣਨ ਵੇਲ਼ੇ ਤੱਕ ਇੱਕ ਮੁੰਡਾ ਤੇ ਇੱਕ ਕੁੜੀ, ਮੈਂ ਤੇ ਭੈਣ ਜੀ ਹੀ ਪੈਦਾ ਹੋਏ ਤੇ ਬਾਪੂ ਜੀ ਨੇ ਸ਼ਾਇਦ ਫ਼ੌਜੀ ਨੁਕਤੇ ਤੋਂ ਐਨੀ ਕੁ ਸੰਤਾਨ ਨੂੰ ਕਾਫ਼ੀ ਨਾ ਸਮਝਿਆ ਤੇ ਦੂਜਾ ਵਿਆਹ ਕਰਵਾ ਲਿਆ।"

1. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ ?
2. ਬਾਪੂ ਜੀ ਦੇ ਸਰਦਾਰ ਬਣਨ 'ਤੇ ਪਰਿਵਾਰ ਵਿੱਚ ਕੀ ਵਾਧਾ ਹੋਇਆ ?
3. ਬਾਪੂ ਜੀ ਦੇ ਦੂਜਾ ਵਿਆਹ ਕਰਵਾਉਣ ਪਿੱਛੇ ਉਹਨਾਂ ਦੀ ਕਿਹੜੀ ਸੋਚ ਕੰਮ ਕਰਦੀ ਸੀ ?

ੲ. "ਦੁਖੀ ਤਾਂ ਹੈ, ਪਰ ਗੱਲ ਕੀ ਐ ? ਦੁਖੀ ਦਾ ਤਾਂ ਮੈਨੂੰ ਪਤਾ ਈ ਐ। ਜਗੀਰਦਾਰਾਂ ਦੇ ਘਰ ਧੀ ਨੂੰ ਵਿਆਹ ਕੇ ਤੂੰ ਸੁੱਖ ਦੀ ਆਸ ਰੱਖੀ ਹੋਣੀ ਐਂ ?"

1. ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ ?
2. ਗੁਰਦਿੱਤ ਸਿੰਘ ਨੂੰ ਕਿਸ ਗੱਲ ਦਾ ਪਤਾ ਹੈ ?
3. ਗੁਰਦਿੱਤ ਸਿੰਘ ਅਨੁਸਾਰ ਉਸ ਦੀ ਧੀ ਦੇ ਦੁਖੀ ਹੋਣ ਦਾ ਕੀ ਕਾਰਨ ਹੈ ?

ਸ. "ਨੀ ਬਹੂ, ਮੈਨੂੰ ਮਾਫ਼ ਕਰੀਂ, ਮੈਂ ਤੇਰੇ ਨਾਲ਼ ਜਿਹੜੀਆਂ ਦੂਜੇ ਵਿਆਹ ਦੀਆਂ ਗੱਲਾਂ ਕੀਤੀਆਂ ਨੇ। ਮੈਂ ਭੁੱਲੀ ! ਮੈਂ ਤਾਂ ਆਪ ਏਸ ਦੂਜੇ ਵਿਆਹ ਦਾ ਬਥੇਰਾ ਦੁੱਖ ਭੋਗ ਚੁੱਕੀ ਆਂ। ਮੇਰੀ ਧੀ 'ਤੇ ਇਹ ਹੋਣੀ ਕਿਹੜੇ ਪਾਪ ਦਾ ਫਲ਼ ਹੋ ਕੇ ਬੀਤਦੀ ਐ ? ਜਿਹੜੇ ਬਹੂ ਮੈਂ ਤੈਨੂੰ ਬੋਲ-ਕਬੋਲ ਕਹੇ ਨੇ, ਉਹਨਾਂ ਬੋਲਾਂ ਦੀ ਮੈਂ ਤੈਥੋਂ ਤੇ ਵਾਹਗੁਰੂ ਤੋਂ ਮਾਫ਼ੀ ਮੰਗਦੀ ਆਂ।"

1. ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ ?
2. ਨਿਹਾਲ ਕੌਰ ਆਪਣੀ ਨੂੰਹ ਤੋਂ ਮਾਫ਼ੀ ਕਿਉਂ ਮੰਗਦੀ ਹੈ ?
3. ਨਿਹਾਲ ਕੌਰ ਆਪਣੀ ਧੀ ਦੀ ਕਿਹੜੀ 'ਹੋਣੀ' ਦੀ ਗੱਲ ਕਰਦੀ ਹੈ ?

(2) ਹੇਠ ਲਿਖੇ ਪਾਤਰਾਂ ਦਾ ਪਾਤਰ—ਚਿਤਰਨ ਕਰੋ।

(ੳ) ਨਿਹਾਲ ਕੌਰ (ਅ) ਮਨਜੀਤ (ੲ) ਸੁਖਦੇਵ

* * * * *